
**Worldwide Travel, Inc.**
Special Sale
Oct 1 - Dec 10, 2009
Sale Ends 9-15-2009
$975*
ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST ℠


C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com
1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

ਸਸਤੀਆਂ ਟਿਕਟਾਂ ਤੇ ਸਰਵਿਸ ਵੀ ਵਧੀਆ
Lowest Air Fares For INDIA

AB TRAVEL SERVICES
Ph.847-630-2096

Tenth Year in Publication ਮਿਡਵੈਸਟ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 43, October 24, 2009 20451 N Plum Grove Rd. Palatine, IL 60074 Ph:847-359-0746, Fax:847-705-9388



*ਹਿਊਸਟਨ ਵਿਚ ਕੀਤੇ ਗਏ ਨਗਰ ਕੀਰਤਨ 'ਚ ਹਾਜ਼ਰ ਸੰਗਤਾਂ (ਰਿਪੋਰਟ ਸਫਾ (16-17 ਉਤੇ)*

# ਚੀਨ-ਭਾਰਤ ਸਰਹੱਦੀ ਵਿਵਾਦ ਵਧਿਆ

**ਬਿੰਦਰ ਬਸਰਾ**

**ਜਲੰਧਰ:** ਭਾਰਤ ਅਤੇ ਚੀਨ ਵਿਚਾਲੇ ਆਪਸੀ ਸਬੰਧ ਇਨ੍ਹੀਂ ਦਿਨੀਂ ਤਲਖੀ ਦਾ ਸ਼ਿਕਾਰ ਹਨ। ਚੀਨ ਵਲੋਂ ਕੀਤੀ ਜਾ ਰਹੀ ਲਗਾਤਾਰ ਭੜਕਾਊ ਬਿਆਨਬਾਜ਼ੀ ਦਾ ਜਿੱਥੇ ਭਾਰਤ ਵਲੋਂ ਸੰਜਮ ਨਾਲ ਢੁੱਕਵਾਂ ਜਵਾਬ ਦਿੱਤਾ ਜਾ ਰਿਹਾ ਹੈ ਉਥੇ ਭਾਜਪਾ ਅਤੇ ਸ਼ਿਵ ਸੈਨਾ ਬਾਲ ਠਾਕਰੇ, ਚੀਨ ਦੇ ਦਾਅਵੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਅੰਦਾਜ਼ੀ ਮੰਨਦਿਆਂ ਸਖ਼ਤ ਰੁਖ ਅਪਣਾਉਣ ਦੀ ਵਕਾਲਤ ਕਰ ਰਹੇ ਹਨ। ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਚੀਨ ਦੇ ਰਾਜਦੂਤ ਝਾਂਗੇਯਾਨ ਸਾਹਮਣੇ ਇਤਰਾਜ਼ ਵੀ ਉਠਾਇਆ ਹੈ। ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਇਸ ਹਫਤੇ ਥਾਈਲੈਂਡ 'ਚ ਏਸ਼ੀਅਨ ਸਿਖ਼ਰ ਸੰਮੇਲਨ ਦੌਰਾਨ ਚੀਨ ਦੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨੂੰ ਮਿਲਣਗੇ। ਇਸ ਦੌਰਾਨ ਇਹ ਵੀ ਖ਼ਬਰ ਹੈ ਕਿ ਸੀਮਾ ਵਿਵਾਦ ਦੇ ਨਾਲ-ਨਾਲ ਚੀਨ ਬ੍ਰਹਮ ਪੁੱਤਰ ਦਰਿਆ 'ਤੇ ਦੁਨੀਆ ਦਾ ਸਭ ਤੋਂ ਵੱਡਾ ਬੰਨ੍ਹ ਬਣਾ ਕੇ ਭਾਰਤ ਸਾਹਮਣੇ ਪਾਣੀ ਦਾ ਸੰਕਟ ਖੜ੍ਹਾ ਕਰੇਗਾ।

ਤਾਜ਼ਾ ਰਿਪੋਰਟਾਂ ਅਨੁਸਾਰ ਚੀਨ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸਨੇ ਤਵਾਂਗ ਇਲਾਕੇ ਤੋਂ ਆਪਣਾ ਕਬਜ਼ਾ ਛੱਡ ਕੇ ਖ਼ਾਲੀ ਨਾ ਕੀਤਾ ਤਾਂ ਇਸ ਦੇ ਉਸਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਚੀਨੀ ਕਮਿਊਨਿਸਟ ਪਾਰਟੀ ਦੇ ਅਖ਼ਬਾਰ ਨੇ ਭਾਰਤ ਦੇ ਇਸ ਦਾਅਵੇ ਨੂੰ ਗਲਤ ਦੱਸਿਆ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ ਹੈ। ਜਦਕਿ 1962 ਵਿਚ ਇਹ ਚੀਨੀ ਇਲਾਕਾ ਸੀ ਤੇ ਸਿੱਕਮ ਵੀ ਇਸ ਦਾ ਹੀ ਇਕ ਹਿੱਸਾ ਸੀ। ਉਸਨੇ ਦਾਅਵਾ ਕੀਤਾ ਕਿ ਇਸ ਇਲਾਕੇ ਦਾ ਭੁਗੋਲਿਕ ਜੋੜ ਤਿੱਬਤ ਨਾਲ ਜੁੜਦਾ ਹੈ ਜਿਹੜਾ ਚੀਨ ਦਾ ਇਲਾਕਾ ਹੈ। ਅਖ਼ਬਾਰ ਨੇ ਅੱਗੇ ਆਖਿਆ ਹੈ ਕਿ ਚੀਨ ਆਪਣੇ ਇਲਾਕੇ ਨੂੰ ਕਿਸੇ ਵੀ ਕੀਮਤ 'ਤੇ ਛੱਡ ਨਹੀਂ ਸਕਦਾ। ਚੀਨ ਨੇ ਭਾਰਤ ਦੀ ਨੀਅਤ ਉਤੇ ਵੀ ਸ਼ੱਕ ਪ੍ਰਗਟ ਕੀਤਾ ਹੈ ਕਿ ਉਹ ਜੰਗੀ ਤਿਆਰੀ ਕਰ ਰਿਹਾ ਹੈ। ਭਾਰਤ ਨੇ ਸੀਮਾ ਨੇੜੇ ਨਾ ਸਿਰਫ 3 ਹੈਲੀਪੈਡ ਬਣਾਏ ਹਨ ਸਗੋਂ ਇਸ ਨੇ ਸਰਹੱਦੀ ਪਹਾੜੀ ਇਲਾਕਿਆਂ ਉਤੇ ਹਲਕੇ ਟੈਂਕ 'ਤੇ ਤੋਪਾਂ ਵੀ ਫਿੱਟ ਕਰ ਰੱਖੀਆਂ ਹਨ। ਅਖਬਾਰਾਂ ਨੇ ਭਾਰਤ ਨੂੰ ਇਹ ਵੀ ਚਿਤਾਵਨੀ ਦਿੱਤੀ ਕਿ ਜੇ ਉਸ ਦੀਆਂ ਫੌਜਾਂ ਨੇ ਥੋੜ੍ਹੀ ਬਹੁਤ ਵੀ ਹਿਲਜੁਲ ਸਰਹੱਦਾਂ ਉਤੇ ਕੀਤੀ ਤਾਂ ਚੀਨੀ ਫੌਜਾਂ ਇਸ ਦਾ ਮੂੰਹ ਤੋੜ ਜਵਾਬ ਦੇਣਗੀਆਂ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਚੀਨ ਨੇ ਭਾਰਤ ਦੇ



ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ ਦੀ ਵਿਰੋਧਤਾ ਕਰਦਿਆਂ ਇਸਨੂੰ ਵਿਵਾਦੀ ਇਲਾਕਾ ਆਖਿਆ ਸੀ। ਇਸ ਤੋਂ ਵੀ ਪਹਿਲਾਂ ਚੀਨ ਵਲੋਂ ਘੁਸਪੈਠ ਦੀਆਂ ਰਿਪੋਰਟਾਂ ਵੀ ਚਰਚਾ ਵਿਚ ਰਹੀਆਂ ਹਨ। ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਚੀਨ ਨੇ ਅਰੁਣਾਚਲ ਪ੍ਰਦੇਸ਼ ਨੂੰ ਵਿਵਾਦ ਵਾਲਾ ਖੇਤਰ ਐਲਾਨਿਆ ਹੋਵੇ। ਭਾਰਤ ਸਰਕਾਰ ਨੇ ਜਦੋਂ

*(ਬਾਕੀ ਸਫਾ 6 ਉਤੇ)*

# ਨਾਨਕਸ਼ਾਹੀ ਕੈਲੰਡਰ ਦਾ ਰੱਟਾ ਫਿਰ ਭਖਿਆ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਸਿੱਖਾਂ ਦੀ ਵੱਖਰੀ ਹੋਂਦ ਅਤੇ ਅਜ਼ਾਦ ਹਸਤੀ ਦੇ ਪ੍ਰਤੀਕ ਸਮਝੇ ਜਾਂਦੇ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਨ ਦੀ ਸੰਤ ਸਮਾਜ, ਬਾਦਲ ਧਿਰ ਅਤੇ ਸ਼੍ਰੋਮਣੀ ਕਮੇਟੀ ਦੀ ਕਥਿਤ ਯੋਜਨਾ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਬਲਵੰਤ ਸਿੰਘ ਨੰਦਗੜ ਦੇ ਅੜ ਜਾਣ ਕਾਰਨ ਧਰੀ ਧਰਾਈ ਰਹਿ ਗਈ ਹੈ। ਇਸ ਕੈਲੰਡਰ ਵਿਚ ਤਬਦੀਲੀ ਕਰਾਉਣ ਲਈ ਸ੍ਰੀ ਹਜ਼ੂਰ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਇਕਬਾਲ ਸਿੰਘ, ਸੰਤ ਸਮਾਜ, ਦਮਦਮੀ ਟਕਸਾਲ ਦੇ ਮੁੱਖੀ ਹਰਨਾਮ ਸਿੰਘ ਧੁੰਮਾ, ਸੇਵਾਪੰਥੀ ਬਾਬਾ ਕਰਮਜੀਤ ਸਿੰਘ, ਰਾੜਾ ਸਾਹਿਬ ਦੇ ਭਾਈ ਬਰਜਿੰਦਰ ਸਿੰਘ ਅਤੇ ਬਾਬਾ ਪਰਮਜੀਤ ਸਿੰਘ ਮਾਹਲਪੁਰ ਕਾਫੀ ਸਮੇਂ ਤੋਂ ਸ਼੍ਰੋਮਣੀ ਕਮੇਟੀ 'ਤੇ ਦਬਾਅ ਪਾ ਰਹੇ ਹਨ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀ ਕਰਕੇ ਸੰਗਰਾਂਦ ਨੂੰ ਬਿਕਰਮੀ ਕੈਲੰਡਰ ਨਾਲ ਰਲਾਇਆ ਜਾਵੇ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਬਾਰੇ ਵੀ ਝਗੜਾ ਖੜਾ ਕੀਤਾ ਜਾ ਰਿਹਾ ਹੈ।

ਇਸ ਸਬੰਧ ਵਿਚ ਕਾਫੀ ਸਮੇਂ ਤੋਂ ਸ਼੍ਰੋਮਣੀ ਕਮੇਟੀ 'ਤੇ ਉਪਰੋਕਤ ਸੰਪਰਦਾਵਾਂ ਨੇ ਦਬਾਅ ਪਾਇਆ ਹੋਇਆ ਹੈ। ਕੁਝ ਸਿੱਖ ਵਿਦਵਾਨਾਂ ਅਨੁਸਾਰ ਇਸ ਕੈਲੰਡਰ ਨੂੰ ਖਤਮ ਕਰਾਉਣ ਲਈ ਅਤੇ ਇਸ ਵਿਚ ਸੋਧਾਂ ਕਰਾਉਣ ਲਈ ਆਰ. ਐਸ. ਐਸ. ਨੇ ਪੂਰਾ ਤਾਣ ਲਗਾਇਆ ਹੋਇਆ ਹੈ। ਜਦਕਿ ਆਰ. ਐਸ. ਐਸ. ਅਜਿਹੇ ਕਿਸੇ ਦਖਲ ਤੋਂ ਵਾਰ ਵਾਰ ਇਨਕਾਰ ਕਰ ਰਹੀ ਹੈ। ਇਸ ਕੈਲੰਡਰ ਵਿਚ ਹਰ ਹੀਲੇ ਤਬਦੀਲੀ ਕਰਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਦਮਦਮਾ ਸਾਹਿਬ ਦੇ ਮੁੱਖ

*(ਬਾਕੀ ਸਫਾ 4 ਉਤੇ)*

**North American Truck Stop**
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

**ATTN. HOMEOWNERS !!**
Purchase, Refinance, Loan Modification,
Conventional, FHA, VA
Full doc / Stated Income,
No MI Programs ....
No / Low Closing Cost Option
Low Down Payment (3.5% only)
First Time Homebuyers Get $8,000 Tax Credit
(FHA Program Available only up to December 2009)
*Free Consultation *Free Pre-qualification
*Free Pre-approval *Even Free appraisal
(Reimbursed after the closing)
Call 847-933-9404
We speak English, Hindi, Punjabi, Gujarati & Malyalam
Guardian Financial Mortgage, Inc.
An Illinois Residential Mortgagee Licensee MB0005054

SIKHS FOR JUSTICE
A HUMAN RIGHTS ADVOCACY GROUP

# ਸਿੱਖਸ ਫਾਰ ਜਸਟਿਸ

ਵੱਲੋਂ ਸਮੂੰਹ ਸਿੱਖ ਕੌਮ ਦੀ ਹਮਾਇਤ ਨਾਲ

SIKHS FOR JUSTICE
A HUMAN RIGHTS ADVOCACY GROUP

- ਨਵੰਬਰ 1984 ਦੇ ਸਿੱਖ ਕਤਲੇਆਮ ਨੂੰ "ਨਸਲਕੁਸ਼ੀ" ਪ੍ਰਮਾਣਿਤ ਕਰਾਉਣ ਲਈ ਅਤੇ
- 30,000 ਤੋਂ ਵੱਧ ਕੀਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ

JOIN

# JUSTICE CAMPAIGN | ਇਨਸਾਫ਼ ਲਹਿਰ

## NOVEMBER 1, 2009

CAPITOL HILL, WASHINGTON D.C.




TO COMMERMORATE 25 YEARS OF

# SIKH GENOCIDE

ਨਵੰਬਰ 1984

# ਸਿੱਖ ਨਸਲਕੁਸ਼ੀ

**ASSEMBLY POINT**
10:00 AM LAFAYETTE PARK, WASHINGTON DC

**JUSTICE MARCH**
2:00 PM TO 3:30 PM
FROM LAFAYETTE PARK TO CAPITOL HILL

**JUSTICE CONFERENCE**
CAPITOL HILL
3:30 PM TO 5:30 PM

SUPPORTED BY:

**NEW YORK**
GURDWARA SIKH CULTURAL SOCIETY, RICHMOND HILL · GURDWARA BABA MAKHAN SHAH LOBANA SIKH CENTRE, RICHMOND HILL · GURDWARA SIKH CENTER OF NEW YORK, FLUSHING – GURDWARA SINGH SABHA OF NEW YORK (BOWNE ST.), FLUSHING · GURDWARA SANT SAGAR, BELLEROSE · KHALSA (FLUSHING SCHOOL), QUEENS VILLAGE · GURDWARA MATA SAHIB KAUR GLEN COVE, LONG ISLAND · GURDWARA GURU GOBIND SINGH SIKH CENTER, PLAINVIEW · RAMGHARIA SIKH SOCIETY, RICHMOND HILL · GURDWARA SANT BABA MAJHA SINGH, SOUTH OZONE PARK – GURDWARA SHRI GURU RAVIDASS TEMPLE, WOODSIDE – HUDSON VALLEY SIKH SOCIETY, MIDDLE TOWN, SIKH GURDWARA OF WESTCHESTER, CHAPPAQUA – SIKH ASSOCIATION OF STATEN ISLAND, STATEN ISLAND · GURUDWARA OF ROCHESTER, PENFIELD · MID HUDSON SIKH CULTURAL SOCIETY, FISHKILL
AVTAR SINGH PANNU (718.207.1394), MASTER MOHINDER SINGH (646.523.5092), HIMMAT SINGH SARPANCH (917.553.5036), HARDEV SINGH PADDA (347.753.0506), CHARANJIT SINGH HARNAMPURI (917.325.0490), HIMMAT SINGH (646.358.7745), GURDEV SINGH KANG (718.974.4827), HARBANS SINGH BHARAJ (516.547.8996), BABA SAJJAN SINGH (718.347.5659), TEHAL SINGH (347.341.0198), BIBI BALBIR KAUR (917.915.7449), JOGINDER SINGH MALHI (917.577.1365), SULAKHAN SINGH (917.748.2945), PRITAM SINGH GILZIAN (917.687.3701), KULDEEP SINGH PAHALWAN (917.476.3474) RAJINDER SINGH LALLI (917.805.0202), KULWANT SINGH (917.709.4963).

**NEW JERSEY**
GURDWARA DASHMESH DARBAR, CARTERET – GURDWARA SINGH SABHA , CARTERET · GURDWARA SRI GURU SINGH SABHA INC., GLENROCK · GURDWARA GARDEN STATE SIKH ASSOCIATION , BRIDGE WATER – CENTRAL JERSEY SIKH ASSOCIATION, WINDSOR – GURDWARA SIKH SABHA CENTRAL JERSEY – KHALSA DARBAR, BURLINGTON · GURDWARA GURU NANAK SIKH SOCIETY OF DELAWARE VALLEY, DEPTFORD – NANAK NAAM JAHAJ, JERSEY CITY
BARJINDER SINGH BRAR (732.620.8112), KEWAL SINGH (732.921.7253), YADWINDER SINGH (973.417.1228), SATNAM SINGH VIRK (732.763.1599), SUKHWINDER SINGH MULTANI (856.981.3940), SATWINDER SINGH MULTANI (609.381.2687)

**METROPOLITAN AREA (WASHINGTON/MARYLAND/VIRGINIA)**
GURU GOBIND SINGH FOUNDATION, MD – GNFA, MD · SIKH ASSOCIATION OF BALTIMORE, MARYLAND · GURDWARA SINGH SABHA, BRODECK · SIKH CENTER OF VIRGINIA –SIKH FOUNDATION OF VIRGINIA · SIKH GURDWARA OF GREATER WASHINGTON, VIRGINIA – GURDWARA RAAJ KHALSA, RENDEN, VIRGINIA
DEVINDER SINGH (703.505.1857), NARINDER SINGH (571.247.2444), BIBI RAVINDER KAUR MALHI (301.854.1236), DEVINDER SINGH DEO (703-626-2561), SARABJIT SINGH SIDHU (703.266.6751), HARMINDER SINGH (703.503.9678), GURSHARAN SINGH SIDHU (571.278.2563), SIRMUKH SINGH MANKU (703.250.6702), KAMAL BAJWA (703.431.1414).

**PENNSYLVANIA**
PHILADELPHIA SIKH SOCIETY (PHILADELPHIA) – GURU NANAK SIKH SOCIETY (PHILADELPHIA) – GURU NANAK SIKH SOCIETY OF C. PA (BLUE MOUNTAIN)
DR BAKSHISH SINGH SANDHU (215.802.1750), ONKAR S. GREWAL (484.529.3847), SUKHDEV SINGH (856.343.8285), MUKHTIAR SINGH (267.467.7844), DHARAM SINGH (484.670.1779)

**MICHIGAN**
GURU NANAK SIKH TEMPLE, PLYMOUTH TWP · GURU RAM DAS ASHRAM, FERNDALE · GURUDWARA SINGH SABHA OF KALAMAZOO, PORTAGE · SIKH GURDWARA OF MICHIGAN, WILLIAMSTON · SIKH SOCIETY OF MICHIGAN, MADISON HEIGHTS

**CONNECTICUT**
GURDWARA GURU NANAK DARBAR, SOUTHINGTON – GURDWARA TEGH BAHADUR JI FOUNDATION, NORWALK

**ILLINOIS**
SIKH RELIGIOUS SOCIETY OF CHICAGO, PALATINE

**CALIFORNIA**
GURDWARA SAHIB,SACRAMENTO · SIKH CENTER OF PACIFIC COAST, SELMA · SIKH GURDWARA, SAN JOSE · PACIFIC KHALSA DIWAN SOCIETY,FRESNO · SIKH TEMPLE, LIVINGSTON · SIKH GURDWARA SAHIB, STOCKTON · GURDWARA SRI GURU SINGH SABHA OF LOS ANGELES, ALHAMBRA · SIKH TEMPLE, TURLOCK · SIKH GURDWARA SAHIB, WEST SACRAMENTO · GURDWARA SAHIB, FREMONT · GURU NANAK SIKH SOCIETY, FRESNO · GURUDWARA GURU NANAK PRAKASH, FRESNO · GURDWARA SAHIB EL SOBRANTE · GURUDWARA GURU NANAK PRAKASH, TRACY · GURU RAM DAS ASHRAM, LOS ANGELES · THE SIKH TEMPLE, LOS ANGELES · SIKH TEMPLE, RIVERSIDE · SIKH TEMPLE, YUBA CITY · SRI GURU NANAK SIKH TEMPLE, YUBA CITY
SUKHWINDER SINGH SIDHU (408.691.6006), HARJAAP SINGH (510.551.4146), AMARDEEP SINGH (510.828.8352), DALJIT SINGH (530.403.8363), GURDEEP SINGH NIJJAR (559.907.5371), GURDEEP SINGH – (408.590.4204)

**CANADA**
ONTARIO SIKH AND GURDWARA COUNCIL · HARBANS SINGH JANDALI (416.804.1999), AJIT SINGH BAWA (416.258.2167); ONTARIO GURDWARAS COMMITTEE · SUKHWINDER SINGH (416.712.7931), JASBIR SINGH BOPARAI (647.231.1600)
GURDWARA JOT PARKASH SAHIB, BRAMPTON · GURPREET SINGH (416.659.4006); GURDWARA SIKH SANGAT MISSISSAUGA (905.828.1665); UNITED FRONT OF SIKHS · AVTAR SINGH PUNIA (416.723.4811), BALKAR SINGH (647.886.4191)
WORLD SIKH ORGANIZATION · GURPREET SINGH BAL (416.688.9999); YOUTH COORDINATOR · JASDEV SINGH (416.835.1909), JITENDER SINGH GREWAL (416.825.5756);

SIKHS FOR JUSTICE
EMPIRE STATE BUILDING
350 FIFTH AVE., 59TH FLOOR
NEW YORK, NY 10118

GURPATWANT S. PANNUN, LEGAL COUNSEL
M: 718.938.7801
T: 212.601.2707
718.672.8000
E: SUPPORT@SIKHSFORJUSTICE.ORG

WWW.SIKHSFORJUSTICE.ORG
"SIKHS FOR JUSTICE" IS A U.S. BASED NON PROFIT TAX EXEMPT HUMAN RIGHTS ADVOCACY GROUP.

ੴ ੴ

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

## ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਆਗਮਨ ਪੁਰਬ ਦੀ

# ਲਖ ਲਖ ਵਧਾਈ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪੈਲਾਟਾਈਨ ਵਿਖੇ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ ਜਗਤ ਗੁਰੂ 'ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ ਹੇਠ ਲਿਖੇ ਅਨੁਸਾਰ ਉਲੀਕੇ ਗਏ ਹਨ। ਆਪ ਸਮੂਹ ਸੰਗਤਾਂ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਅਤੇ ਗੁਰੂ ਜਸ ਦਾ ਲਾਹਾ ਲਓ ਜੀ।



## ਪ੍ਰੋਗਰਾਮ ਦਾ ਵੇਰਵਾ

**31 ਅਕਤੂਬਰ, 2009**
ਅਰੰਭ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 10 ਵਜੇ

**2 ਨਵੰਬਰ, 2009 (ਗੁਰਪੁਰਬ ਵਾਲੇ ਦਿਨ)**
ਭੋਗ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 9 ਵਜੇ
ਵਿਸ਼ੇਸ਼ ਕੀਰਤਨ ਦੀਵਾਨ ਸ਼ਾਮ 6:30 ਤੋਂ 9:30 ਵਜੇ ਤੱਕ

**6 ਨਵੰਬਰ, 2009**
ਅਰੰਭ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 10 ਵਜੇ

**8 ਨਵੰਬਰ, 2009**
ਭੋਗ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 10 ਵਜੇ
ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ:ਸਵੇਰੇ 11 ਵਜੇ
ਉਪਰੰਤ ਕਥਾ-ਕੀਰਤਨ:ਭਾਈ ਗੁਰਜੰਟ ਸਿੰਘ ਤੇ ਭਾਈ ਜਸਪਾਲ ਸਿੰਘ ਅਤੇ ਬੀਬੀ ਬਲਜੀਤ ਕੌਰ ਖਾਲਸਾ-ਤਲਵਾੜੇ ਵਾਲੀਆਂ ਬੀਬੀਆਂ ਦੇ ਜਥੇ ਵਲੋਂ
ਕੀਰਤਨ ਦੀਵਾਨ:ਸ਼ਾਮ 6:30 ਤੋਂ 9:30 ਵਜੇ ਤੱਕ

ਨੋਟ:ਬੀਬੀ ਬਲਜੀਤ ਕੌਰ ਖਾਲਸਾ-ਤਲਵਾੜੇ ਵਾਲੀਆਂ ਬੀਬੀਆਂ ਦਾ ਕੀਰਤਨੀ ਜਥਾ 2 ਤੋਂ 8 ਨਵੰਬਰ, 2009 ਤੱਕ ਰੋਜ਼ਾਨਾ ਸ਼ਾਮ ਨੂੰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ।

## ਪ੍ਰਭਾਤ ਫੇਰੀ

31 ਅਕਤੂਬਰ ਅਤੇ 1, 2, 6, 7 ਅਤੇ 8 ਨਵੰਬਰ 2009 ਨੂੰ ਹਰ ਰੋਜ਼ ਸਵੇਰੇ 4:30 ਵਜੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਅੰਦਰ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ।

## Sikh Religious Society of Chicago, Palatine

1280, Winnetka St. Palatine, IL 60067 Ph. 847-358-1117

# ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀਆਂ ਤਿਆਰੀਆਂ?



**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 26 ਅਕਤੂਬਰ ਨੂੰ ਦਿੱਲੀ ਤੋਂ ਅਮਰੀਕਾ ਲਈ ਉਡਾਣ ਭਰ ਸਕਦੇ ਹਨ। ਸਰਕਾਰੀ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਆਪਣੇ ਸਿਹਤ ਦੀ ਚੈੱਕਅਪ ਲਈ ਅਮਰੀਕਾ ਜਾਣ ਦੀ ਯੋਜਨਾ ਬਣਾਈ ਹੈ।

ਭਾਵੇਂ ਮੁੱਖ ਮੰਤਰੀ ਦੇ ਪ੍ਰਸਤਾਵਿਤ ਦੌਰੇ ਨੂੰ ਪੂਰੀ ਤਰ੍ਹਾਂ ਨਾਲ ਗੁਪਤ ਰੱਖਿਆ ਜਾ ਰਿਹਾ ਹੈ ਪਰ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਦਫਤਰ ਵਲੋਂ ਬਾਦਲ ਦੇ ਅਮਰੀਕਾ ਦੌਰੇ ਨੂੰ ਧਿਆਨ 'ਚ ਰੱਖਦੇ ਹੋਏ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਰਕਾਰੀ ਤੌਰ 'ਤੇ ਅਜੇ ਕੋਈ ਵੀ ਅਧਿਕਾਰੀ ਕੁਝ ਵੀ ਬੋਲਣ ਲਈ ਤਿਆਰ ਨਹੀਂ ਹੈ, ਪਰ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਦੇ ਸੀਨੀਅਰ ਮੰਤਰੀਆਂ ਨੂੰ ਇਸਦੀ ਭਿਣਕ ਲੱਗ ਚੁੱਕੀ ਹੈ।

ਪਤਾ ਲੱਗਾ ਹੈ ਕਿ ਬਾਦਲ ਵਿਦੇਸ਼ ਦੇ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਾਰਜਕਾਰੀ ਮੁੱਖ ਮੰਤਰੀ ਦਾ ਚਾਰਜ ਦੇ ਕੇ ਜਾਣਗੇ। ਸ਼ਾਇਦ ਮੁੱਖ ਮੰਤਰੀ ਦਾ ਵਿਦੇਸ਼ ਵਿਚ ਕਾਫੀ ਦਿਨਾਂ ਤਕ ਰੁਕਣ ਦਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਬਾਦਲ ਦੀ ਗੈਰਹਾਜ਼ਰੀ ਵਿਚ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਸੁਖਬੀਰ ਕਰਿਆ ਕਰਨਗੇ ਅਤੇ ਸਾਰੇ ਅਹਿਮ ਫੈਸਲੇ ਉਨ੍ਹਾਂ ਦੀ ਦੇਖ-ਰੇਖ 'ਚ ਹੋਣਗੇ। ਮੁੱਖ ਮੰਤਰੀ ਨੇ ਕੁਝ ਮਹੀਨੇ ਪਹਿਲਾਂ ਵੀ ਵਿਦੇਸ਼ ਜਾਣ ਦੀ ਯੋਜਨਾ ਬਣਾਈ ਸੀ ਪਰ ਉਸ ਵੇਲੇ ਲੋਕ ਸਭਾ ਚੋਣਾਂ ਆ ਜਾਣ ਕਾਰਨ ਯੋਜਨਾ ਰੱਦ ਕਰ ਦਿੱਤੀ ਗਈ ਸੀ। ਅਸਲ 'ਚ ਆਉਣ ਵਾਲੇ ਮਹੀਨਿਆਂ ਵਿਚ ਬਾਦਲ ਪਰਿਵਾਰ ਵਲੋਂ ਸੁਖਬੀਰ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਪੱਕੇ ਤੌਰ ਤੇ ਬਿਠਾਉਣ ਅਧੀਨ ਇਹ ਪਹਿਲਾ ਕਦਮ ਮੰਨਿਆ ਜਾ ਰਿਹਾ ਹੈ। ਬਾਦਲ ਦੀ ਗੈਰਹਾਜ਼ਰੀ 'ਚ ਸੁਖਬੀਰ ਦੀ ਕਾਰਜਕੁਸ਼ਲਤਾ ਦਾ ਪਤਾ ਵੀ ਲੱਗ ਜਾਵੇਗਾ। ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੀ ਚਰਚਾ ਕਾਫੀ ਸਮੇਂ ਤੋਂ ਚੱਲ ਰਹੀ ਹੈ।

ਇਸ ਵਿਚ ਦੇਰੀ ਦਾ ਇਕ ਕਾਰਨ ਵਿਸ਼ਵ ਆਰਥਿਕ ਮੰਦੀ ਨੂੰ ਮੰਨਿਆ ਜਾ ਰਿਹਾ ਸੀ। ਜੇ ਮੰਦੇ ਦੇ ਦੌਰ 'ਚ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਅਹੁਦਾ ਸੌਂਪਿਆ ਜਾਂਦਾ ਹੈ ਤਾਂ ਕਈ ਤਰ੍ਹਾਂ ਦੀਆਂ ਆਰਥਿਕ ਮੁਸ਼ਕਲਾਂ ਵਿਚ ਸੁਖਬੀਰ ਨੇ ਘਿਰ ਜਾਣਾ ਸੀ। ਹੁਣ ਕਿਉਂਕਿ ਵਿਸ਼ਵ ਅਰਥ-ਵਿਵਸਥਾ ਮੰਦੇ ਦੇ ਤੌਰ 'ਚੋਂ ਬਾਹਰ ਨਿਕਲ ਰਹੀ ਹੈ, ਇਸ ਲਈ ਅਗਲੇ ਕੁਝ ਮਹੀਨਿਆਂ ਵਿਚ ਸੁਖਬੀਰ ਬਾਦਲ ਨੂੰ ਸੱਤਾ ਸੌਂਪਣ ਬਾਰੇ ਫੈਸਲਾ ਅੰਤਿਮ ਤੌਰ 'ਤੇ ਲਿਆ ਜਾ ਸਕਦਾ ਹੈ। ਮੁੱਖ ਮੰਤਰੀ ਦੇ ਪ੍ਰਸਤਾਵਿਤ ਵਿਦੇਸ਼ ਦੌਰੇ ਦੀ ਜਾਣਕਾਰੀ ਅਜੇ ਭਾਜਪਾ ਨੂੰ ਨਹੀਂ ਦਿੱਤੀ ਗਈ।

ਅਕਾਲੀ ਹਲਕਿਆਂ ਦਾ ਵਿਚਾਰ ਹੈ ਕਿ ਅੰਤਿਮ ਸਾਲ ਸੁਖਬੀਰ ਨੂੰ ਮੁੱਖ ਮੰਤਰੀ ਦੀ ਗੱਦੀ ਸੌਂਪਆ ਦਾ ਕੋਈ ਲਾਭ ਨਹੀਂ ਹੋਵੇਗਾ। ਫਰਵਰੀ 2010 'ਚ ਗਠਜੋੜ ਸਰਕਾਰ ਨੇ ਤਿੰਨ ਸਲਾਨੀ ਮਿਆਦ ਪੂਰੀ ਕਰ ਲੈਣੀ ਹੈ। ਆਖਰੀ ਸਾਲ ਤਾਂ ਚੋਣ ਸਾਲ ਕਹਾਉਂਦਾ ਹੈ। ਅਕਾਲੀ ਲੀਡਰਸ਼ਿਪ ਚਾਹੁੰਦੀ ਹੈ ਕਿ ਘੱਟੋ ਤੋਂ ਘੱਟ ਸੁਖਬੀਰ ਨੂੰ ਆਪਣੀ ਯੋਗਤਾ ਦਿਖਾਉਣ ਲਈ ਦੋ ਸਾਲ ਦਾ ਸਮਾਂ ਦਿੱਤਾ ਜਾਵੇ। ਸੁਖਬੀਰ ਵਲੋਂ ਕਲ ਜਿਸ ਤਰ੍ਹਾਂ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨਾਲ ਸੂਬਾ ਪੱਧਰੀ ਮੀਟਿੰਗਾਂ ਕੀਤੀਆਂ ਗਈਆਂ ਹਨ ਉਸਤੋਂ ਵੀ ਸਰਕਾਰੀ ਹਲਕਿਆਂ ਵਿਚ ਇਹੋ ਸੰਦੇਸ਼ ਗਿਆ ਹੈ।

## ਅਖੇ ਹੁਣ ਤਾਂ ਭ੍ਰਿਸ਼ਟਾਚਾਰ ਜੀਵਨ ਵਿਚ ਵੀ ਸ਼ਾਮਿਲ ਹੋ ਗਿਐ!

**ਚੰਡੀਗੜ੍ਹ,**-ਲਗਾਤਾਰ ਪੈਰ ਫੈਲਾ ਰਹੇ ਭ੍ਰਿਸ਼ਟਾਚਾਰ ਨੂੰ ਪੰਜਾਬ ਦੇ ਮੁੱਖਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਵੇ ਆੱਫ ਲਾਈਫ' ਦੱਸਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਹੁਣ ਸਿਰਫ ਚਾਰ-ਪੰਜ ਫੀਸਦੀ ਲੋਕ ਹੀ ਰਹਿ ਗਏ ਹਨ ਜੋ ਹੁਣ ਤਕ ਭ੍ਰਿਸ਼ਟਾਚਾਰ ਤੋਂ ਬਚੇ ਹੋਏ ਹਨ। ਇਸਨੂੰ ਕੰਟਰੋਲ ਕਰਨਾ ਮੁਸ਼ਕਿਲ ਹੈ, ਕਹਿੰਦੇ ਹੋਏ ਉਨ੍ਹਾਂ ਨੇ ਆਪਣੀ ਬੇਬਸੀ ਜਾਹਿਰਕੀਤੀ। ਬਾਦਲ, ਵਿਧਾਇਕਾਂ ਤੇ ਮੰਤਰੀਆਂ ਵਲੋਂ ਆਪਣੀਆਂ ਜਾਇਦਾਦਾਂ ਦਾ ਵਿਵਰਣ ਦੇਣ ਸੰਬੰਧੀ ਪੁਛੇ ਗਏ ਪ੍ਰਸ਼ਨ ਦਾ ਉਤਰਦੇ ਰਹੇ ਸਨ। ਚੋਣ ਤੋਂ ਪਹਿਲਾਂ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਅਕਾਲੀ ਦਲ ਦੇ ਵਿਧਾਇਕ ਅਤੇ ਮੰਤਰੀ ਆਪਣੀ ਜਾਇਦਾਦ ਦਾ ਬਿਓਰਾ ਦੇਣਗੇ। ਉਨ੍ਹਾਂ ਨੇ ਦੱਸਿਆ ਕਿ ਹਾਲੇ ਤਕ ਕਿਸੀ ਵਿਧਾਇਕ ਅਤੇ ਮੰਤਰੀ ਨੇ ਆਪਣੀ ਜਾਇਦਾਦ ਦਾ ਵਿਵਰਣ ਨਹੀਂ ਦਿੱਤਾ ਹੈ। ਲਗਦਾ ਹੈ ਹੁਣ ਜਦ ਇਹ ਫਿਰ ਤੋਂ ਚੋਣ ਮੈਦਾਨ ਵਿਚ ਆਉਣਗੇ ਤਦੋਂ ਚੋਣ ਆਯੋਗ ਨੂੰ ਆਪਣੀ ਜਾਇਦਾਦ ਦੇ ਬਾਰੇ ਵਿਚ ਪੂਰਾ ਬਿਓਰਾ ਦੇਣਗੇ।

## ਸਬਸਿਡੀਆਂ ਘਟਾਉਣ ਵਲ ਤੁਰਨ ਲੱਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਮੁਫ਼ਤ ਬਿਜਲੀ ਦਾ ਲੁਤਫ਼ ਲੈਣ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਚਹੇਤੀ ਸਰਕਾਰ ਝਟਕਾ ਦੇਣ ਦੀਆਂ ਤਿਆਰੀਆਂ ਵਿਚ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਇਸ ਤਿਆਰੀ ਵਿਚ ਲੱਗੀ ਹੋਈ ਹੈ ਕਿ ਸਿੰਜਾਈ ਲਈ ਦਿਤੀ ਜਾਣ ਵਾਲੀ ਮੁਫ਼ਤ ਬਿਜਲੀ ਦੀ ਹੱਦਬੰਦੀ ਤਹਿ ਕਰ ਦਿਤੀ ਜਾਵੇ। ਦਰਅਸਲ ਪੰਜਾਬ ਸਰਕਾਰ ਸਬਸਿਡੀ ਦਾ ਖ਼ੁਦ ਸਹੇੜਿਆ ਬੋਝ ਘਟਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ। ਇਸ ਵਿਚ ਸਰਕਾਰ ਨੇ ਗ਼ਰੀਬਾਂ ਨੂੰ ਹਰ ਮਹੀਨੇ ਮਿਲਣ ਵਾਲਾ ਸਸਤਾ ਆਟਾ 35 ਕਿਲੋ ਤੋਂ ਘਟਾ ਕੇ 25 ਕਿਲੋ ਅਤੇ ਦਾਲ 4 ਕਿਲੋ ਤੋਂ ਘਟਾ ਕੇ 2.5 ਕਿਲੋ ਕਰ ਦਿਤੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਸਾਲਾਨਾ ਲਗਭਗ 150 ਕਰੋੜ ਰੁਪਏ ਦੀ ਬੱਚਤ ਹੋਵੇਗੀ। ਕਿਸਾਨਾਂ, ਦਲਿਤਾਂ ਤੇ ਬੀ.ਪੀ.ਐਲ. ਪਰਵਾਰਾਂ ਨੂੰ ਮੁਫ਼ਤ ਬਿਜਲੀ ਅਤੇ ਗ਼ਰੀਬਾਂ ਨੂੰ ਸਸਤਾ ਆਟਾ ਦਾਲ ਸਕੀਮ ਨਾਲ ਸਰਕਾਰ 'ਤੇ ਹਰ ਸਾਲ ਲਗਭਗ 3500 ਕਰੋੜ ਰੁਪਏ ਦਾ ਬੋਝ ਪੈ ਰਿਹਾ ਹੈ। ਇਸ ਵਿਚੋਂ 3144.25 ਕਰੋੜ ਰੁਪਏ ਮੁਫ਼ਤ ਬਿਜਲੀ ਤੇ ਹੋਣ ਵਾਲਾ ਖ਼ਰਚ ਹੈ। ਇਸ ਤੋਂ ਬਾਹਰ ਨਿਕਲਣ ਲਈ ਪੰਜਾਬ ਸਰਕਾਰ ਹੁਣ ਸਬਸਿਡੀ ਦੇ ਬੋਝ ਨੂੰ ਘੱਟ ਕਰਨ ਦੀ ਸੋਚ ਰਹੀ ਹੈ। ਸਬਸਿਡੀ ਦਾ ਬੋਝ ਘਟਾਉਣ ਲਈ ਪੰਜਾਬ ਸਰਕਾਰ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਦਯੋਗ ਮੰਤਰੀ ਮਨੋਰੰਜਨ ਕਾਲੀਆ ਦੀ ਕਮੇਟੀ ਨੂੰ ਰੀਪੋਰਟ ਤਿਆਰ ਕਰਨ ਲਈ ਕਿਹਾ ਹੈ। ਸੂਤਰਾਂ ਅਨੁਸਾਰ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਆਉਂਦੇ ਸਮੇਂ ਵਿਚ ਸਿੰਜਾਈ ਲਈ ਮੁਫ਼ਤ ਬਿਜਲੀ ਦੀ ਇਕ ਸੀਮਾ ਤਹਿ ਕੀਤੀ ਜਾ ਸਕਦੀ ਹੈ। ਪਿਛਲੇ 3 ਸਾਲਾਂ ਵਿਚ ਪੰਜਾਬ ਦੇ ਸਰਕਾਰੀ ਖ਼ਜ਼ਾਨੇ 'ਤੇ ਸਬਸਿਡੀ ਦਾ ਬੋਝ ਵਧ ਕੇ ਦੁਗਣਾ ਹੋ ਗਿਆ। ਸਬਸਿਡੀ ਨੂੰ ਰਾਜ 'ਤੇ ਸੱਭ ਤੋਂ ਵੱਡਾ ਫਾਲਤੂ ਦਾ ਬੋਝ ਦਸਦੇ ਹੋਏ ਪੰਜਾਬ ਦੇ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਈ ਵਾਰ ਇਸ ਦੀ ਵਿਰੋਧ ਜਤਾ ਚੁਕੇ ਹਨ ਪਰ ਵਿਤ ਮੰਤਰੀ ਦਾ ਵਿਰੋਧ ਜਤਾਉਣਾ ਇਕ ਰਾਜਨੀਤਕ ਪੈਂਤੜਾ ਹੈ ਕਿਉਂਕਿ ਵਿਤ ਮੰਤਰੀ ਦੀਆਂ ਪਾਵਰਜ਼ ਹੋਣ ਦੇ ਬਾਵਜੂਦ ਅਕਾਲੀ-ਭਾਜਪਾ ਗਜਠੋੜ ਸਰਕਾਰ ਨੇ ਇਸ ਨੂੰ ਜਾਰੀ ਰਖਿਆ ਹੈ।

# ਸੁਖਬੀਰ ਬਾਦਲ ਵਲੋਂ ਕਾਂਗਰਸ ਪਾਰਟੀ ਨੂੰ ਖੁੱਲ੍ਹੀ ਬਹਿਸ ਦਾ ਸੱਦਾ

**ਪਟਿਆਲਾ:** 'ਰਾਜ ਅੰਦਰ ਮੌਜੂਦਾ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਵਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਨੂੰ ਵੇਖ ਕੇ ਕਾਂਗਰਸ ਪਾਰਟੀ ਬੁਖਲਾ ਗਈ ਹੈ ਅਤੇ ਉਹ ਬਿਨ੍ਹਾਂ ਕਿਸੇ ਠੋਸ ਆਧਾਰ ਦੇ ਫੋਕੀ ਬਿਆਨਬਾਜ਼ੀ ਕਰ ਰਹੀ ਹੈ। ਪਿਛਲੀ ਸਰਕਾਰ ਮੌਕੇ ਪੰਜਾਬ ਅਤੇ ਕੇਂਦਰ 'ਚ ਕਾਂਗਰਸ ਦੀਆਂ ਸਰਕਾਰਾਂ ਹੋਣ ਦੇ ਬਾਵਜੂਦ ਵੀ ਪੰਜਾਬ ਵਿਚਲੀ ਕਾਂਗਰਸ ਸਰਕਾਰ ਦਾ ਮੁੱਖ ਮੰਤਰੀ ਆਪਣੇ ਨਿੱਜੀ ਰੁਝੇਵਿਆਂ ਕਾਰਨ ਪੰਜਾਬ ਲਈ ਕੇਂਦਰ ਤੋਂ ਇੱਕ ਵੀ ਪ੍ਰੋਜੈਕਟ ਮਨਜੂਰ ਨਹੀਂ ਕਰਵਾ ਸਕਿਆ, ਜਦ ਕਿ ਮੌਜੂਦਾ ਸਰਕਾਰ ਵਲੋਂ ਪੰਜਾਬ ਦੇ ਸਰਵ-ਪੱਖੀ ਵਿਕਾਸ ਲਈ ਕੇਂਦਰ 'ਤੇ ਦਬਾਅ ਪਾ ਕੇ ਅੰਤਰਰਾਸ਼ਟਰੀ ਹਵਾਈ ਅੱਡੇ, ਥਰਮਲ ਪਲਾਂਟ, ਸੜਕਾਂ ਅਤੇ ਬੁਨਿਆਦੀ ਢਾਂਚੇ ਦੇ ਕਈ ਵੱਡੇ ਪ੍ਰੋਜੈਕਟ ਪੰਜਾਬ ਦੀ ਝੋਲੀ ਪਾਏ ਹਨ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਥਾਨਕ ਮਾਡਲ ਟਾਊਨ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਰਿੰਦਰਪਾਲ ਸਿੰਘ ਹੈਰੀ ਮਾਨ ਦੇ ਗ੍ਰਹਿ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ, ਹੈਰੀ ਮਾਨ ਦੇ ਵੱਡੇ ਭਰਾ ਮਰਹੂਮ ਸਤਿੰਦਰਪਾਲ ਸਿੰਘ ਮਾਨ ਜਿਸ ਦੀ ਬੀਤੇ ਦਿਨੀਂ ਮੌਤ ਹੋ ਗਈ ਸੀ, ਦਾ ਅਫਸੋਸ ਪ੍ਰਗਟ ਕਰਨ ਲਈ ਆਏ ਹੋਏ ਸਨ। ਸ੍ਰ. ਬਾਦਲ ਨੇ ਮੌਜੂਦਾ ਸਰਕਾਰ ਅਤੇ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਦੀ ਤੁਲਨਾਂ ਕਰਨ ਲਈ ਕਾਂਗਰਸ ਪਾਰਟੀ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ। ਉਨ੍ਹਾਂ ਪੰਜਾਬ 'ਚ ਮੌਜੂਦਾ ਬਿਜਲੀ ਸੰਕਟ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਇਆ। ਸ੍ਰ. ਬਾਦਲ ਨੇ ਕਿਹਾ ਕਿ ਸਮੂਹ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਦੇ ਕੰਮਕਾਜ ਦਾ ਹਰ ਦੋ ਮਹੀਨੇ ਬਾਅਦ ਮੁਲਾਂਕਣ ਕੀਤਾ ਜਾਵੇਗਾ। ਸ. ਬਾਦਲ ਨੇ ਮਰਹੂਮ ਸਤਿੰਦਰਪਾਲ ਸਿੰਘ ਮਾਨ ਦੇ ਪਿਤਾ ਜਥੇਦਾਰ ਹਰਬੰਸ ਸਿੰਘ ਜੋਤਾਮਾਜਰਾ, ਭਰਾ ਹਰਿੰਦਰਪਾਲ ਸਿੰਘ ਹੈਰੀ ਤੇ ਬਾਕੀ ਪਰਿਵਾਰਕ ਮੈਂਬਰਾਂ ਨਾਲ ਦੁੱਖ ਵੀ ਸਾਂਝਾ ਕੀਤਾ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਪ੍ਰੀਤ ਸਿੰਘ, ਰਾਜੂ ਖੰਨਾ, ਦੀਪਿੰਦਰ ਸਿੰਘ, ਐਸ ਕੇ ਅਸਥਾਨਾਂ, ਰਣਬੀਰ ਸਿੰਘ ਖੱਟੜਾ, ਐਮਸੀ ਇੰਦਰਜੀਤ ਸਿੰਘ, ਬੱਬੀ ਖਹਿਰਾ ਆਦਿ ਹਾਜ਼ਰ ਸਨ।



ਚੁਣੌਤੀ ਪ੍ਰਵਾਨ -ਖਹਿਰਾ

**ਕਾਂਗਰਸ ਵਲੋਂ ਚਣੌਤੀ ਪ੍ਰਵਾਨ:** ਪੰਜਾਬ ਦੇ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਵਿਕਾਸ ਦੇ ਮੁੱਦੇ 'ਤੇ ਬਹਿਸ ਲਈ ਦਿੱਤੀ ਚੁਣੌਤੀ ਨੂੰ ਸਵੀਕਾਰ ਕਰਦਿਆਂ ਕਾਂਗਰਸ ਨੇ ਐਲਾਨ ਕੀਤਾ ਹੈ ਕਿ ਉਹ ਅਕਾਲੀ ਦਲ ਨਾਲ ਜਿੱਥੇ ਮਰਜੀ ਖੁੱਲ੍ਹੇ ਜਨਤਕ ਮੰਚ 'ਤੇ ਵਿਕਾਸ ਦੇ ਮੁੱਦੇ 'ਤੇ ਬਹਿਸ ਕਰਨ ਨੂੰ ਤਿਆਰ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਨ ਸਮੇਂ ਖੁੱਲ੍ਹੀ ਚਿੱਠੀ ਜਾਰੀ ਕਰਦਿਆਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਸੁਖਬੀਰ ਬਾਦਲ ਨਾਲ ਵਿਕਾਸ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜਭਾਗ ਦੌਰਾਨ ''ਵਿਕਾਸ ਨਾਂ ਦੀ ਕੋਈ ਚੀਜ਼'' ਵੀ ਦੇਖਣ ਨੂੰ ਨਹੀਂ ਮਿਲੀ ਅਤੇ ਜਿੰਨਾ ਵਿਕਾਸ ਪੰਜਾਬ 'ਚ ਪਿਛਲੀ ਕੈਪਟਨ ਸਰਕਾਰ ਦੌਰਾਨ ਹੋਇਆ ਸੀ, ਉਸ ਬਾਰੇ ਤਾਂ ਅਕਾਲੀ ਕਦੇ ਸੋਚ ਵੀ ਨਹੀਂ ਸਕਦੇ। ਸ੍ਰੀ ਖਹਿਰਾ ਨੇ ਸੁਖਬੀਰ ਬਾਦਲ 'ਤੇ ਗੰਭੀਰ ਦੋਸ਼ ਲਾਉਂਦਿਆਂ ਕਹਾ ਕਿ ਸੂਬੇ 'ਚ ਟਰਾਂਸਪੋਰਟ, ਕੇਬਲ ਨੈਟਵਰਕ, ਸ਼ਰਾਬ ਅਤੇ ਜ਼ਮੀਨਾਂ 'ਤੇ ਇਨ੍ਹਾਂ ਨੇ ਕਬਜ਼ਾ ਕੀਤਾ ਹੋਇਆ ਹੈ। ਰਾਜ 'ਚ ਭੂ-ਮਾਫ਼ੀਆ ਨੂੰ ਬੜਾਵਾ ਵੀ ਅਕਾਲੀਆਂ ਦੀ ਹੀ ਦੇਣ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਕਾਂਗਰਸ ਵਲੋਂ ਸ਼ੁਰੂ ਕੀਤੇ ਵਿਕਾਸ ਪ੍ਰੋਜੈਕਟ ਵੀ ਬੰਦ ਕਰ ਦਿੱਤੇ ਗਏ ਹਨ। ਸੁਖਬੀਰ ਬਾਦਲ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਆਪਣੀ ਕਾਰਗੁਜ਼ਾਰੀ ਸਦਕਾ ਨਹੀਂ ਮਿਲਿਆ ਸਗੋਂ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਸਿਰ 'ਤੇ ਮਿਲਿਆ ਹੈ।

## ਦੁਬਾਰਾ ਪੇਸ਼ ਹੋਵੇਗਾ ਕਿਰਪਾਨ ਰੱਖਣ ਸਬੰਧੀ ਬਿਲ

**ਲਾਸ ਏਂਜਲਸ :** ਕੈਲੀਫੋਰਨੀਆ 'ਚ ਪੁਲਿਸ ਮੁਲਾਜ਼ਮਾਂ ਨੂੰ ਸਿੱਖਾਂ ਦੇ ਕਿਰਪਾਨ ਰੱਖਣ ਸਬੰਧੀ ਟਰੇਨਿੰਗ ਦੇਣ ਬਾਰੇ ਬਿਲ ਗਵਰਨਰ ਅਰਨਾਲਡ ਸ਼ਵਾਰਜ਼ਨੇਗਰ ਦੁਆਰਾ ਵੀਟੋ ਕੀਤੇ ਜਾਣ ਤੋਂ ਬਾਅਦ ਹੁਣ ਇਸ ਨੂੰ ਸੂਬਾ ਅਸੈਂਬਲੀ 'ਚ ਦੁਬਾਰਾ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਬਿਲ ਏ ਬੀ-504 ਨੂੰ ਇਸੇ ਸਾਲ ਫਰਵਰੀ 'ਚ ਅਸੈਂਬਲੀ ਦੇ ਵਾਰੇਨ ਫੁਰੂਤਾਨੀ ਨਾਂ ਦੇ ਇਕ ਮੈਂਬਰ ਦੁਆਰਾ ਪੇਸ਼ ਕੀਤਾ ਗਿਆ ਸੀ।

ਇਸ ਬਿਲ 'ਚ ਤਜਵੀਜ਼ ਸੀ ਕਿ ਕਿਰਪਾਨ ਪਹਿਨਣ ਵਾਲੇ ਸਿੱਖਾਂ ਦੀ ਗ੍ਰਿਫ਼ਤਾਰੀ ਰੋਕਣ ਸਬੰਧੀ ਸੁਰੱਖਿਆ ਏਜੰਸੀਆਂ ਨੂੰ ਵਿਸ਼ੇਸ਼ ਟਰੇਨਿੰਗ ਦਿੱਤੀ ਜਾਵੇ। ਇਹ ਬਿਲ



ਸਰਬਸੰਮਤੀ ਨਾਲ ਪਾਸ ਹੋ ਗਿਆ ਸੀ ਪਰ ਸ਼ਵਾਰਜ਼ਨੇਗਰ ਨੇ ਪਿਛਲੇ ਹਫ਼ਤੇ ਦੌਰਾਨ ਇਸ 'ਤੇ ਵੀਟੋ ਕਰ ਦਿੱਤਾ ਸੀ। ਫੁਰੂਤਾਨੀ ਨੇ ਕਿਹਾ ਕਿ ਮੈਂ ਇਸ ਬਿਲ ਨੂੰ ਉਦੋਂ ਤੱਕ ਲਿਆਉਣ ਲਈ ਵਚਨਬੱਧ ਹਾਂ, ਜਦੋਂ ਤੱਕ ਮੌਜੂਦਾ ਜਾਂ ਕੋਈ ਹੋਰ ਗਵਰਨਰ ਇਸ 'ਤੇ ਦਸਤਖ਼ਤ ਨਾ ਕਰ ਦੇਵੇ। ਜ਼ਿਕਰਯੋਗ ਹੈ ਕਿ ਇਸ ਬਿਲ ਦਾ ਖਰੜਾ ਪੁਲਿਸ ਅਧਿਕਾਰੀ ਸਟੈਂਡਰਡ ਐਂਡ ਟਰੇਨਿੰਗ ਕਮਿਸ਼ਨ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ। ਸਿੱਖ ਜਥੇਬੰਦੀ 'ਸਿੱਖ ਕੁਲੀਸ਼ਨ' 'ਚ ਇਸ ਬਿਲ 'ਤੇ ਵੀਟੋ ਕੀਤੇ ਜਾਣ ਕਾਰਨ ਰੋਸ ਪਾਇਆ ਜਾ ਰਿਹਾ ਹੈ। ਜਥੇਬੰਦੀ ਦੇ ਆਗੂ ਨੇਹਾ ਸਿੰਘ ਨੇ ਕਿਹਾ ਕਿ ਗਵਰਨਰ ਦੀ ਇਹ ਪ੍ਰਤੀਕਿਰਿਆ ਬਹੁਤ ਨਿਰਾਸ਼ਾਜਨਕ ਹੈ। ਨੇਹਾ ਸਿੰਘ ਨੇ ਕਿਹਾ ਕਿ ਇਹ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ ਗਵਰਨਰ ਇਹ ਨਹੀਂ ਸਮਝਦੇ ਕਿ ਵੱਖ-ਵੱਖ ਭਾਈਚਾਰਿਆਂ ਦੀ ਪਹਿਚਾਨ ਬਾਰੇ ਸਾਡੀਆਂ ਸੁਰੱਖਿਆ ਏਜੰਸੀਆਂ ਨੂੰ ਜਾਣੂੰ ਕਰਵਾਇਆ ਜਾਣਾ ਚਾਹੀਦਾ ਹੈ। ਇਸ ਜਥੇਬੰਦੀ ਨੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੱਤਰ ਲਿਖ ਕੇ ਗਵਰਨਰ ਨਾਲ ਆਪਣੀ ਨਾਰਾਜ਼ਗੀ ਪ੍ਰਗਟ ਕਰਨ।

# ਨਾਨਕਸ਼ਾਹੀ ਕੈਲੰਡਰ ਦਾ ਰੱਟਾ ਫਿਰ ਭਖਿਆ

ਸੇਵਾਦਾਰ ਬਲਵੰਤ ਸਿੰਘ ਨੰਦਗੜ ਨਾਲ ਬੰਦ ਕਮਰੇ ਵਿਚ ਮੀਟਿੰਗ ਕੀਤੀ ਪਰ ਸ੍ਰੀ ਨੰਦਗੜ੍ਹ ਦੇ ਆਪਣੇ ਸਟੈਂਡ ਤੇ ਅੜੇ ਰਹਿਣ ਕਰਕੇ ਇਹ ਮੀਟਿੰਗ ਬੇ-ਸਿੱਟਾ ਰਹੀ। ਹੁਣ ਸ਼੍ਰੋਮਣੀ ਕਮੇਟੀ ਨੇ ਪੰਜ ਸਿੰਘ ਸਾਹਿਬਾਨ ਦੀ ਸਹਿਮਤੀ ਨਾਲ ਇਕ ਕਮੇਟੀ ਦਾ ਗਠਨ ਕੀਤਾ ਹੈ ਜੋ 5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਇਸ ਤਬਦੀਲੀ ਬਾਰੇ ਫੈਸਲਾ ਦੇਵੇਗੀ। ਨਾਨਕਸ਼ਾਹੀ ਕੈਲੰਡਰ 'ਚ ਤਬਦੀਲੀ ਕਰਨ ਦੇ ਵਿਰੋਧ ਵਿਚ ਪੰਥਕ ਧਿਰਾਂ ਅਤੇ ਹੋਰ ਅਕਾਲੀ ਪਾਰਟੀਆਂ ਨੇ ਡਟ ਕੇ ਸਟੈਂਡ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਨੇ ਕਿਹਾ ਕਿ ਕੱਟੜ ਹਿੰਦੂ ਲਾਬੀ ਅਤੇ ਬਾਦਲ ਦੀ ਗੁਲਾਮੀ ਅਧੀਨ ਵਿਚਰ ਰਹੀ ਇਹ ਲਾਬੀ ਜਥੇਦਾਰਾਂ ਨੂੰ ਵਰਤ ਕੇ ਸਿੱਖ ਕੌਮ ਦੇ ਵਖਰੇਪਣ ਤੇ ਅਜ਼ਾਦ ਹਸਤੀ ਦੀ ਨਿਸ਼ਾਨੀ ਨਾਨਕਸ਼ਾਹੀ ਕੈਲੰਡਰ ਦੀ ਰੂਪ ਰੇਖਾ ਵਿਗਾੜ ਰਹੀ ਹੈ। ਸਿੱਖ ਕੌਮ ਕਿਸੇ ਤਰ੍ਹਾਂ ਦੇ ਫੇਰਬਦਲ ਨੂੰ ਬਰਦਾਸ਼ਤ ਨਹੀਂ ਕਰੇਗੀ। ਸੰਤ ਸਮਾਜ ਵੀ ਸਿੱਖ ਕੌਮ ਲਈ ਵਿਸ਼ੇਸ਼ ਅਹਿਮੀਅਤ ਪ੍ਰਾਪਤ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਦਾ ਆ ਰਿਹਾ ਹੈ। ਬਾਦਲ ਵਿਰੋਧੀ ਧਿਰਾਂ ਦਾ ਆਖਣਾ ਹੈ ਜੇਕਰ ਇਸ ਦੀ ਰੂਪ ਰੇਖਾ ਵਿਗਾੜ ਦਿੱਤੀ ਗਈ ਤਾਂ ਇਸ ਨਾਲ ਸਿੱਖ ਕੌਮ ਨੂੰ ਹੋਣ ਵਾਲੇ ਨੁਕਸਾਨ ਲਈ ਸੰਤ ਸਮਾਜ ਵੀ ਭਾਗੀਦਾਰ ਹੋਵੇਗਾ। ਸੰਤ ਸਮਾਜ ਨੂੰ ਵੀ ਦੁਸ਼ਮਨ ਦੀ ਚਾਲ ਸਮਝ ਕੇ ਜਥੇਦਾਰਾਂ ਨੂੰ ਦੁਸ਼ਮਣ ਦੇ ਹੱਥਾਂ ਵਿਚ ਖੇਡਣ ਤੋਂ ਰੋਕਣਾ ਚਾਹੀਦਾ ਹੈ। ਜੇਕਰ ਸੋਧਾਂ ਦਾ ਰਾਹ ਇਕ ਵਾਰ ਖੁੱਲ੍ਹ ਗਿਆ ਤਾਂ ਇਹ ਨਾਂ ਦਾ ਹੀ ਨਾਨਕਸ਼ਾਹੀ ਕੈਲੰਡਰ ਰਹਿ ਜਾਵੇਗਾ ਤੇ ਇਹ ਹਿੰਦੂ ਕੈਲੰਡਰ ਬਣ ਜਾਵੇਗਾ।

ਇਸ ਕੈਲੰਡਰ ਵਿਚ ਤਬਦੀਲੀ ਦਾ ਵਿਰੋਧ ਕਰਦਿਆਂ ਪ੍ਰਸਿੱਧ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਆਰ.ਐਸ.ਐਸ. ਵਾਲੇ ਕਾਫੀ ਸਮੇਂ ਤੋਂ ਇਸ ਕੈਲੰਡਰ ਵਿਚ ਤਬਦੀਲੀਆਂ ਕਰਾਉਣ ਲਈ ਪਰਦੇ ਵਿਚ ਰਹਿ ਕੇ ਪਟਨਾ ਸਾਹਿਬ ਦੇ ਸਿੰਘ ਸਾਹਿਬ ਦੀਆਂ ਸੇਵਾਵਾਂ ਲੈ ਰਹੇ ਹਨ।

ਕੈਲੰਡਰ ਮਾਮਲੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਆਪਣਾ ਸਟੈਂਡ ਸਪਸ਼ਟ ਕਰਦਿਆਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਕਿਸੇ ਤਰ੍ਹਾਂ ਦੀ ਸੋਧ ਕਰਨ ਲਈ ਸ਼੍ਰੋਮਣੀ ਕਮੇਟੀ ਇਕੱਲੀ ਕੋਈ ਫੈਸਲਾ ਨਹੀਂ ਲੈ ਸਕਦੀ। ਅਜਿਹੇ ਮਾਮਲੇ ਵਿਚ ਵਿਸ਼ੇਸ਼ ਤੌਰ ਤੇ ਸਰਬੱਤ ਖਾਲਸਾ ਬੁਲਾਇਆ ਜਾਵੇ। ਸ੍ਰੀ ਸਰਨਾ ਨੇ ਕਿਹਾ ਇਹ ਕੈਲੰਡਰ ਸਿੱਖ ਕੌਮ ਦੀ ਵੱਖਰੀ ਅਤੇ ਨਿਆਰੀ ਹਸਤੀ ਦਾ ਪ੍ਰਤੀਕ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਜਾਂ ਸੁਧਾਈ ਦਾ ਕਿਸੇ ਨੂੰ ਕੋਈ ਹੱਕ ਨਹੀਂ।

ਨਾਨਕਸ਼ਾਹੀ ਕੈਲੰਡਰ ਮਾਮਲੇ ਵਿਚ ਤਬਦੀਲੀ ਸੰਬੰਧੀ ਆਰ ਐਸ ਐਸ ਦੇ ਮੀਡੀਆ ਸੰਪਰਕ ਪ੍ਰਮੁੱਖ ਡਾ. ਅਵਤਾਰ ਐਸ. ਸ਼ਾਸਤਰੀ ਨੇ ਕਿਹਾ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀ ਬਾਰੇ ਆਰ.ਐਸ.ਐਸ. ਨੇ ਨਾ ਕਿਤੇ ਪਹਿਲਾਂ ਤੇ ਨਾ ਹੁਣ ਕੋਈ ਆਪਣੀ ਰਾਇ ਦਿੱਤੀ ਹੈ ਨਾ ਹੀ ਅਸੀਂ ਇਸ ਵਿਚ ਤਬਦੀਲੀ ਬਾਰੇ ਸੋਚਿਆ ਹੈ। ਕੈਲੰਡਰ ਮਾਮਲੇ ਵਿਚ ਇਕ ਮੁੱਦਾ ਇਹ ਵੀ ਹੈ ਕਿ ਜਿਸ ਤਰ੍ਹਾਂ ਅੱਜ ਕੱਲ੍ਹ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ 5 ਜਨਵਰੀ ਨੂੰ ਮਨਾਉਣ ਦੀ ਬਜਾਏ ਪੋਹ ਸੁਦੀ ਸਪਤਮੀ ਨੂੰ ਮਨਾਇਆ ਜਾਵੇ। ਨਾਨਕਸ਼ਾਹੀ ਕੈਲੰਡਰ ਰਾਹੀਂ ਇਹ ਫੈਸਲਾ ਕੀਤਾ ਗਿਆ ਸੀ ਕਿ ਹਰ ਸਾਲ ਦਸਮ ਪਾਤਸ਼ਾਹ ਦਾ ਗੁਰਪੁਰਬ 5 ਜਨਵਰੀ ਨੂੰ ਮਨਾਇਆ ਜਾਵੇਗਾ। ਯਾਦ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਸਲਾਹਕਾਰ ਇਸ ਕਰਕੇ ਇਹ ਤਬਦੀਲੀ ਕਰਾਉਣ 'ਤੇ ਤੁਲੇ ਹੋਏ ਹਨ ਕਿਉਂਕਿ ਆਉਣ ਵਾਲੇ ਵਰ੍ਹੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਆ ਰਹੀਆਂ ਹਨ। ਇਸ ਤਬਦੀਲੀ ਸਦਕਾ ਆਸ ਕੀਤੀ ਜਾ ਰਹੀ ਹੈ ਕਿ ਸਮੁੱਚਾ ਸੰਤ ਸਮਾਜ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲ ਪੱਖੀ ਉਮੀਦਵਾਰਾਂ ਨੂੰ ਵੋਟਾਂ ਪਾਵੇਗਾ, ਜਿਸ ਨਾਲ ਫਿਰ ਤੋਂ ਸ਼੍ਰੋਮਣੀ ਕਮੇਟੀ 'ਤੇ ਬਾਦਲ ਧਿਰ ਦਾ ਕਬਜ਼ਾ ਹੋ ਸਕਦਾ ਹੈ।

## ਔਜਲਾ ਅੰਮ੍ਰਿਤਸਰ ਵਿਕਾਸ ਮੰਚ ਦੇ ਪੈਟਰਨ ਬਣੇ

**ਅੰਮ੍ਰਿਤਸਰ:** ਸ. ਹਰਜਾਪ ਸਿੰਘ ਔਜਲਾ ਨੂੰ ਅੰਮ੍ਰਿਤਸਰ ਵਿਕਾਸ ਮੰਚ ਦਾ ਅਮਰੀਕਾ ਵਿਚ ਪੈਟਰਨ ਨਿਯੁਕਤ ਕੀਤਾ ਗਿਆ ਹੈ।

ਇਹ ਜਾਣਕਾਰੀ ਬਿਆਨ ਵਿਚ ਦਿੰਦਿਆਂ ਮੰਚ ਦੇ ਪ੍ਰਧਾਨ ਸ. ਮਨਮੋਹਨ ਸਿੰਘ ਅਤੇ ਜਨਰਲ ਸਕੱਤਰ ਸ੍ਰੀ ਅੰਮ੍ਰਿਤ ਲਾਲ ਮੰਨਣ ਨੇ ਕਿਹਾ ਕਿ ਇਹ ਫੈਸਲਾ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਗਿਆ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਅੰਮ੍ਰਿਤਸਰ ਦੇ ਵਿਕਾਸ ਸਬੰਧੀ ਆਪਣੇ ਸੁਝਾਅ ਅਤੇ ਰਾਏ ਉਨ੍ਹਾਂ ਨੂੰ ਭੇਜ ਸਕਣ। ਇਸ ਵੇਲੇ ਅਮਰੀਕਾ ਵਿਚ ਰਹਿੰਦੇ ਸ. ਹਰਜਾਪ ਸਿੰਘ ਔਜਲਾ ਇਕ ਸੇਵਾ ਮੁਕਤ ਇੰਜੀਨੀਅਰ ਹਨ। ਸ. ਔਜਲਾ ਅੰਮ੍ਰਿਤਸਰ ਦੇ ਵਿਕਾਸ ਲਈ ਡੂੰਘੀ ਸੋਚ ਰੱਖਦੇ ਹਨ ਅਤੇ ਉਨ੍ਹਾਂ ਵਿਚ ਸੇਵਾ ਕਰਨ ਦੀ ਅਥਾਹ ਸ਼ਕਤੀ ਵੀ ਹੈ। ਅੰਮ੍ਰਿਤਸਰ ਵਿਕਾਸ ਮੰਚ ਨੇ ਸ. ਔਜਲਾ ਨੂੰ ਅੰਮ੍ਰਿਤਸਰ ਦੇ ਵਿਕਾਸ ਸਬੰਧੀ ਸਿਆਸਤ ਰਹਿਤ ਬਿਆਨ ਦੇਣ ਦਾ ਵੀ ਅਧਿਕਾਰ ਦਿੱਤਾ ਹੈ।

ਸ. ਹਰਜਾਪ ਸਿੰਘ ਨਾਲ ਸੰਪਰਕ ਫੋਨ ਨੰਬਰ 732-329-0981 ਜਾਂ ਈ-ਮੇਲ harjapaujla@gmail.com ਰਾਹੀਂ ਕੀਤਾ ਜਾ ਸਕਦਾ ਹੈ।

*Visit us on the web:*
***punjabtimesusa.com***

# ਵਿਦੇਸ਼ ਗਏ ਸਿੱਖਾਂ ਨੂੰ ਵਾਪਸ ਲਿਆਉਣ ਲਈ ਆਰੰਭੇ ਯਤਨ

## ਸ਼ੋ੍ਮਣੀ ਕਮੇਟੀ ਤੇ ਬਾਦਲ ਸਰਕਾਰ ਨੂੰ ਘੇਰੇਗੀ ਦਿੱਲੀ ਕਮੇਟੀ



**ਅੰਮ੍ਰਿਤਸਰ:** ਕਾਲੀਆਂ ਸੂਚੀਆਂ ਖ਼ਤਮ ਕਰਵਾਉਣ ਦੇ ਮੁੱਦੇ 'ਤੇ ਪੰਜਾਬ ਦੀ ਬਾਦਲ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਠਿੱਬੀ ਲਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਾਲੀਆਂ ਸੂਚੀਆਂ 'ਚ ਨਾਮ ਦਰਜ ਹੋਣ ਕਰਕੇ ਵਿਦੇਸ਼ਾਂ 'ਚ ਸਿਆਸੀ ਸ਼ਰਨ ਲਈ ਬੈਠੇ ਪੰਜਾਬੀਆਂ ਨੂੰ ਵਾਪਸ ਪੰਜਾਬ ਲਿਆਉਣ ਲਈ ਯਤਨ ਆਰੰਭ ਦਿੱਤੇ ਹਨ। ਆਰੰਭੇ ਯਤਨਾਂ ਦੇ ਪਹਿਲੇ ਪੜਾਅ 'ਚ ਕਲਕੱਤਾ ਤੇ ਸਰਨਾ ਨੇ ਵਿਦੇਸ਼ੀ ਮਸਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨਾਲ ਦਿੱਲੀ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਇਕ ਮੁਲਾਕਾਤ ਕੀਤੀ। ਮੁਲਾਕਾਤ ਕਰਕੇ ਕਾਲੀ ਸੂਚੀਆਂ ਨੂੰ ਖ਼ਤਮ ਕਰਨ ਦੀ ਕਾਰਵਾਈ ਲਗਭਗ ਅਮਲ 'ਚ ਲੈ ਆਂਦੀ ਹੈ। ਸ੍ਰੀ ਕਲਕੱਤਾ ਨੇ ਆਪਣੀ ਰਿਹਾਇਸ਼ਗਾਹ ਵਿਖੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਲੀਆਂ ਸੂਚੀਆਂ ਨੂੰ ਖ਼ਤਮ ਕਰਵਾ ਕੇ ਪੰਜਾਬ ਦੇ ਜੰਮਿਆਂ ਨੂੰ ਵਾਪਸ ਉਨ੍ਹਾਂ ਦੀ ਜਨਮ ਭੂਮੀ ਦਾ ਨਿੱਘ ਦਿਵਾਉਣ ਲਈ ਪਹਿਲਾਂ ਅਸੀਂ ਭਾਰਤ ਸਰਕਾਰ ਨਾਲ ਪੱਤਰ ਵਿਹਾਰ ਕਰਦੇ ਰਹੇ ਹਾਂ, ਪਰ ਹੁਣ ਅਸੀਂ ਕਾਲੀ ਸੂਚੀ 'ਚ ਸ਼ਾਮਲ ਉਹ ਲੋਕ ਜਿੰਨਾ 'ਤੇ ਕੋਈ ਅਪਰਾਧਕ ਮਾਮਲਾ ਦਰਜ ਨਹੀਂ, ਨੂੰ ਇਸ ਬਦਨਾਮ ਲਿਸਟ 'ਚੋਂ ਲਾਂਭੇ ਕਰਵਾ ਕੇ ਇਨ੍ਹਾਂ ਸੂਚੀਆਂ ਦੇ ਖਾਤਮੇ ਦੀ ਸ਼ੁਰੂਆਤ ਕਰਾਂਗੇ। ਇਕ ਸਵਾਲ ਦੇ ਜਵਾਬ 'ਚ ਸ੍ਰੀ ਕਲਕੱਤਾ ਨੇ ਕਿਹਾ ਕਿ ਅਸੀਂ ਭਾਰਤ ਸਰਕਾਰ ਨੂੰ 15 ਵਿਅਕਤੀਆਂ ਦੀ ਲਿਸਟ ਸੌਂਪੀ ਹੈ। ਇਹ ਉਹ ਬੰਦੇ ਹਨ ਜਿੰਨਾ 'ਤੇ ਕਿਤੇ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਹੈ। ਉਨ੍ਹਾਂ ਕਿਹਾ ਕਿ ਕੁਝ ਉਹ ਲੋਕ ਇਸ ਸੂਚੀ 'ਚ ਸ਼ਾਮਲ ਪਾਏ ਗਏ ਹਨ ਜਿਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਵਲੋਂ ਆਯੋਜਿਤ ਕੀਤੇ ਧਰਮ ਯੁੱਧ ਮੋਰਚਿਆਂ 'ਚ ਸ਼ਮੂਲੀਅਤ ਕੀਤੀ ਤੇ ਬਾਦਲ ਵਲੋਂ ਧਾਰਾ 25 ਸਾੜਨ ਵੇਲੇ ਬਾਦਲ ਦਾ ਸਾਥ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਾਦਲ ਸਾਹਿਬ ਪਹਿਲਾਂ ਵੀ ਸੂਬੇ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਤੇ ਹੁਣ ਵੀ ਇਨ੍ਹਾਂ ਦੀ ਆਪਣੀ ਸਰਕਾਰ ਹੈ। ਬਹੁਤੇ ਬੰਦੇ ਸ. ਬਾਦਲ ਦੇ ਵਰਕਰ ਹਨ ਜਿਹੜੇ ਸੂਚੀ 'ਚ ਦਰਜ ਹਨ। ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਸੂਬਾ ਸਰਕਾਰ ਉਕਤ ਸੂਚੀ ਨੂੰ ਖਾਰਜ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਕਹਿ ਹੀ ਨਹੀਂ ਰਹੀ। ਉਨ੍ਹਾਂ ਕਿਹਾ ਕਿ ਬਾਦਲ ਸਾਹਿਬ ਕੇਂਦਰ ਨੂੰ ਇਹ ਇਸ ਬਾਰੇ ਜਲਦੀ ਲਿਖ ਕੇ ਭੇਜਣ ਸਿੱਖਾਂ ਨੂੰ ਲਿਸਟ ਵਿਚੋਂ ਬਾਹਰ ਕੀਤਾ ਜਾਵੇ।

## ਭੈਣ ਨੂੰ ਸਹੁਰੇ ਘਰ ਛੱਡਣ ਗਏ ਭਰਾ ਦਾ ਕਤਲ

**ਅੰਮ੍ਰਿਤਸਰ:** ਨਵ-ਵਿਆਹੁਤਾ ਭੈਣ ਨੂੰ ਸਹੁਰੇ ਘਰ ਛੱਡਣ ਗਏ ਭਰਾ ਦਾ ਵਿਚੋਲੇ ਦੇ ਭਤੀਜੇ ਵਲੋਂ ਬੜੀ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਨਸਨੀ ਖੇਜ਼ ਮਾਮਲਾ ਸਾਹਮਣੇ ਆਇਆ ਹੈ।

ਮ੍ਰਿਤਕ ਦੇ ਭਰਾ ਗੁਰਜਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੇਰੀ ਭੈਣ ਰੁਪਿੰਦਰ ਕੌਰ ਦਾ ਵਿਆਹ ਲੰਘੀ 12 ਅਕਤੂਬਰ ਰਡਾਲਾ ਪਿੰਡ ਦੇ ਰਹਿਣ ਵਾਲੇ ਗੁਰਮੇਜ ਸਿੰਘ ਨਾਲ ਹੋਇਆ ਹੈ। ਉਸ ਨੇ ਦੱਸਿਆ ਕਿ ਭੈਣ ਦੇ ਵਿਚੋਲੇ ਰਘਬੀਰ ਸਿੰਘ ਤੇ ਉਸ ਦੀ ਪਤਨੀ ਪਰਮਜੀਤ ਕੌਰ ਤੇ ਮੇਰਾ ਮ੍ਰਿਤਕ ਭਰਾ ਬਲਜਿੰਦਰ ਤੇ ਮੈਂ ਜਦੋਂ ਰੁਪਿੰਦਰ ਨੂੰ ਛੱਡਣ ਉਸ ਦੇ ਸਹੁਰੇ ਘਰ ਗਏ ਤਾਂ ਉਥੇ ਵਿਚੋਲੇ ਦੇ ਭਤੀਜੇ ਜਗਰੂਪ ਸਿੰਘ ਨਾਲ ਬਲਜਿੰਦਰ ਸਿੰਘ ਦਾ ਝਗੜਾ ਹੋ ਗਿਆ। ਉਸ ਨੇ ਦੱਸਿਆ ਕਿ ਅਸੀਂ ਗੱਲ ਖ਼ਤਮ ਕਰਕੇ ਵਾਪਸ ਢਪੱਈਆਂ ਆ ਰਹੇ ਸਾਂ ਕਿ ਮੁੱਛਲ ਪਿੰਡ ਦੀ ਡਰੇਨ ਦੇ ਪੁਲ ਨੇੜੇ ਜਗਰੂਪ ਸਿੰਘ ਨੇ ਬਲਜਿੰਦਰ 'ਤੇ ਜਨ ਲੇਵਾ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

## ਸੁਰੱਖਿਆ ਸੁਪਰਵਾਈਜ਼ਰ ਤੇ ਚਾਰ ਅਣਪਛਾਤੇ ਵਿਅਕਤੀਆਂ ਵਿਰੁਧ ਮਾਮਲਾ ਦਰਜ



**ਅੰਬਾਲਾ:** ਚੰਡੀਗੜ੍ਹ ਕੌਮੀ ਮਾਰਗ 'ਤੇ ਮੰਗਲਵਾਰ ਦੇਰ ਰਾਤ ਦੱਪਰ ਸਥਿਤ ਟੋਲ ਪਲਾਜ਼ਾ 'ਤੇ ਟੋਲ ਪਰਚੀ ਨੂੰ ਲੈ ਕੇ ਹੋਏ ਝਗੜੇ 'ਚ ਮਸ਼ਹੂਰ ਹਾਸਰਸ ਕਲਾਕਾਰ ਭਗਵੰਤ ਮਾਨ ਜ਼ਖ਼ਮੀ ਹੋ ਗਿਆ ਸੀ। ਪੁਲਿਸ ਨੇ ਇਸ ਮਾਮਲੇ 'ਚ ਟੋਲ ਪਲਾਜ਼ਾ ਦੇ ਸੁਰੱਖਿਆ ਸੁਪਰਵਾਈਜ਼ਰ ਅਤੇ ਚਾਰ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਭਗਵੰਤ ਮਾਨ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਕਿ ਉਹ ਮੰਗਲਵਾਰ ਸਵੇਰੇ ਆਪਣੇ ਸਾਥੀ ਨਾਲ ਇਨੋਵਾ ਗੱਡੀ 'ਚ ਸਵਾਰ ਹੋ ਕੇ ਆਪਣੀ ਨਵੀਂ ਆਉਣ ਵਾਲੀ ਐਲਬਮ ਦੇ ਸਿਲਸਿਲੇ 'ਚ ਦਿੱਲੀ ਗਿਆ ਸੀ, ਜਾਂਦੇ ਸਮੇਂ ਉਨ੍ਹਾਂ ਦੱਪਰ ਟੋਲ ਪਲਾਜ਼ੇ 'ਤੇ ਆਉਣ-ਜਾਣ ਦੀ 37 ਰੁਪਏ ਦੀ ਪਰਚੀ ਕਟਵਾਈ ਸੀ। ਜੋ ਉਨ੍ਹਾਂ ਕੋਲੋਂ ਕਿਤੇ ਗੁੰਮ ਹੋ ਗਈ। ਰਾਤ ਜਦੋਂ ਕਰੀਬ ਸਾਢੇ 10 ਵਜੇ ਉਹ ਵਾਪਸ ਆਏ ਤਾਂ ਟੋਲ ਪਲਾਜ਼ਾ ਬੂਥ 'ਤੇ ਉਨ੍ਹਾਂ ਤੋਂ ਪਰਚੀ ਮੰਗਣ 'ਤੇ ਉਨ੍ਹਾਂ ਕਿਹਾ ਕਿ ਪਰਚੀ ਤਾਂ ਕਿਤੇ ਗੁੰਮ ਹੋ ਗਈ ਹੈ, ਉਹ ਚਾਹੁੰਣ ਤਾਂ ਆਪਣੇ ਕੰਪਿਊਟਰ 'ਚ ਰਿਕਾਰਡ ਚੈੱਕ ਕਰ ਸਕਦੇ ਹਨ, ਅਸੀਂ ਆਉਣ-ਜਾਣ ਦੀ ਪਰਚੀ ਕਟਵਾਈ ਹੋਈ ਹੈ।

ਮਾਨ ਅਨੁਸਾਰ ਟੋਲ ਕਰਮਚਾਰੀ ਨੇ ਉਨ੍ਹਾਂ ਨੂੰ ਪਰਚੀ ਦਿਖਾਏ ਬਿਨਾਂ ਅੱਗੇ ਜਾਣ ਤੋਂ ਰੋਕ ਦਿੱਤਾ ਅਤੇ ਇਹ ਕਰਮਚਾਰੀ 25 ਰੁਪਏ ਦੀ ਟੋਲ ਪਰਚੀ ਕਟਵਾਉਣ ਉਪਰੰਤ ਹੀ ਉਨ੍ਹਾਂ ਨੂੰ ਜਾਣ ਦੇਣ 'ਤੇ ਅੜ ਗਿਆ। ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਮੌਕੇ 'ਤੇ ਹੋਰ ਕਰਮਚਾਰੀ ਵੀ ਇਕੱਠੇ ਹੋ ਗਏ ਅਤੇ ਸਾਨੂੰ ਗਾਲ੍ਹਾਂ ਕੱਢਣ ਲੱਗ ਪਏ ਅਤੇ ਜਿਉਂ ਹੀ ਉਹ (ਮਾਨ) ਗੱਡੀ 'ਚੋਂ ਹੇਠਾਂ ਉਤਰੇ ਤਾਂ ਇਹ ਸਾਰੇ ਉਸ ਦੇ ਗਲ ਪੈ ਗਏ ਅਤੇ ਸੁਰੱਖਿਆ ਸੁਪਰਵਾਇਜ਼ਰ ਮਿਲਾਪ ਚੰਦ ਨੇ ਕਥਿਤ ਤੌਰ 'ਤੇ ਉਸ ਦੇ ਮੂੰਹ ਤੇ ਵਾਇਰਲੈਸ ਸੈਟ ਮਾਰਿਆ, ਜਿਸ ਨਾਲ ਉਸ ਦੀ ਅੱਖ 'ਤੇ ਸੱਟ ਲੱਗੀ। ਪੁਲਿਸ ਨੇ ਭਗਵੰਤ ਮਾਨ ਦੀ ਸ਼ਿਕਾਇਤ 'ਤੇ ਟੋਲ ਪਲਾਜ਼ਾ ਦੇ ਸੁਰੱਖਿਆ ਸੁਪਰਵਾਇਜ਼ਰ ਮਿਲਾਪ ਚੰਦ ਅਤੇ ਚਾਰ ਅਣਪਛਾਤੇ ਵਿਅਕਤੀਆਂ ਖਿਲਾਫ਼ ਮੁਕੱਦਮਾ ਦਰਜ ਕਰਕੇ ਮਿਲਾਪ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਨੂੰ ਬਾਅਦ 'ਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ
ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370
CALIFORNIA
T 510.796.9000
39300 CIVIC CENTER DR. SUITE 170 FREMONT, CA 94538
FREMONT, CA 94538

The Karn Gill Radio Show
TUESDAY(S)
8:00 PM til 9:00 PM
680/690 AM
COLDWELL BANKER Preferred, Realtors
Karn Gill, Realtor
44644 Ann Arbor Road Suite A
Plymouth, MI 48170
Cell: (734) 612-9984
Email: KarnGill@Hotmail.com
Website: www.KarnGill.com



Serving Michigan's Greater Detroit Communities
Topics:
-Bollywood Movie Songs
-Discussions / Debates
-Community Events
-Every Day Issues
-Interviews
Language:
- Hindi
- English
- Punjabi
- Gujarati
- Urdu
If you want to buy or sell a home in Michigan always go with the winner!


ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**Business & Media Director**
Sunita Chopra
Ph:773-370-7106

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੀਨ ਅਤੇ ਭਾਰਤ ਵਿਚਾਲੇ ਸਰਹੱਦੀ ਵਿਵਾਦ ਵਧਿਆ

ਅਰੁਣਾਚਲ ਪ੍ਰਦੇਸ਼ ਵਿਚ ਢਾਂਚਾਗਤ ਵਿਕਾਸ ਲਈ ਏਸ਼ੀਅਨ ਡਿਵੈਲਪਮੈਂਟ ਬੈਂਕ ਕੋਲ ਕਰਜ਼ੇ ਦੀ ਤਜਵੀਜ਼ ਰੱਖੀ ਸੀ, ਉਦੋਂ ਵੀ ਚੀਨ ਨੇ ਇਸ ਦਾ ਵਿਰੋਧ ਕੀਤਾ ਸੀ। ਹੁਣ ਚੀਨ ਵਲੋਂ ਅਰੁਣਾਚਲ ਪ੍ਰਦੇਸ਼ ਦੇ ਸੁਆਲ 'ਤੇ ਕੀਤੀ ਬਿਆਨਬਾਜ਼ੀ ਨੇ ਦੋਹਾਂ ਦੇਸ਼ਾਂ ਵਿਚ ਕੂਟਨੀਤਕ ਸਬੰਧਾਂ 'ਚ ਹਲਚਲ ਜਿਹੀ ਪੈਦਾ ਕਰ ਦਿੱਤੀ ਹੈ।

ਭਾਰਤ ਸਰਕਾਰ ਨੇ ਜਿਥੇ ਚੀਨ ਦੇ ਅਰੁਣਾਚਲ ਪ੍ਰਦੇਸ਼ 'ਤੇ ਦਾਅਵੇ ਦਾ ਢੁੱਕਵਾਂ ਜਵਾਬ ਦਿੱਤਾ ਹੈ ਉਥੇ ਚੀਨ ਵਲੋਂ ਪਾਕਿਸਤਾਨ ਦੇ ਅਧਿਕਾਰ ਹੇਠਲੇ ਕਸ਼ਮੀਰ ਵਿਚ ਵਿਚ ਕੀਤੇ ਜਾ ਰਹੇ ਵਿਕਾਸ ਕਾਰਜਾਂ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ 'ਚ ਚੀਨ ਨੂੰ ਵਿਕਾਸ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ ਇਹ ਭਾਰਤ ਦਾ ਅੰਗ ਹੈ। ਇਸ ਦੇ ਨਾਲ ਅਰੁਣਾਚਲ ਦੇ ਲੋਕਾਂ ਨੇ ਵੀ ਚੀਨ ਦੇ ਦਾਅਵਿਆਂ ਨੂੰ ਨਕਾਰ ਦਿੱਤਾ ਹੈ। ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ 'ਚ 70 ਫੀਸਦੀ ਵੋਟਰਾਂ ਨੇ ਹਿੱਸਾ ਲੈ ਕੇ ਸਿੱਧ ਕਰ ਦਿੱਤਾ ਹੈ ਕਿ ਉਹ ਭਾਰਤੀ ਲੋਕਤੰਤਰ ਦਾ ਹਿੱਸਾ ਹਨ। ਇਸਤੋਂ ਪਹਿਲਾਂ ਨਵੰਬਰ 2006 'ਚ ਚੀਨ ਦੇ ਰਾਜਦੂਤ ਨੇ ਅਰੁਣਾਚਲ ਪ੍ਰਦੇਸ਼ ਨੂੰ ਲੈ ਕੇ ਇਤਰਾਜ਼ਯੋਗ ਬਿਆਨ ਦਿੱਤਾ ਸੀ।

ਸੀਮਾ ਵਿਵਾਦ ਨੂੰ ਲੈ ਕੇ ਵਧੀ ਤਲਖ਼ੀ ਨੂੰ ਘਟਾਉਣ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਆਸੀਆਨ ਸਿਖ਼ਰ ਸੰਮੇਲਨ ਦੌਰਾਨ ਥਾਈਲੈਂਡ 'ਚ ਚੀਨ ਦੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨੂੰ ਸ਼ਾਇਦ 24 ਅਕਤੂਬਰ ਨੂੰ ਮਿਲਣਗੇ। ਇਸਤੋਂ ਇਲਾਵਾ ਬੰਗਲੌਰ 'ਚ ਹੋਣ ਵਾਲੇ ਰੂਸ, ਚੀਨ ਭਾਰਤ ਸੰਮੇਲਨ ਯਾਨਿ 'ਰਿਕ' ਦੇ ਪ੍ਰੋਗਰਾਮ 'ਚ ਵੀ ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀ ਮਿਲਣਗੇ। ਚੀਨ ਦੀ ਭੜਕਾਊ ਬਿਆਨਬਾਜ਼ੀ ਨੂੰ ਲੈ ਕੇ ਭਾਰਤ ਜ਼ਿਆਦਾ ਚਿੰਤਤ ਨਹੀਂ ਹੈ। ਉਹ ਸਮਝਦਾ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਅਰੁਣਾਚਲ ਪ੍ਰਦੇਸ਼ ਨੂੰ ਲੈ ਕੇ ਚੀਨ ਵਲੋਂ ਬਿਆਨਬਾਜ਼ੀ ਹੁੰਦੀ ਰਹੀ ਹੈ। ਇਸ ਦੇ ਬਾਵਜੂਦ ਦੋਹਾਂ ਦੇਸ਼ਾਂ ਦੇ ਰਿਸ਼ਤੇ ਪਿਛਲੇ ਕੁਝ ਸਾਲਾਂ ਤੋਂ ਕਾਫੀ ਸੁਧਰੇ ਹਨ। ਫਿਰ ਵੀ ਭਾਰਤ ਇਸ ਮਸਲੇ ਨੂੰ ਲੈ ਕੇ ਗੰਭੀਰ ਜ਼ਰੂਰ ਹੈ।

ਉਧਰ ਭਾਜਪਾ ਨੇ ਅਰੁਣਾਚਲ 'ਤੇ ਚੀਨ ਦੇ ਦਾਅਵੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਕਰਾਰ ਦਿੱਤਾ ਹੈ। ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਹਾਲ ਹੀ ਦੀਆਂ ਘਟਨਾਵਾਂ ਨੇ ਭਾਰਤ-ਚੀਨ ਸੰਬੰਧਾਂ ਦੇ ਵਿਸ਼ਵਾਸ ਨੂੰ ਢਾਹ ਲਾਈ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸੂਬੇ ਦੀ ਯਾਤਰਾ 'ਤੇ ਚੀਨ ਦੇ ਇਤਰਾਜ਼ ਨੂੰ ਪ੍ਰਵਾਨ ਨਾ ਕਰਦਿਆਂ ਚੀਨ ਦੇ ਰਾਜਦੂਤ ਝਾਂਗਯਾਨ ਸਾਹਮਣੇ ਇਤਰਾਜ਼ ਉਠਾਇਆ ਜੋ ਕਿ ਚੀਨ ਦੀ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਰੋ ਦੀ ਸਥਾਈ ਕਮੇਟੀ ਦੇ ਮੈਂਬਰ ਝਾਊਯਾਂਗ ਕਾਂਗ ਦੀ ਪ੍ਰਸਤਾਵਿਤ ਯਾਤਰਾ ਤੋਂ ਪਹਿਲਾਂ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੀਮਾ ਵਿਵਾਦ ਮਾਮਲੇ 'ਚ ਭਾਜਪਾ ਪੂਰੀ ਤਰ੍ਹਾਂ ਸਰਕਾਰ ਦੇ ਨਾਲ ਹੈ।

ਸ਼ਿਵ ਸੈਨਾ ਪ੍ਰਮੁੱਖ ਬਾਲ ਠਾਕਰੇ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ ਦੀ ਵਿਰੋਧਤਾ ਕਰਨ ਲਈ ਚੀਨ ਵਿਰੁਧ ਸਖਤ ਕਾਰਵਾਈ ਦੀ ਗੱਲ ਆਖੀ ਹੈ। ਪਾਰਟੀ ਦੇ ਤਰਜਮਾਨ ਅਖ਼ਬਾਰ 'ਸਾਮਨਾ' ਵਿਚ ਉਨ੍ਹਾਂ ਆਪਣੇ ਸੰਪਾਦਕੀ ਲੇਖ 'ਚ ਕਿਹਾ ਹੈ ਕਿ ਚੀਨ ਨੇ ਫਿਰ ਇਕ ਵਾਰ ਅਰੁਣਾਚਲ ਤੇ ਸਿੱਕਮ 'ਤੇ ਗਲਤ ਨਜ਼ਰ ਰੱਖੀ ਹੈ ਤੇ ਪ੍ਰਧਾਨ ਮੰਤਰੀ ਦੇ ਦੌਰੇ ਦੀ ਵਿਰੋਧਤਾ ਕਰਕੇ ਇਸਨੂੰ ਵਿਵਾਦੀ ਇਲਾਕਾ ਆਖਿਆ ਹੈ। ਬਾਲ ਠਾਕਰੇ ਨੇ ਭਾਰਤ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਆਖਿਆ ਕਿ ਜਦੋਂ ਚੀਨ ਵਲੋਂ ਘੁਸਪੈਠ ਕੀਤੀ ਗਈ ਸੀ, ਜੇ ਉਦੋਂ ਹੀ ਚੀਨ ਨੂੰ ਸਖਤ ਜੁਆਬ ਦਿੱਤਾ ਗਿਆ ਹੁੰਦਾ ਤਾਂ ਉਸਦੀ ਅਰੁਣਾਚਲ ਪ੍ਰਦੇਸ਼ ਨੂੰ ਚੀਨ ਦਾ ਇਲਾਕਾ ਕਹਿਣ ਦੀ ਹਿੰਮਤ ਨਹੀਂ ਪੈਣੀ ਸੀ। ਉਨ੍ਹਾਂ ਕਿਹਾ ਕਿ ਘੁਸਪੈਠ 'ਤੇ ਪਰਦਾਪੋਸ਼ੀ ਕਰਨ ਦਾ ਹੀ ਨਤੀਜਾ ਹੈ ਕਿ ਚੀਨ ਇਸ ਹੱਦ ਤੱਕ ਅੱਗੇ ਵਧ ਰਿਹਾ ਹੈ। ਸ੍ਰੀ ਬਾਲ ਠਾਕਰੇ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਚੀਨ ਅੱਗੇ ਗੋਡੇ ਟੇਕਣ ਦੀ ਥਾਂ ਉਸਨੂੰ ਕਰਾਰ ਜਵਾਬ ਦੇਵੇ।

ਚੀਨ ਅਤੇ ਭਾਰਤ ਦੇ ਆਪਸੀ ਸਬੰਧਾਂ ਦੀ ਬਦੌਲਤ ਦੋਵੇਂ ਦੇਸ਼ ਆਰਥਿਕ ਖੇਤਰ 'ਚ ਇਕ ਦੂਜੇ ਨਾਲ ਵਪਾਰਕ ਸਬੰਧ ਵਧਾ ਕੇ ਲਾਹਾ ਖੱਟ ਰਹੇ ਹਨ। ਅਜਿਹੇ ਮਾਹੌਲ 'ਚ ਜਦੋਂ ਅਮਰੀਕਾ ਅਤੇ ਪੱਛਮ ਦੇ ਵਿਕਸਤ ਦੇਸ਼, ਆਰਥਿਕ ਖੜੋਤ ਪਿਛੋਂ ਇਹ ਗੱਲ ਪ੍ਰਵਾਨ ਕਰਨ ਲੱਗ ਪਏ ਹਨ ਕਿ ਖਾਸ ਕਰਕੇ ਭਾਰਤ ਅਤੇ ਚੀਨ ਹੀ ਸੰਸਾਰ ਅਰਥਚਾਰੇ ਨੂੰ ਮੁੜ ਲੀਹਾਂ ਉਤੇ ਲਿਆਉਣ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਚੀਨ ਵਾਸਤੇ ਆਪਣੇ ਮਾਲ ਦੀ ਵਿਕਰੀ ਲਈ ਭਾਰਤ ਹੀ ਇਸ ਸਮੇਂ ਸਭ ਤੋਂ ਵੱਡੀ ਮੰਡੀ ਹੈ ਅਤੇ ਭਾਰਤ ਦਾ ਸਟੀਲ ਉਦਯੋਗ ਚੀਨ ਨੂੰ ਹੋ ਰਹੇ ਸਟੀਲ ਦੇ ਨਿਰਯਾਤ ਕਾਰਨ ਬੁਲੰਦੀਆਂ ਨੂੰ ਛੂਹ ਰਿਹਾ ਹੈ। ਅਜਿਹੇ ਸਮੇਂ ਦੋਹਾਂ ਦੇਸ਼ਾਂ ਦਾ ਸਰਹੱਦੀ ਵਿਵਾਦ 'ਚ ਉਲਝਣਾ ਸਮਝਦਾਰੀ ਵਾਲੀ ਗੱਲ ਨਹੀਂ ਹੈ।

## ਪੰਜਾਬ ਮੰਤਰੀ ਮੰਡਲ 'ਚ ਵਾਧਾ ਕਿਸੇ ਵੀ ਪਲ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ 'ਚ ਇਕ ਮੰਤਰੀ ਅਤੇ ਇਕ ਸੰਸਦੀ ਸਕੱਤਰ ਦੇ ਖਾਲੀ ਪਏ ਅਹੁਦਿਆਂ ਬਾਰੇ ਐਲਾਨ ਕਿਸੇ ਵੀ ਪਲ ਹੋਣ ਦੀ ਸੰਭਾਵਨਾ ਜਿਤਾਈ ਜਾ ਰਹੀ ਹੈ। ਮੰਤਰੀ ਤੇ ਸੰਸਦੀ ਸਕੱਤਰ ਬਣਨ ਲਈ 4-5 ਅਕਾਲੀ ਨੇਤਾ ਆਪਣੀ ਦਾਅਵੇਦਾਰੀ ਮੁੱਖ ਮੰਤਰੀ ਕੋਲ ਅੰਦਰਖਾਤੇ ਪੇਸ਼ ਕਰ ਰਹੇ ਹਨ। ਮੰਤਰੀ ਦੇ ਅਹੁਦੇ ਲਈ ਸਭ ਤੋਂ ਉਪਰਲੀ ਕਤਾਰ 'ਚ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਤੇ ਸੀਨੀਅਰ ਆਗੂ ਸੇਵਾ ਸਿੰਘ ਸੇਖਵਾਂ ਦਾ ਨਾਂ ਚੱਲ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਮੰਤਰੀ ਬਣਨ ਲਈ ਬਾਦਲ ਪਰਿਵਾਰ ਦੇ ਨਜ਼ਦੀਕੀ ਸਮਝੇ ਜਾਂਦੇ ਮੁੱਖ ਸੰਸਦੀ ਸਕੱਤਰ ਜਗਦੀਪ ਸਿੰਘ ਨਕਈ ਵੀ ਜ਼ੋਰ-ਅਜ਼ਮਾਈ ਕਰ ਰਹੇ ਹਨ। ਦੂਜੇ ਪਾਸੇ ਮਰਹੂਮ ਸਹਿਕਾਰਤਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੇ ਬੇਟੇ ਜਸਜੀਤ ਸਿੰਘ ਬੰਨੀ ਨੂੰ ਵੀ ਮੁੱਖ ਮੰਤਰੀ ਸਕੱਤਰ ਬਣਾਏ ਜਾਣ ਸਬੰਧੀ ਅਕਾਲੀ ਹਲਕਿਆਂ ਵਿਚ ਚਰਚਾ ਚੱਲ ਰਹੀ ਹੈ।

ਮੁੱਖ ਮੰਤਰੀ ਦੇ ਨਜ਼ਦੀਕੀ ਅਕਾਲੀ ਆਗੂਆਂ ਤੇ ਮੰਤਰੀਆਂ ਦਾ ਕਹਿਣਾ ਹੈ ਕਿ ਬਿਕਰਮਜੀਤ ਸਿੰਘ ਮਜੀਠੀਆ ਹੀ ਇਸ ਸਮੇਂ ਮੰਤਰੀ ਦੇ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾਉਣ ਸਮੇਂ ਉਨ੍ਹਾਂ ਲਈ ਮੰਤਰੀ ਦੀ ਕੁਰਸੀ ਛੱਡ ਦਿੱਤੀ ਸੀ। ਉੱਧਰ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਬਾਦਲ ਇਸ ਫੈਸਲੇ 'ਤੇ ਕਿਸੇ ਵੀ ਸਿਆਸੀ ਤੇ ਪਾਰਟੀ ਸੰਕਟ 'ਚ ਨਹੀਂ ਫਸਣਾ ਚਾਹੁੰਦੇ ਅਤੇ ਉਹ ਸਭ ਤੋਂ ਸੀਨੀਅਰ ਅਕਾਲੀ ਨੇਤਾ ਸੇਵਾ ਸਿੰਘ ਸੇਖਵਾਂ ਨੂੰ ਮੰਤਰੀ ਬਣਾਉਣ ਦੇ ਹੱਕ ਵਿਚ ਹਨ ਅਤੇ ਜਸਜੀਤ ਸਿੰਘ ਬੰਨੀ ਨੂੰ ਮੁੱਖ ਸੰਸਦੀ ਸਕੱਤਰ ਬਣਾਉਣ ਦੇ ਪੱਖ ਵਿਚ ਹਨ।

## ਸੀ ਟੀ ਪਬਲਿਕ ਸਕੂਲ ਨੇ ਮਨਾਈ ਦੀਵਾਲੀ

**ਜਲੰਧਰ:** ਸੀ ਟੀ ਪਬਲਿਕ ਸਕੂਲ ਵਿਚ ਲੰਘੀ ਦੀਵਾਲੀ ਵਾਲੇ ਦਿਨ ਬੱਚਿਆਂ ਨੂੰ ਦੀਵਾਲੀ ਦੇ ਮੌਕੇ 'ਤੇ ਬਜ਼ਾਰੀ ਮਿਠਾਈਆਂ ਨੂੰ ਨਕਾਰਣ ਦੀ ਸਲਾਹ ਦਿੱਤੀ ਗਈ। ਇਸ ਦੌਰਾਨ ਬਜ਼ਾਰੀ ਮਿਠਾਈਆਂ ਵਿਚ ਹੋ ਰਹੀ ਮਿਲਾਵਟ ਤੋਂ ਬੱਚਣ ਲਈ ਚਰਚਾ ਕੀਤੀ ਗਈ ਅਤੇ ਘਰ ਵਿਚ ਮਿਠਾਈ ਬਣਾ ਕੇ ਖਾਣ ਦੀ ਸਲਾਹ ਵੀ ਦਿੱਤੀ ਗਈ।

ਸੀ ਟੀ ਸਕੂਲ ਦੇ ਪ੍ਰਾਇਮਰੀ ਦੇ ਬੱਚਿਆਂ ਨੇ ਸਾਫ ਹੱਥਾਂ ਨਾਲ ਕੁਆਰਡੀਨੇਟਰ ਮੰਜੂ ਵਿਰਕ ਅਤੇ ਆਪਣੇ ਅਧਿਆਪਕਾਂ ਦੀ ਮਦਦ ਨਾਲ ਮਿਠਾਈ ਤਿਆਰ ਕੀਤੀ। ਬੱਚਿਆਂ ਨੇ ਆਪਣੀ ਹੱਥੀਂ ਬਣੀ ਮਿਠਾਈ ਵੰਡ ਕੇ ਖਾਧੀ ਅਤੇ ਦੀਵਾਲੀ ਦੀਆਂ ਮੁਬਾਰਕਾਂ ਵੀ ਦਿੱਤੀਆਂ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਅਸੀਂ ਘਰ-ਘਰ ਵਿਚ ਹੱਥੀਂ ਮਿਠਾਈ ਬਣਾਈਏ ਤਾਂ ਕਿ ਸਾਡੀਆਂ ਜਾਨਾਂ ਖ਼ਤਰੇ ਵਿਚ ਨਾ ਪੈਣ। ਬਾਜ਼ਾਰੀ ਮਿਠਾਈਆਂ ਵਿਚ ਹੋ ਰਹੀ ਮਿਲਾਵਟ ਤੋਂ ਅਸੀਂ ਸਭ ਜਾਣੂ ਹਾਂ। ਘਰ ਦੀ ਮਿਠਾਈ ਸਾਡੀ ਸਿਹਤ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰੇਗੀ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਲਖਵਿੰਦਰ ਕੌਰ ਨੇ ਬੱਚਿਆਂ ਦੁਆਰਾ ਤਿਆਰ ਮਿਠਾਈ ਖਾਧੀ ਅਤੇ ਬੱਚਿਆਂ ਨੂੰ ਦੀਵਾਲੀ ਦੀ ਵਧਾਈ ਦਿੱਤੀ।

ਯਾਦ ਰਹੇ ਬੀਤੇ ਦਿਨੀਂ ਸੀ ਟੀ ਪਬਲਿਕ ਦੇ ਵਿਦਿਆਰਥੀਆਂ ਨੇ ਵਿਚ 'ਵਰਲਡ ਫੂਡ ਡੇ' ਵੀ ਮਨਾਇਆ ਸੀ। ਇਸ ਦੌਰਾਨ ਸੀ.ਟੀ. ਪਬਲਿਕ ਸਕੂਲ ਦੇ ਵਿਦਿਆਰਥੀਆਂ ਵਲੋਂ ਲੋੜਵੰਦਾਂ ਨੂੰ ਮਿਠਾਈ ਅਤੇ ਭੋਜਨ ਵੰਡਿਆ ਗਿਆ। ਵਿਦਿਆਰਥੀਆਂ ਨੇ ਲੋੜਵੰਦਾਂ ਨੂੰ ਦੀਵਾਲੀ ਦੀਆਂ ਸ਼ੁੱਭ ਕਾਮਨਾਵਾਂ ਵੀ ਦਿੱਤੀਆਂ। ਬੱਚਿਆਂ ਨੇ ਘਰ-2 ਜਾ ਕੇ ਲੋਕਾਂ ਨੂੰ ਲੋੜਵੰਦਾਂ ਦੀ ਮਦਦ ਕਰਨ ਦਾ ਸੁਨੇਹਾ ਵੀ ਪਹੁੰਚਾਇਆ।

## ਗੁਰਦਵਾਰਾ ਬਰੀਨ ਦੇ ਪ੍ਰਧਾਨ ਮਨਦੀਪ ਸਿੰਘ ਦੀ ਹਾਦਸੇ ਵਿਚ ਮੌਤ

**ਹਿਊਸਟਨ (ਗੁਰਮਿੰਦਰ ਸਿੰਘ):** ਗੁਰਦਵਾਰਾ ਬਰੀਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਮਨਦੀਪ ਸਿੰਘ ਮਦਾਰ ਪਿਛਲੇ ਦਿਨੀਂ ਇਕ ਸੜਕ ਹਾਦਸੇ ਵਿਚ ਚਲਾਣਾ ਕਰ ਗਏ। ਉਹ ਆਪਣੇ ਮੁਹਾਲੀ ਰਹਿੰਦੇ ਪਿਤਾ ਦੀ ਬਿਮਾਰਪੁਰਸ਼ੀ ਲਈ ਇੰਡੀਆ ਗਏ ਸਨ ਕਿ ਦਿੱਲੀ ਤੋਂ ਮੁਹਾਲੀ ਵਲ ਜਾਂਦਿਆਂ ਇਕ ਸੜਕ ਹਾਦਸੇ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਹ 48 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਆਪਣੀ ਪਤਨੀ ਅਤੇ ਇਕ 15 ਸਾਲਾ ਬੇਟਾ ਛੜ ਗਏ ਹਨ। ਜ਼ਿਕਰਯੋਗ ਹੈ ਕਿ ਭਾਈ ਮਦਾਰ ਦੇ ਪਿਤਾ ਦੀ ਹਾਲ ਹੀ ਵਿਚ ਬਾਈਪਾਸ ਸਰਜਰੀ ਹੋਈ ਸੀ।



*ਮਨਦੀਪ ਸਿੰਘ ਮਦਾਰ*

ਭਾਈ ਮਦਾਰ 1984 ਵਿਚ ਅਮਰੀਕਾ ਆਏ ਸਨ ਅਤੇ ਲੰਬਾ ਸਮਾਂ ਕੈਲੇਫੋਰਨੀਆ ਦੀ ਓਰੇਂਜ ਕਾਊਂਟੀ ਵਿਚ ਰਹਿਣ ਉਪਰੰਤ ਕੋਈ 5-6 ਸਾਲ ਪਹਿਲਾਂ ਹਿਊਸਟਨ ਆ ਵਸੇ ਸਨ। ਪੇਸ਼ੇ ਵਜੋਂ ਭਾਈ ਮਦਾਰ ਅਕਾਊਂਟੈਂਟ ਸਨ। ਬਰੀਨ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਭਾਈ ਮਦਾਰ ਦੇ ਇਸ ਅਚਾਨਕ ਵਿਛੋੜੇ ਉਤੇ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਹੈ। ਗੁਰਦਵਾਰਾ ਕਮੇਟੀ ਦੇ ਇਕ ਬੁਲਾਰੇ ਭਾਈ ਹੀਰਾਲਾਲ ਸਿੰਘ ਚਮਦਲ ਨੇ ਆਖਿਆ ਕਿ ਭਾਈ ਮਦਾਰ ਨੇ ਗੁਰਦਵਾਰਾ ਸਾਹਿਬ ਦੇ ਪੰਜਾਬੀ ਸਕੂਲ ਨੂੰ ਚਲਾਉਣ ਵਿਚ ਉਚੇਚਾ ਯੋਗਦਾਨ ਪਾਇਆ। ਉਹ ਬਹੁਤ ਹੀ ਮਿਲਣਸਾਰ ਸਨ ਅਤੇ ਉਨ੍ਹਾਂ ਦਾ ਵਿਛੋੜਾ ਲੰਬਾ ਸਮਾਂ ਰੜਕਦਾ ਰਹੇਗਾ।

## ਸ਼ਾਪ ਲਿਫਟਿੰਗ ਦੇ ਦੋਸ਼ ਵਿਚ ਇਕ ਨੂੰ ਜੁਰਮਾਨਾ, ਤਿੰਨ ਬਰੀ

**ਕਰਾਊਨ ਪੁਆਇੰਟ, ਇੰਡੀਆਨਾ (ਪੰਜਾਬ ਟਾਈਮਜ਼ ਬਿਊਰੋ):** ਮਿਡਵੈਸਟ ਦੇ ਵਖ ਵਖ ਗੁਰੂਘਰਾਂ ਵਿਚ ਰਾਗੀ ਵਜੋਂ ਪਿਛਲੇ ਕਈ ਸਾਲਾਂ ਤੋਂ ਸੇਵਾ ਕਰਨ ਲਈ ਇੰਡੀਆ ਤੋਂ ਆਉਂਦੇ ਇਕ ਰਾਗੀ ਜਥੇ ਨੂੰ ਇਥੋਂ ਦੀ ਇਕ ਅਦਾਲਤ ਨੇ ਸਬੂਤਾਂ ਦੀ ਕਮੀ ਦੇ ਆਧਾਰ 'ਤੇ ਸ਼ਾਪ ਲਿਫਟਿੰਗ (ਸਟੋਰ ਤੋਂ ਸਾਮਾਨ ਚੋਰੀ ਕਰਨਾ) ਦੇ ਦੋਸ਼ਾਂ ਤੋਂ ਬਰੀ ਕਰ ਦਿਤਾ ਹੈ ਜਦੋਂਕਿ ਇਸ ਜਥੇ ਦੇ ਇਕ ਸਾਥੀ ਨੂੰ 150 ਡਾਲਰ ਜੁਰਮਾਨਾ ਕੀਤਾ ਹੈ ਅਤੇ 170 ਡਾਲਰ ਕੋਰਟ ਫੀਸ ਦੇਣ ਲਈ ਆਖਿਆ ਹੈ। ਇਹ ਫੈਸਲਾ ਅਦਾਲਤ ਨੇ ਸੋਮਵਾਰ ਨੂੰ ਸੁਣਾਇਆ।

ਜ਼ਿਕਰਯੋਗ ਹੈ ਕਿ ਮਿਡਵੈਸਟ ਦੇ ਕਈ ਗੁਰੂਘਰਾਂ ਵਿਚ ਕੀਰਤਨ ਕਰਦੇ ਰਹੇ ਭਾਈ ਗੋਪਾਲ ਸਿੰਘ ਅਤੇ ਉਨ੍ਹਾਂ ਦੇ ਜਥੇ ਦੇ ਦੋ ਸਾਥੀਆਂ ਦਰਸ਼ਨ ਸਿੰਘ ਤੇ ਗੁਰਬਚਨ ਸਿੰਘ ਅਤੇ ਉਨ੍ਹਾਂ ਦੇ ਇਕ ਹੋਰ ਸਾਥੀ ਬਲਜੀਤ ਸਿੰਘ ਨੂੰ ਕੋਈ ਦੋ ਹਫਤੇ ਪਹਿਲਾਂ ਇਥੋਂ ਦੇ ਵਾਲਮਾਰਟ ਸਟੋਰ ਵਿਚ ਚੀਜ਼ਾਂ ਦੇ ਕੀਮਤ ਟੈਗ ਬਦਲਣ ਅਤੇ ਬਿਨਾ ਅਦਾਇਗੀ ਕੀਤਿਆਂ ਸਾਮਾਨ ਲੈ ਕੇ ਜਾਣ ਦੇ ਸ਼ੱਕ ਵਿਚ ਵਾਲਮਾਰਟ ਸਟਾਫ ਨੇ ਫੜਿਆ ਸੀ ਅਤੇ ਬਾਅਦ ਵਿਚ ਹਬਰਟ ਥਾਣੇ ਦੀ ਪੁਲਿਸ ਹਵਾਲੇ ਕਰ ਦਿਤਾ ਸੀ। ਬਲਜੀਤ ਸਿੰਘ ਗੁਰਦਵਾਰਾ ਕਰਾਊਨ ਪੁਆਇੰਟ ਵਿਚ ਸੇਵਾਦਾਰ ਸੀ ਅਤੇ ਰਾਗੀ ਜਥੇ ਦੇ ਇਕ ਮੈਂਬਰ ਦਾ ਰਿਸ਼ਤੇਦਾਰ ਵੀ ਸੀ। ਸੂਤਰਾਂ ਅਨੁਸਾਰ ਉਸਨੂੰ ਗੁਰਦਵਾਰਾ ਕਮੇਟੀ ਨੇ ਚਲਦੇ ਕਰ ਦਿਤਾ ਹੈ। ਅਦਾਲਤ ਵਿਚ ਸਾਰਾ ਦੋਸ਼ ਬਲਜੀਤ ਸਿੰਘ ਨੇ ਆਪਣੇ ਸਿਰ ਲੈ ਲਿਆ ਜਦੋਂਕਿ ਜਥੇ ਦੇ ਬਾਕੀ ਮੈਂਬਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਕੁਝ ਵੀ ਪਤਾ ਨਹੀਂ। ਅਦਾਲਤ ਨੇ ਬਲਜੀਤ ਸਿੰਘ ਦੇ ਇਕਬਾਲੀਆ ਬਿਆਨ ਨੂੰ ਮੰਨਦਿਆਂ ਬਾਕੀ ਮੁਲਜ਼ਮਾਂ ਨੂੰ ਬਰੀ ਕਰ ਦਿਤਾ। ਬਲਜੀਤ ਸਿੰਘ ਨੂੰ ਪਹਿਲਾ ਜੁਰਮ ਹੋਣ ਕਰਕੇ ਅਦਾਲਤ ਨੇ ਸਜ਼ਾ ਦੇਣ ਵਿਚ ਨਰਮੀ ਵਰਤੀ।

ਇਥੇ ਜ਼ਿਕਰਯੋਗ ਹੈ ਕਿ ਭਾਈ ਗੋਪਾਲ ਸਿੰਘ ਦੇ ਜਥੇ ਨੂੰ ਸ਼ਿਕਾਗੋ ਦੇ ਇਕ ਗੁਰੂਘਰ ਤੋਂ ਕਥਿਤ ਤੌਰ 'ਤੇ ਇਖਲਾਕੀ ਕਾਰਨਾਂ ਕਰਕੇ ਚਲਦਾ ਕਰ ਦਿਤਾ ਗਿਆ ਸੀ। ਮਿਡਵੈਸਟ ਦੇ ਸਿੱਖ ਹਲਕਿਆਂ ਵਿਚ ਇਹ ਚਰਚਾ ਹੈ ਕਿ ਬੇਸ਼ਕ ਭਾਈ ਗੋਪਾਲ ਸਿੰਘ ਦਾ ਜਥਾ ਉਨ੍ਹਾਂ ਦੇ ਇਕ ਸਾਥੀ ਵਲੋਂ ਦੋਸ਼ ਆਪਣੇ ਸਿਰ ਲੈ ਜਾਣ ਕਰਕੇ ਬਚ ਗਿਆ ਹੈ ਪਰ ਵਾਹਿਗੁਰੂ ਤਾਂ ਜਾਣਦਾ ਹੈ ਕਿ ਉਹ ਦੋਸ਼ੀ ਹਨ ਜਾਂ ਨਹੀਂ। ਜਾਣਕਾਰ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਸ਼ਿਕਾਗੋ ਇਲਾਕੇ ਵਿਚ ਹੁੰਦਿਆਂ ਵੀ ਇਨ੍ਹਾਂ ਲੋਕਾਂ ਦਾ ਕਿਰਦਾਰ ਸ਼ੱਕ ਦੇ ਘੇਰੇ ਤੋਂ ਬਾਹਰ ਨਹੀਂ ਰਿਹਾ। ਸੂਤਰਾਂ ਅਨੁਸਾਰ ਗੋਪਾਲ ਸਿੰਘ ਹੁਰਾਂ ਨਾਲ ਹਰ ਵਾਰ ਨਵੇਂ ਬੰਦੇ ਆਉਂਦੇ ਰਹੇ ਹਨ ਅਤੇ ਉਨ੍ਹਾਂ ਦਾ ਨਾਂ ਸਪਾਂਸਰਸ਼ਿਪਾਂ ਵੇਚੇ ਜਾਣ ਦੇ ਸਕੈਂਡਲ ਵਿਚ ਵੀ ਕਥਿਤ ਤੌਰ 'ਤੇ ਲਿਆ ਜਾਂਦਾ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੁਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮੈਗਾ ਪ੍ਰੋਜੈਕਟਾਂ ਕਾਰਨ ਰਾਜਪਾਲ ਰੋਡਰਿਗਸ ਖਿਲਾਫ ਵਿਵਾਦ



**ਰੋਡਰਿਗਸ ਦੇ ਖਿਲਾਫ ਐਫ ਆਈ ਆਰ ਦਰਜ ਕਰਨ ਦੀ ਮੰਗ**

**ਚੰਡੀਗੜ੍ਹ:** ਚੰਡੀਗੜ੍ਹ ਵਿਚ ਮੈਗਾ ਪ੍ਰੋਜੈਕਟ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਜਨਰਲ (ਰਿਟਾਇਰਡ) ਐਸ.ਐਫ.ਰੋਡਰਿਗਸ ਵਿਵਾਦਾਂ ਵਿਚ ਫਸ ਗਏ ਹਨ। ਰਾਜਪਾਲ ਨੂੰ ਪ੍ਰਧਾਨ ਮੰਤਰੀ ਕਾਰਜਕਾਲ ਨੇ ਤਲਬ ਕੀਤਾ ਹੈ। ਰਾਜਭਵਨ ਨੇ ਰੋਡਰਿਗਸ ਨੂੰ ਤਲਬ ਕੀਤੇ ਜਾਣ ਦੀ ਸੂਚਨਾ ਨੂੰ ਬੇਬੁਨਿਆਦ ਦੱਸਿਆ ਹੈ।

ਉਧਰ ਪ੍ਰਧਾਨ ਮੰਤਰੀ ਕਾਰਜਕਾਲ ਦੇ ਇਕ ਸੀਨੀਅਰ ਅਫਸਰ ਤੋਂ ਪੁੱਛਗਿਛ ਕਰਨ 'ਤੇ ਅਧਿਕਾਰੀ ਨੇ ਦਸਿਆ ਕਿ ਇਹ ਸਭ ਇਕ ਅਫਵਾਹ ਹੈ। ਇਹੋ ਜਿਹੀ ਕੋਈ ਕਾਰਵਾਈ ਫਿਲਹਾਲ ਨਹੀਂ ਕੀਤੀ ਗਈ ਹੈ। ਰੋਡਰਿਗਸ ਦੇ ਕਾਰਜਕਾਲ ਵਿਚ ਚੰਡੀਗੜ੍ਹ ਵਿਚ ਮੇਗਾ ਪ੍ਰੋਜੈਕਟ ਗੜਬੜ ਹੋਣ ਦੇ ਦੋਸ਼ ਹਨ। ਨੌ ਮਹੀਨੇ ਤਕ ਸੈਂਟਰਲ ਵਿਜੀਲੈਂਸ ਕਮੀਸ਼ਨ ਦੀ ਜਾਂਚ ਤੋਂ ਬਾਅਦ ਮਾਮਲਾ ਸੀ ਬੀ ਆਈ ਨੂੰ ਭੇਜ ਦਿੱਤਾ ਗਿਆ ਹੈ। ਕੇਂਦਰੀ ਸੰਸਦੀ ਕਾਰਜ ਮੰਤਰੀ ਪਵਨ ਕੁਮਾਰ ਬਾਂਸਲ ਸਮੇਤ ਚੰਡੀਗੜ੍ਹ ਦੇ ਕਈ ਕਾਂਗਰਸੀ ਇਨਾਂ ਪ੍ਰੋਜੈਕਟਾਂ ਦਾ ਸ਼ੁਰੂ ਤੋਂ ਹੀ ਵਿਰੋਧ ਕਰਦੇ ਰਹੇ ਹਨ। ਮਾਮਲਾ ਸੀ ਬੀ ਆਈ ਦੇ ਹਵਾਲੇ ਕੀਤੇ ਜਾਣ ਤੋਂ ਬਾਅਦ ਲੰਘੀ 14 ਅਕਤੂਬਰ ਨੂੰ ਕਾਂਗਰਸੀਆਂ ਨੇ ਰੋਡਰਿਗਸ ਦੇ ਖਿਲਾਫ ਐਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ। ਰੋਡਰਿਗਸ ਦਾ ਪੰਜ ਸਾਲ ਦਾ ਕਾਰਜਕਾਲ 16 ਨਵੰਬਰ 2009 ਨੂੰ ਖਤਮ ਹੋ ਰਿਹਾ ਹੈ।

ਯਾਦ ਰਹੇ ਚੰਡੀਗੜ੍ਹ ਵਿਚ ਡਿਵੈਲਪ ਕੀਤੇ ਜਾ ਰਹੇ ਆਈ ਟੀ ਪਾਰਕ ਦੇ ਨਾਲ ਕੁਝ ਅਸਰਦਾਰ ਲੋਕਾਂ ਦੀ ਜ਼ਮੀਨ ਹੈ। ਪ੍ਰਸ਼ਾਸਨ ਆਈ ਟੀ ਪਾਰਕ ਦੇ ਵਿਸਥਾਰ ਦੇ ਲਈ ਇਥੇ ਜ਼ਮੀਨ ਐਕਵਾਇਰ ਕਰ ਰਿਹਾ ਹੈ, ਜਦਕਿ ਇਕ ਲਾਬੀ ਇਸਦੇ ਖਿਲਾਫ ਲਾਮਬੰਦ ਹੈ। ਰੋਡਰਿਗਸ 20 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜਾ ਦੇਣਾ ਚਾਹੁੰਦੇ ਹਨ ਜਦਕਿ ਜ਼ਮੀਨ ਵਾਲੇ ਲੋਕ 4 ਕਰੋੜ ਤੋਂ 20 ਕਰੋੜ ਰੁਪਏ ਪ੍ਰਤੀ ਏਕੜ ਮੁਆਵਜ਼ਾ ਮੰਗ ਰਹੇ ਹਨ। ਗੱਲ ਸਿਰੇ ਨਾ ਚੜ੍ਹਨ 'ਤੇ ਇਨ੍ਹਾਂ ਲੋਕਾਂ ਨੇ ਆਈ ਟੀ ਪਾਰਕ ਨੂੰ ਨਿਸ਼ਾਨਾ ਬਣਾਇਆ ਅਤੇ ਕਈ ਤਰ੍ਹਾਂ ਦੇ ਦੋਸ਼ ਲਾਏ। ਇਹ ਵੀ ਕਿਹਾ ਗਿਆ ਕਿ ਦਿੱਲੀ ਦੇ ਬਿਲਡਰ ਪਾਰਸ਼ਵਨਾਥ ਨੂੰ ਸਸਤੇ ਵਿਚ ਹਾਉਸਿੰਗ ਪ੍ਰੋਜੈਕਟ ਦੇ ਲਈ ਜ਼ਮੀਨ ਦਿੱਤੀ ਗਈ ਹੈ। ਇਸਦਾ ਦੋਸ਼ ਹੈ ਕਿ ਚੰਡੀਗੜ੍ਹ ਵਿਚ ਪ੍ਰਾਈਡ ਏਸ਼ੀਆ ਫਿਲਮ ਸਿਟੀ ਅਤੇ ਥੀਮ ਪਾਰਕ ਜਿਹੇ ਪ੍ਰੋਜੈਕਟਾਂ ਵਿਚ ਵੱਡੇ ਪੈਮਾਨੇ ਤੇ ਗੜਬੜ ਹੋਈ ਹੈ।

# ਕੀ ਕੁਝ ਕੀਤਾ ਗਿਆ ਚੰਡੀਗੜ੍ਹ ਦੇ ਮੈਗਾ ਪ੍ਰੋਜੈਕਟ ਘੁਟਾਲਿਆਂ ਵਿਚ?

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਨੇ ਬੜੀ ਧੂਮਧਾਮ ਨਾਲ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ 'ਚ ਸੂਚਨਾ ਤਕਨਾਲੋਜੀ ਦਾ ਇਕ ਵਿਸ਼ਾਲ ਕੇਂਦਰ ਸਥਾਪਤ ਕਰਨ ਲਈ ਜ਼ਮੀਨ ਅਕਵਾਇਰ ਕੀਤੀ। ਜਿਨ੍ਹਾਂ ਕਿਸਾਨਾਂ ਤੋਂ ਇਹ ਜ਼ਮੀਨ ਲਈ ਗਈ ਉਨ੍ਹਾਂ ਨੂੰ ਵੀਹ ਤੋਂ ਤੀਹ ਲੱਖ ਫ਼ੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਗਿਆ। ਮਗਰੋਂ ਪ੍ਰਸ਼ਾਸਨ ਨੇ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ਇਹ ਜ਼ਮੀਨ ਇਸ ਤੋਂ ਥੋੜ੍ਹੀ ਹੋਰ ਕੀਮਤ ਵਧਾ ਕੇ ਅਲਾਟ ਕਰ ਦਿੱਤੀ। ਡੀ ਐਲ ਐਫ਼ ਵਰਗੀਆਂ ਕਈ ਕੰਪਨੀਆਂ ਨੂੰ ਅਰਬਾਂ ਰੁਪਏ ਦੀ ਜ਼ਮੀਨ ਕੁਝ ਕੁ ਕਰੋੜ 'ਚ ਮਿਲ ਗਈ। ਜਿਹੜੀ ਜ਼ਮੀਨ ਸੂਚਨਾ ਤਕਨਾਲੋਜੀ ਇਕਾਈਆਂ ਸਥਾਪਤ ਕਰਨ ਲਈ ਦਿੱਤੀ ਗਈ ਸੀ ਉਸ 'ਚ ਹੁਣ ਵੱਡੇ ਵੱਡੇ ਵਪਾਰਕ ਕੇਂਦਰ, ਹੋਟਲ ਤੇ ਏਥੋਂ ਤੱਕ ਕਿ ਨਾਈਟ ਕਲੱਬ ਵੀ ਉਸਰ ਆਏ ਹਨ। ਇਹ ਠੀਕ ਹੈ ਕਿ ਕੁਝ ਕੁ ਸੂਚਨਾ ਤਕਨਾਲੋਜੀ ਦੀਆਂ ਇਕਾਈਆਂ ਚੰਡੀਗੜ੍ਹ ਦੇ ਮੈਗਾ ਪ੍ਰੋਜੈਕਟਾਂ ਦੇ ਘੋਟਾਲਿਆਂ ਦੇ ਦਰਮਿਆਨ ਉਥੇ ਸ਼ੁਰੂ ਵੀ ਹੋਈਆਂ ਹਨ ਪਰ ਬਹੁਤ ਸਾਰੀ ਜ਼ਮੀਨ ਹੋਰ ਕਾਰੋਬਾਰਾਂ ਲਈ ਇਸਤੇਮਾਲ ਕੀਤੀ ਜਾ ਰਹੀ ਹੈ ਜਿਸ ਦੀ ਉਥੇ ਬਿਲਕੁਲ ਇਜਾਜ਼ਤ ਨਹੀਂ ਸੀ। ਜੇਕਰ ਯੂ ਟੀ ਪ੍ਰਸ਼ਾਸਨ ਇਹ ਜ਼ਮੀਨ ਮਾਰਕਿਟ ਰੇਟ 'ਤੇ ਕਿਸਾਨਾਂ ਤੋਂ ਲੈ ਕੇ ਮਾਰਕਿਟ ਰੇਟ 'ਤੇ ਹੀ ਅੱਗੇ ਕੰਪਨੀਆਂ ਨੂੰ ਦਿੰਦਾ ਤਾਂ ਪ੍ਰਸ਼ਾਸਨ ਨੂੰ ਕਈ ਅਰਬ ਦਾ ਫ਼ਾਇਦਾ ਹੋ ਜਾਣਾ ਸੀ। ਕਿਸਾਨਾਂ ਨੂੰ ਵੀ ਇੰਝ ਅਕਵਾਇਰ ਕੀਤੀ ਜ਼ਮੀਨ ਦਾ ਕੋਈ ਗਿਲਾ ਨਹੀਂ ਹੋਣਾ ਸੀ। ਇਸੇ ਤਰ੍ਹਾਂ ਪ੍ਰਸ਼ਾਸਨ ਫ਼ਿਲਮ ਸਿਟੀ, ਦਿਲ ਪ੍ਰਚਾਵਾ ਪਾਰਕ ਤੇ ਸਿੱਖਿਆ ਸੈਂਟਰ ਆਦਿ ਸਥਾਪਤ ਕਰਨ ਲਈ ਜ਼ਮੀਨ ਲੈਣ ਲਈ ਕਾਰਵਾਈ ਕਰ ਰਿਹਾ ਹੈ। ਕਿਸਾਨਾਂ ਤੋਂ ਜ਼ਮੀਨ ਮਾਰਕਿਟ ਰੇਟ ਤੋਂ ਬਹੁਤ ਹੀ ਘੱਟ ਕੀਮਤ 'ਤੇ ਪ੍ਰਾਪਤ ਕੀਤੀ ਜਾ ਰਹੀ ਹੈ ਤੇ ਕੰਪਨੀਆਂ ਨੂੰ ਭਾਰੀ ਮੁਨਾਫ਼ਾ ਲੈ ਕੇ ਵੇਚੀ ਜਾ ਰਹੀ ਹੈ। ਪਹਿਲਾਂ ਵੀ ਚੰਡੀਗੜ੍ਹ ਪ੍ਰਸ਼ਾਸਨ ਨੇ ਸ਼ਹਿਰ ਵਾਲੀ ਥਾਂ ਤੋਂ ਦਰਜਨਾਂ ਹੀ ਪਿੰਡਾਂ ਦੀਆਂ ਜ਼ਮੀਨਾਂ ਅਕਵਾਇਰ ਕੀਤੀਆਂ ਤੇ ਕਿਸਾਨਾਂ ਨੂੰ ਪਹਿਲਾਂ ਕੁਝ ਕੁ ਸੌ ਰੁਪਏ ਫ਼ੀ ਏਕੜ ਹੀ ਮੁਆਵਜ਼ਾ ਦਿੱਤਾ ਤੇ ਪ੍ਰਸ਼ਾਸਨ ਨੇ ਆਪ ਵਪਾਰਕ ਥਾਂਵਾਂ ਤਾਂ ਲੱਖਾਂ-ਕਰੋੜਾਂ 'ਚ ਵੇਚੀਆਂ। ਚੰਡੀਗੜ੍ਹ ਤੋਂ ਉਜੜਨ ਵਾਲੇ ਬਹੁਤ ਸਾਰੇ ਕਿਸਾਨਾਂ ਦਾ ਕੰਗਾਲੀਕਰਨ ਹੋ ਚੁੱਕਾ ਹੈ ਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਜਿਨ੍ਹਾਂ ਲੋਕਾਂ ਨੇ ਉਸਾਰੀਆਂ ਕੀਤੀਆਂ ਹਨ ਉਹ ਅਰਬਾਂ 'ਚ ਖੇਡ ਰਹੇ ਹਨ।

ਪਿੱਛੇ ਜਿਹੇ ਪੰਜਾਬ ਸਰਕਾਰ ਨੇ ਚੰਡੀਗੜ੍ਹ ਦੇ ਸਿਵਲ ਹਵਾਈ ਅੱਡੇ ਦੇ ਵਿਸਤਾਰ ਲਈ ਨੇੜੇ ਦੇ ਕੁਝ ਪਿੰਡਾਂ ਦੀ ਜ਼ਮੀਨ ਅਕਵਾਇਰ ਕੀਤੀ। ਉਨ੍ਹਾਂ ਕਿਸਾਨਾਂ ਨੂੰ ਪੰਜਾਬ ਸਰਕਾਰ ਨੇ ਕੋਈ ਡੇਢ ਕਰੋੜ ਰੁਪਏ ਫ਼ੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਹੈ। ਪਰ ਚੰਡੀਗੜ੍ਹ ਪ੍ਰਸ਼ਾਸਨ ਅਜੇ ਵੀ ਜ਼ਮੀਨ ਦੀ ਕੀਮਤ ਤੀਹ-ਪੈਂਤੀ ਲੱਖ ਫ਼ੀ ਏਕੜ ਤੋਂ ਵੱਧ ਦੇਣ ਨੂੰ ਤਿਆਰ ਨਹੀਂ। ਕੇਂਦਰ ਸਰਕਾਰ ਨੇ ਸਪੱਸ਼ਟ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਕਿਸਾਨਾਂ ਤੋਂ ਜ਼ਮੀਨ ਮਾਰਕਿਟ ਰੇਟ 'ਤੇ ਹੀ ਪ੍ਰਾਪਤ ਕੀਤੀ ਜਾਵੇ, ਪਰ ਚੰਡੀਗੜ੍ਹ ਪ੍ਰਸ਼ਾਸਨ ਇਨ੍ਹਾਂ ਹਦਾਇਤਾਂ ਦੀ ਵੀ ਉਲੰਘਣਾ ਕਰ ਰਿਹਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਕਿਸਾਨ ਜਦੋਂ ਵੀ ਆਪਸ 'ਚ ਜ਼ਮੀਨ ਦੀ ਵੇਚ-ਖ਼ਰੀਦ ਕਰਦੇ ਹਨ ਤਾਂ ਉਹ ਰਜਿਸਟਰੀ ਦਾ ਟੈਕਸ ਬਚਾਉਣ ਖਾਤਰ ਘੱਟ ਰੇਟ ਦੀਆਂ ਰਜਿਸਟਰੀਆਂ ਕਰਵਾਉਂਦੇ ਹਨ। ਇਸ ਅਮਲ ਦਾ ਸਭ ਨੂੰ ਪਤਾ ਹੈ। ਪਿੰਡਾਂ ਦੀਆਂ ਰਜਿਸਟਰੀਆਂ ਜ਼ਮੀਨ ਦੀ ਸਹੀ ਕੀਮਤ ਦਾ ਕੋਈ ਪ੍ਰਮਾਣ ਨਹੀਂ ਹੁੰਦੀਆਂ। ਪਰ ਪ੍ਰਸ਼ਾਸਨ ਕਿਸਾਨਾਂ ਨੂੰ ਲੁੱਟਣ ਲਈ ਇਨ੍ਹਾਂ ਰਜਿਸਟਰੀਆਂ ਨੂੰ ਆਧਾਰ ਬਣਾ ਕੇ ਮੁਆਵਜ਼ਾ ਦੇ ਦਿੰਦਾ ਹੈ। ਸਿੱਟੇ ਵਜੋਂ ਕਿਸਾਨਾਂ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ।

ਕੇਂਦਰੀ ਚੌਕਸੀ ਕਮਿਸ਼ਨ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਜ਼ਮੀਨ ਪ੍ਰਾਪਤ ਕਰਨ ਤੇ ਵੱਖ-ਵੱਖ ਪ੍ਰੋਜੈਕਟਾਂ ਲਈ ਜ਼ਮੀਨ ਅਲਾਟ ਕਰਨ ਦੇ ਸਾਰੇ ਵੇਰਵਿਆਂ ਦੀ ਗਹੁ ਨਾਲ ਜਾਂਚ ਕੀਤੀ ਹੈ। ਇਸ ਸਾਰੇ ਮਾਮਲੇ 'ਚ ਚੌਕਸੀ ਕਮਿਸ਼ਨ ਨੇ ਭਾਰੀ ਗਿਣਤੀ 'ਚ ਗੈਰ-ਨਿਯਮੀਆਂ ਪਾਈਆਂ ਹਨ। ਇਸੇ ਲਈ ਇਸ ਸਾਰੇ ਮਾਮਲੇ ਦੀ ਸੀ ਬੀ ਆਈ ਦੁਆਰਾ ਪੜਤਾਲ ਕਰਵਾਉਣ ਲਈ ਕੇਂਦਰੀ ਚੌਕਸੀ ਕਮਿਸ਼ਨ ਨੇ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਜੇ ਸੀ ਬੀ ਆਈ ਵਲੋਂ ਚੰਡੀਗੜ੍ਹ ਪ੍ਰਸ਼ਾਸਨ ਦੇ ਜ਼ਮੀਨਾਂ ਅਕਵਾਇਰ ਕਰਕੇ ਅਲਾਟ ਕਰਨ ਜਾਂ ਜ਼ਮੀਨਾਂ ਦੀ ਬੋਲੀ ਕਰਨ ਦੇ ਸਾਰੇ ਅਮਲ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ ਤਾਂ ਇਸ ਮਾਮਲੇ 'ਚ ਬਹੁਤ ਸਨਸਨੀਖੇਜ਼ ਖੁਲਾਸੇ ਹੋਣ ਦੀ ਉਮੀਦ ਹੈ। ਜੇਕਰ ਕੋਈ ਸਰਕਾਰ ਖ਼ੁਦ ਹੀ ਇਸ ਤਰ੍ਹਾਂ ਦੀਆਂ ਅਨੈਤਿਕ ਜਾਂ ਗੈਰ-ਨਿਯਮਤ ਕਾਰਵਾਈਆਂ ਕਰਦੀ ਹੈ ਤਾਂ ਆਮ ਲੋਕਾਂ ਤੋਂ ਉਚ ਪਾਏ ਦੀਆਂ ਸਦਾਚਾਰਕ ਕਦਰਾਂ ਕੀਮਤਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਸੀ ਬੀ ਆਈ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਜ਼ਮੀਨ ਅਕਵਾਇਰ ਕਰਕੇ ਅੱਗੇ ਅਲਾਟ ਕਰਨ ਜਾਂ ਵੇਚਣ ਦੇ ਮਾਮਲੇ 'ਚ ਪੂਰੀ ਪਾਰਦਰਸ਼ਤਾ ਨਾਲ ਪੜਤਾਲ ਕਰਕੇ ਸਾਰੇ ਤੱਥ ਜਨਤਾ ਦੇ ਸਾਹਮਣੇ ਉਜਾਗਰ ਕਰਨੇ ਚਾਹੀਦੇ ਹਨ।

## ਪੀ.ਏ.ਯੂ. ਦੀ ਫੰਡ ਸ਼ਾਖਾ 'ਚ ਲੱਖਾਂ ਦਾ ਘੁਟਾਲਾ

**ਲੁਧਿਆਣਾ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੇ ਇਕ ਅਧਿਕਾਰੀ ਦੇ ਕੰਟਰੀਬਿਊਟਰੀ ਪ੍ਰੋਵੀਡੈਂਟ ਫੰਡ (ਸੀ ਪੀ ਐਫ਼) 'ਚੋਂ ਕਥਿਤ ਤੌਰ 'ਤੇ ਫੰਡ ਸ਼ਾਖਾ ਦੇ ਸਟਾਫ਼ ਦੀ ਕਥਿਤ ਮਿਲੀਭੁਗਤ ਨਾਲ ਲੱਖਾਂ ਰੁਪਏ ਕਢਵਾ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਲਗਭਗ 10 ਸਾਲ ਬਾਅਦ ਇਸ ਘੁਟਾਲੇ ਤੋਂ ਪਰਦਾਫਾਸ਼ ਉਸ ਸਮੇਂ ਹੋਇਆ, ਜਦੋਂ ਯੂਨੀਵਰਸਿਟੀ ਦੇ ਸਬਜ਼ੀਆਂ ਵਿਭਾਗ 'ਚੋਂ ਜ਼ਿਲ੍ਹਾ ਪਸਾਰ ਮਾਹਿਰ ਵਜੋਂ ਸੇਵਾ ਮੁਕਤ ਹੋਏ ਡਾ. ਜਸਵੰਤ ਸਿੰਘ, ਜਿਨ੍ਹਾਂ ਦਾ ਸੀ ਪੀ ਐਫ਼ ਖ਼ਾਤਾ ਨੰਬਰ 11083 ਹੈ, ਨੇ ਫਾਈਨਲ ਪੇਮੈਂਟ ਲਈ ਸਬੰਧਤ ਵਿਭਾਗ ਪਾਸ ਅਰਜ਼ੀ ਦਾਇਰ ਕੀਤੀ।

ਫਾਈਨਲ ਪੇਮੈਂਟ ਹੁਣ ਇਸ ਲਈ ਨਹੀਂ ਹੋ ਰਹੀ, ਕਿਉਂਕਿ ਇਸ ਅਧਿਕਾਰੀ ਦੇ 1 ਲੱਖ 95 ਹਜ਼ਾਰ ਰੁਪਏ ਪਿੰਡ ਭੱਟੀਆਂ ਦੇ ਰਹਿਣ ਵਾਲੇ ਜਸਵੰਤ ਸਿੰਘ ਨੇ ਸੈਂਟਰਲ ਬੈਂਕ ਆਫ ਇੰਡੀਆ ਸਲੇਮ ਟਾਬਰੀ ਦੀ ਸ਼ਾਖਾ ਤੋਂ 9 ਫਰਵਰੀ 1999 ਨੂੰ ਚੈਕ ਨੰਬਰ 112610 ਰਾਹੀਂ ਕਢਵਾ ਲਏ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜਿਸ ਦਿਨ ਬੈਂਕ ਤੋਂ ਇਹ ਪੇਮੈਂਟ ਹੁੰਦੀ ਹੈ, ਉਸ ਦਿਨ ਡਾ. ਜਸਵੰਤ ਸਿੰਘ ਦਾ ਅਕਾਊਂਟ ਬੈਲੇਂਸ 1 ਲੱਖ 10 ਹਜ਼ਾਰ 137 ਰੁਪਏ ਦੱਸਿਆ ਗਿਆ ਹੈ।

ਯੂਨੀਵਰਸਿਟੀ ਦਾ ਸਬੰਧਤ ਵਿਭਾਗ ਇਕ ਪਾਸੇ ਤਾਂ ਇਹ ਗੱਲ ਲਿਖਤੀ ਤੌਰ 'ਤੇ ਮੰਨਦਾ ਹੈ ਕਿ ਡਾ. ਜਸਵੰਤ ਸਿੰਘ ਨੇ 1 ਲੱਖ 95 ਹਜ਼ਾਰ ਰੁਪਏ ਕਢਵਾਉਣ ਲਈ ਸਾਡੇ ਕੋਲ ਕੋਈ ਅਰਜ਼ੀ ਦਾਇਰ ਨਹੀਂ ਕੀਤੀ ਪਰ ਦੂਜੇ ਪਾਸੇ 84,363 ਰੁਪਏ ਦੀ ਦੇਣਦਾਰੀ ਸੇਵਾ ਮੁਕਤ ਅਧਿਕਾਰੀ ਦੇ ਸਿਰ 'ਤੇ ਖੜ੍ਹੀ ਕਰਦਾ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਕ ਪੇਮੈਂਟ ਸਬੰਧੀ ਵਾਊਚਰ ਨਹੀਂ ਹੈ। ਚੈਕ ਦਿੱਤੇ ਜਾਣ ਦੀ ਕੋਈ ਰਸੀਦ ਨਹੀਂ ਹੈ। ਯੂਨੀਵਰਸਿਟੀ ਦੀ ਫੰਡ ਸ਼ਾਖਾ ਦੀ ਲੈਜ਼ਰ-15 ਦੇ ਪੰਨੇ ਪਾੜ ਕੇ ਇਕ ਨਵਾਂ ਪੰਨਾ ਜੋੜ ਕੇ ਇਸ ਘੁਟਾਲੇ ਨੂੰ ਛੁਪਾਉਣ ਦੀ ਕੋਸ਼ਿਸ਼ ਤਹਿਤ ਇਕੋ ਦਿਨ ਇਕ ਵਿਅਕਤੀ ਦੇ ਹੱਥ ਦੀਆਂ ਐਂਟਰੀਆਂ ਪਾਈਆਂ ਗਈਆਂ ਹਨ। ਯੂਨੀਵਰਸਿਟੀ ਪ੍ਰਸ਼ਾਸਨ ਨੇ ਬੈਂਕ ਨਾਲ ਅੱਧੀ ਦਰਜਨ ਤੋਂ ਵਧੇਰੇ ਵਾਰ ਪੱਤਰ ਵਿਹਾਰ ਰਾਹੀਂ ਕਢਵਾਏ ਗਏ ਪੈਸਿਆਂ ਦੀ ਜਾਣਕਾਰੀ ਮੰਗੀ ਹੈ ਪਰ ਅਜੇ ਤੱਕ ਕੁਝ ਨਹੀਂ ਪਤਾ ਚੱਲਿਆ।

# ਪੰਜਾਬ ਦੇ ਫੋਕਲ ਪੁਇੰਟਾਂ 'ਚ ਜਾਨ ਪਾਉਣ ਦਾ ਯਤਨ

**ਮੋਗਾ :** ਸ਼ਿਲਪ ਕਲਾ ਅਤੇ ਦਸਤਕਾਰੀ ਦੇ ਜਨਮਦਾਤਾ ਬਾਬਾ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਰਾਜ ਪੱਧਰੀ ਸਮਾਗਮ ਲੰਘੀ 18 ਅਕਤੂਬਰ ਨੂੰ ਇੱਥੇ ਵਿਸ਼ਵਕਰਮਾ ਭਵਨ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਨ, ਜਦਕਿ ਸਮਾਗਮ ਦੀ ਪ੍ਰਧਾਨਗੀ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਕੀਤੀ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਸਮੁੱਚੇ ਸ਼ਿਲਪ ਕਲਾ ਤੇ ਕਿਰਤੀ ਵਰਗ ਨਾਲ ਜੁੜੇ ਸਾਰੇ ਪੰਜਾਬੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਵਿਸ਼ਵਕਰਮਾ ਜੀ ਕਿਰਤ ਅਤੇ ਉਦਯੋਗ ਦੇ ਮਹਾਨ ਦੇਵਤਾ ਸਨ।

ਰੂਪਨਗਰ ਵਿਖੇ ਬਣਨ ਵਾਲੀ ਆਈ ਆਈ ਟੀ ਦਾ ਨਾਂ ਬਾਬਾ ਵਿਸ਼ਵਕਰਮਾ ਜੀ ਦੇ ਨਾਂ 'ਤੇ ਰੱਖਣ ਦੀ ਲੋਕਾਂ ਦੀ ਮੰਗ ਨੂੰ ਸਵੀਕਾਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਇਹ ਪ੍ਰੋਜੈਕਟ ਕੇਂਦਰ ਸਰਕਾਰ ਦਾ ਹੈ, ਪਰ ਸੂਬਾ ਸਰਕਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖੇਗੀ ਕਿ ਇਸ ਆਈ ਆਈ ਟੀ ਦਾ ਨਾਂ ਬਾਬਾ ਵਿਸ਼ਵਕਰਮਾ ਜੀ ਦੇ ਨਾਂ 'ਤੇ ਰੱਖ ਦਿੱਤਾ ਜਾਵੇ। ਸ. ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਫੋਕਲ ਪੁਆਇੰਟਾਂ ਲਈ 25 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਜਿਨ੍ਹਾਂ ਵਿਚ ਫੋਕਲ ਪੁਆਇੰਟ ਮੋਗਾ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਕਿਰਤੀ ਭਲਾਈ ਬੋਰਡ ਸਥਾਪਤ ਕੀਤੇ ਜਾਣ ਦੀ ਮੰਗ ਸਬੰਧੀ ਕਿਹਾ ਕਿ ਇਹ ਬੋਰਡ ਜਲਦ ਹੀ ਸਥਾਪਤ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੋਰਡ ਦੇ ਗਠਨ ਹੋਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਬੋਰਡ ਦੇ ਮੈਂਬਰਾਂ ਨਾਲ ਸਲਾਹ ਕਰਕੇ ਜਲਦ ਹੀ ਹੱਲ ਕਰ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇੱਥੋਂ ਲੰਘਦੇ ਮਾਰਗ ਨੂੰ ਚਹੁੰਮਾਰਗੀ ਬਣਾਉਣ ਸਮੇਂ ਕਿਰਤੀ ਵਰਗ ਦੇ ਜਿਨ੍ਹਾਂ ਛੋਟੇ ਦੁਕਾਨਦਾਰਾਂ ਦੀਆਂ ਦੁਕਾਨਾਂ ਦਾ ਨੁਕਸਾਨ ਹੋਵੇਗਾ, ਉਨ੍ਹਾਂ ਵਾਸਤੇ ਵੱਖਰਾ ਆਟੋ ਨਗਰ ਸਥਾਪਤ ਕਰਨ ਲਈ ਉਪਰਾਲੇ ਕੀਤੇ ਜਾਣਗੇ।

## ਏਜੰਟਾਂ ਨੇ ਸਾਢੇ ਸੱਤ ਲੱਖ ਠੱਗੇ,ਦੋਸ਼ੀ ਗ੍ਰਿਫਤਾਰ

**ਕੁਰੂਕਸ਼ੇਤਰ**: ਵਿਦੇਸ਼ ਭੇਜਣ ਦੇ ਨਾਮ 'ਤੇ ਇੱਕ ਵਿਅਕਤੀ ਦੇ ਕੋਲੋਂ ਸਾਢੇ 7 ਲੱਖ ਰੁਪਏ ਹੜਪਣ ਦੇ ਦੋਸ਼ ਵਿਚ ਪਤੀ-ਪਤਨੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰੂਪ ਸਿੰਘ ਪੁੱਤਰ ਕਰਮ ਸਿੰਘ ਨਿਵਾਸੀ ਕਲਸਾ ਪਲਾਟ ਪਿਹੋਵਾ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਸੁਰਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਬਰਾਸ ਨੇ ਉਸ ਦੇ ਭਤੀਜੇ ਨੂੰ ਵਿਦੇਸ਼ ਭੇਜਣ 'ਤੇ ਨਾਮ 'ਤੇ ਸਾਢੇ 7 ਲੱਖ ਰੁਪਏ ਲੈ ਲਏ ਪਰ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਹਰਦੀਪ ਨੂੰ ਵਿਦੇਸ਼ ਨਹੀਂ ਭੇਜਿਆ ਤਾਂ ਸੁਰਜੀਤ ਸਿੰਘ ਨੇ ਪੈਸੇ ਮੰਗੇ ਤਾਂ ਦੋਸ਼ੀਆਂ ਨੇ ਪੈਸੇ ਵਾਪਸ ਕਰਨ ਤੋਂ ਸਾਫ਼ ਮਨਾ ਕਰ ਦਿੱਤਾ।

ਦੋਸ਼ੀਆਂ ਨੇ ਕਿਹਾ ਕਿ ਜੇਕਰ ਤੁਸੀਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਹੈ।ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ।


Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

# ਭਾਈ ਰਣਜੀਤ ਸਿੰਘ ਨੇ ਮੱਕੜ ਨੂੰ ਫਿਰ ਤੋਂ ਵੰਗਾਰਿਆ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ 'ਜਥੇਦਾਰ' ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੂੰ ਇਕ ਵਾਰ ਫਿਰ ਤੋਂ ਬਹਿਸ ਲਈ ਵੰਗਾਰਦਿਆਂ ਕਿਹਾ ਕਿ ਸ. ਮੱਕੜ ਉਨ੍ਹਾਂ ਵਲੋਂ ਉਠਾਏ ਗਏ ਮੁੱਦਿਆਂ ਅਤੇ ਅਨੇਕਾਂ ਹੋਰ ਮੁੱਦਿਆਂ 'ਤੇ ਪਬਲਿਕ, ਪ੍ਰੈਸ ਅਤੇ ਟੀ.ਵੀ. ਚੈਨਲਾਂ ਦੇ ਸਾਹਮਣੇ ਬਹਿਸ ਕਰਨ। ਲੰਘੀ 19 ਅਕਤੂਬਰ ਨੂੰ ਸ. ਮੱਕੜ ਦੇ ਨਾਂ ਲਿਖੀ ਚਿੱਠੀ ਵਿਚ ਭਾਈ ਰਣਜੀਤ ਸਿੰਘ ਨੇ ਕਿਹਾ, ''ਮੈਂ ਆਸ ਕਰਦਾ ਹਾਂ ਕਿ ਤੁਸੀਂ ਪੁਰਾਣੀਆਂ ਗੁਲਤੀਆਂ, ਉਣਤਾਈਆਂ ਤੇ ਕਮਜ਼ੋਰੀਆਂ ਦੀ ਜਿੱਲ੍ਹਣ ਵਿਚੋਂ ਹਿੰਮਤ ਅਤੇ ਹੌਂਸਲੇ ਨਾਲ ਨਿਕਲ ਕੇ ਗੁਰੂ ਦੀ ਗੋਲਕ ਦੀ ਹੋ ਰਹੀ ਲੁੱਟ ਅਤੇ ਜਾਇਦਾਦਾਂ ਦੀ ਖੋਹਾ ਖਾਈ ਨੂੰ ਸੰਗਤ ਸਾਹਮਣੇ ਲਿਆਉਣ ਲਈ, ਖੁੱਲ੍ਹੀ ਬਹਿਸ ਲਈ ਸਹਿਮਤੀ ਜ਼ਰੂਰ ਦਿਉਗੇ।'' ਆਪਣੀ ਚਿੱਠੀ ਵਿਚ ਭਾਈ ਰਣਜੀਤ ਸਿੰਘ ਨੇ ਕਿਹਾ, ''ਮੈਂ ਤੀਜੀ ਵਾਰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਵਿਚਲੀ ਕੋਠੀ ਗੁਰੂ ਘਰ ਦੀ ਅਮਾਨਤ ਹੈ ਅਤੇ ਉਹ ਗੁਰੂ ਘਰ ਦੀ ਹੀ ਰਹੇਗੀ।'' ਭਾਈ ਰਣਜੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਗੁਰੂ ਰਾਮ ਦਾਸ ਚੈਰੀਟੇਬਲ ਟਰੱਸਟ ਨੇ ਮਤਾ ਪਾ ਕੇ ਕੋਠੀ ਉਨ੍ਹਾਂ ਨੂੰ ਦਿਤੀ ਸੀ।

ਬਤੌਰ ਪ੍ਰਧਾਨ ਹੁਣ ਤੁਸੀਂ ਵੀ ਮਤਾ ਪਾ ਕੇ ਉਸ ਮਤੇ ਦੀ ਕਾਪੀ ਭੇਜਣ ਦੀ ਖੇਚਲ ਕਰੋ ਤਾਂ ਕਿ ਮੈਂ ਇਹ ਅਮਾਨਤ ਤੁਹਾਡੇ ਸਪੁਰਦ ਕਰ ਸਕਾਂ। ਭਾਈ ਰਣਜੀਤ ਸਿੰਘ ਨੇ ਅੱਗੇ ਕਿਹਾ ਕਿ ਬਾਦਲਾਂ ਦੇ ਕੁੱਝ ਚਹੇਤੇ ਅਪਣੇ ਨਾਦਰਸ਼ਾਹੀ ਹੁਕਮ ਨਾਲ ਮੈਨੂੰ ਨਿਜੀ ਤੌਰ 'ਤੇ ਜ਼ਲੀਲ ਕਰਦਿਆਂ ਮੇਰੇ ਭਾਂਡੇ ਚੁਕ ਕੇ ਸੜਕ 'ਤੇ ਸੁਟਣਾ ਚਾਹੁੰਦੇ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਕੇਵਲ ਬਾਦਲੀ ਬੁਰਛਾਗਰਦੀ ਦਾ ਵਿਰੋਧ ਕੀਤਾ ਸੀ। ਉਨ੍ਹਾਂ ਅੱਗੇ ਲਿਖਿਆ ਕਿ ਮੈਂ ਤਾਂ ਸਿਰਫ਼ ਕੁੱਝ ਨਾਂ ਮਾਤਰ ਕੇਸ ਹੀ ਪ੍ਰੈਸ ਰਾਹੀਂ ਸਿੱਖ ਸੰਗਤਾਂ ਦੀ ਨਜ਼ਰ ਕੀਤੇ ਸਨ ਪਰ ਤੁਸੀਂ ਅਗਲੇ ਦਿਨ ਪ੍ਰੈੱਸ ਰਾਹੀਂ ਮੇਰੇ ਵਲੋਂ ਉਠਾਏ ਮੁੱਦਿਆਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਬਜਾਏ ਸਿਰਫ਼ ਗੋਗਲੂਆਂ ਤੋਂ ਮਿੱਟੀ ਝਾੜੀ ਤੇ ਨਾਲ ਹੀ ਮੈਨੂੰ ਕਾਂਗਰਸੀ ਬਣਾ ਦਿਤਾ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਤੁਸੀਂ ਅਜੇ ਇੰਨੀ ਮਹਾਨ ਸ਼ਖ਼ਸੀਅਤ ਦੇ ਮਾਲਕ ਨਹੀਂ ਬਣੇ ਜਿਸ ਤੋਂ ਡਰ ਕੇ ਕਾਂਗਰਸ ਤੁਹਾਡੇ ਵਿਰੁਧ ਰਣਜੀਤ ਸਿੰਘ ਨੂੰ ਵਰਤੇ। ਉਨ੍ਹਾਂ ਅੱਗੇ ਲਿਖਿਆ ਕਿ ਤੁਹਾਡੇ ਕੋਲ ਪਦਵੀ ਗੁਰੂ ਘਰ ਦੀ ਹੈ ਤੇ ਤੁਸੀਂ ਸੋਹਲੇ ਅਪਣੇ ਰਾਜਸੀ ਆਕਾ ਦੇ ਗਾਉਂਦੇ ਹੋ ਜੋ ਅਪਣੇ ਪਰਵਾਰਕ ਮੈਂਬਰਾਂ ਦੀਆਂ ਵਿਆਹ-ਸ਼ਾਦੀਆਂ ਕਾਂਗਰਸੀਆਂ ਦੇ ਘਰ ਕਰਦਾ ਹੈ ਤੇ ਕਾਂਗਰਸ ਵਲੋਂ ਨਕਾਰੇ ਵਿਅਕਤੀਆਂ ਨੂੰ ਟਿਕਟਾਂ ਦੇ ਕੇ ਪੰਥਕ ਸੋਚ ਵਾਲੇ ਅਕਾਲੀਆਂ 'ਤੇ ਟੋਕਾ ਚਲਾਉਂਦਾ ਹੈ। ਭਾਈ ਰਣਜੀਤ ਸਿੰਘ ਨੇ ਅੱਗੇ ਲਿਖਿਆ ਕਿ ਮੈਂ ਕਾਂਗਰਸੀ ਹਾਂ ਜਾਂ ਪੰਥਕ, ਇਸ ਦਾ ਫ਼ੈਸਲਾ ਪੰਥ ਕਰੇਗਾ। ਉਨ੍ਹਾਂ ਸ. ਮੱਕੜ ਨੂੰ ਅੱਗੇ ਕਿਹਾ ਕਿ ਅਹੁਦੇ ਤਾਂ ਆਉਂਦੇ-ਜਾਂਦੇ ਰਹਿੰਦੇ ਹਨ, ਅਸਲ ਗੱਲ ਤਾਂ ਅਪਣੇ ਰੋਲ ਤੇ ਕਿਰਦਾਰ ਦੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਧਾਰਮਕ ਸੰਸਥਾ ਦੇ ਮੁਖੀ ਹੋ, ਚੋਰੀ ਤੇ ਚੋਰਾਂ ਦੇ ਭਾਈਵਾਲ ਨਾ ਬਣੋ। ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਸਕੱਤਰ ਕੁਲਵੰਤ ਸਿੰਘ ਦੀ ਮਿਸਾਲ ਦਿੰਦਿਆਂ ਅੱਗੇ ਲਿਖਿਆ ਕਿ ਜੇ ਕਦੀ ਤੁਹਾਡੀ ਜ਼ਮੀਰ ਜਾਗੀ ਤਾਂ ਤੁਸੀਂ ਵੀ ਕੁਰਲਾਉਗੇ। ਉਨ੍ਹਾਂ ਅੱਗੇ ਲਿਖਿਆ ਕਿ ਉਨ੍ਹਾਂ ਵਲੋਂ ਲਗਾਏ ਦੋਸ਼ਾਂ ਦਾ ਜਵਾਬ ਦੇਣ ਦੀ ਥਾਂ ਸ. ਮੱਕੜ ਨੇ ''ਸਿੰਘ ਸਾਹਿਬ ਦੀ ਕਮੇਟੀ ਬਾਰੇ ਜਾਣਕਾਰੀ ਅਧੂਰੀ ਹੈ'' ਕਹਿ ਕੇ ਗੱਲ ਮੁਕਾ ਦਿਤੀ ਜਦਕਿ ਸੱਚ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਰਜਿਸਟਰੀ ਹੋਈ ਜ਼ਮੀਨ ਗਿਆਨੀ ਪੂਰਨ ਸਿੰਘ ਦੇ ਨਾਂ ਰਜਿਸਟਰੀ ਕਰਵਾਈ ਗਈ। ਅਕਾਲੀਆਂ ਦੇ ਬੱਚਿਆਂ ਦੀਆਂ ਫ਼ੀਸਾਂ ਅਜੇ ਤਕ ਕਾਲਜ ਦੇ ਅਕਾਊਂਟ 'ਚ ਜਮ੍ਹਾਂ ਨਹੀਂ ਹੋਈਆਂ ਬਲਕਿ ਸ੍ਰੀ ਦਰਬਾਰ ਸਾਹਿਬ ਦੇ ਖਾਤੇ ਵਿਚੋਂ ਦੇ ਪਾਏ ਘਾਟੇ ਨੂੰ ਪੂਰਾ ਕੀਤਾ ਜਾ ਰਿਹਾ ਹੈ।

ਸ. ਮੱਕੜ 'ਤੇ ਤਾਬੜਤੋੜ ਹਮਲੇ ਕਰਦਿਆਂ ਭਾਈ ਰਣਜੀਤ ਸਿੰਘ ਨੇ ਅੱਗੇ ਲਿਖਿਆ ਕਿ ਮੱਕੜ ਪਰਵਾਰ ਵਲੋਂ ਦਾਦ ਪਿੰਡ ਵਿਖੇ ਚਲਾਏ ਜਾ ਰਹੇ ਸਕੂਲ ਨੂੰ ਅੰਨ੍ਹੇਵਾਹ ਗਰਾਂਟਾਂ ਦੇਣ ਅਤੇ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਨੂੰ ਭਾਈ ਗੁਰਦਾਸ ਹਾਲ ਵਿਖੇ ਪੱਕੇ ਤੌਰ 'ਤੇ ਰਿਹਾਇਸ਼ ਅਲਾਟ ਕਰਨਾ ਗੁਰੂ ਘਰ ਦੇ ਖ਼ਜ਼ਾਨੇ ਨੂੰ ਸੰਨ੍ਹ ਲਾਉਣ ਦੇ ਤੁਲ ਕਾਰਵਾਈ ਹੈ। ਭਾਈ ਰਣਜੀਤ ਸਿੰਘ ਨੇ ਇਕ ਵਾਰ ਫਿਰ ਤੋਂ ਮੱਕੜ ਨੂੰ ਕਿਹਾ ਕਿ ਤੁਸੀਂ ਕੋਠੀ ਦੀ ਗੱਲ ਕੀਤੀ ਹੈ, ਉਹ ਗੁਰੂ ਘਰ ਦੀ ਹੈ ਤੇ ਰਹੇਗੀ। ਉਪਰੋਕਤ ਮਸਲਿਆਂ ਲਈ ਜੇ ਤੁਸੀਂ ਮੇਰਾ ਨਿਜੀ ਘਰ ਵੀ ਮੰਗ ਲਵੋਗੇ ਤਾਂ ਮੈਂ ਉਹ ਵੀ ਤਿਆਗਣ ਲਈ ਤਿਆਰ ਹਾਂ।

## ਗਿਆਨੀ ਇਕਬਾਲ ਸਿੰਘ ਦਾ ਰਾਸ਼ਟਰੀ ਸਿੱਖ ਸੰਗਤ ਨਾਲ ਸੰਬੰਧ ਨਹੀਂ

ਨਵੀਂ ਦਿੱਲੀ : ਰਾਸ਼ਟਰੀ ਸਿੱਖ ਸੰਗਤ ਦੇ ਅੰਤਰਰਾਸ਼ਟਰੀ ਮੀਡੀਆ ਅਤੇ ਸੰਪਰਕ ਮੁਖੀ ਡਾ. ਅਵਤਾਰ ਐਸ.ਸ਼ਾਸਤਰੀ ਨੇ ਇਥੇ ਜਾਰੀ ਇਕ ਪ੍ਰੈੱਸ ਨੋਟ ਵਿਚ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਦਾ ਨਾਂ ਰਾਸ਼ਟਰੀ ਸਿੱਖ ਸੰਗਤ ਦੀ ਤੀਸਰੀ ਲਿਸਟ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਗਿਆਨੀ ਇਕਬਾਲ ਸਿੰਘ ਦਾ ਕਦੀ ਵੀ ਸਾਡੇ ਨਾਲ ਸੰਬੰਧ ਨਹੀਂ ਰਿਹਾ ਅਤੇ ਰਾਸ਼ਟਰੀ ਸਿੱਖ ਸੰਗਤ ਨੇ ਕਦੇ ਕੋਈ ਲਿਸਟ ਜਾਰੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਲਿਸਟ ਜਾਰੀ ਕਰਨ ਦਾ ਦੋਸ਼ ਲਗਾਉਣ ਵਾਲਿਆਂ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਲਈ ਸਾਰੇ ਹੀ ਧਾਰਮਿਕ ਵਿਦਵਾਨ ਅਤੇ ਸੰਤ ਮਹਾਂਪੁਰਸ਼, ਸੋਸ਼ਲ ਵਰਕਰ ਸ਼ਰਧਾ ਦੇ ਪਾਤਰ ਹਨ ਅਤੇ ਕੁਝ ਲੋਕ, ਜਿਨ੍ਹਾਂ ਨੂੰ ਸਮਾਜ ਵਿਚ ਕੋਈ ਨਹੀਂ ਜਾਣਦਾ, ਆਪਣਾ ਨਾਂ ਚਮਕਾਉਣ ਦੇ ਚੱਕਰ ਵਿਚ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਹਨ।

# ਗੁਰੂ ਗ੍ਰੰਥ ਸਾਹਿਬ ਭਵਨ ਦਾ ਉਦਘਾਟਨ



**ਸ੍ਰੀ ਹਜ਼ੂਰ ਸਾਹਿਬ (ਨਾਂਦੇੜ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 301ਵੇਂ ਗੁਰਤਾਗੱਦੀ ਦਿਵਸ ਮੌਕੇ ਇੱਥੇ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ ਜਿਸ ਦੀ ਛਬ ਦੇਖਦਿਆਂ ਹੀ ਬਣਦੀ ਸੀ। ਲੰਘੀ 19 ਅਕਤੂਬਰ ਨੂੰ ਨਗਰ ਕੀਰਤਨ ਤੇ ਹੋਰ ਸਮਾਗਮਾਂ ਲਈ ਤਿਆਰੀਆਂ ਤੜਕਸਾਰ ਸ਼ੁਰੂ ਹੋ ਗਈਆਂ ਸਨ। ਉਂਜ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦਾ ਉਦਘਾਟਨ ਸਮਾਗਮ ਇਸ ਦਿਨ ਦੀ ਵਿਸ਼ਸ਼ਤਾ ਰਿਹਾ।

ਅੰਮ੍ਰਿਤ ਵੇਲੇ ਭਾਈ ਹਰਦਿਆਲ ਸਿੰਘ ਗਗਰੀਆ ਨੇ ਗੋਦਾਵਰੀ ਦੇ ਜਲ ਨਾਲ ਭਰੀ ਗਾਗਰ ਲਿਆ ਕੇ ਅੰਗੀਠਾ ਸਾਹਿਬ ਨੂੰ ਇਸ਼ਨਾਨ ਕਰਵਾਉਣ ਲਈ ਸੌਂਪੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਨੇ ਅੰਗੀਠਾ ਸਾਹਿਬ ਨੂੰ ਇਸ਼ਨਾਨ ਕਰਵਾਇਆ। ਫਿਰ ਗੁਰਦੁਆਰਾ ਸ੍ਰੀ ਨਗੀਨਾ ਘਾਟ ਤੋਂ ਨਗਰ ਕੀਰਤਨ ਇੱਥੇ ਪਹੁੰਚ ਗਿਆ। ਨਗਰ ਕੀਰਤਨ ਦੀ ਸਰਪ੍ਰਸਤੀ ਸ਼ਹੀਦ ਬਾਬਾ ਦੀਪ ਸਿੰਘ ਜੀ ਵਲੋਂ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਕਰ ਰਹੇ ਸਨ ਜਦੋਂਕਿ ਅਗਵਾਈ ਪੰਜ ਪਿਆਰੇ ਕਰ ਰਹੇ ਸਨ। 14 ਨਿਸ਼ਾਨ ਸਾਹਿਬ ਵੱਖ-ਵੱਖ ਗੁਰੂ ਘਰਾਂ ਅਤੇ ਤਖ਼ਤ ਸਾਹਿਬ ਵਲੋਂ ਦੋ ਨਿਸ਼ਾਨ ਸਾਹਿਬ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ। ਗੱਤਕਾ ਪਾਰਟੀਆਂ, ਸ਼ਬਦ ਕੀਰਤਨ ਜੱਥਿਆਂ ਤੋਂ ਇਲਾਵਾ ਗੁਰੂ ਸਾਹਿਬ ਦੇ ਘੋੜੇ ਵਾਲੀ ਨਸਲ ਦੇ ਘੋੜੇ ਨਗਰ ਕੀਰਤਨ ਨੂੰ ਚਾਰ ਚੰਦ ਲਾ ਰਹੇ ਸਨ।

ਗੁਰਤਾਗੱਦੀ ਦੀ ਰਸਮ ਸਮੇਂ ਗਿਆਨੀ ਕੁਲਵੰਤ ਸਿੰਘ ਨੇ ਗੁਰੂ ਸਾਹਿਬ ਦੇ ਪਾਵਨ ਸਰੂਪਾਂ ਨੂੰ ਸੁੰਦਰ ਕਲਗੀਆਂ ਪਹਿਨਾਈਆਂ ਅਤੇ ਪੁਰਾਤਨ ਸਰੂਪ (ਬਾਬਾ ਦੀਪ ਸਿੰਘ ਜੀ ਦੁਆਰਾ ਹੱਥ ਲਿਖਤ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੰਜ ਸਿੰਘ ਸਹਿਬਾਨਾਂ ਨੇ ਸੁੰਦਰ ਪੁਸ਼ਾਕੇ ਪਹਿਨਾਏ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਮਰਿਆਦਾ ਅਨੁਸਾਰ ਤਿਲਕ ਦੀ ਰਸਮ ਅਦਾ ਕੀਤੀ ਗਈ। ਇਸ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚਲੇ ਸ਼ਬਦਾਂ ਦੇ ਚਲਦਿਆਂ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਤੋਂ ਬਾਅਦ ਅਰਦਾਸ ਤੇ ਮੁੱਖ ਵਾਕ ਹੋਇਆ ਅਤੇ ਸੰਗਤਾਂ ਨੇ ਗੁਰੂ ਸਾਹਿਬ ਜੀ ਨੂੰ ਅਦਬ ਭੇਟ ਕੀਤਾ। ਸੰਤ ਨਰਿੰਦਰ ਸਿੰਘ ਜੀ ਲੰਗਰ ਸਾਹਿਬ ਵਾਲਿਆਂ, ਸੰਤ ਕਸ਼ਮੀਰ ਸਿੰਘ ਭੂਰੀ ਵਾਲੇ, ਸੰਤ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ, ਸੰਤ ਹਰਨਾਮ ਸਿੰਘ ਦਮਦਮੀ ਟਕਸਾਲ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਜ਼ਰਾਨੇ ਭੇਟ ਕੀਤੇ ਗਏ। ਇਸਤੋਂ ਇਲਾਵਾ ਹੋਰ ਵੀ ਸੰਪਰਦਾਵਾਂ ਦੇ ਮੁਖੀ ਸਾਹਿਬਾਨ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦਾ ਉਦਘਾਟਨ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਰਾਓ ਚਵਾਨ ਨੇ ਕੀਤਾ। ਇਸ ਭਵਨ ਦੇ ਨਿਰਮਾਣ 'ਤੇ 24 ਕਰੋੜ ਰੁਪਏ ਖਰਚ ਆਇਆ ਹੈ। ਇਸ ਭਵਨ ਵਿਚ 5000 ਵਰਗ ਫੁੱਟ ਦਾ ਇਕ ਹਾਲ ਵੀ ਬਣਾਇਆ ਗਿਆ ਜਿਸ ਵਿਚ 5000 ਪ੍ਰਾਣੀਆਂ ਦੇ ਬੈਠਣ ਦੀ ਸਮਰਥਾ ਹੈ। ਭਵਨ ਵਿਚ ਆਲੀਸ਼ਾਨ 70 ਕਮਰੇ ਵੀ ਹਨ।

ਇਸ ਮੌਕੇ ਸੱਚਖੰਡ ਬੋਰਡ ਦੇ ਚੇਅਰਮੈਨ ਡਾ.ਪੀ.ਐਸ. ਪਸਰੀਜਾ, ਸੁਪਰਡੈਂਟ ਡੀ.ਪੀ.ਸਿੰਘ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਪਰਵਾਸੀ ਭਾਰਤੀਆਂ ਦੀ ਬੱਸ ਨਹਿਰ 'ਚ ਡਿੱਗੀ

**ਰਾਜਪੁਰਾ:** ਨੈਸ਼ਨਲ ਹਾਈਵੇ ਨੰਬਰ-1 'ਤੇ ਪਿੰਡ ਘੱਗਰ ਸਰਾਏ ਲਾਗੇ ਦਿੱਲੀ ਤੋਂ ਜਲੰਧਰ ਜਾ ਰਹੀ ਇਕ ਮਿੰਨੀ ਬੱਸ ਦੇ ਸਤਲੁਜ-ਯਮੁਨਾ ਲਿੰਕ ਨਹਿਰ ਵਿਚ ਡਿੱਗਣ ਕਾਰਨ ਬੱਸ ਸਵਾਰ ਇਕ ਪਰਵਾਸੀ ਭਾਰਤੀ ਦੀ ਮੌਤ ਹੋ ਗਈ ਅਤੇ ਚਾਰ ਪਰਵਾਸੀ ਭਾਰਤੀਆਂ ਸਮੇਤ 6 ਜਣੇ ਜ਼ਖਮੀ ਹੋ ਗਏ। ਬੱਸ 'ਚ ਕੁੱਲ 7 ਸਵਾਰੀਆਂ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ 16 ਅਕਤੂਬਰ ਨੂੰ ਸਵੇਰੇ 8 ਵਜੇ ਇੰਡੋ-ਕੈਨੇਡੀਅਨ ਟਰਾਂਸਪੋਰਟ ਕੰਪਨੀ ਦੀ 12 ਸੀਟਾਂ ਵਾਲੀ ਮਿੰਨੀ ਬੱਸ ਦਿੱਲੀ ਦੇ ਏਅਰਪੋਰਟ ਤੋਂ 5 ਸਵਾਰੀਆਂ ਲੈ ਕੇ ਜਲੰਧਰ ਲਈ ਰਵਾਨਾ ਹੋਈ। ਇਸ ਨੂੰ ਪਿੰਡ ਬਾਂਸਾਂ ਕਲਾਂ ਜ਼ਿਲਾ ਹੁਸ਼ਿਆਰਪੁਰ ਦਾ ਡਰਾਈਵਰ ਹਰਦੇਵ ਸਿੰਘ ਚਲਾ ਰਿਹਾ ਸੀ। ਦੁਪਹਿਰ ਕਰੀਬ ਡੇਢ ਵਜੇ ਜਦੋਂ ਇਹ ਬੱਸ ਰਾਜਪੁਰਾ-ਅੰਬਾਲਾ ਜੀ.ਟੀ.ਰੋਡ 'ਤੇ ਪਿੰਡ ਘੱਗਰ ਸਰਾਏ ਨੇੜਿਓਂ ਲੰਘਦੀ ਬੰਦ ਪਈ ਐਸ.ਵਾਈ.ਐਲ. ਨਹਿਰ ਦੇ ਪੁਲ 'ਤੇ ਪੁੱਜੀ ਅੱਗੇ ਜਾ ਰਹੀ ਜੇ.ਸੀ.ਬੀ.ਮਸ਼ੀਨ ਦੇ ਨੇੜਿਓਂ ਡਰਾਈਵਰ ਬੱਸ ਲੰਘਾਉਣ ਲੱਗਿਆ ਤਾਂ ਜੇ.ਸੀ.ਬੀ.ਅਚਾਨਕ ਬੱਸ ਵਾਲੇ ਪਾਸੇ ਘੁੰਮ ਕੇ ਇਸ ਨਾਲ ਜ਼ੋਰ ਦੀ ਟਕਰਾਈ ਤੇ ਬੱਸ ਬੇਕਾਬੂ ਹੋ ਕੇ ਨਹਿਰ ਦੇ ਪੁਲਸ ਦੀ ਰੇਲਿੰਗ ਨੂੰ ਤੋੜਦੀ ਹੋਈ ਕਰੀਬ 45 ਫੁੱਟ ਡੂੰਘੀ ਨਹਿਰ ਵਿਚ ਜਾ ਡਿੱਗੀ।

ਬੱਸ ਨਹਿਰ ਵਿਚ ਡਿੱਗਣ ਉਪਰੰਤ ਸਿੱਧੀ ਖੜ੍ਹੀ ਹੋ ਗਈ ਜਿਸ ਕਾਰਨ ਇਸ 'ਚ ਸਵਾਰ ਪਰਵਾਸੀ ਭਾਰਤੀ ਮਨਦੀਪ ਮੰਧਾਰ (30) ਜਿਹੜਾ ਹਿਊਸਟਨ (ਅਮਰੀਕਾ) ਤੋਂ ਮੁਹਾਲੀ ਆ ਰਿਹਾ ਸੀ ਦੀ ਮੌਤ ਹੋ ਗਈ। ਮਨਦੀਪ ਆਪਣੇ ਪਰਿਵਾਰ ਨੂੰ ਬਿਨਾਂ ਦੱਸੇ ਦੀਵਾਲੀ ਮੌਕੇ ਸਰਪ੍ਰਾਈਜ਼ ਦੇਣ ਲਈ ਆ ਰਿਹਾ ਸੀ।

## ਡੀ ਆਈ ਜੀ ਦਾ ਜਾਅਲੀ ਰੀਡਰ ਕਾਬੂ

**ਮੰਡੀ ਗੋਬਿੰਦਗੜ੍ਹ:** ਖ਼ੁਦ ਨੂੰ ਡੀ ਆਈ ਜੀ ਦਾ ਰੀਡਰ ਦੱਸ ਕੇ ਪੁਲਿਸ ਮੁਲਾਜ਼ਮ ਨੂੰ ਧਮਕੀਆਂ ਦੇਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਪੁਲਿਸ ਦੇ ਏ ਐਸ ਆਈ ਹਰਮਿੰਦਰ ਸਿੰਘ ਨੇ ਦੱਸਿਆ ਕਿ ਇੱਕ ਔਰਤ ਬਲਵਿੰਦਰ ਕੌਰ (ਕਾਲਪਨਿਕ ਨਾਂ) ਨੇ ਸਿਪਾਹੀ ਰਾਜੀਵ ਕੁਮਾਰ ਪਾਸੋਂ 20 ਹਜ਼ਾਰ ਰੁਪਏ ਉਧਾਰ ਲਏ ਸਨ, ਕੁਝ ਸਮਾਂ ਬੀਤਣ ਉਪਰੰਤ ਜਦੋਂ ਸਿਪਾਹੀ ਵਲੋਂ ਪੈਸੇ ਵਾਪਸ ਮੰਗੇ ਗਏ ਤਾਂ ਔਰਤ ਵਲੋਂ ਆਪਣੇ ਸਾਥੀ ਮਨਜੀਤ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਪੋਲਾ ਥਾਣਾ ਮੂਲੇਪੁਰ ਨਾਲ ਮਿਲ ਕੇ ਉਕਤ ਸਿਪਾਹੀ ਨੂੰ ਕਥਿਤ ਤੌਰ 'ਤੇ ਫੋਨ 'ਤੇ ਧਮਕੀ ਦਿੱਤੀ ਗਈ।

ਮਨਜੀਤ ਸਿੰਘ ਨੇ ਆਪਣੇ ਆਪ ਨੂੰ ਡੀ ਆਈ ਜੀ ਦਾ ਰੀਡਰ ਦੱਸ ਕੇ ਧਮਕੀ ਦਿੱਤੀ ਕਿ ਜੇ ਤੂੰ ਰੁਪਏ ਮੰਗੇ ਤਾਂ ਤੈਨੂੰ ਡੀ ਆਈ ਜੀ ਸਾਹਿਬ ਤੋਂ ਮੁਅੱਤਲ ਕਰਵਾ ਦੇਵਾਂਗੇ। ਸਿਪਾਹੀ ਰਾਜੀਵ ਕੁਮਾਰ ਨੇ ਥਾਣੇ ਵਿਖੇ ਉਕਤ ਔਰਤ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰਵਾ ਦਿੱਤਾ, ਜਦੋਂ ਇਸ ਬਾਰੇ ਹੋਰ ਮੁਲਾਜ਼ਮਾਂ ਵੱਲੋਂ ਉਕਤ ਵਿਅਕਤੀ ਨਾਲ ਗੱਲਬਾਤ ਕੀਤੀ ਗਈ ਤਾਂ ਅੱਗੋਂ ਉਨ੍ਹਾਂ ਨੂੰ ਵੀ ਮੁਅੱਤਲ ਕਰਵਾਉਣ ਦੀ ਧਮਕੀ ਮਿਲੀ। ਪੁਲਿਸ ਮੁਲਾਜ਼ਮ ਵਲੋਂ ਆਪਣੇ ਉੱਚ ਅਧਿਕਾਰੀ ਨਾਲ ਗੱਲਬਾਤ ਕਰਨ ਤੋਂ ਬਾਅਦ ਜਦੋਂ ਤਫਤੀਸ਼ ਕੀਤੀ ਗਈ ਤਾਂ ਮਨਜੀਤ ਸਿੰਘ ਅਤੇ ਉਕਤ ਔਰਤ ਨੂੰ ਪੁਲਿਸ ਮੁਲਾਜ਼ਮਾਂ ਨੂੰ ਧਮਕੀਆਂ ਦੇਣ ਤੇ ਧੋਖਾ ਕਰਨ ਦਾ ਦੋਸ਼ੀ ਪਾਇਆ ਗਿਆ

## ਪੰਜ ਕਰੋੜ ਦੀ ਹੈਰੋਇਨ ਸਮੇਤ ਦੋ ਕਾਬੂ

**ਤਰਨਤਾਰਨ :** ਤਰਨਤਾਰਨ ਦੀ ਪੁਲਿਸ ਵਲੋਂ ਡੀ ਐਸ ਪੀ ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਪਾਕਿਸਤਾਨ ਤੋਂ ਆਈ 1 ਕਿਲੋ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਦਕਿ ਹੈਰੋਇਨ ਲਿਆਉਣ ਵਾਲਾ ਮੁੱਖ ਦੋਸ਼ੀ ਫਰਾਰ ਹੋ ਗਿਆ। ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਕੀਮਤ 5 ਕਰੋੜ ਰੁਪਏ ਬਣਦੀ ਹੈ। ਇਸ ਮਾਮਲੇ ਵਿੱਚ ਥਾਣਾ ਝਬਾਲ ਵਿਖੇ ਤਿੰਨ ਵਿਅਕਤੀਆਂ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

# ਜਤਿੰਦਰਪਾਲ ਜੌਲੀ ਦਾ ਸੜਕ ਹਾਦਸੇ ਤੋਂ ਬਾਅਦ ਦਿਹਾਂਤ

**ਅੰਮ੍ਰਿਤਸਰ :** ਡਾ. ਜਤਿੰਦਰਪਾਲ ਸਿੰਘ ਜੌਲੀ ਨਮਿਤ ਇਥੇ ਭਾਈ ਗੁਰਦਾਸ ਹਾਲ ਵਿਖੇ ਬੀਤੇ ਦਿਨੀਂ ਇਕ ਸ਼ਰਧਾਂਜਲੀ ਸਮਾਗਮ ਹੋਇਆ। ਇਸ ਵਿਚ ਉਨ੍ਹਾਂ ਨੂੰ ਪੰਜਾਬ ਭਰ ਦੀਆਂ ਅਕਾਦਮਿਕ, ਸਮਾਜਕ, ਧਾਰਮਿਕ, ਸਾਹਿਤਕ ਤੇ ਪੱਤਰਕਾਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਤੇ ਰਜਿਸਟਰਾਰ ਡਾ. ਰਘਬੀਰ ਸਿੰਘ ਨੇ ਕਿਹਾ ਕਿ ਡਾ. ਜੌਲੀ ਦੀ ਮੌਤ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਡੀਸ਼ਨਲ ਸਕੱਤਰ ਰੂਪ ਸਿੰਘ ਨੇ ਕਿਹਾ ਕਿ ਸਦੀਵੀ ਵਿਛੋੜਾ ਕਹਿਣਾ ਸੌਖਾ ਹੁੰਦਾ ਹੈ ਪਰ ਸਹਿਣਾ ਔਖਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਡਾ. ਜੌਲੀ ਇਕ ਵਧੀਆ ਅਧਿਆਪਕ ਹੋਣ ਦੇ ਨਾਲ-ਨਾਲ ਇਕ ਵਧੀਆ ਇਨਸਾਨ ਵੀ ਸਨ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਡਾ. ਜੌਲੀ ਇਕ ਨਿਵੇਕਲੀ, ਪਿਆਰੀ ਸ਼ਖ਼ਸੀਅਤ ਸੀ, ਜਿਸਨੇ ਕੁਦਰਤ ਨੂੰ ਪਿਆਰ ਕੀਤਾ ਅਤੇ ਮਨੁੱਖੀ ਰਿਸ਼ਤਿਆਂ ਨੂੰ ਸਨਮਾਨ ਦਿੱਤਾ। ਉਨ੍ਹਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੋਂ ਮੰਗ ਕੀਤੀ ਕਿ ਪ੍ਰੋ. ਜੌਲੀ ਦੇ ਪਰਿਵਾਰ ਦੀ ਮਦਦ ਕੀਤੀ ਜਾਵੇ ਅਤੇ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਹੋ ਸ੍ਰੀ ਜੌਲੀ ਨੂੰ ਵੱਡੀ ਸ਼ਰਧਾਂਜਲੀ ਹੋਵੇਗੀ। ਉੱਘੇ ਸਿੱਖ ਵਿਦਵਾਨ ਡਾ. ਜਸਵੰਤ ਸਿੰਘ ਨੇਕੀ ਨੇ ਕਿਹਾ ਕਿ ਡਾ. ਜੌਲੀ ਆਪਣੇ ਕਾਰਜਾਂ ਕਰ ਕੇ ਹਮੇਸ਼ਾ ਜਿੰਦਾ ਰਹਿਣਗੇ। ਉਨ੍ਹਾਂ ਕਿਹਾ ਕਿ ਭਾਣੇ ਨੂੰ ਮੰਨਣਾ ਹੀ ਨਹੀਂ ਸਗੋਂ ਮਿੱਠਾ ਕਰ ਕੇ ਮੰਨਣਾ ਚਾਹੀਦਾ ਹੈ। ਸਿੱਖਿਆ ਮੰਤਰੀ ਬੀਬੀ ਉਪਿੰਦਰ ਕੌਰ ਵੱਲੋਂ ਸ੍ਰੀ ਸੁਚੇਤਨ ਸਿੰਘ ਨੇ ਸ਼ਰਧਾਂਜਲੀ ਭੇਟ ਕੀਤੀ। ਦੂਰਦਰਸ਼ਨ ਦੇ ਚੀਫ ਨਿਊਜ਼ ਰੀਡਰ ਸ੍ਰੀ ਤੀਰਥ ਸਿੰਘ ਢਿੱਲੋਂ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਸਿੱਖ ਚਿੰਤਕ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਾਰੇ ਵਿਦਵਾਨਾਂ, ਪ੍ਰਮੁੱਖ ਸ਼ਖ਼ਸੀਅਤਾਂ, ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਦਾ ਧੰਨਵਾਦ ਕੀਤਾ ਕਿ ਉਹ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਹਨ ਅਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਯੂਨੀਵਰਸਿਟੀ, ਖਾਲਸਾ ਕਾਲਜ ਦੇ ਬਹੁਤ ਸਾਰੇ ਅਧਿਆਪਕ, ਵਿਕਾਸ ਮੰਚ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ, ਪੱਤਰਕਾਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਤੋਂ ਇਲਾਵਾ ਸਮਾਜਕ, ਧਾਰਮਿਕਤੇ ਹੋਰ ਸੰਸਥਾਵਾਂ ਦੇ ਪ੍ਰਤੀਨਿਧ ਹਾਜ਼ਰ ਸਨ।

ਯਾਦ ਰਹੇ ਪੰਜਾਬੀ ਭਾਸ਼ਾ ਦੇ ਨਾਮਵਰ ਵਿਦਵਾਨ, ਪੰਜਾਬੀ ਲੇਖਕ, ਗੁਰੂ ਨਾਨਕ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਰੀਡਰ ਦੇ ਅਹੁਦੇਦਾਰ ਦੇ ਸੁਸ਼ੋਭਿਤ ਡਾ. ਜਤਿੰਦਰਪਾਲ ਸਿੰਘ ਜੌਲੀ ਸੜਕ ਹਾਦਸੇ ਵਿਚ ਜ਼ਖ਼ਮੀ ਹੋਣ ਦੇ ਬਾਅਦ ਸਥਾਨਕ ਅਜੀਤ ਸਿੰਘ ਰੰਧਾਵਾ ਨਰਸਿੰਗ ਹੋਮ ਵਿਚ ਕੁਝ ਸਮਾਂ ਗੁਜ਼ਾਰਨ ਬਾਅਦ ਬੀਤੀ 14 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਡਾ. ਜਤਿੰਦਰਪਾਲ ਸਿੰਘ ਜੌਲੀ ਨੇ ਪੰਜਾਬੀ ਦੇ ਵਿਕਾਸ ਲਈ ਭਾਸ਼ਣ ਦੇਣ ਲਈ ਅਨੇਕਾਂ ਵਾਰ ਵਿਦੇਸ਼ੀ ਸਫ਼ਰ ਕੀਤਾ। ਇਸੇ ਕਰਕੇ ਉਹ ਪੰਜਾਬੀ ਦੇ ਬੜੇ ਪ੍ਰਭਾਵਸ਼ਾਲੀ ਵਕਤਾ ਕਰਕੇ ਜਾਣੇ ਜਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਡਾ. ਜੌਲੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਜਤਿੰਦਰਪਾਲ ਸਿੰਘ ਜੌਲੀ ਉੱਘੇ ਚਿੰਤਕ ਅਤੇ ਕੌਮੀ ਦਰਦ ਰੱਖਣ ਵਾਲੇ ਵਿਦਵਾਨ ਸਨ, ਜਿਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਕੌਮ ਨੂੰ ਭਾਰੀ ਘਾਟਾ ਪਿਆ ਹੈ।

# ਇੰਦਰਜੀਤ ਹਸਨਪੁਰੀ ਨੂੰ ਸ਼ਰਧਾਂਜਲੀਆਂ ਭੇਟ

**ਲੁਧਿਆਣਾ:** ਲੁਧਿਆਣੇ ਦੀ ਬੁੱਕਲ 'ਚ ਵਸਦੇ ਪਿੰਡ ਹਸਨਪੁਰ ਵਿਖੇ ਬੀਤੀ 18 ਅਕਤੂਬਰ ਨੂੰ ਮਰਹੂਮ ਗੀਤਕਾਰ, ਸਾਹਿਤਕਾਰ ਤੇ ਫ਼ਿਲਮਸਾਜ਼ ਇੰਦਰਜੀਤ ਹਸਨਪੁਰੀ ਦੀ ਅੰਤਿਮ ਅਰਦਾਸ ਇੱਕ ਮੇਲੇ ਦਾ ਰੂਪ ਧਾਰਨ ਕਰ ਗਈ। ਰਾਜਸੀ ਨੇਤਾਵਾਂ ਵਿਚੋਂ ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ, ਕੇ ਕੇ ਬਾਵਾ, ਮਲਕੀਤ ਸਿੰਘ, ਤੇਜ ਪ੍ਰਕਾਸ਼, ਨਾਹਰ ਸਿੰਘ ਗਿੱਲ, ਪ੍ਰੀਤਮ ਸਿੰਘ, ਜਸਵੰਤ ਸਿੰਘ ਛਾਪਾ, ਭਾਗ ਸਿੰਘ ਦਰਦੀ, ਜਗਪਾਲ ਸਿੰਘ ਖੰਘੂੜਾ, ਗੁਰਦੀਪ ਲੀਲ, ਕਾਮਰੇਡ ਤਰਸੇਮ ਜੋਧਾ, ਦਰਸ਼ਨ ਸਿੰਘ ਸ਼ਿਵਾਲਕ, ਗੁਰਚਰਨ ਸਿੰਘ ਆਦਿ ਨੇ ਹਾਜ਼ਰੀ ਭਰੀ। ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਹਸਨਪੁਰੀ ਦੀ ਯਾਦ ਵਿੱਚ ਬਣਨ ਵਾਲੀ ਲਾਇਬ੍ਰੇਰੀ ਲਈ ਅਤੇ ਪਿੰਡ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ 1 ਲੱਖ ਰੁਪਏ ਆਪਣੇ ਵੱਲੋਂ ਦੇਣ ਦਾ ਐਲਾਨ ਕੀਤਾ। ਸਾਹਿਤਕਾਰਾਂ ਵਿੱਚੋਂ ਸੁਰਜੀਤ ਪਾਤਰ ਨੇ ਬੋਲਦਿਆਂ ਕਿਹਾ ਕਿ ਨੰਦ ਲਾਲ ਨੂਰਪੁਰੀ ਤੋਂ ਬਾਅਦ ਹਸਨਪੁਰੀ ਹੀ ਅਜਿਹਾ ਗੀਤਕਾਰ ਸੀ, ਜਿਸ ਨੇ ਸਾਫ਼-ਸੁਥਰੇ ਗੀਤ ਲਿਖ ਕੇ ਦੁਨੀਆ ਵਿਚ ਨਾਮਣਾ ਖੱਟਿਆ। ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਹੋ ਜਿਹੇ ਕਲਮਕਾਰਾਂ ਦੀ ਸਾਰ ਲੈਣੀ ਚਾਹੀਦੀ ਹੈ ਅਤੇ ਲੇਖਕਾਂ ਦੀ ਬੀਮਾਰੀ ਆਦਿ ਦਾ ਖਰਚਾ ਸਰਕਾਰ ਨੂੰ ਆਪਣੇ ਸਿਰ ਲੈਣਾ ਚਾਹੀਦਾ ਹੈ। ਇਸ ਮੌਕੇ ਸਾਹਿਤਕਾਰਾਂ ਵਿੱਚੋਂ ਪ੍ਰੀਤਮ ਪੰਧੇਰ, ਬਲਜੀਤ ਬਾਗੀ, ਗੁਰਚਰਨ ਕੌਰ ਕੋਚਰ, ਇੰਦਰਜੀਤ ਪਾਲ ਕੌਰ, ਸੁਖਵਿੰਦਰ ਧਾਲੀਵਾਲ, ਭੁਪਿੰਦਰ ਸਿੰਘ ਬਾਰਨਹਾੜਾ, ਅਜੈਬ ਚਿੱਤਰਕਾਰ ਦੇ ਪੁੱਤਰ ਪ੍ਰਿੰ. ਨਾਗਰ ਸਿੰਘ, ਬਲਜੀਤ ਬਾਗੀ, ਗੋਬਿੰਦ ਸੋਹਲ ਪਟਿਆਲਾ, ਇੰਜੀਨੀਅਰ ਜੇ ਪੀ ਕੋਚਰ, ਸੁਖਪਾਲ ਸਿੰਘ, ਡਾ. ਸ. ਨੇ ਸੇਵਕ, ਤਰਸੇਮ ਨੂਰ, ਸੁਰਿੰਦਰ ਰਾਮਪੁਰੀ, ਮਨਜਿੰਦਰ ਧਨੋਆ, ਡਾ. ਤ੍ਰਲੋਚਨ ਲੋਚੀ, ਪ੍ਰਿੰ. ਮਨਜਿੰਦਰ ਕੌਰ, ਮਹਿੰਦਰਦੀਪ ਗਰੇਵਾਲ, ਡਾ. ਫ਼ਕੀਰ ਚੰਦ ਸ਼ੁਕਲਾ, ਨਿੰਦਰ ਘੁਗਿਆਣਵੀ, ਰੰਗਾ ਸਿੰਘ ਮਾਨ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਜਗਦੇਵ ਜੱਸੋਵਾਲ ਨੇ ਬੋਲਦਿਆਂ ਕਿਹਾ ਕਿ ਹਸਨਪੁਰੀ ਗੀਤਾਂ ਦਾ ਸ਼ਾਹਸਵਾਰ ਸੀ ।

## ਬਠਿੰਡਾ ਤੇਲ ਸੋਧ ਕਾਰਖਾਨੇ ਤੋਂ ਭਾਜਪਾ ਔਖੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਵਿਚ ਬਠਿੰਡਾ ਤੇਲ ਸੋਧ ਕਾਰਖਾਨੇ ਨੂੰ ਵਧੇਰੇ ਦਰਿਆਦਿਲੀ ਨਾਲ ਰਿਆਇਤਾਂ ਦੇਣ ਦੇ ਮਾਮਲੇ 'ਚ ਤਿੱਖੇ ਮਤਭੇਦ ਹਨ। ਪਤਾ ਲੱਗਾ ਹੈ ਕਿ ਭਾਜਪਾ ਨੂੰ ਇਸ ਕਾਰਖਾਨੇ ਲਈ 15 ਸਾਲ ਵਾਸਤੇ ਸ੍ਰੀ ਐਲ.ਐਨ.ਮਿੱਤਲ ਤੇ ਹਿੰਦੋਸਤਾਨ ਪੈਟਰੋਲੀਅਮ ਕੰਪਨੀ ਨੂੰ ਹਰ ਸਾਲ 400 ਕਰੋੜ ਰੁਪਏ ਦੇਣ ਦੀ ਮੱਦ ਬਾਰੇ ਸਖਤ ਇਤਰਾਜ਼ ਹੈ। ਇਸ ਮੁੱਦੇ 'ਤੇ ਸਰਕਾਰ ਅਤੇ ਕੰਪਨੀ ਵਿਚਕਾਰ ਸਿਧਾਂਤਕ ਸਹਿਮਤੀ ਪਹਿਲਾਂ ਹੀ ਹੋ ਚੁੱਕੀ ਹੈ। ਤੇਲ ਸੋਧ ਕਾਰਖਾਨੇ ਦੀ ਉਸਾਰੀ ਦਾ ਕੰਮ ਇਸ ਵੇਲੇ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਕੰਪਨੀ ਦਾ ਦਾਅਵਾ ਹੈ ਕਿ ਤਕਰੀਬਨ 44 ਪ੍ਰਤੀਸ਼ਤ ਕੰਮ ਹੋ ਚੁੱਕਾ ਹੈ। ਕੰਪਨੀ ਦਾ ਇਹ ਵੀ ਦਾਅਵਾ ਹੈ ਕਿ ਇਹ ਪ੍ਰਾਜੈਕਟ ਮਿਥੇ ਸਮੇਂ ਵਿਚ ਮੁਕੰਮਲ ਹੋ ਜਾਵੇਗਾ। ਮਿੱਤਲ ਅਨਰਜੀ ਲਿਮਟਿਡ ਵਲੋਂ ਪੰਜਾਬ ਸਰਕਾਰ 'ਤੇ ਇਸ ਪ੍ਰਾਜੈਕਟ ਲਈ ਹੋਰ ਰਿਆਇਤਾਂ ਲਈ ਦਬਾਅ ਪਾਇਆ ਜਾ ਰਿਹਾ ਹੈ। ਅਜੇ ਕੱਲ੍ਹ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਗੱਲ ਮੰਨੀ ਸੀ ਕਿ ਰਿਆਇਤਾਂ ਵਾਲੇ ਮਾਮਲੇ ਨੂੰ ਕੰਪਨੀ ਨਾਲ ਬੈਠ ਕੇ ਨਿਪਟਾ ਲਿਆ ਜਾਵੇਗਾ। ਇਸ ਤੋਂ ਪਹਿਲਾਂ ਪਿਛਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਵੀ ਰਿਆਇਤਾਂ ਦਾ ਮੁੱਦਾ ਉਭਰਿਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਇਸ ਕੰਪਨੀ ਨੂੰ ਵਧੇਰੇ ਰਿਆਇਤਾਂ ਦੇਣ ਦੀ ਸ਼ਰਤ ਨਾਲ ਸਹਿਮਤ ਨਹੀਂ ਹੋਏ ਸਨ।

ਇਸ ਮੀਟਿੰਗ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਕੰਪਨੀ ਵਲੋਂ ਲਕਸ਼ਮੀ ਨਿਵਾਸ ਮਿੱਤਲ, ਹਿੰਦੁਸਤਾਨ ਪੈਟਰੋਲੀਅਮ ਵਲੋਂ ਸੀਨੀਅਰ ਅਧਿਕਾਰੀ ਪ੍ਰਭੂ ਦਾਸ ਅਤੇ ਕੇਂਦਰੀ ਪੈਟਰੋਲੀਅਮ ਮੰਤਰੀ ਮੁਰਲੀ ਦਉੜਾ ਸ਼ਾਮਲ ਹੋਏ ਸਨ। ਇਸ ਮੀਟਿੰਗ ਵਿੱਚ ਹੀ ਜ਼ੁਬਾਨੀ ਤੌਰ 'ਤੇ ਸਰਕਾਰ ਵਲੋਂ 400 ਕਰੋੜ ਰੁਪਏ ਹਰ ਸਾਲ ਮਿੱਤਲ ਕੰਪਨੀ ਨੂੰ ਦੇਣ ਬਾਰੇ ਸਹਿਮਤੀ ਹੋਈ ਹੈ। ਇਹ ਪੈਸਾ ਬਗੈਰ ਵਿਆਜ ਦੇ ਦਿੱਤਾ ਜਾਵੇਗਾ ਅਤੇ 15 ਸਾਲ ਬਾਅਦ ਕੰਪਨੀ ਇਸ ਦੀ ਵਾਪਸੀ ਸ਼ੁਰੂ ਕਰੇਗੀ। ਇਸ ਮੀਟਿੰਗ ਵਿਚ ਭਾਜਪਾ ਦੀ ਪ੍ਰਤੀਨਿਧਤਾ ਨਹੀਂ ਸੀ। ਭਾਜਪਾ ਦੇ ਸੀਨੀਅਰ ਨੇਤਾ ਮਨੋਰੰਜਨ ਕਾਲੀਆ ਕੋਲ ਸਨਅਤ ਵਿਭਾਗ ਹੈ, ਪਰ ਉਹ ਮੀਟਿੰਗ ਵਿਚ ਸ਼ਾਮਲ ਨਹੀਂ ਸਨ।

ਮਨੋਰੰਜਨ ਕਾਲੀਆ ਤੋਂ ਜਦੋਂ ਇਸ ਪੱਤਰਕਾਰ ਨੇ ਤੇਲ ਸੋਧ ਕਾਰਖਾਨੇ ਲਈ ਮਿੱਤਲ ਕੰਪਨੀ ਵਲੋਂ ਮੰਗੀਆਂ ਰਿਆਇਤਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਉਹ ਹਾਜ਼ਰ ਨਹੀਂ ਸਨ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਇਸ ਮੀਟਿੰਗ ਲਈ ਬੁਲਾਇਆ ਹੀ ਨਹੀਂ ਗਿਆ ਸੀ। ਗੱਠਜੋੜ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਦਿੱਲੀ ਵਿਚ 20 ਜੂਨ ਨੂੰ ਹੋਈ ਮੀਟਿੰਗ ਦੇ ਆਧਾਰ 'ਤੇ ਪਿਛਲੇ ਦਿਨੀਂ ਸ੍ਰੀ ਮਿੱਤਲ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿਚ ਕੰਪਨੀ ਨੇ 400 ਕਰੋੜ ਰੁਪਏ 15 ਸਾਲ ਲਈ ਬਗੈਰ ਵਿਆਜ ਦੇ ਲੈਣ ਦੀ ਗੱਲ ਕੀਤੀ ਹੈ। ਕੰਪਨੀ ਦਾ ਦਾਅਵਾ ਹੈ ਕਿ ਉਨ੍ਹਾਂ ਵਲੋਂ ਹੋਰ ਰਾਜਾਂ ਦੇ ਪ੍ਰਾਜੈਕਟ ਵਿਚ ਵੀ ਇਹ ਰਿਆਇਤਾਂ ਲਈਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਾਲ ਸਬੰਧਤ ਧਿਰਾਂ ਦੀ ਇਸ ਮੁੱਦੇ 'ਤੇ ਮੀਟਿੰਗ ਹੋਈ ਸੀ ਤਾਂ 250 ਕਰੋੜ ਰੁਪਏ ਹਰ ਸਾਲ ਦੇਣ ਬਾਰੇ ਸਹਿਮਤੀ ਹੋਈ ਸੀ ਅਤੇ ਪੰਜਾਬ ਸਰਕਾਰ ਨੇ ਕੁੱਲ 1250 ਕਰੋੜ ਰੁਪਏ ਦੇਣੇ ਸਨ। ਹੁਣ ਕੇਂਦਰੀ ਪੈਟਰੋਲੀਅਮ ਮੰਤਰੀ ਨਾਲ ਮੀਟਿੰਗ ਹੋਈ ਤਾਂ ਇਸ ਵਿਚ ਰਕਮ ਵਧ ਕੇ 400 ਕਰੋੜ ਰੁਪਏ 'ਤੇ ਆ ਗਈ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਸ੍ਰੀ ਮਿੱਤਲ ਵਲੋਂ ਆਏ ਪੱਤਰ ਵਾਲੀ ਫਾਈਲ ਐਕਸਾਈਜ਼ ਵਿਭਾਗ ਕੋਲ ਭੇਜੀ ਹੈ ਤਾਂ ਜੋ ਪੈਸੇ ਦੀ ਅਦਾਇਗੀ ਲਈ ਸਥਿਤੀ ਦਾ ਜਾਇਜ਼ਾ ਲਿਆ ਜਾ ਸਕੇ। ਇਸ ਸਾਰੇ ਅਮਲ ਵਿਚ ਸਨਅਤ ਵਿਭਾਗ ਦੀ ਕੋਈ ਭੂਮਿਕਾ ਨਹੀਂ ਹੈ।

## ਖੇਡ ਕੋਟੇ ਅਧੀਨ ਪੁਲਿਸ ਭਰਤੀ ਬਾਰੇ ਕਮੇਟੀ ਕਾਇਮ

**ਚੰਡੀਗੜ੍ਹ:** ਪੰਜਾਬ ਪੁਲੀਸ ਵਿਚ ਖੇਡ ਕੋਟੇ ਅਧੀਨ ਭਰਤੀ ਹੋਏ ਪੁਲੀਸ ਮੁਲਾਜ਼ਮਾਂ ਦੀਆਂ ਤਰੱਕੀਆਂ ਦੇ ਰੇੜਕੇ ਨੂੰ ਨਿਪਟਾਉਣ ਲਈ ਉੱਚ ਪੱਧਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਐਡੀਸ਼ਨਲ ਡਾਇਰੈਕਟਰ ਜਨਰਲ (ਅਪਰਾਧ) ਰਾਜਨ ਗੁਪਤਾ ਦੀ ਅਗਵਾਈ ਹੇਠ ਬਣੀ ਇਹ ਕਮੇਟੀ ਖੇਡ ਕੋਟੇ ਵਾਲੇ ਪੁਲੀਸ ਕਰਮਚਾਰੀਆਂ ਦੀਆਂ ਖੇਡ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਕੇ ਜਾਇਜ਼ ਜਾਂ ਨਜ਼ਾਇਜ਼ ਤਰੱਕੀਆਂ ਹਾਸਲ ਕਰਨ ਦੇ ਤੱਥਾਂ ਦਾ ਨਿਤਾਰਾ ਕਰੇਗੀ। ਪੰਜਾਬ ਪੁਲੀਸ ਵਿਚ ਹੌਲਦਾਰ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ ਨਾਨ-ਗਜ਼ਟਿਡ ਅਧਿਕਾਰੀਆਂ ਦੀ ਸੀਨੀਆਰਤਾ ਸੂਚੀ ਜਾਰੀ ਕਰਨ ਤੋਂ ਬਾਅਦ 280 ਦੇ ਕਰੀਬ ਮੁਲਾਜ਼ਮਾਂ/ਅਧਿਕਾਰੀਆਂ ਵਲੋਂ ਖੇਡ ਕੋਟੇ ਅਧੀਨ ਤਰੱਕੀਆਂ ਹਾਸਲ ਕਰਨ ਨੂੰ ਹੋਰਨਾਂ ਪੁਲੀਸ ਕਰਮਚਾਰੀਆਂ ਵਲੋਂ ਲਗਾਤਾਰ ਚੁਣੌਤੀ ਦਿੱਤੀ ਜਾ ਰਹੀ ਹੈ। ਪਿਛਲੇ ਦਿਨਾਂ ਦੌਰਾਨ ਖੇਡ ਕੋਟੇ ਦੇ ਕਈ ਪੁਲੀਸ ਕਰਮਚਾਰੀਆਂ ਦੀਆਂ ਤਰੱਕੀਆਂ ਵੀ ਵਾਪਸ ਹੋ ਗਈਆਂ ਸਨ। ਪ੍ਰਭਾਵਿਤ ਹੋਣ ਵਾਲੇ ਪੁਲੀਸ ਅਧਿਕਾਰੀਆਂ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਇਸ ਵਿਵਾਦ ਨੂੰ ਨਿਪਟਾਉਣ ਅਤੇ ਤਰੱਕੀਆਂ ਵਾਪਸ ਲੈਣ ਦੇ ਅਮਲ ਨੂੰ ਰੋਕਣ ਲਈ ਕਿਹਾ ਸੀ।

ਖੇਡ ਕੋਟੇ ਤਹਿਤ ਸਿਪਾਹੀ ਭਰਤੀ ਹੋਣ ਤੋਂ ਬਾਅਦ ਕੁੱਝ ਹੀ ਸਾਲਾਂ 'ਚ ਫੀਤੀਆਂ ਲਗਾ ਕੇ ਥਾਣੇਦਾਰ ਤੇ ਇੰਸਪੈਕਟਰ ਦੀ ਪਦਵੀ ਹਾਸਲ ਕਰਨ ਵਾਲੇ ਪੁਲੀਸ ਕਰਮਚਾਰੀਆਂ ਦੇ ਡੂੰਘੇ ਹੁੰਦੇ ਵਿਵਾਦ ਨੂੰ ਲੈ ਕੇ ਸਰਕਾਰ ਤੇ ਪੰਜਾਬ ਪੁਲੀਸ ਦੇ ਅਧਿਕਾਰੀ ਲਗਾਤਾਰ ਕਸੂਤੀ ਸਥਿਤੀ 'ਚ ਫਸਦੇ ਜਾ ਰਹੇ ਸਨ। ਇਨ੍ਹਾਂ ਤਰੱਕੀਆਂ ਕਾਰਨ ਪ੍ਰਭਾਵਿਤ ਹੋਣ ਵਾਲੇ ਪੁਲੀਸ ਕਰਮਚਾਰੀਆਂ ਵਲੋਂ ਅਦਾਲਤਾਂ ਦਾ ਸਹਾਰਾ ਲਿਆ ਜਾਂਦਾ ਸੀ ਤਾਂ ਖੇਡ ਕੋਟੇ ਵਾਲੇ ਪੁਲੀਸ ਕਰਮਚਾਰੀਆਂ ਵਲੋਂ ਆਪਣੀਆਂ ਖੇਡ ਪ੍ਰਾਪਤੀਆਂ ਦਾ ਰੌਲਾ ਪਾ ਕੇ ਸਰਕਾਰ 'ਤੇ ਤਰੱਕੀਆਂ ਵਾਪਸ ਨਾ ਲੈਣ ਲਈ ਦਬਾਅ ਪਾਇਆ ਜਾ ਰਿਹਾ ਸੀ। ਇਸ ਵਿਵਾਦ 'ਚੋਂ ਨਿਕਲਣ ਲਈ ਇਸ ਕਮੇਟੀ ਦਾ ਗਠਨ ਕਰਨਾ ਮੁਨਾਸਿਬ ਸਮਝਿਆ ਗਿਆ। ਪੰਜਾਬ ਪੁਲਿਸ ਵਲੋਂ ਹਾਲ ਹੀ 'ਚ ਜਿਹੜੀ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ, ਉਸ ਤੋਂ ਇਹ ਤੱਥ ਵੀ ਉੱਭਰ ਕੇ ਸਾਹਮਣੇ ਆਇਆ ਸੀ ਕਿ ਪੰਜਾਬ ਪੁਲੀਸ 'ਚ ਖੇਡ ਕੋਟੇ ਅਧੀਨ ਭਰਤੀ ਹੋਏ ਅਧਿਕਾਰੀਆਂ 'ਚੋਂ ਸੇਵਾ ਕਰ ਰਹੇ 7 ਡੀ.ਐੱਸ.ਪੀ., 56 ਇੰਸਪੈਕਟਰ, 40 ਸਬ ਇੰਸਪੈਕਟਰ ਤੇ 26 ਏ.ਐਸ.ਆਈ. ਅਜਿਹੇ ਹਨ ਜੋ ਦਸ ਜਮਾਤਾਂ ਵੀ ਨਹੀਂ ਪੜ੍ਹੇ।

ਪੰਜਾਬ ਪੁਲੀਸ 'ਚ ਸਿੱਧੀ ਭਰਤੀ ਸਿਰਫ ਸਿਪਾਹੀ, ਏ.ਐਸ.ਆਈ. ਇੰਸਪੈਕਟਰਅਤੇ ਡੀ.ਐਸ.ਪੀ. ਦੀ ਹੀ ਕੀਤੀ ਜਾਂਦੀ ਹੈ। ਇਸ ਸੀਨੀਆਰਤਾ ਸੂਚੀ ਤੋਂ ਸਾਹਮਣੇ ਆਇਆ ਹੈ ਕਿ ਪਿਛਲੇ ਸਮੇਂ ਦੌਰਾਨ ਸਬ ਇੰਸਪੈਕਟਰਾਂ ਦੀ ਵੀ ਭਰਤੀ ਕੀਤੀ ਗਈ। ਪੁਲੀਸ 'ਚ ਭਰਤੀ ਲਈ ਘੱਟੋ ਘੱਟ ਉਮਰ 17 ਸਾਲ ਮਿਥੀ ਗਈ ਹੈ, ਪਰ ਇੱਥੇ 15 ਸਾਲਾਂ ਦੇ ਲੜਕਿਆਂ ਨੂੰ ਵੀ ਰੰਗਰੂਟ ਬਣਾ ਕੇ ਉਸ ਤੋਂ ਬਾਅਦ ਝੱਟਪੱਟ ਹੀ ਫੀਤੀਆਂ ਲਾ ਦਿੱਤੀਆਂ ਗਈਆਂ। ਘੱਟ ਉਮਰ ਦੇ ਭਰਤੀ ਕੀਤੇ ਰੰਗਰੂਟ ਹੁਣ ਨਾਨ-ਗਜ਼ਟਿਡ ਅਫਸਰ ਬਣ ਚੁੱਕੇ ਹਨ। ਇਸੇ ਤਰ੍ਹਾਂ ਭਰਤੀ ਲਈ ਵਧ ਤੋਂ ਵਧ ਉਮਰ ਸੀਮਾ 23 ਸਾਲ ਹੈ, ਪੰਜਾਬ ਪੁਲੀਸ ਵਿਚ 47 ਸਾਲ ਉਮਰ ਲੰਘਾ ਚੁੱਕਿਆਂ ਨੂੰ ਵੀ ਭਰਤੀ ਕਰ ਦਿੱਤਾ ਗਿਆ। ਆਈ.ਜੀ. (ਹੈੱਡਕੁਆਰਟਰ) ਸ੍ਰੀ ਪਰਾਗ ਜੈਨ ਨੇ ਦੱਸਿਆ ਕਿ ਏ.ਡੀ.ਜੀ.ਪੀ. ਰਾਜਨ ਗੁਪਤਾ ਦੀ ਕਮੇਟੀ ਨੂੰ ਤਿੰਨ ਕੁ ਹਫਤਿਆਂ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਮੇਟੀ ਖੇਡ ਕੋਟੇ ਤਹਿਤ ਭਰਤੀ ਹੋਏ ਸਾਰੇ ਪੁਲੀਸ ਕਰਮਚਾਰੀਆਂ ਦੀਆਂ ਖੇਡ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰੇਗੀ ਤੇ ਸਿੱਟਾ ਕੱਢੇਗੀ ਕਿ ਕਹਿੜੇ ਪੁਲੀਸ ਕਰਮਚਾਰੀ ਨੂੰ ਯੋਗ ਤਰੱਕੀ ਮਿਲੀ ਹੈ ਤੇ ਕਿਹੜੇ ਨੂੰ ਅਯੋਗ।

## ਪੰਜਾਬੀ ਫ਼ਿਲਮ ਉਦਯੋਗ ਗਹਿਰੇ ਮੰਦਵਾੜੇ ਵਿਚ

**ਚੰਡੀਗੜ੍ਹ :** ਪੰਜਾਬੀ ਸਭਿਆਚਾਰ ਬਾਲੀਵੁਡ ਤੋਂ ਲੈ ਕੇ ਹਾਲੀਵੁਡ ਤਕ ਛਾਇਆ ਹੋਇਆ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਖੁਦ ਪੰਜਾਬੀ ਫ਼ਿਲਮ ਉਦਯੋਗ ਖ਼ਤਮ ਹੋਣ ਕਿਨਾਰੇ ਹੈ, ਜਿਸ ਨੂੰ ਬਚਾਉਣ ਲਈ ਸਰਕਾਰੀ ਸਾਹਾਂ ਦੀ ਲੋੜ ਹੈ। ਅੱਜ ਪੰਜਾਬੀ ਫ਼ਿਲਮਾਂ ਦੀ ਸਾਲਾਨਾ ਗਿਣਤੀ 15 ਫ਼ਿਲਮਾਂ ਤੋਂ ਵੱਧ ਨਹੀਂ ਜਦਕਿ ਪੰਜਾਬ 'ਚ ਭੋਜਪੁਰੀ ਫ਼ਿਲਮਾਂ ਦੀ ਗਿਣਤੀ 30 ਤੋਂ ਵਧ ਹੈ। ਅਸਲ ਵਿਚ ਇਸ ਪਿੱਛੇ ਪੰਜਾਬ ਦੀ ਅਕਾਲੀ ਸਰਕਾਰ ਜ਼ਿੰਮੇਵਾਰ ਹੈ ਜਿਸ ਦੀ ਇਕ ਕਲਮ ਨਾਲ ਭੋਜਪੁਰੀ ਫ਼ਿਲਮਾਂ ਨੂੰ ਵੀ ਪੰਜਾਬ ਵਿਚ ਬਹੁਤ ਫ਼ਾਇਦਾ ਹੋ ਗਿਆ। ਸਰਕਾਰ ਨੇ ਭਾਵੇਂ ਸਾਰੀਆਂ ਫ਼ਿਲਮਾਂ 'ਤੇ 12.5 ਫ਼ੀ ਸਦੀ ਮਨੋਰੰਜਨ ਟੈਕਸ ਮੁਆਫ਼ ਕਰ ਦਿਤਾ ਹੈ ਪਰ ਇਸ ਨਾਲ ਫਿਰ ਪੰਜਾਬੀ ਫ਼ਿਲਮਾਂ ਦਾ ਨੁਕਸਾਨ ਹੋ ਗਿਆ ਅਤੇ ਦੂਜੀਆਂ ਫ਼ਿਲਮਾਂ ਨੂੰ ਫ਼ਾਇਦਾ ਹੋ ਗਿਆ। ਦੂਸਰਾ ਪੰਜਾਬ ਵਿਚ ਪਾਇਰੇਸੀ ਨੇ ਫ਼ਿਲਮ ਉਦਯੋਗ ਨੂੰ ਤਬਾਹ ਕਰ ਕੇ ਰਖ ਦਿਤਾ ਹੈ। ਇਕੱਲਾ ਪੰਜਾਬੀ ਸੰਗੀਤ ਹੀ ਲਗਭਗ 400 ਕਰੋੜ ਰੁਪਏ ਦਾ ਚੋਰੀ ਹੁੰਦਾ ਹੈ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੀ ਵੱਡਾ ਘਾਟਾ ਪੈਂਦਾ ਹੈ। ਫ਼ਿਲਮ ਨਿਰਦੇਸ਼ਕ ਇਕਬਾਲ ਢਿੱਲੋਂ ਤੇ ਦਰਸ਼ਨ ਔਲਖ ਦਾ ਕਹਿਣਾ ਹੈ ਕਿ ਜੇ ਸਰਕਾਰ ਮਹਾਰਾਸ਼ਟਰ ਅਤੇ ਦਖਣੀ ਸੂਬਿਆਂ ਵਾਂਗ ਗੁੰਡਾ ਐਕਟ ਪਾਸ ਕਰ ਦੇਵੇ ਤਾਂ ਇਕ ਫ਼ਿਲਮ ਦਾ ਇਕੱਲਾ ਸੰਗੀਤ ਹੀ 2.50 ਕਰੋੜ ਦਾ ਵਿਕ ਸਕਦਾ ਹੈ। ਉਧਰ ਉੱਤਰੀ ਭਾਰਤੀ ਮੋਸ਼ਨ ਪਿਕਜਰਜ਼ ਐਸੋਸੀਏਸ਼ਨ ਦੇ ਪ੍ਰਧਾਨ ਐਸ.ਐਲ. ਕਪੂਰ ਦਾ ਕਹਿਣਾ ਹੈ ਕਿ ਪਹਿਲਾਂ ਪੰਜਾਬੀ ਫ਼ਿਲਮ ਉਦਯੋਗ ਨੂੰ ਅਤਿਵਾਦ ਨੇ ਮਾਰ ਲਿਆ ਅਤੇ ਸਮੇਂ-ਸਮੇਂ ਦੀਆਂ ਸਰਕਾਰਾਂ ਵੀ ਉਨ੍ਹਾਂ ਦੀ ਕੋਈ ਸਹਾਇਤਾ ਨਾ ਕੀਤੀ। ਹਰਿਆਣਾ ਅਤੇ ਚੰਡੀਗੜ੍ਹ ਵਿਚ ਫ਼ਿਲਮਾਂ 'ਤੇ 50 ਫ਼ੀ ਸਦੀ ਟੈਕਸ ਮੁਆਫ਼ ਕੀਤਾ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ਼ 12.5 ਫ਼ੀ ਸਦੀ ਟੈਕਸ ਹੀ ਮੁਆਫ਼ ਹੁੰਦਾ ਹੈ। ਹਿਮਾਚਲ ਸਰਕਾਰ ਨੇ ਫ਼ਿਲਮਾਂ 'ਤੇ ਟੈਕਸ ਮੁਆਫ਼ ਕਰਨ 'ਤੇ ਪੱਕੀ ਲਕੀਰ ਮਾਰ ਦਿਤੀ ਹੈ, ਜਿਸ ਨਾਲ ਪਿਛਲੇ ਤਿੰਨ ਸਾਲਾਂ ਦੇ ਮੁਕਾਬਲੇ 10 ਫ਼ੀ ਸਦੀ ਨਵੇਂ ਸਿਨਮਿਆਂ ਦੀ ਸਥਾਪਨਾ ਹੋਈ ਹੈ। ਕਦੇ ਉਤਰ ਭਾਰਤ 'ਚ 176 ਸਿਨੇਮੇ ਸਨ, ਜੋ 80 ਰਹਿ ਗਏ ਹਨ।

### ਕੈਨੇਡੀਅਨ ਹਾਈ ਕਮਿਸ਼ਨਰ ਨੇ ਰਿਸੋਰਸ ਸੈਂਟਰ ਦੇਖਿਆ

**ਕਪੂਰਥਲਾ:** ਪੰਜਾਬ ਦੇ ਦੌਰੇ 'ਤੇ ਆਏ ਕੈਨੇਡਾ ਦੇ ਹਾਈ ਕਮਿਸ਼ਨਰ ਸ੍ਰੀ ਜੋਜਫ਼ ਕੈਰਨ ਅਤੇ ਉਨ੍ਹਾਂ ਦੀ ਧਰਮ ਪਤਨੀ ਕੈਰਨ ਪੁਲਿਸ ਰੀਸੋਰਸ ਸੈਂਟਰ ਕਪੂਰਥਲਾ ਵਿਚ ਆਏ। ਉਹ ਰਿਸੋਰਸ ਸੈਂਟਰ ਦੀ ਕਾਰਗੁਜ਼ਾਰੀ ਦੇਖ ਕੇ ਕਾਫ਼ੀ ਪ੍ਰਭਾਵਿਤ ਹੋਏ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਸੁਸਾਇਟੀ ਅਤੇ ਇਥੋਂ ਦੀ ਸੁਸਾਇਟੀ ਵਿਚ ਭਾਵੇਂ ਕਾਫ਼ੀ ਵਿਖਰੇਵਾਂ ਹੈ, ਪਰ ਜਿਵੇਂ ਇਸ ਰੀਸੋਰਸ ਸੈਂਟਰ ਵਿਚ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਹ ਬਹੁਤ ਹੀ ਸ਼ਲਾਘਾਯੋਗ ਹਨ। ਇਸ ਮੌਕੇ 'ਤੇ ਹਾਜ਼ਰ ਪੁਲਿਸ ਟ੍ਰੇਨਿੰਗ ਦੇ ਆਈ ਜੀ ਐਸ ਕੇ ਸ਼ਰਮਾ ਅਤੇ ਡੀ ਆਈ ਜੀ ਜਲੰਧਰ ਰੇਂਜ ਈਸ਼ਵਰ ਸਿੰਘ ਨੇ ਕੈਨੇਡੀਅਨ ਹਾਈ ਕਮਿਸ਼ਨਰ ਸ੍ਰੀ ਜੋਜੋਫ਼ ਕੈਰਨ ਨੂੰ ਇਸ ਸੈਂਟਰ ਦੀ ਕਾਰਗੁਜ਼ਾਰੀ ਬਾਰੇ ਪੂਰੀ ਜਾਣਕਾਰੀ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡੀਅਨ ਹਾਈ ਕਮਿਸ਼ਨਰ ਨੇ ਜ਼ਿਲ੍ਹਾ ਕਚੈਹਰੀਆਂ, ਸੁਵਿਧਾ ਕੇਂਦਰ ਅਤੇ ਸੈਨਿਕ ਸਕੂਲ ਦਾ ਦੌਰਾ ਵੀ ਕੀਤਾ ਅਤੇ ਇਥੋਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵ ਹੋਏ।

*Visit us on the web:*
***punjabtimesusa.com***

## ਪੰਜਾਬ ਸਰਕਾਰ ਕੰਗਾਲ ਹੋਈ, ਤਨਖਾਹਾਂ ਲਈ ਪੈਸੇ ਮੁੱਕੇ

**ਚੰਡੀਗੜ੍ਹ** : ਪੰਜਾਬ ਸਰਕਾਰ ਦੇ ਪੂਰੀ ਤਰ੍ਹਾਂ ਭਾਂਡੇ ਵਿਕ ਗਏ ਜਾਪਦੇ ਹਨ। ਸਰਕਾਰੀ ਖ਼ਜ਼ਾਨੇ ਦੀ ਇਹ ਹਾਲਤ ਹੋ ਗਈ ਹੈ ਕਿ ਸਰਕਾਰੀ ਵਿਭਾਗ ਨੇ ਲਗਭਗ 300 ਕਰੋੜ ਦੇ ਲੋੜੀਂਦੇ ਬਿਲ ਰੋਕ ਦਿਤੇ ਹਨ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਅਕਤੂਬਰ ਮਹੀਨੇ ਦੀ ਤਨਖ਼ਾਹ ਮਿਲਣੀ ਔਖੀ ਹੋ ਗਈ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਅਤੇ ਸਬੰਧਤ ਬਜਟ ਸ਼ਾਖ਼ਾ ਦੇ ਸੂਤਰਾਂ ਮੁਤਾਬਕ ਇਸ ਵੇਲੇ ਬਲਾਕ ਪੱਧਰ 'ਤੇ ਦਫ਼ਤਰਾਂ ਤੋਂ ਲੈ ਕੇ ਰਾਜਧਾਨੀ ਦੇ ਦਫ਼ਤਰਾਂ ਤਕ ਲੋੜੀਂਦੇ ਬਿਲ ਰੁਕ ਗਏ ਹਨ। ਰੋਕੇ ਗਏ ਬਿਲਾਂ ਵਿਚ ਸਰਕਾਰੀ ਗੱਡੀਆਂ ਦਾ ਖ਼ਰਚਾ, ਦਫ਼ਤਰੀ ਖ਼ਰਚੇ, ਅਧਿਕਾਰੀਆਂ ਦੇ ਟੀ.ਏ., ਬਿਜਲੀ ਦੇ ਬਿਲ, ਸਟੇਸ਼ਨਰੀ ਆਦਿ ਦੇ ਖ਼ਰਚੇ ਸ਼ਾਮਲ ਹਨ। ਬਿਲਾਂ ਤੋਂ ਇਲਾਵਾ ਸਰਕਾਰੀ ਮੁਲਾਜ਼ਮਾਂ ਦੇ ਸੇਵਾ ਮੁਕਤ ਹੋਣ ਉਪਰੰਤ ਜੀ.ਪੀ.ਐਫ਼., ਗਰੈਚੁਇਟੀ ਅਤੇ ਲੀਵ ਐਂਡ ਕੈਸ਼ਮੈਂਟ ਆਦਿ ਭੁਗਤਾਨ ਵੀ ਰੁਕ ਗਏ ਹਨ। ਸੂਤਰਾਂ ਅਨੁਸਾਰ ਦਰਜਾ ਤਿੰਨ ਦੇ ਮੁਲਾਜ਼ਮਾਂ ਦਾ ਸੇਵਾ ਮੁਕਤੀ ਵੇਲੇ 24-25 ਲੱਖ ਰੁਪਏ ਦਾ ਭੁਗਤਾਨ ਬਣਦਾ ਹੈ ਜੋ ਸਰਕਾਰ ਲਈ ਦੇਣਾ ਔਖਾ ਹੋ ਗਿਆ ਹੈ। ਇਸ ਤੋਂ ਇਲਾਵਾ ਸਰਕਾਰੀ ਮੁਲਾਜ਼ਮਾਂ ਨੂੰ ਪੇਸ਼ਗੀ ਰਕਮ ਦੇਣ 'ਤੇ ਵੀ ਆਰਜ਼ੀ ਰੋਕ ਲੱਗ ਗਈ ਹੈ।

### ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅਦਾਇਗੀ ਲਈ ਪੈਸੇ ਨਹੀ

ਇਹ ਵੀ ਪਤਾ ਲੱਗਾ ਹੈ ਕਿ ਮੁਲਾਜ਼ਮਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਰਾਜ ਦੇ ਲਗਭਗ 3.50 ਲੱਖ ਮੁਲਾਜ਼ਮਾਂ ਨੂੰ ਅਕਤੂਬਰ ਮਹੀਨੇ ਦੀ ਨਵੰਬਰ ਮਹੀਨੇ ਵਿਚ ਮਿਲਣ ਵਾਲੀ ਤਨਖ਼ਾਹ ਦਿਤੀ ਜਾਣੀ ਮੁਸ਼ਕਲ ਲਗਦੀ ਹੈ। ਸਰਕਾਰੀ ਰੀਕਾਰਡ ਮੁਤਾਬਕ ਮੁਲਾਜ਼ਮਾਂ ਦੀ ਤਨਖ਼ਾਹ ਲਈ ਸਰਕਾਰ ਨੂੰ ਮਾਸਿਕ 700 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪੈਣਾ ਹੈ ਜਦਕਿ ਸਾਰੇ ਪੈਨਸ਼ਨਰਾਂ ਨੂੰ ਮਾਸਿਕ ਪੈਨਸ਼ਨ ਦੇਣ ਲਈ 300 ਕਰੋੜ ਰੁਪਏ ਦੇਣੇ ਪੈਂਦੇ ਹਨ। ਪਰ ਸਰਕਾਰ ਦੇ ਆਮਦਨੀ ਸਰੋਤ ਨਾ ਹੋਣ ਕਾਰਨ ਅਕਾਲੀ ਸਰਕਾਰ ਨੂੰ ਤਨਖ਼ਾਹ ਅਤੇ ਪੈਨਸ਼ਨਾਂ ਦੇਣ ਲਈ 1000 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਔਖਾ ਹੋ ਗਿਆ ਹੈ। ਅਸਲ ਵਿਚ ਅਕਾਲੀ ਸਰਕਾਰ ਅਪਣੀ ਸਿਆਸੀ ਭੁੱਖ ਨੂੰ ਧਿਆਨ ਵਿਚ ਰਖਦਿਆਂ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਸਰਕਾਰੀ ਖ਼ਜ਼ਾਨੇ ਨੂੰ ਰਿਆਇਤਾਂ ਦੇ ਨਾਮ 'ਤੇ ਲੁਟਾ ਰਹੀ ਹੈ,ਜਿਸ ਨਾਲ ਆਰਥਿਕਤਾ ਵਿਗੜ ਗਈ ਹੈ।

### ਬੱਸ ਪਲਟਣ ਨਾਲ 3 ਮੌਤਾਂ


**ਟਾਂਡਾ:** ਬੀਤੀ 18 ਅਕਤੂਬਰ ਦੀ ਸਵੇਰ ਕਰੀਬ 5.30 ਵਜੇ ਮੋਮੀ ਟਾਂਡਾ-ਬੇਗੋਵਾਲ ਰੋਡ 'ਤੇ ਪੈਂਦੇ ਪਿੰਡ ਜਲਾਲਪੁਰ ਨਜ਼ਦੀਕ ਡੇਰਾ ਬਿਆਸ ਨੂੰ ਜਾ ਰਹੀ ਇਕ ਮਿਨੀ ਬੱਸ ਦੇ ਪਲਟ ਜਾਣ ਕਾਰਨ ਬੱਸ ਵਿਚ ਸਵਾਰ 3 ਸਵਾਰੀਆਂ ਦੀ ਮੌਤ ਅਤੇ 19 ਦੇ ਗੰਭੀਰ ਜ਼ਖਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਕਰੀਬ 4.30 ਵਜੇ ਗੜ੍ਹਦੀਵਾਲ ਤੋਂ ਪਿੰਡਾਂ ਵਿਚ ਦੀ ਸਵਾਰੀਆਂ ਚੁੱਕਦੀ ਡੇਰਾ ਬਿਆਸ ਨੂੰ ਚੱਲੀ ਇਹ ਮਿਨੀ ਬੱਸ ਜਿਉਂ ਹੀ ਅੱਡਾ ਜਲਾਲਪੁਰ ਨਜ਼ਦੀਕ ਪਹੁੰਚੀ ਤਾਂ ਅਚਾਨਕ ਬੱਸ ਦੀ ਮੇਨ ਕਮਾਣੀ ਟੁੱਟ ਜਾਣ ਕਾਰਨ ਬੱਸ ਬੁਰੀ ਤਰ੍ਹਾਂ ਪਲਟ ਗਈ, ਜਿਸ ਦੇ ਫਲਸਰੂਪ ਡੇਰਾ ਬਿਆਸ ਨੂੰ ਸੇਵਾ ਕਰਨ ਜਾਂ ਰਹੀਆਂ ਤਿੰਨ ਸਵਾਰੀਆਂ ਗੁਰਬਖਸ਼ ਕੌਰ (60) ਪਤਨੀ ਫੁੰਮਣ ਸਿੰਘ ਵਾਸੀ ਝੰਬੋਵਾਲ, ਕਸ਼ਮੀਰ ਸਿੰਘ (35) ਪੁੱਤਰ ਬੰਤਾ ਰਾਮ ਵਾਸੀ ਪਿੰਡ ਰਾਣਾ ਥਾਣਾ ਗੜ੍ਹਦੀਵਾਲਾ ਅਤੇ ਸੋਹਣ ਲਾਲ ਸ਼ਿੰਦਾ (54) ਪੁੱਤਰ ਸੰਤਾ ਰਾਮ ਵਾਸੀ ਦਾਰਾਪੁਰ ਦੀ ਮੌਕੇ 'ਤੇ ਮੌਤ ਹੋ ਗਈ 19 ਵਿਅਕਤੀ ਸਖਤ ਜ਼ਖਮੀ ਹੋ ਗਏ।

**westin travel & tours inc.**



Tel:877-256-1971
773-465-4040
e-mail:info@westintravel.com
web:westintravel.com
Low Fares And Cofirm Seats With Lufthansa, American Ailines, Continental Air, Air India to India, Middle East And Europe

**SYAN VIDEO PRODUCTION, INC.**
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

**SUPER TRAVEL**
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250


**Easy Travel Inc.**
7191 Camelot Drive, Canton, MI 48187 Fax: 866-908-6663
www.easytravelinc.net info@easytravelinc.net
ਸਸਤੀਆਂ ਹਵਾਈ ਟਿਕਟਾਂ



Please call us for the lowest fare from your city to india
Tel: 734-451-9526, Toll Free 866-51-INDIA

# ਜਗਦੀਸ਼ ਸਿੰਘ ਝੀਂਡਾ ਅਤੇ ਚਾਰ ਸਾਥੀ ਦੋਸ਼ੀ ਕਰਾਰ

**ਅੰਮ੍ਰਿਤਸਰ:** ਕੁਰੂਕਸ਼ੇਤਰ ਦੇ ਇਤਿਹਾਸਕ ਗੁਰਦੁਆਰੇ ਪਾਤਸ਼ਾਹੀ ਛੇਵੀਂ ਦੇ ਕਬਜ਼ੇ ਸਬੰਧੀ ਮਾਮਲੇ ਵਿਚ ਹਰਿਆਣਾ



ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਥੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਪਰ ਉਨ੍ਹਾਂ ਨੂੰ ਤਨਖਾਹ ਲਾਉਣ ਦਾ ਫੈਸਲਾ ਰਾਖਵਾਂ ਰੱਖ ਲਿਆ ਗਿਆ। ਤਨਖਾਹ ਲਾਉਣ ਸਬੰਧੀ ਫੈਸਲਾ 15 ਨਵੰਬਰ ਜਾਂ ਇਸ ਤੋਂ ਬਾਅਦ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਿਆ ਜਾਵੇਗਾ।

ਲੰਘੀ 14 ਅਕਤੂਬਰ ਨੂੰ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਜੋਗਾ ਸਿੰਘ, ਅਵਤਾਰ ਸਿੰਘ ਚੱਕੂ, ਕਮਲਜੀਤ ਸਿੰਘ ਅਜਰਾਣਾ ਅਤੇ ਹਜ਼ੂਰਾ ਸਿੰਘ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਚੌਥੀ ਵਾਰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ।

ਵਰਨਣਯੋਗ ਹੈ ਕਿ ਬੀਤੀ 19 ਸਤੰਬਰ ਨੂੰ ਪਹਿਲੀ ਵਾਰ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਸਨ। ਉਨ੍ਹਾਂ ਨੇ ਸਿੰਘ ਸਾਹਿਬਾਨ ਸਾਹਮਣੇ ਆਪਣਾ ਪੱਖ ਪੇਸ਼ ਕੀਤਾ ਸੀ ਅਤੇ ਸਿੰਘ ਸਾਹਿਬਾਨ ਨੇ ਇਹ ਕਿਹਾ ਸੀ ਕਿ ਉਨ੍ਹਾਂ ਪਾਸੋਂ ਸਪੱਸ਼ਟੀਕਰਨ ਲੈ ਲਿਆ ਗਿਆ ਹੈ ਅਤੇ ਇਸ ਸਬੰਧੀ ਪੜਤਾਲ ਕਰਕੇ ਅਗਲੀ ਕਾਰਵਾਈ 1 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਕੀਤੀ ਜਾਵੇਗੀ। ਇਕ ਅਕਤੂਬਰ ਨੂੰ ਹੋਈ ਮੀਟਿੰਗ ਤੋਂ ਬਾਅਦ ਸਿੰਘ ਸਾਹਿਬਾਨ ਨੇ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ 14 ਅਕਤੂਬਰ ਨੂੰ ਮੁੜ ਪੇਸ਼ ਹੋਣ ਲਈ ਕਿਹਾ ਸੀ।

ਮੀਟਿੰਗ ਮਗਰੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਿਹੜੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਦੇ ਆਧਾਰ ਤੇ ਕਬਜ਼ੇ ਦੇ ਮਾਮਲੇ ਤੇ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਦੋਸ਼ੀ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਨਖਾਹ ਲਾਉਣ ਦਾ ਫੈਸਲਾ 15 ਨਵੰਬਰ ਜਾਂ ਇਸ ਮਗਰੋਂ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਿਆ ਜਾਵੇਗਾ। ਸਿੰਘ ਸਹਿਬਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਫਰਜ਼ ਪੂਰੀ ਤਰ੍ਹਾਂ ਨਿਭਾਅ ਰਹੀ ਹੈ, ਇਸ ਲਈ ਵੱਖਰੀ ਕਮੇਟੀ ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਅਜਿਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ, ਜਿਸ ਨਾਲ ਸ਼੍ਰੋਮਣੀ ਕਮੇਟੀ ਦੋ ਫਾੜ ਹੋ ਜਾਵੇ। ਉਨ੍ਹਾਂ ਇਹ ਗੱਲ ਵੀ ਦੁਹਰਾਈ ਕਿ ਕਾਂਗਰਸ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ।

ਕਲਕੱਤੇ ਵਿਚ ਗੁਰਦੁਆਰੇ ਦੀ ਥਾਂ ਵੇਚਣ ਬਾਰੇ ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਥਾਂ ਨਹੀਂ ਵੇਚੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਜੇ ਹੁਣ ਇਹ ਜ਼ਮੀਨ ਵੇਚੀ ਗਈ ਹੈ ਤਾਂ ਇਸ ਪੈਸੇ ਨਾਲ ਹੋਰ ਥਾਂ ਖਰੀਦੀ ਜਾਵੇ। ਉਨ੍ਹਾਂ ਕਰਤਾਰਪੁਰ ਲਾਂਘੇ ਸਬੰਧੀ ਡੇਰਾ ਬਾਬਾ ਨਾਨਕ ਵਿਚ 7 ਨਵੰਬਰ ਨੂੰ ਹੋ ਰਹੇ ਸਮਾਗਮ ਵਿਚ ਸੰਗਤਾਂ ਨੂੰ ਪੁੱਜਣ ਦੀ ਅਪੀਲ ਵੀ ਕੀਤੀ।

ਉਧਰ ਸ੍ਰ. ਝੀਂਡਾ ਨੇ ਕਿਹਾ ਕਿ ਉਹ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ 'ਤੇ ਦ੍ਰਿੜ ਹਨ। ਉਨ੍ਹਾਂ ਕਿਹਾ ਕਿ ਇਹ ਹਰਿਆਣਾ ਦੇ ਸਿੱਖਾਂ ਦਾ ਹੱਕ ਹੈ ਕਿ ਉਹ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਨ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ। ਸ੍ਰੀ ਝੀਂਡਾ ਨੇ ਕਿਹਾ ਕਿ ਚੋਣਾਂ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਹ ਵਾਅਦਾ ਕੀਤਾ ਹੈ ਕਿ ਜੇ ਉਨ੍ਹਾਂ ਦੀ ਸਰਕਾਰ ਦੁਬਾਰਾ ਬਣੀ ਤਾਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਰੂਰ ਬਣੇਗੀ। ਉਨ੍ਹਾਂ ਕਿਹਾ ਕਿ 22 ਅਕਤੂਬਰ ਨੂੰ ਰਿਜ਼ਲਟ ਸਾਹਮਣੇ ਆ ਜਾਣਗੇ। ਉਸ ਮਗਰੋਂ ਜੇ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਉਹ ਉਨ੍ਹਾਂ ਨੂੰ ਆਪਣਾ ਵਾਅਦਾ ਪੂਰਾ ਕਰਨ ਲਈ ਦਬਾਅ ਪਾਉਣਗੇ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਗਿਆਨੀ ਗੁਰਬਚਨ ਸਿੰਘ ਤੋਂ ਇਲਾਵਾ ਤਖਤ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਤ੍ਰਿਲੋਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਪ੍ਰਧਾਨ ਜਥੇਦਾਰ ਜੋਤਇੰਦਰ ਸਿੰਘ ਸ਼ਾਮਲ ਸਨ।

ਇਸ ਦੌਰਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਜਨਰਲ ਸਕੱਤਰ ਜਥੇਦਾਰ ਦੀਦਾਰ ਸਿੰਘ ਨਲਵੀ ਨੇ ਸਿੰਘ ਸਾਹਿਬਾਨ ਵਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਕਮੇਟੀ ਦੇ ਤਿੰਨ ਹੋਰ ਆਗੂਆਂ ਨੂੰ ਕੁਰੂਕਸ਼ੇਤਰ ਦੇ ਗੁਰਦੁਆਰੇ ਦੀ ਜਬਰੀ ਕਾਰ ਸੇਵਾ ਸੰਭਾਲਣ ਦੇ ਮਾਮਲੇ 'ਚ ਦੋਸ਼ੀ ਐਲਾਨਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਸਿੰਘ ਸਾਹਿਬਾਨ ਨੂੰ ਮਾਮਲੇ ਦੀ ਪੂਰੀ ਡੂੰਘਾਈ ਨਾਲ ਖੋਜ ਪੜਤਾਲ ਕਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦੇ ਮਾਮਲੇ ਤੇ ਹਰਿਆਣਾ ਦੇ ਸਿੱਖਾਂ ਨਾਲ ਪਿਛਲੇ 43 ਸਾਲ ਤੋਂ ਧੱਕਾ ਹੁੰਦਾ ਆ ਰਿਹਾ ਹੈ ਤੇ ਸਿੰਘ ਸਾਹਿਬਾਨ ਨੂੰ ਧੱਕੇ ਦੂਰ ਕਰਵਾਉਣ ਵਿਚ ਮਦਦ ਕਰਨੀ ਚਾਹੀਦੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੂੰ ਹਦਾਇਤ ਕਰਨੀ ਚਾਹੀਦੀ ਹੈ ਕਿ ਹਰਿਆਣਾ ਨੂੰ ਵੱਖਰੀ ਕਮੇਟੀ ਦਿੱਤੀ ਜਾਵੇ।

## ਪੰਜਾਬ ਸਰਕਾਰ ਵਲੋਂ ਗੰਨੇ ਦੇ ਭਾਅ 'ਚ ਵਾਧਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਲ 2010-11 ਦੇ ਪਿੜਾਈ ਸੀਜ਼ਨ ਲਈ ਗੰਨੇ ਦੀ ਅਗੇਤੀ, ਦਰਮਿਆਨੀ ਅਤੇ ਪਛੇਤੀ ਕਿਸਮ ਲਈ ਕ੍ਰਮਵਾਰ 200, 195 ਅਤੇ 190 ਰੁਪਏ ਪ੍ਰਤੀ ਕੁਇੰਟਲ ਭਾਅ ਨਿਸ਼ਚਤ ਕੀਤਾ ਹੈ। ਮੁੱਖ ਦਫਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸਬੰਧੀ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਸ਼ੂਗਰ ਕੇਨ ਕੰਟਰੋਲ ਬੋਰਡ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਜ਼ਿਕਰਯੋਗ ਹੈ ਕਿ ਸਾਲ 2009-10 ਦੇ ਪਿੜਾਈ ਸੀਜ਼ਨ ਦੌਰਾਨ ਗੰਨੇ ਦੀ ਅਗੇਤੀ, ਦਰਮਿਆਨੀ ਅਤੇ ਪਛੇਤੀ ਕਿਸਮ ਲਈ ਪਹਿਲਾਂ ਇਹ ਮੁੱਲ ਕ੍ਰਮਵਾਰ 180, 175 ਅਤੇ 170 ਰੁਪਏ ਪ੍ਰਤੀ ਕੁਇੰਟਲ ਸੀ।

# ਅਕਾਲ ਤਖਤ ਵਲੋਂ ਗੁਰਦੁਆਰਾ ਮਾਡਲ ਟਾਊਨ ਜਲੰਧਰ ਦੀਆਂ ਦੋਵੇਂ ਧਿਰਾਂ ਤਲਬ

**ਅੰਮ੍ਰਿਤਸਰ:** ਕੁਰੂਕਸ਼ੇਤਰ 'ਚ ਸਥਿਤ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਰ ਅਧੀਨ ਹੋਣ ਦੇ ਨਾਲ ਇਕ ਇਹੋ ਅਜਿਹਾ ਹੋਰ ਮਾਮਲਾ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਰ ਅਧੀਨ ਆ ਰਿਹਾ ਹੈ, ਜਿਸਦੇ ਮਾਮਲੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦੋਵਾਂ ਧਿਰਾਂ ਨੂੰ ਪੇਸ਼ ਹੋਣ ਦੇ ਹੁਕਮ ਵੀ ਸੁਣਾ ਦਿੱਤੇ ਗਏ ਹਨ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਜਲੰਧਰ 'ਤੇ 4 ਜੁਲਾਈ 2009 ਨੂੰ ਹੋਏ ਕਬਜ਼ੇ ਦਾ ਇਹ ਮਾਮਲਾ ਹੈ, ਜਿਸਨੂੰ ਗੁਰਦੁਆਰਾ ਮਾਡਲ ਟਾਊਨ ਪ੍ਰਧਾਨ ਗੁਰਸ਼ੇਰ ਸਿੰਘ ਅਤੇ ਐਗਜ਼ੈਕਟਿਵ ਮੈਂਬਰ ਮਹਿੰਦਰਪਾਲ ਸਿੰਘ ਬਿਨਾਕਾ ਦੀ ਅਗਵਾਈ 'ਚ ਇਕ ਵਫਦ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਧਿਆਨ ਵਿਚ ਲਿਆਂਦਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਬਿਨਾਕਾ ਤੇ ਗੁਰਸ਼ੇਰ ਸਿੰਘ ਨੇ ਦੱਸਿਆ ਕਿ 4 ਜੁਲਾਈ ਨੂੰ ਮਨਦੀਪ ਸਿੰਘ ਸੇਠੀ ਜੋ ਇਸ ਗੁਰਦੁਆਰੇ ਦੇ ਸਾਬਕਾ ਪ੍ਰਧਾਨ ਸਨ, ਨੇ ਸਿਰਫ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਗੁਰਦੁਆਰੇ 'ਤੇ ਹੀ ਕਬਜ਼ਾ ਨਹੀਂ ਕੀਤਾ ਸਗੋਂ ਕਬਜ਼ੇ ਦੇ ਸਮੇਂ ਦੌਰਾਨ ਗੁਰਮਰਿਆਦਾ ਦੀ ਘੋਰ ਉਲੰਘਣਾ ਕੀਤੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਟੈਲੀਫੋਨ ਤੇ ਜਾਣਕਾਰੀ ਦੇਣ ਦੇ ਨਾਲ ਲਿਖਤੀ ਸ਼ਿਕਾਇਤ ਵੀ ਕੀਤੀ ਸੀ ਪਰ 4 ਮਹੀਨੇ ਲੰਘ ਜਾਣ ਦੇ ਬਾਵਜੂਦ ਕੋਈ ਵੀ ਕਾਰਵਾਈ ਨਹੀਂ ਹੋਈ, ਜਦੋਂਕਿ ਦੂਸਰੇ ਪਾਸੇ ਕੁਰੂਕਸ਼ੇਤਰ 'ਚ 13 ਸਤੰਬਰ ਨੂੰ ਵਾਪਰੇ ਘਟਨਾਕ੍ਰਮ 'ਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਲੰਧਰ 'ਚ ਸਥਿਤ ਇਸ ਗੁਰਦੁਆਰੇ ਵਿਚ ਵੀ ਉਵੇਂ ਗੁਰਮਰਿਆਦਾ ਦੀ ਉਲੰਘਣਾ ਹੋਈ ਹੈ ਜਿਵੇਂ ਕੁਰੂਕਸ਼ੇਤਰ ਵਿਚ ਹੋਈ ਹੈ ਪਰ ਅਜੇ ਤੱਕ ਕਥਿਤ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਾ ਹੋਣਾ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ।

ਉਨ੍ਹਾਂ ਕਿਹਾ ਕਿ 4 ਜੁਲਾਈ ਨੂੰ ਕਿਵੇਂ ਕਬਜ਼ਾ ਕੀਤਾ ਗਿਆ ਹੈ, ਦੇ ਬਾਰੇ ਸਾਰੀ ਜਾਣਕਾਰੀ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੜ ਧਿਆਨ ਵਿਚ ਲਿਆਉਣ ਤੋਂ ਬਾਅਦ ਉਨ੍ਹਾਂ ਨੂੰ ਆਸ ਹੈ ਕਿ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਉਚਿਤ ਕਾਰਵਾਈ ਕੀਤੀ ਜਾਵੇਗੀ ਅਤੇ ਜੋ ਚੁਣੀ ਹੋਈ ਕਮੇਟੀ ਹੈ, ਨੂੰ ਮੁੜ ਗੁਰਦੁਆਰੇ ਦੀ ਸਾਂਭ-ਸੰਭਾਲ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਨਦੀਪ ਸਿੰਘ ਸੇਠੀ 4 ਜੁਲਾਈ ਨੂੰ 200 ਦੇ ਕਰੀਬ ਕਲੀਨਸ਼ੇਵ ਮੁੰਡਿਆਂ ਨਾਲ ਗੁਰਦੁਆਰੇ 'ਚ ਉਦੋਂ ਦਾਖਲ ਹੋਇਆ ਸੀ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਆਰੰਭਤਾ ਕੀਤੀ ਜਾ ਰਹੀ ਸੀ। ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀ ਕਰਨ ਦਾ ਮਾਮਲਾ ਵੀ ਪੁਲਸ ਡਵੀਜ਼ਨ ਨੰਬਰ 6 ਵਿਚ ਦਰਜ ਕਰਵਾ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਸਮੇਂ ਸੇਠੀ ਦਾ ਪੂਰਾ ਸਾਥ ਦਿੱਤਾ ਗਿਆ ਸੀ, ਜਦੋਂਕਿ ਉਨ੍ਹਾਂ ਦੇ ਪਿਛੋਕੜ ਬਾਰੇ ਉੱਚ ਅਧਿਕਾਰੀਆਂ ਨੂੰ ਸਾਰੀ ਜਾਣਕਾਰੀ ਸੀ। ਉਨ੍ਹਾਂ ਕਿਹਾ ਕਿ ਸੇਠੀ 'ਤੇ ਸਮੇਂ ਸਮੇਂ ਜਿਹੜੇ ਦੋਸ਼ ਲੱਗੇ ਹਨ, ਦੀ ਵੀ ਪੂਰੀ ਜਾਣਕਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੇ ਦਿੱਤੀ ਗਈ ਹੈ, ਜਿਸ ਕੇਸ ਵਿਚ ਉਸ ਵਲੋਂ ਜ਼ਮਾਨਤ ਕਰਵਾਈ ਹੋਈ ਹੈ, ਦੇ ਬਾਰੇ ਵੀ ਜਾਣਕਾਰੀ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਘਟਨਾ ਦੇ ਸਮੇਂ ਉਨ੍ਹਾਂ ਦੀ ਕੋਈ ਵੀ ਸੁਣੀ ਨਹੀਂ ਗਈ।

ਉਲਟਾ ਗੁਰਸ਼ੇਰ ਸਿੰਘ ਸਮੇਤ 12 ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸੇਠੀ ਨੂੰ ਕਬਜ਼ਾ ਕਰਵਾ ਦਿੱਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੰਗ ਕੀਤੀ ਹੈ ਕਿ ਸਾਰੇ ਮਾਮਲੇ ਦੀ ਜਾਂਚ ਕਰਵਾ ਕੇ ਜੋ ਵੀ ਲੋਕ ਦੋਸ਼ੀ ਪਾਏ ਜਾਣ, ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਗੁਰਦੁਆਰੇ ਦੀ ਸੇਵਾ ਸੰਭਾਲ ਉਨ੍ਹਾਂ ਨੂੰ ਦੇ ਦਿੱਤੀ ਜਾਵੇ ਜੋ ਪਾਰਦਰਸ਼ਿਤਾ ਨਾਲ ਗੁਰਦੁਆਰੇ ਦਾ ਪ੍ਰਬੰਧ ਚਲਾਉਣ ਦੇ ਯੋਗ ਹੋਣ। ਯਾਦ ਰਹੇ ਇਸ ਗੁਰਦੁਆਰੇ ਦਾ ਮਾਮਲਾ ਪਿਛਲੇ ਕਾਫੀ ਸਮੇਂ ਤੋਂ ਭਖਿਆ ਹੋਇਆ ਹੈ।

### ਬੱਬਰ ਖਾਲਸਾ ਦੀਆਂ ਧਮਕੀਆਂ ਤੋਂ ਕਾਂਗਰਸ ਮੁੜਕੋ-ਮੁੜਕੀ

# ਚੰਡੀਗੜ੍ਹ ਦਾ ਪੰਜਾਬ ਕਾਂਗਰਸ ਭਵਨ ਕਿਲੇ ਵਿਚ ਤਬਦੀਲ

**ਚੰਡੀਗੜ੍ਹ:** ਦਸ ਦਿਨ ਪਹਿਲਾਂ ਬੱਬਰ ਖਾਲਸਾ ਵਲੋਂ ਪੰਜਾਬ ਕਾਂਗਰਸ ਪ੍ਰਧਾਨ ਸਮੇਤ 10 ਪਾਰਟੀ ਲੀਡਰਾਂ ਨੂੰ ਭੇਜੇ ਧਮਕੀ ਪੱਤਰਾਂ ਤੋਂ ਉਪਜੀ ਸਥਿਤੀ ਪਿਛੋਂ ਪੰਜਾਬ ਪੁਲਿਸ ਦੇ ਮੁਖੀ ਨੇ ਸੈਕਟਰ 15 ਦੇ ਕਾਂਗਰਸ ਭਵਨ ਦੀ ਸੁਰੱਖਿਆ ਵਧਾ ਦਿੱਤੀ ਅਤੇ ਪਤਾ ਲੱਗਾ ਹੈ ਕਿ ਧਮਕੀਆਂ ਦੇ ਸਾਏ ਹੇਠ ਰਹਿਣ ਵਾਲੇ ਨੇਤਾਵਾਂ ਦੀ ਸੁਰੱਖਿਆ ਬਾਰੇ ਵੀ ਉਪਰਾਲੇ ਕੀਤੇ ਜਾ ਰਹੇ ਹਨ। ਪਾਰਟੀ ਸੂਤਰਾਂ ਨੇ ਦੱਸਿਆ ਕਿ ਕਾਂਗਰਸ ਭਵਨ ਦੇ ਮੁੱਖ ਗੇਟ 'ਤੇ ਹੁਣ ਇਕ ਸੁਰੱਖਿਆ ਗਾਰਡ ਦੀ ਥਾਂ ਆਧੁਨਿਕ ਹਥਿਆਰਾਂ ਨਾਲ ਲੈਸ ਹਵਾਲਦਾਰ ਰੈਂਕ ਦੇ ਚਾਰ ਜਵਾਨ ਤਾਇਨਾਤ ਕੀਤੇ ਗਏ ਹਨ। ਪਾਰਟੀ ਦਫਤਰ ਦੇ ਪਿਛਲੇ ਪਾਸੇ ਵੀ ਚਾਰ ਜਵਾਨਾਂ ਦੀ ਗਾਰਦ ਗਸ਼ਤ ਕਰਦੀ ਰਹੇਗੀ ਅਤੇ ਨਿਗਰਾਨੀ ਲਈ ਇਕ ਇੰਸਪੈਕਟਰ ਪੱਧਰ ਦਾ ਸੁਰੱਖਿਆ ਅਧਿਕਾਰੀ ਲਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ 9 ਅਕਤੂਬਰ ਨੂੰ ਬੱਬਰ ਖਾਲਸਾ ਦੇ ਪੈਡ 'ਤੇ ਦਸਤਖਤਾਂ ਵਾਲਾ ਇਕੋ ਜਿਹਾ ਧਮਕੀ ਪੱਤਰ 10 ਕਾਂਗਰਸੀ ਲੀਡਰਾਂ ਦੇ ਨਾਮ 'ਤੇ ਅੱਡੋ-ਅੱਡ ਲਿਫਾਫਿਆਂ 'ਚ ਡਾਕ ਰਾਹੀਂ ਕਾਂਗਰਸ ਭਵਨ ਵਿਚ ਪ੍ਰਾਪਤ ਹੋਇਆ ਸੀ, ਜਿਸ ਸੰਬੰਧੀ ਤੁਰੰਤ ਸੂਚਨਾ ਪੁਲਿਸ ਦੇ ਡੀ. ਜੀ. ਪੀ., ਇੰਟੈਲੀਜੈਂਸ ਵਿਭਾਗ ਅਤੇ ਹੋਰ ਸੰਬੰਧਤ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਸੀ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਅਤੇ ਸੂਬਾ ਇਕਾਈ ਦੇ 10 ਹੋਰਨਾਂ ਆਗੂਆਂ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਧਮਕੀ ਪੱਤਰ ਆਉਣ ਦੇ ਬਾਵਜੂਦ ਪੰਜਾਬ ਪੁਲੀਸ ਵਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਬਾਅਦ ਪ੍ਰਦੇਸ਼ ਕਾਂਗਰਸ ਨੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੂੰ ਜਿਥੇ ਆਗੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਸੀ, ਉਥੇ ਇਸ ਮਾਮਲੇ ਵਿਚ ਦਖਲ ਦੇਣ ਦੀ ਮੰਗ ਵੀ ਕੀਤੀ ਸੀ। ਪੰਜਾਬ ਕਾਂਗਰਸ ਨੇ ਇਸ ਮਾਮਲੇ ਦੀ ਜਾਂਚ ਕੇਂਦਰੀ ਏਜੰਸੀ ਤੋਂ ਕਰਾਉਣ ਲਈ ਵੀ ਕਿਹਾ ਸੀ। ਪਾਰਟੀ ਦੇ ਜਨਰਲ ਸਕੱਤਰ ਰਾਜਪਾਲ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਲਿਖੇ ਪੱਤਰ 'ਚ ਕਿਹਾ ਗਿਆ ਸੀ ਕਿ ਅਤਿਵਾਦੀ ਜਥੇਬੰਦੀ ਬੱਬਰ ਖਾਲਸਾ ਦੇ ਧਮਕੀ ਪੱਤਰ ਮਿਲਣ ਤੋਂ ਬਾਅਦ ਪਾਰਟੀ ਦਫਤਰ ਵਲੋਂ ਪੰਜਾਬ ਪੁਲੀਸ ਦੇ ਮੁਖੀ ਪੀ.ਐਸ.ਗਿੱਲ, ਏ.ਡੀ.ਜੀ.ਪੀ. (ਇੰਟੈਲੀਜੈਂਸ), ਏ.ਡੀ.ਜੀ.ਸੀ. (ਸੁਰਖਿਆ) ਅਤੇ ਚੰਡੀਗੜ੍ਹ ਦੇ ਐਸ ਐਸ ਪੀ ਨੂੰ ਕਾਂਗਰਸ ਦਫ਼ਤਰ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਕਿਹਾ ਗਿਆ ਸੀ ਕਿਉਂਕਿ ਇਸ ਦਫ਼ਤਰ 'ਚ ਮਹੱਤਵਪੂਰਨ ਵਿਅਕਤੀਆਂ ਦਾ ਆਮ ਆਉਣ ਜਾਣ ਹੈ। ਕਾਂਗਰਸ ਆਗੂ ਨੇ ਕਿਹਾ ਸੀ ਕਿ ਇਸ ਸੰਵੇਦਨਸ਼ੀਲ ਮਾਮਲੇ ਦਾ ਪੰਜਾਬ ਪੁਲੀਸ ਨੇ ਕੋਈ ਨੋਟਿਸ ਨਹੀਂ ਲਿਆ ਜਦਕਿ ਕਾਂਗਰਸ ਦਫਤਰ ਦੀ ਸੁਰਖਿਆ ਲਈ ਕੇਵਲ ਤਿੰਨ ਕਰਮਚਾਰੀ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਪੁਲੀਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਸਹੀ ਅਰਥਾਂ 'ਚ ਕਾਂਗਰਸ ਦਫ਼ਤਰ 'ਚ ਇੱਕੋ ਹੀ ਕਰਮਚਾਰੀ ਮੌਜੂਦ ਹੈ।

ਪੰਜਾਬ ਪੁਲੀਸ ਵਲੋਂ ਸੁਰੱਖਿਆ ਮਜ਼ਬੂਤ ਕਰਨਾ ਤਾਂ ਦੂਰ ਦੀ ਗੱਲ, ਕਿਸੇ ਛੋਟੇ ਮੋਟੇ ਅਧਿਕਾਰੀ ਨੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਵੀ ਨਹੀਂ ਲਿਆ। ਉਨ੍ਹਾਂ ਕਿਹਾ ਸੀ ਕਿ ਅਤਿਵਾਦ ਦੌਰਾਨ ਪੰਜਾਬ ਕਾਂਗਰਸ ਦੇ ਬਹੁਤ ਸਾਰੇ ਆਗੂ ਆਪਣੀ ਜਾਨ ਗੁਆ ਚੁੱਕੇ ਹਨ ਤੇ ਪਾਰਟੀ ਦੇ ਕਈ ਆਗੂਆਂ ਨੂੰ ਅਜੇ ਵੀ ਅਤਿਵਾਦੀਆਂ ਤੋਂ ਖ਼ਤਰਾ ਹੈ। ਅਜਿਹੀ ਹਾਲਤ 'ਚ ਪੰਜਾਬ ਪੁਲੀਸ ਦਾ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਮਾਮਲੇ ਨੂੰ ਅਣਗੌਲਿਆ ਕਰਨਾ ਚਿੰਤਾ ਦਾ ਵਿਸ਼ਾ ਹੈ। ਇਸ ਪੱਤਰ ਵਿਚ ਕਿਹਾ ਗਿਆ ਸੀ ਕਿ ਇਹ ਧਮਕੀ ਬੇਸ਼ੱਕ ਕਿਸੇ ਸ਼ਰਾਰਤੀ ਅਨਸਰ ਦੀ ਹੀ ਹੋਵੇ ਪਰ ਪੰਜਾਬ 'ਚ ਜਿਸ ਤਰ੍ਹਾਂ ਪਿਛਲੇ ਦਿਨਾਂ ਦੌਰਾਨ ਘਟਨਾਵਾਂ ਵਾਪਰੀਆਂ ਹਨ ਉਸ ਦੇ ਮੱਦੇਨਜ਼ਰ ਇਸਨੂੰ ਅਣਗੌਲਿਆ ਨਹੀਂ ਜਾ ਸਕਦਾ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਸੀ ਕਿ ਕਾਂਗਰਸ ਆਗੂਆਂ ਨੂੰ ਧਮਕੀ ਪੱਤਰ ਭੇਜੇ ਜਾਣ ਦੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਸੀ ਕਿ ਕਾਂਗਰਸ ਦਫ਼ਤਰ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਪੰਜਾਬ ਪੁਲੀਸ ਨੂੰ ਨਿਰਦੇਸ਼ ਦਿੱਤੇ ਜਾਣ ਜਾਂ ਫਿਰ ਕੇਂਦਰ ਵਲੋਂ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ। ਯਾਦ ਰਹੇ ਕੁੱਝ ਦਿਨ ਪਹਿਲਾਂ ਸ੍ਰੀ ਕੇ.ਪੀ. ਤਰਲੋਚਨ ਸਿੰਘ, ਰਾਜਪਾਲ ਸਿੰਘ, ਨਿਰਮਲ ਰਾਮਪਾਲ ਤੇ ਦਰਜਨ ਦੇ ਕਰੀਬ ਆਗੂਆਂ ਨੂੰ ਪਾਰਟੀ ਛੱਡ ਦੇਣ ਲਈ ਧਮਕਾਇਆ ਸੀ।

## ਬੋਗਸ ਲੱਗਦੈ ਬੱਬਰ ਖਾਲਸਾ ਦਾ ਧਮਕੀ ਪੱਤਰ

**ਚੰਡੀਗੜ੍ਹ:** ਪੰਜਾਬ ਦੇ ਕੁਝ ਕੁ ਕਾਂਗਰਸੀਆਂ ਨੂੰ ਖਾਲਿਸਤਾਨੀ ਜੱਥੇਬੰਦੀ ਬੱਬਰ ਖਾਲਸਾ ਵਲੋਂ ਮਾਰ ਦੇਣ ਦੀ ਧਮਕੀ ਖੁਦ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਹਜ਼ਮ ਨਹੀਂ ਹੋ ਰਹੀ। ਭਾਵੇਂ ਖੁਫੀਆ ਏਜੰਸੀਆਂ ਇਸ ਧਮਕੀ ਨੂੰ ਹਲਕੇ ਢੰਗ ਨਾਲ ਨਹੀਂ ਲੈ ਰਹੀਆਂ, ਪਰ ਏਜੰਸੀਆਂ ਇਸ ਕਾਰਵਾਈ ਨੂੰ ਕਾਂਗਰਸ ਭਵਨ ਦੀ ਅੰਦਰੂਨੀ ਲੜਾਈ ਦੇ ਹਿੱਸੇ ਵਜੋਂ ਦੇਖ ਰਹੀਆਂ ਹਨ। ਕੁਝ ਦਿਨ ਪਹਿਲਾਂ ਬੱਬਰ ਖਾਲਸਾ ਦੇ ਬਣਾਉਟੀ ਜਿਹੇ ਜਾਪਦੇ ਲੈਟਰ ਹੈੱਡ 'ਤੇ ਹੱਥ ਨਾਲ ਲਿਖਤ ਇਕ ਧਮਕੀ ਭਰਿਆ ਖਤ ਚੰਡੀਗੜ੍ਹ ਸਥਿਤ ਪੰਜਾਬ ਕਾਂਗਰਸ ਭਵਨ 'ਚ ਪੁੱਜਿਆ, ਜਿਸ 'ਚ ਪ੍ਰਦੇਸ਼ ਕਾਂਗਰਸ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ.ਪੀ. ਤੋਂ ਇਲਾਵਾ 9 ਹੋਰ ਅਹੁਦੇਦਾਰ ਸ਼ਾਮਲ ਹਨ। ਅਹਿਮ ਗੱਲ ਇਹ ਹੈ ਕਿ ਇਹ ਪੱਤਰ 'ਤੇ ਬੱਬਰ ਖਾਲਸਾ ਦੇ ਪੁਰਾਣੇ ਲੈਟਰ ਹੈਡ ਦੇ ਉਲਟ ਨਾ ਤਾਂ ਕੋਈ ਨਾਮ ਹੈ, ਨਾ ਹੀ ਸਥਾਪਨਾ ਦਾ ਵਰ੍ਹਾ ਲਿਖਿਆ ਹੈ ਤੇ ਨਾ ਹੀ ਕੋਈ ਨਾਅਰਾ ਲਿਖਿਆ ਹੈ। ਸ੍ਰੀ ਕੇ.ਪੀ. ਤੋਂ ਇਲਾਵਾ ਬਾਕੀ ਜ਼ਿਆਦਾਤਰ ਆਗੂ ਉਹ ਹਨ, ਜੋ ਦਫਤਰ 'ਚ ਆਉਂਦੇ ਜਾਂਦੇ ਹਨ ਤੇ ਜਿਨ੍ਹਾਂ ਦਾ ਪਿਛੋਕੜ ਕਦੇ ਅੱਤਵਾਦ ਨਾਲ ਲੜਨ ਵਾਲਿਆਂ ਵਜੋਂ ਸੁਰਖੀਆਂ 'ਚ ਨਹੀਂ ਰਿਹਾ। ਖੁਦ ਪ੍ਰਦੇਸ਼ ਕਾਂਗਰਸ ਪ੍ਰਧਾਨ, ਕਾਂਗਰਸ ਵਿਧਾਇਕ ਦਲ ਦੀ ਆਗੂ ਜਾਂ ਹੋਰ ਸੂਬੇ ਦੇ ਪਹਿਲੀ ਕਤਾਰ ਦੇ ਆਗੂਆਂ ਨੇ ਇਕ ਵਾਰ ਵੀ ਇਸ ਮਾਮਲੇ ਸਬੰਧੀ ਗੰਭੀਰ ਬਿਆਨ ਨਹੀਂ ਦਿੱਤਾ।

ਕਾਂਗਰਸ ਦੇ ਇਕ ਸੀਨੀਅਰ ਸੂਬਾਈ ਆਗੂ ਦੀ ਖੁਦ ਦੀ ਟਿੱਪਣੀ ਸੀ ਕਿ ਧਮਕੀ ਪੱਤਰ 'ਚ ਸ੍ਰੀ ਕੇ.ਪੀ. ਤੋਂ ਬਿਨਾਂ ਹੋਰ ਅਹੁਦੇ ਤਾਂ ਦਫਤਰੀ ਬਾਬੂ ਆਗੂਆਂ ਦੇ ਨਾਮ ਦੇਣਾ ਜਾਂ ਤਾਂ ਜਥੇਬੰਦੀ ਦੇ ਪੱਤਰ ਦਾ ਜਾਂ ਫਿਰ ਛੋਟੇ ਵਰਕਰਾਂ ਦਾ ਮਜ਼ਾਕ ਜਿਹਾ ਹੀ ਹੈ। ਇਕ ਹੋਰ ਕਾਂਗਰਸੀ ਵਿਧਾਇਕ ਦੀ ਟਿੱਪਣੀ ਸੀ ਕਿ ਮਾਮਲਾ ਬੋਗਸ ਜਿਹਾ ਹੀ ਲੱਗ ਰਿਹਾ ਹੈ ਤੇ ਇਸਨੂੰ ਉਠਾਉਣ ਨਾਲ ਪਾਰਟੀ ਦੀ ਬਦਨਾਮੀ ਤੋਂ ਵਧ ਹੋਰ ਕੁਝ ਨਹੀਂ।

## ਬੇਅੰਤ ਸਿੰਘ ਪਰਿਵਾਰ ਨੂੰ ਵਿਦੇਸ਼ ਨਾ ਜਾਣ ਦੀ ਹਦਾਇਤ

**ਜਲੰਧਰ:** ਇੰਟੈਲੀਜੈਂਸ ਬਿਊਰੋ ਦੇ ਸੀਨੀਅਰ ਅਧਿਕਾਰੀਆਂ ਨੇ ਪੰਜਾਬ ਦੇ ਸਵਰਗੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਵਿਦੇਸ਼ ਦੌਰਿਆਂ ਤੋਂ ਬਚਣ ਲਈ ਕਿਹਾ ਹੈ। ਆਈ.ਬੀ. ਬੇਅੰਤ ਸਿੰਘ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਦੱਸੀ ਜਾ ਰਹੀ ਹੈ। ਦਿੱਲੀ ਤੋਂ ਮਿਲੀਆਂ ਸੂਚਨਾਵਾਂ ਅਨੁਸਾਰ ਇੰਦੌਰ ਵਿਚ ਪਿਛਲੇ ਦਿਨੀ ਯੂਥ ਕਾਂਗਰਸ ਦੇ ਇਕ ਸਮਾਰੋਹ ਵਿਚ ਬੱਬਰ ਖਾਲਸਾ ਦੇ ਅੱਤਵਾਦੀ ਦੇ ਆਉਣ ਦੀ ਸੂਚਨਾ ਆਈ.ਬੀ.ਨੂੰ ਮਿਲੀ ਹੈ। ਆਈ.ਬੀ.ਨੇ ਸਮਾਰੋਹ ਦੀ ਵੀਡੀਓ ਦੇਖੀ ਜਿਸ ਵਿਚ ਉਸਨੇ ਦੇਖਿਆ ਕਿ ਕਾਂਗਰਸੀ ਐਮ.ਪੀ. ਰਵਨੀਤ ਸਿੰਘ ਬਿੱਟੂ ਦੇ ਪਿਛੇ ਇਕ ਅਣਪਛਾਤਾ ਵਿਅਕਤੀ ਖੜ੍ਹਾ ਹੈ ਜਿਸ ਦੇ ਹੱਥ 'ਚ ਇਕ ਥੈਲਾ ਫੜਿਆ ਹੋਇਆ ਸੀ ਥੈਲੇ ਉਪਰ ਬੱਬਰ ਖਾਲਸਾ ਲਿਖਿਆ ਹੋਇਆ ਸੀ।

## ਮੋਹਾਲੀ ਵਿਖੇ ਸਵਾਈਨ ਫਲੂ ਨਾਲ ਇਕ ਔਰਤ ਦੀ ਮੌਤ

**ਮੋਹਾਲੀ:** ਬੀਤੀ 20 ਨਵੰਬਰ ਨੂੰ ਮੋਹਾਲੀ ਦੇ ਸਿਲਵਰ ਓਕਸ ਹਸਪਤਾਲ ਵਿਚ ਸਵਾਈਨ ਫਲੂ ਦੀ ਭਿਆਨਕ ਬਿਮਾਰੀ ਨਾਲ ਇਕ ਔਰਤ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਜਿੱਥੇ ਪੂਰੇ ਪੰਜਾਬ ਵਿਚ ਡਰ ਵਾਲਾ ਮਾਹੌਲ ਪੈਦਾ ਹੋ ਗਿਆ ਹੈ, ਉਥੇ ਮੋਹਾਲੀ ਵਾਸੀ ਵੀ ਸਹਿਮੇ ਹੋਏ ਹਨ।

ਇਸ ਮੌਤ ਬਾਰੇ ਜਦੋਂ ਡੀ ਐਚ ਓ, ਡਾ. ਐੱਸ ਪੀ ਸੁਰੀਲਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਸਾਨੂੰ ਜਿਉਂ ਹੀ ਇਸ ਗੱਲ ਦੀ ਸੂਚਨਾ ਮਿਲੀ ਤਾਂ ਅਸੀਂ ਆਪਣੀ ਟੀਮ ਸਮੇਤ ਨਿੱਜੀ ਹਸਪਤਾਲ ਵਿਚ ਪਹੁੰਚ ਗਏ ਅਤੇ ਉਥੋਂ ਦੇ ਪ੍ਰਬੰਧਕੀ ਸਟਾਫ਼ ਤੋਂ ਸਾਰੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਜਿਸ ਔਰਤ ਦੀ ਸਿਲਵਰ ਓਕਸ ਹਸਪਤਾਲ ਵਿਚ ਮੌਤ ਹੋਈ ਹੈ, ਉਹ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀ ਰਹਿਣ ਵਾਲੀ ਹੈ। ਉਨ੍ਹਾਂ ਕਿਹਾ ਕਿ ਸਵਾਈਨ ਫਲੂ ਨਾਲ ਪੰਜਾਬ ਵਿਚ ਇਹ ਪਹਿਲੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਵਲੋਂ ਤੁਰੰਤ ਕਾਰਵਾਈ ਕਰਦਿਆਂ ਹਸਪਤਾਲ ਦੇ ਆਈਸੀਯੂ ਵਾਰਡ ਨੂੰ ਸੀਲ ਕਰ ਦਿੱਤਾ ਗਿਆ ਅਤੇ ਵਾਰਡ ਵਿਚ ਮੌਜੂਦ ਮਰੀਜ਼ਾਂ ਨੂੰ ਆਈਸੋਲੇਸ਼ਨ ਵਾਰਡ ਵਿਚ ਸ਼ਿਫਟ ਕਰ ਦਿੱਤਾ ਗਿਆ।ਬੀਮਾਰੀ ਦੇ ਕੇਸ ਇਸ ਖਿੱਤੇ ਵਿਚ ਪਹਿਲਾਂ ਵੀ ਪਾਏ ਗਏ ਹਨ।

## ਕੇਂਦਰੀ ਜੇਲ੍ਹ 'ਚ ਖੁਦਕੁਸ਼ੀ

**ਲੁਧਿਆਣਾ:** ਸਥਾਨਕ ਕੇਂਦਰੀ ਜੇਲ੍ਹ 'ਚ ਇਕ ਕੈਦੀ ਵਲੋਂ ਸ਼ੱਕੀ ਹਾਲਤ 'ਚ ਫਾਹਾ ਲੈ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਕੈਦੀ ਦੀ ਸ਼ਨਾਖਤ ਮੋਹਣ ਸਿੰਘ (45) ਵਾਸੀ ਲੋਹਟਬੱਧੀ ਰਾਏਕੋਟ ਵਜੋਂ ਹੋਈ ਹੈ ਅਤੇ ਸਾਲ 2002 'ਚ ਉਸਨੂੰ ਜਗਰਾਉਂ ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਉਸਨੂੰ 11 ਸਾਲ ਦੀ ਸਜ਼ਾ ਹੋਈ ਸੀ ਅਤੇ ਇਸ ਵਕਤ ਉਹ ਕੇਂਦਰੀ ਜੇਲ੍ਹ ਲੁਧਿਆਣਾ 'ਚ ਸਜ਼ਾ ਭੁਗਤ ਰਿਹਾ ਸੀ। ਜੇਲ੍ਹ ਅਧਿਕਾਰੀਆਂ ਅਨੁਸਾਰ ਮੋਹਨ ਸਿੰਘ ਨੂੰ ਬੈਰਕ ਨੰਬਰ 6 'ਚ 100 ਦੇ ਕਰੀਬ ਕੈਦੀਆਂ ਨਾਲ ਰੱਖਿਆ ਗਿਆ ਸੀ।

ਨਾਨਕਸ਼ਾਹੀ ਕੈਲੰਡਰ 'ਚ ਸੋਧ ਦਾ ਮਾਮਲਾ

# ਜਥੇ ਨੰਦਗੜ੍ਹ ਵਲੋਂ ਚਾਰ ਤਖ਼ਤਾਂ ਦੇ ਜਥੇਦਾਰਾਂ ਦਾ ਵਿਰੋਧ

**ਅੰਮ੍ਰਿਤਸਰ :** ਪਰਵਾਸੀ ਭਾਰਤੀ ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਪਿਛਲੇ ਸਮੇਂ ਤੋਂ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵਿਚ ਕੁਝ ਲੋੜੀਂਦੀਆਂ ਸੋਧਾਂ ਕਰਨ ਦੇ ਸਿੰਘ ਸਾਹਿਬਾਨ ਦੀ ਲੁਕਵੇਂ ਏਜੰਡੇ ਨੂੰ ਐਤਕੀਂ ਵੀ ਕੋਈ ਸਫਲਤਾ ਨਹੀਂ ਮਿਲੀ ਤੇ ਸਿੰਘ ਸਾਹਿਬਾਨ ਦੀ ਇੱਕਸੁਰਤਾ ਦੀ ਘਾਟ ਕਾਰਨ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਨ ਦਾ ਮੁੱਦਾ ਮੁੜ ਠੰਢੇ ਬਸਤੇ ਵਿਚ ਪੈ ਗਿਆ।



*ਬਲਵੰਤ ਸਿੰਘ ਨੰਦਗੜ੍ਹ*

ਜ਼ਿਕਰਯੋਗ ਹੈ ਕਿ ਬੰਦੀ ਛੋੜ ਦਿਵਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਿਨਾਂ ਕੋਈ ਏਜੰਡਾ ਭੇਜਿਆਂ ਆਪ ਕੋਈ ਸੁਨੇਹਾ ਭੇਜ ਕੇ ਦੂਜੇ ਤਖ਼ਤਾਂ ਦੇ ਜਥੇਦਾਰਾਂ ਨੂੰ ਦੀਵਾਲੀ ਵਾਲੀ ਰਾਤ ਦਰਬਾਰ ਸਾਹਿਬ ਸੱਦ ਕੇ ਨਾਨਕਸ਼ਾਹੀ ਕੈਲੰਡਰ ਵਿਚ ਫੇਰਬਦਲ ਕਰਨ ਲਈ ਅੰਦਰਖਾਤੇ ਬਥੇਰੀ ਕੋਸ਼ਿਸ਼ ਕੀਤੀ, ਪਰ 11 ਘੰਟਿਆਂ ਦੀ ਜੱਦੋ ਜਹਿਦ ਨੂੰ ਉਦੋਂ ਕੋਈ ਬੂਰ ਨਹੀਂ ਪਿਆ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਉਕਤ ਕੈਲੰਡਰ ਵਿਚ ਸੋਧ ਕਰਨ ਦੇ ਚਾਰੇ ਤਖ਼ਤਾਂ ਦੇ ਜਥੇਦਾਰਾਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਸੋਧਾਂ ਦਾ ਡਟ ਕੇ ਵਿਰੋਧ ਕੀਤਾ। ਕੋਈ ਵਾਹ ਨਾ ਜਾਂਦੀ ਵੇਖ ਕੇ ਜਥੇਦਾਰ ਅਕਾਲ ਤਖ਼ਤ ਨੇ ਨਾਨਕਸ਼ਾਹੀ ਕੈਲੰਡਰ ਵਿਚ ਸੰਭਾਵੀ ਸੋਧਾਂ ਕੀਤੇ ਜਾਣ ਦੀ ਗੱਲ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਨਾਨਕਸ਼ਾਹੀ ਕੈਲੰਡਰ ਦਾ ਸੋਧਿਆ ਹੋਇਆ ਮੁਹਾਂਦਰਾ ਜਾਰੀ ਕਰਨ ਬਾਰੇ ਪ੍ਰੈਸ ਬਿਆਨ ਜਾਰੀ ਕੀਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਅਕਾਲ ਤਖ਼ਤ ਦੇ ਗਿਆਨੀ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਦੀਵਾਲੀ ਵਾਲੇ ਦਿਨ 11 ਕੁ ਵਜੇ ਅਕਾਲ ਤਖ਼ਤ ਸਾਹਿਬ ਦੀ ਸਕੱਤਰੇਤ ਵਿਖੇ ਪੰਜਾਂ ਤਖ਼ਤਾਂ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਸ੍ਰੀ ਹਜ਼ੂਰ ਸਾਹਿਬ ਤਖ਼ਤ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਸ਼ਮੂਲੀਅਤ ਕੀਤੀ।

ਕੈਲੰਡਰ ਦੇ ਸੰਬੰਧ ਵਿਚ ਸਿੰਘ ਸਾਹਿਬ ਦੀ ਮੀਟਿੰਗ ਤੋਂ ਇਲਾਵਾ ਪ੍ਰਧਾਨ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਮੱਕੜ ਵੀ ਜਥੇਦਾਰ ਨੰਦਗੜ੍ਹ ਨੂੰ ਮਨਾਉਣ 'ਚ ਅਸਫਲ ਰਹੇ। ਸਥਿਤੀ ਉਦੋਂ ਨਾਟਕੀ ਬਣ ਗਈ ਜਦੋਂ ਦੋ ਦਿਨਾਂ 'ਚ 3 ਵਾਰ ਹੋਈਆਂ ਇਕੱਤਰਤਾਵਾਂ ਦੇ ਬਾਵਜੂਦ ਗਿਆਨੀ ਬਲਵੰਤ ਸਿੰਘ ਨੇ ਸਾਥੀ ਜਥੇਦਾਰਾਂ ਦਾ ਬਾਈਕਾਟ ਕਰਕੇ ਗੁਰੂ ਅਰਜਨ ਨਿਵਾਸ ਦੇ ਕਮਰਾ ਨੰ. 28 'ਚ ਜਾ ਕੇ ਖੁਦ ਨੂੰ ਦੂਜਿਆਂ ਨਾਲੋਂ ਅਲੱਗ ਕਰ ਲਿਆ।

ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਜਦੋਂ ਜਥੇ. ਨੰਦਗੜ੍ਹ ਦੇ ਅੜੀਅਲ ਰਵੱਈਏ ਨੂੰ ਨਰਮ ਨਾ ਕਰ ਸਕੇ ਤਾਂ ਫਿਰ ਉਨ੍ਹਾਂ ਨੇ ਕੈਬਨਿਟ ਮੰਤਰੀ ਪੰਜਾਬ ਗੁਲਜ਼ਾਰ ਸਿੰਘ ਰਣੀਕੇ ਦੀਆਂ ਸੇਵਾਵਾਂ ਲਈਆਂ ਪਰ ਸਰਕਾਰ ਦੀਆਂ ਕੋਸ਼ਿਸ਼ਾਂ ਵੀ ਨੰਦਗੜ੍ਹ ਨੂੰ ਨਾਨਕਸ਼ਾਹੀ ਕੈਲੰਡਰ ਸਬੰਧੀ ਸਹਿਮਤ ਨਾ ਕਰ ਸਕੀਆਂ। ਅਖੀਰ ਸਿੰਘ ਸਾਹਿਬਾਨਾਂ ਦੇ ਵਿਸ਼ੇਸ਼ ਬੁਲਾਵੇ 'ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਸ੍ਰੀ ਦਰਬਾਰ ਸਾਹਿਬ ਪਹੁੰਚੇ। ਸ੍ਰੀ ਚੀਮਾ ਵੀ ਭਾਵੇਂ ਨੰਦਗੜ੍ਹ ਦੇ ਕਮਰੇ 'ਚ ਪ੍ਰਵੇਸ਼ ਨਹੀਂ ਕਰ ਸਕੇ ਪਰ ਮੋਬਾਇਲ ਫੋਨ 'ਤੇ ਉਹ ਜਥੇਦਾਰ ਨੰਦਗੜ੍ਹ ਨੂੰ ਵਿਸ਼ਵਾਸ 'ਚ ਨਾ ਲੈ ਸਕੇ। ਅਖੀਰ ਚੀਮਾ ਨੂੰ ਬੈਰੰਗ ਪਰਤਣਾ ਪਿਆ।

ਗ਼ੌਰਤਲਬ ਹੈ ਕਿ ਪੰਜ ਸਿੰਘ ਸਾਹਿਬਾਨਾਂ ਦੀ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਇਕ ਇਕੱਤਰਤਾ ਹੋਈ, ਜਿਸ 'ਚ ਜਥੇ. ਮੱਕੜ ਵੀ ਸ਼ਾਮਲ ਹੋਏ ਸਨ, ਬੇਨਤੀਜਾ ਰਹੀ। ਦੂਜੀ ਮੀਟਿੰਗ ਵੀ ਇਸੇ ਸਥਾਨ 'ਤੇ ਹੋਈ ਪਰ ਦੂਜੀ ਇਕੱਤਰਤਾ 'ਚ ਜਥੇ. ਮੱਕੜ ਗ਼ੈਰ ਹਾਜ਼ਰ ਸਨ। ਇਹ ਨਹੀਂ ਪਤਾ ਲੱਗ ਸਕਿਆ ਕਿ ਕੀ ਵਿਚਾਰਾਂ ਹੋਈਆਂ ਪਰ ਕੋਈ ਵਾਹ ਪੇਸ਼ ਨਾ ਜਾਂਦੀ ਵੇਖ ਸਿੰਘ ਸਾਹਿਬ ਵਲੋਂ ਇਕ ਪ੍ਰੈਸ ਬਿਆਨ ਜਾਰੀ ਕਰਕੇ ਇਹ ਦੱਸਿਆ ਗਿਆ ਹੈ ਕਿ ਸਮੂਹ ਖਾਲਸਾ ਪੰਥ ਦੀ ਏਕਤਾ ਬਣਾਉਣ ਵਾਸਤੇ ਕੁਝ ਪੰਥਕ ਜਥੇਬੰਦੀਆਂ ਅਤੇ ਸੰਪਰਦਾਵਾਂ ਵਲੋਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਬਾਰੇ ਵਡਮੁੱਲੇ ਸੁਝਾਅ ਦਿੱਤੇ ਗਏ ਹਨ, ਜੋ ਵਿਚਾਰ ਅਧੀਨ ਸ਼੍ਰੋਮਣੀ ਕਮੇਟੀ ਨੂੰ ਭੇਜੇ ਗਏ ਹਨ। ਇਸ ਉਪਰ ਵਿਦਵਾਨਾਂ, ਪੰਥਕ ਜਥੇਬੰਦੀਆਂ ਅਤੇ ਕੈਲੰਡਰ ਦੇ ਮਾਹਿਰਾਂ ਨਾਲ ਰਾਏ ਕਰਨ ਤੋਂ ਬਾਅਦ ਹੀ ਇਸ ਦੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਜਾਵੇ। ਪ੍ਰੈਸ ਬਿਆਨ 'ਚ ਇਹ ਦੱਸਿਆ ਗਿਆ ਹੈ ਕਿ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ 'ਤੇ ਜਾਰੀ ਕੀਤਾ ਜਾਵੇਗਾ। ਜਥੇ. ਨੰਦਗੜ੍ਹ ਨੇ ਪੱਤਰਕਾਰਾਂ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਇਸ ਨਵੇਂ ਸਟੈਂਡ ਬਦਲੇ ਜੇਕਰ ਜਥੇਦਾਰੀ ਵੀ ਵਾਰਨੀ ਪਈ ਤਾਂ ਪਿੱਛੇ ਨਹੀਂ ਹਟਣਗੇ।

ਚਰਚਿਤ ਕੈਲੰਡਰ 'ਚ ਸੋਧਾਂ ਬਾਰੇ ਜਥੇਦਾਰਾਂ ਵਲੋਂ ਅੰਦਰਖਾਤੇ ਆਰੰਭੇ ਯਤਨਾਂ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਜਾਰੀ ਕਰਦਿਆਂ ਪਰਮਜੀਤ ਸਿੰਘ ਸਰਨਾ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਜੇਕਰ ਕੈਲੰਡਰ 'ਚ ਕੋਈ ਸੋਧ ਕਰਨੀ ਹੈ ਤਾਂ ਸਰਬਤ ਖਾਲਸਾ ਬੁਲਾਇਆ ਜਾਵੇ ਅਤੇ ਪੰਥਕ ਲੋਕਾਂ ਦੀ ਰਾਏ ਲਈ ਜਾਵੇ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਬੁੱਕਲ 'ਚ ਗੁੜ ਨਾ ਭੰਨਣ।

## ਆਰ.ਐਸ.ਐਸ. ਦੇ ਪ੍ਰਭਾਵ ਹੇਠ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀ ਦਾ ਯਤਨ?

**ਚੰਡੀਗੜ੍ਹ:** ਪ੍ਰਸਿੱਧ ਇਤਿਹਾਸਕਾਰ ਅਤੇ ਸ਼੍ਰੋਮਣੀ ਕਮੇਟੀ ਦਾ 'ਵਾਈਟ ਪੇਪਰ' (1984) ਲਿਖਣ ਵਾਲੇ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਆਰ.ਐਸ.ਐਸ. ਦੇ ਪ੍ਰਭਾਵ ਹੇਠ, 'ਜਥੇਦਾਰ' ਲੋਕ, ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀਆਂ ਕਰਨ ਲਈ ਫ਼ੈਸਲਾ ਲੈਣ ਜਾ ਰਹੇ ਹਨ ਜਿਸ ਦਾ ਕੁਲ ਮਿਲਾ ਕੇ ਨਤੀਜਾ ਇਹ ਨਿਕਲੇਗਾ ਕਿ 'ਨਾਨਕਸ਼ਾਹੀ' ਕੈਲੰਡਰ ਨੂੰ ਇਕ ਸਿੱਖ ਕੈਲੰਡਰ ਵਜੋਂ ਪੇਸ਼ ਕਰਨ ਦਾ ਮਕਸਦ ਹੀ ਖ਼ਤਮ ਹੋ ਜਾਏਗਾ ਤੇ ਇਸ ਦਾ ਨਾਂ ਭਾਵੇਂ 'ਨਾਨਕਸ਼ਾਹੀ' ਕੈਲੰਡਰ ਹੀ ਰਹੇਗਾ ਪਰ ਇਹ ਇਕ ਹੋਰ 'ਹਿੰਦੂ' ਕੈਲੰਡਰ ਦਾ ਰੂਪ ਧਾਰ ਲਵੇਗਾ। ਡਾ. ਢਿੱਲੋਂ, ਜੋ ਪੰਜਾਬ ਯੂਨੀਵਰਸਿਟੀ ਵਿਚੋਂ ਇਤਿਹਾਸ ਵਿਭਾਗ ਦੇ ਮੁਖੀ ਵਜੋਂ ਰੀਟਾਇਰ ਹੋਏ ਹਨ, ਦਾ ਕਹਿਣਾ ਹੈ ਕਿ ਆਰ.ਐਸ.ਐਸ. ਵਾਲੇ, ਪਰਦੇ ਪਿਛੇ ਰਹਿ ਕੇ ਬੜੀ ਦੇਰ ਤੋਂ ਇਸ ਸਬੰਧੀ ਯਤਨ ਕਰ ਰਹੇ ਸਨ ਤੇ ਇਸ ਮਤਲਬ ਲਈ ਉਨ੍ਹਾਂ ਨੇ ਗਿਆਨੀ ਇਕਬਾਲ ਸਿੰਘ ਦੀਆਂ ਸੇਵਾਵਾਂ ਨੂੰ ਵਿਸ਼ੇਸ਼ ਤੌਰ 'ਤੇ ਵਰਤਿਆ ਹੈ। ਡਾ. ਢਿੱਲੋਂ ਨੇ ਸਮੂਹ ਪੰਥ ਪ੍ਰੇਮੀਆਂ ਨੂੰ ਖ਼ਬਰਦਾਰ ਕੀਤਾ ਹੈ ਕਿ ਉਹ ਅਵੇਸਲੇ ਨਾ ਹੋਣ ਤੇ 'ਜਥੇਦਾਰਾਂ' ਨੂੰ ਆਰ.ਐਸ.ਐਸ. ਦੀ ਖੇਡ ਖੇਡਣ ਤੋਂ ਰੋਕਣ ਦਾ ਹਰ ਯਤਨ ਕਰਨ ਵਰਨਾ ਸਥਿਤੀ ਬੇਕਾਬੂ ਹੋ ਜਾਵੇਗੀ।

# ਦੀਵਾਲੀ ਮਨਾਉਣ ਲਈ ਗੁਰਦੁਆਰੇ ਦੇ ਭਾਂਡੇ ਵੇਚੇ

**ਮੁਕੇਰੀਆਂ:** ਪਿੰਡ ਨੁਸ਼ਹਿਰਾ ਪੱਤਣ ਵਿਖੇ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਪਿੰਡ ਦੇ ਹੀ ਇੱਕ ਤੋਤਾ ਨਾਮੀ ਨੌਜਵਾਨ ਵਲੋਂ ਗੁਰਦੁਆਰਾ ਸਿੰਘ ਸਭਾ ਨੁਸ਼ਹਿਰਾ ਪੱਤਣ ਦੇ ਗ੍ਰੰਥੀ ਤੋਂ ਚਲਾਕੀ ਨਾਲ ਕਰੀਬ 80 ਹਜ਼ਾਰ ਦੇ ਭਾਂਡੇ ਲੈ ਜਾ ਕੇ ਫਗਵਾੜਾ ਵਿਖੇ ਵੇਚਣ ਦਾ ਸਮਾਚਾਰ ਮਿਲਿਆ ਹੈ। ਗੁਰਦੁਆਰਾ ਕਮੇਟੀ ਦੀ ਸ਼ਿਕਾਇਤ 'ਤੇ ਪੁਲੀਸ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਨੌਜਵਾਨ ਤੋਤਾ ਗੁਰਦੁਆਰੇ ਆ ਕੇ ਗ੍ਰੰਥੀ ਨੂੰ ਕਹਿਣ ਲੱਗਾ ਕਿ ਪਿੰਡ ਵਾਸੀ ਸੁੱਚਾ ਸਿੰਘ ਨੇ ਪ੍ਰੋਗਰਾਮ ਕਰਾਉਣਾ ਹੈ ਜਿਸ ਲਈ ਭਾਂਡਿਆਂ ਦੀ ਜ਼ਰੂਰਤ ਹੈ, ਪਰ ਗ੍ਰੰਥੀ ਕਰਤਾਰ ਸਿੰਘ ਨੇ ਇਸ ਤੋਂ ਜਵਾਬ ਦੇ ਦਿੱਤਾ ਕਿ ਉਹ ਉਸਨੂੰ ਨਹੀਂ ਜਾਣਦਾ, ਉਹ ਇਸ ਲਈ ਆਪਣੇ ਨਾਲ ਕਿਸੇ ਸਿਆਣੇ ਨੂੰ ਲੈ ਕੇ ਆਵੇ।

ਕੁਝ ਦੇਰ ਬਾਅਦ ਤੋਤਾ ਗ੍ਰੰਥੀ ਦੀ ਗੈਰਹਾਜ਼ਰੀ ਵਿਚ ਮੁੜ ਇਕ ਹੋਰ ਸਾਥੀ ਨੂੰ ਨਾਲ ਲੈ ਕੇ ਆਇਆ ਅਤੇ ਪਿੰਡ ਦੇ ਹੀ ਨੌਜਵਾਨ ਗੁਰਮੇਲ ਸਿੰਘ ਜੋ ਕਿ ਗੁਰਦੁਆਰੇ ਸੇਵਾ ਕਰਦਾ ਹੈ ਨੂੰ ਭਾਂਡੇ ਦੇਣ ਬਾਰੇ ਕਿਹਾ ਜਿਸ 'ਤੇ ਸੇਵਾਦਾਰ ਨੇ ਪਿੰਡ ਦਾ ਹੀ ਹੋਣ ਕਰਕੇ ਉਸਨੂੰ ਲੱਗਪੱਗ 80 ਹਜ਼ਾਰ ਦੇ ਭਾਂਡੇ ਕਿਰਾਏ 'ਤੇ ਦੇ ਦਿੱਤੇ।ਇਸ ਮੁੰਡੇ ਨੇ ਇਹ ਭਾਂਡੇ ਮੁਕੇਰੀਆਂ ਜਾ ਕੇ ਇਕ ਦੁਕਾਨ 'ਤੇ 800 ਰੁਪਏ ਵਿਚ ਵੇਚ ਦਿੱਤੇ।

ਗ੍ਰੰਥੀ ਨੇ ਦੱਸਿਆ ਕਿ ਪਿੰਡ ਵਾਲਿਆਂ ਅਤੇ ਕਮੇਟੀ ਨੇ ਸਲਾਹ ਕੀਤੀ ਹੈ ਕਿ ਫਗਵਾੜੇ ਜਾ ਕੇ ਜੇਕਰ ਭਾਂਡੇ ਮਿਲਦੇ ਹਨ ਤਾਂ ਠੀਕ ਹੈ ਨਹੀਂ ਤਾਂ ਇਨ੍ਹਾਂ ਨੌਜਵਾਨਾਂ ਨੂੰ 80 ਹਜ਼ਾਰ ਦੀ ਰਕਮ ਜੁਰਮਾਨੇ ਵਜੋਂ ਭਰਨੀ ਪਵੇਗੀ।

# ਆਸਟ੍ਰੇਲੀਆ ਵਿਚ ਤਿੰਨ ਭਾਰਤੀਆਂ 'ਤੇ ਹਮਲਾ

**ਮੈਲਬਰਨ:** ਇਥੇ ਰਾਤ ਨੂੰ ਪਰਤਦੇ ਤਿੰਨ ਭਾਰਤੀ ਵਿਦਿਆਰਥੀਆਂ ਨੂੰ ਕੁੱਟ ਕੇ ਉਨ੍ਹਾਂ ਦਾ ਸਾਮਾਨ ਲੁੱਟ ਲਿਆ ਗਿਆ।

'ਦਿ ਏਜ' ਅਖ਼ਬਾਰ ਦੀ ਰਿਪੋਰਟ ਮੁਤਾਬਕ ਇਹ ਸੱਜਰੀ ਘਟਨਾ ਵੀਰਵਾਰ ਰਾਤੀਂ 10.30 ਵਜੇ ਵਾਪਰੀ ਜਦੋਂ ਪੀੜਤ ਐਂਡਰਸਨ ਮਾਰਗ 'ਤੇ ਸਨਸ਼ਾਈਨ ਸਟੇਸ਼ਨ ਲਾਗੇ ਆਪਣੇ ਘਰ ਪਰਤ ਰਹੇ ਸਨ। ਤਿੰਨ-ਚਾਰ ਜਣੇ ਪਿਛੋਂ ਆਏ ਅਤੇ ਉਨ੍ਹਾਂ ਭਾਰਤੀਆਂ ਨੂੰ ਬਟੂਏ ਅਤੇ ਸੈਲ ਫੋਨ ਕੱਢ ਕੇ ਦੇਣ ਲਈ ਕਿਹਾ। ਛੱਬੀ ਸਾਲਾ ਇਕ ਵਿਦਿਆਰਥੀ ਆਪਣਾ ਬਟੂਆ ਤੇ ਸੈਲ ਫੋਨ ਉਨ੍ਹਾਂ ਨੂੰ ਦੇ ਕੇ ਉਥੋਂ ਖਿਸਕ ਗਿਆ ਜਦਕਿ 24 ਤੇ 27 ਸਾਲਾਂ ਦੇ ਦੋ ਹੋਰ ਵਿਦਿਆਰਥੀਆਂ ਦੀ ਹਮਲਾਵਰਾਂ ਨੇ ਕੁੱਟਮਾਰ ਕੀਤੀ ਅਤੇ ਉਨ੍ਹਾਂ ਤੋਂ ਸੈਲ ਫੋਨ ਖੋਹ ਲਏ। 24 ਸਾਲਾ ਵਿਦਿਆਰਥੀ ਦੇ ਸਿਰ 'ਤੇ ਸੱਟ ਆਈ ਹੈ ਅਤੇ ਦੂਜੇ ਵਿਦਿਆਰਥੀ ਦੇ ਸਰੀਰ ਦੇ ਉਪਰਲੇ ਹਿੱਸੇ 'ਤੇ ਸੋਜਸ਼ ਆ ਗਈ ਹੈ। 'ਦਿ ਏਜ' ਨੇ ਤਿੰਨ ਵਿਦਿਆਰਥੀਆਂ ਦੇ ਨਾਂ ਨਹੀਂ ਦੱਸੇ ਅਤੇ ਨਾ ਹੀ ਦੱਸਿਆ ਹੈ ਕਿ ਇਹ ਕਿਹੜੀਆਂ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਸਨ।

## ਕਰਜ਼ੇ ਤੋਂ ਤੰਗ ਦੁਕਾਨਦਾਰ ਵੀ ਖ਼ੁਦਕੁਸ਼ੀ ਕਰਨ ਲੱਗੇ

**ਗੁਰਦਾਸਪੁਰ:** ਕਰਜ਼ੇ ਦੇ ਬੋਝ ਥੱਲੇ ਦਬੇ ਇਕ ਦੁਕਾਨਦਾਰ ਵਲੋਂ ਪਠਾਨਕੋਟ ਤੋਂ ਅੰਮ੍ਰਿਤਸਰ ਜਾ ਰਹੀ ਰੇਲ ਗੱਡੀ ਹੇਠ ਆ ਕੇ ਆਤਮਹੱਤਿਆ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਇਸ ਦੁਕਾਨਦਾਰ ਦੀ ਪਹਿਚਾਣ ਮਹਿੰਦਰਪਾਲ ਵਾਸੀ ਮੁਹੱਲਾ ਪ੍ਰੇਮਨਗਰ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਫੇਰੀ ਲਗਾਉਣ ਦਾ ਕੰਮ ਕਰਦਾ ਸੀ ਅਤੇ ਦੁਕਾਨਾਂ 'ਤੇ ਮਨਿਆਰੀ ਆਦਿ ਦਾ ਸਮਾਨ ਸਪਲਾਈ ਕਰਦਾ ਸੀ। ਇਸ ਸਮੇਂ ਇਹ ਵਿਅਕਤੀ ਆਪਣੇ ਸਹੁਰੇ ਪਿੰਡ ਪਨਿਆੜ ਵਿਖੇ ਰਹਿ ਰਿਹਾ ਸੀ। ਉਕਤ ਵਿਅਕਤੀ ਨੇ ਪਿੰਡ ਪਨਿਆੜ ਨੇੜੇ ਹੀ ਰੇਲ ਗੱਡੀ ਹੇਠ ਆ ਕੇ ਆਪਣੀ ਜਾਨ ਦੇ ਦਿੱਤੀ। ਇਸ ਵਿਅਕਤੀ ਦੀ ਜੇਬ 'ਚੋਂ ਇਕ ਡੇਅਰੀ ਵੀ ਮਿਲੀ, ਜਿਸ 'ਚ ਉਸ ਨੇ ਆਪਣੀ ਮਰਜ਼ੀ ਨਾਲ ਆਤਮਹੱਤਿਆ ਕਰ ਲੈਣ ਬਾਰੇ ਲਿਖਿਆ ਹੋਇਆ ਹੈ। ਰੇਲਵੇ ਪੁਲਿਸ ਵਲੋਂ ਇਸ ਮਾਮਲੇ ਸਬੰਧੀ 174 ਦੀ ਕਾਰਵਾਈ ਕੀਤੀ ਗਈ ਅਤੇ ਲਾਸ਼ ਪੋਸਟ ਮਾਰਟਮ ਕਰਵਾਉਣ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ।

## ਜੱਜ ਇਮਾਨਦਾਰੀ ਕਰਨ ਨਾ ਕਿ ਦੁਕਾਨਦਾਰੀ

**ਮੁਕਤਸਰ:** ਹਰ ਲੋੜਵੰਦ ਨੂੰ ਸਹੀ ਇਨਸਾਫ਼ ਦੇਣ ਲਈ ਜੱਜਾਂ ਨੂੰ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਇਨਸਾਫ਼ ਨੂੰ ਦੁਕਾਨਦਾਰੀ ਨਹੀਂ ਬਣਾਉਣਾ ਚਾਹੀਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ ਨੇ ਮੁਕਤਸਰ ਵਿਖੇ ਅਦਾਲਤੀ (ਜੁਡੀਸ਼ੀਅਲ) ਕੰਪਲੈਕਸ ਦਾ ਉਦਘਾਟਨ ਕਰਨ ਤੋਂ ਬਾਅਦ ਸਮਾਗਮ ਵਿਚ ਬੋਲਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੈਂ ਤਾਂ ਆਪਣੇ ਜੱਜ ਸਾਹਿਬਾਨਾਂ ਨੂੰ ਸਿਰਫ਼ ਅਪੀਲ ਹੀ ਕਰ ਸਕਦਾ ਹਾਂ, ਉਨ੍ਹਾਂ ਦੇ ਸਿਰਹਾਣੇ ਨਹੀਂ ਬੈਠ ਸਕਦਾ।

# ਕੈਨੇਡੀਆਈ ਖੇਡਾਂ 'ਚ ਸਿੱਖਾਂ ਨੂੰ ਕਿਰਪਾਨ ਸਜਾ ਕੇ ਸ਼ਾਮਲ ਹੋਣ ਦੀ ਇਜਾਜ਼ਤ ਮਿਲੀ

**ਚੰਡੀਗੜ੍ਹ:** ਅੰਮ੍ਰਿਤਧਾਰੀ ਸਿੱਖ ਕੈਨੇਡਾ ਵਿਚ ਸਰਦ ਰੁੱਤ ਵਿਚ ਹੋਣ ਵਾਲੀਆਂ ਉਲੰਪਿਕ ਖੇਡਾਂ ਦੌਰਾਨ ਕਿਰਪਾਨ ਧਾਰਨ ਕਰ ਸਕਣਗੇ ਪਰ ਉਨ੍ਹਾਂ ਨੂੰ ਕੁੱਝ ਬੰਦਿਸ਼ਾਂ ਦਾ ਵੀ ਸਾਹਮਣਾ ਕਰਨਾ ਹੋਵੇਗਾ। ਦਸਿਆ ਜਾ ਰਿਹਾ ਹੈ ਕਿ ਬੀਤੇ ਦਿਨੀਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਖੇਡ ਸਮਾਗਮਾਂ ਵਿਚ ਸਿੱਖਾਂ ਨੂੰ ਕਿਰਪਾਨ ਧਾਰਨ ਕਰ ਕੇ ਸ਼ਾਮਲ ਹੋਣ ਬਾਰੇ ਇਕ ਵਿਸ਼ੇਸ਼ ਹੁਕਮ ਜਾਰੀ ਕਰ ਦਿਤਾ ਅਤੇ ਇਨ੍ਹਾਂ ਹੁਕਮਾਂ ਨੂੰ ਸਖ਼ਤੀ ਨਾਲ ਨਿਭਾਉਣ ਲਈ ਵੀ ਕਿਹਾ ਗਿਆ ਹੈ। ਰਾਇਲ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜਿਹਾ ਫ਼ੈਸਲਾ ਸਿੱਖ ਆਗੂਆਂ ਨਾਲ ਗੱਲਬਾਤ ਤੋਂ ਬਾਅਦ ਲਿਆ ਹੈ। ਇਕ ਲਿਖਤੀ ਬਿਆਨ ਵੀ ਜਾਰੀ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਹੈ ਕਿ ਕੈਨੇਡੀਅਨ ਕਾਨੂੰਨ ਤੇ ਮੁਲਕ ਦੀਆਂ ਕਦਰਾਂ-ਕੀਮਤਾਂ ਵਿਚ ਇਸ ਗੱਲ ਦੀ ਪਰਿਭਾਸ਼ਾ ਦਿਤੀ ਗਈ ਹੈ ਕਿ ਕਿਹੋ-ਜਿਹੇ ਹਾਲਾਤ ਵਿਚ ਕਿਰਪਾਨ ਧਾਰਨ ਕੀਤੀ ਜਾ ਸਕਦੀ ਹੈ। ਬਿਆਨ ਵਿਚ ਧਾਰਮਕ ਆਜ਼ਾਦੀ ਤਹਿਤ ਤੇ ਕੈਨੇਡੀਅਨ ਕਾਨੂੰਨ ਅਨੁਸਾਰ ਇਸ ਤਰ੍ਹਾਂ ਦੇ ਪ੍ਰਬੰਧ ਨੂੰ ਜਾਇਜ਼ ਠਹਿਰਾਇਆ ਗਿਆ ਹੈ। ਆਰ.ਸੀ.ਐਮ.ਪੀ. ਦੀ ਇਨਟੇਗਰੇਟਿਡ ਸਕਿਉਰਿਟੀ ਯੂਨਿਟ ਨੇ ਸਪੱਸ਼ਟ ਕੀਤਾ ਕਿ ਅਜਿਹੀਆਂ ਉਦਾਹਰਣਾਂ ਬਹੁਤ ਘੱਟ ਮਿਲਦੀਆਂ ਹਨ ਜਦੋਂ ਕਿਰਪਾਨ ਨੂੰ ਹਥਿਆਰ ਵਜੋਂ ਵਰਤਿਆ ਗਿਆ ਹੋਵੇ। ਇਹ ਵੀ ਹਦਾਇਤ ਦਿਤੀ ਗਈ ਹੈ ਕਿ ਜਾਂਚ-ਪੜਤਾਲ ਤੋਂ ਪਹਿਲਾਂ ਹੀ ਹਰ ਉਹ ਵਿਅਕਤੀ ਜਿਸ ਨੇ ਕਿਰਪਾਨ ਧਾਰਨ ਕੀਤੀ ਹੈ, ਉਹ ਉਲੰਪਿਕ ਸਕਿਉਰਿਟੀ ਕਰਮਚਾਰੀ ਨੂੰ ਇਸ ਦੀ ਜਾਣਕਾਰੀ ਦੇਵੇਗਾ। ਇਸ ਤੋਂ ਇਲਾਵਾ ਕੁੱਝ ਹੋਰ ਸ਼ਰਤਾਂ ਵੀ ਪੂਰੀਆਂ ਕਰਨੀਆਂ ਜ਼ਰੂਰੀ ਹੋਣਗੀਆਂ।

ਬੰਦਿਸ਼ਾਂ ਮੁਤਾਬਕ ਵਿਅਕਤੀ ਨੇ ਕਿਰਪਾਨ ਸਮੇਤ ਪੰਜੇ ਕਕਾਰ ਧਾਰਨ ਕੀਤੇ ਹੋਣ, ਗਾਤਰੇ ਸਮੇਤ ਕਿਰਪਾਨ ਦੀ ਲੰਬਾਈ 7.5 ਇੰਚ ਤੋਂ ਜ਼ਿਆਦਾ ਤੇ ਕਿਰਪਾਨ ਚਾਰ ਇੰਚ ਤੋਂ ਵੱਡੀ ਨਹੀਂ ਹੋਣੀ ਚਾਹੀਦੀ। ਉਸ ਦਾ ਮੁੱਠਾ ਦੋ ਇੰਚ ਜਾਂ ਇਸ ਤੋਂ ਵੀ ਘੱਟ ਹੋਣਾ ਚਾਹੀਦਾ ਹੈ। ਕਿਰਪਾਨ ਸਿੱਖੀ ਰਵਾਇਤਾਂ ਦੇ ਹਿਸਾਬ ਨਾਲ ਹੀ ਧਾਰਨ ਕੀਤੀ ਗਈ ਹੋਣੀ ਚਾਹੀਦੀ ਹੈ।

# ਛੱਤੀਸਿੰਘਪੁਰਾ ਕਤਲੇਆਮ ਦੇ ਗਵਾਹ ਮੁਕਰੇ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਦੇ ਛੱਤੀਸਿੰਘਪੁਰਾ 'ਚ ਹੋਏ ਸਿੱਖ ਕਤਲੇਆਮ ਦੇ ਤਿੰਨ ਗਵਾਹ ਜਿਨ੍ਹਾਂ ਵਿਚ ਇਕ ਪੀੜਤ ਵੀ ਸ਼ਾਮਲ ਹੈ, ਦਿਲੀ ਦੀ ਇਕ ਅਦਾਲਤ 'ਚ ਮੁਕਰ ਗਏ ਅਤੇ 9 ਸਾਲ ਪਹਿਲਾਂ 35 ਸਿੱਖਾਂ ਦਾ ਕਤਲੇਆਮ ਕਰਨ ਵਾਲੇ ਦੋਸ਼ੀਆਂ ਦੀ ਪਛਾਣ ਕਰਨ ਤੋਂ ਇਨਕਾਰ ਕਰ ਦਿਤਾ।

52 ਸਾਲ ਦੇ ਨਾਨਕ ਸਿੰਘ ਜਿਸ ਦਾ ਬੇਟਾ ਗੁਰਮੀਤ ਸਿੰਘ ਅਤੇ ਭਰਾ ਦਿਲਬਰੀ ਸਿੰਘ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ 20 ਮਾਰਚ 2000 ਨੂੰ ਹੋਏ ਕਤਲੇਆਮ ਵੇਲੇ ਮਾਰੇ ਗਏ ਸਨ, ਨੇ ਅਦਾਲਤ ਨੂੰ ਕਿਹਾ ਕਿ ਉਹ ਹਮਲਾਵਰਾਂ ਨੂੰ ਨਹੀਂ ਵੇਖ ਸਕਿਆ ਸੀ ਕਿਉਂਕਿ ਉਹ ਬੇਹੋਸ਼ ਹੋ ਗਿਆ ਸਨ। ਇਥੋਂ ਦੀ ਇਕ ਸੈਸ਼ਨਜ਼ ਅਦਾਲਤ ਵਿਚ ਨਾਨਕ ਸਿੰਘ ਨੇ ਕਿਹਾ, ''ਮੈਂ ਹਮਲਾਵਰਾਂ ਦੀ ਪਛਾਣ ਨਹੀਂ ਕਰ ਸਕਦਾ ਕਿਉਂ-ਕ ਮੈਂ ਖ਼ੁਦ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਿਆ ਸਾਂ। ਮੇਰਾ ਬੇਟਾ ਅਤੇ ਭਰਾ ਮਾਰੇ ਗਏ ਸਨ। ਹਮਲਾਵਰਾਂ ਨੇ ਉਨ੍ਹਾਂ ਨੂੰ ਕਤਾਰ ਵਿਚ ਖੜੇ ਕਰ ਕੇ ਗੋਲੀ ਮਾਰੀ।'' ਉਸ ਨੇ ਦਸਿਆ ਕਿ 8 ਮਹੀਨੇ ਦੇ ਇਲਾਜ ਤੋਂ ਬਾਅਦ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲੀ। ਵਿਸ਼ੇਸ਼ ਸਰਕਾਰੀ ਵਕੀਲ ਬੀ.ਬੀ. ਸ਼ਰਮਾ ਦਾ ਸਵਾਲਾਂ ਦਾ ਜਵਾਬ ਦਿੰਦਿਆਂ ਨਾਨਕ ਸਿੰਘ ਨੇ ਕਿਹਾ, ''ਮੈਂ ਨਹੀਂ ਕਹਿ ਸਕਦਾ ਕਿ ਅਦਾਲਤ ਵਿਚ ਮੌਜੂਦ ਮੁਲਜ਼ਮ ਹਮਲਾਵਰਾਂ 'ਚ ਸ਼ਾਮਲ ਸਨ। ਛੱਤੀਸਿੰਘਪੁਰਾ ਦੇ ਹੀ ਇਕ ਹੋਰ ਸਿੱਖ ਕਰਮਜੀਤ ਸਿੰਘ ਵੀ ਅਦਾਲਤ ਵਿਚ ਮੁਲਜ਼ਮਾਂ ਦੀ ਪਛਾਣ ਨਾ ਕਰ ਸਕਿਆ। ਕਰਮਜੀਤ ਸਿੰਘ ਨੇ ਕਿਹਾ ਕਿ ਉਹ ਉਨ੍ਹਾਂ ਵਿਅਕਤੀਆਂ ਨੂੰ ਨਹੀਂ ਪਛਾਣਦਾ ਜਿਨ੍ਹਾਂ ਨੇ ਪਿੰਡ ਦੇ ਲੋਕਾਂ ਉਪਰ ਗੋਲੀਆਂ ਚਲਾਈਆਂ ਸਨ। ਦੱਸਣਯੋਗ ਹੈ ਕਿ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਦੋ ਅਤਿਵਾਦੀ ਮੁਹੰਮਦ ਸੁਹੇਲ ਅਤੇ ਵਸੀਮ ਅਹਿਮਦ ਜੋ ਕਿ ਪਾਕਿਸਤਾਨ ਦੇ ਸਿਆਲਕੋਟ ਤੇ ਗੁੱਜਰਾਂਵਾਲਾ ਦੇ ਰਹਿਣ ਵਾਲੇ ਹਨ, ਵਿਰੁਧ 35 ਸਿੱਖਾਂ ਦੇ ਕਤਲੇਆਮ ਦਾ ਮੁਕੱਦਮਾ ਚਲ ਰਿਹਾ ਹੈ। ਮੁਕੱਦਮੇ ਨੂੰ ਸੁਪਰੀਮ ਕੋਰਟ ਨੇ ਨਵੰਬਰ 2008 ਵਿਚ ਦਿੱਲੀ ਤਬਦੀਲ ਕਰ ਦਿਤਾ ਸੀ।

# ਤਿਹਤਰ ਲੱਖ ਦੀ ਡਕੈਤੀ ਤੋਂ ਪਰਦਾ ਚੁੱਕਿਆ

**ਪਟਿਆਲਾ :** ਪਟਿਆਲਾ ਪੁਲਿਸ ਵਲੋਂ ਅੰਬਾਲਾ ਵਿਖੇ 73 ਲੱਖ ਦੀ ਡਕੈਤੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ। ਡੀ ਜੀ ਪੀ ਪਰਮਦੀਪ ਸਿੰਘ ਗਿੱਲ ਨੇ ਦੱਸਿਆ ਕਿ ਡਕੈਤੀ ਵਿਚ ਤਕਰੀਬਨ 72 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਲੁੱਟੇ ਗਏ ਸਨ। ਪਟਿਆਲਾ ਪੁਲਿਸ ਨੇ ਇੱਕ ਗੁਪਤ ਸੂਚਨਾ ਦ ਆਧਾਰ 'ਤੇ ਕੀਤੀ ਗਈ ਕਾਰਵਾਈ ਦੌਰਾਨ ਲੁਟੇਰਾ ਗਿਰੋਹ ਦੇ 7 ਮੁਲਜ਼ਮਾਂ ਨੂੰ ਸੋਨੇ, ਹਥਿਆਰਾਂ ਅਤੇ ਦੋ ਕਾਰਾਂ ਤੇ ਦੋ ਮੋਟਰਸਾਇਕਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਡੀ ਜੀ ਪੀ ਗਿੱਲ ਨੇ ਦੱਸਿਆ ਕਿ ਪਟਿਆਲਾ ਸੀ ਆਈ ਏ ਸਟਾਫ਼ ਨੂੰ ਗੁਪਤ ਸੂਚਨਾ ਮਿਲੀ ਜਿਸ ਤੋਂ ਪਤਾ ਲੱਗਿਆ ਕਿ ਇਹ 7 ਲੁਟੇਰੇ ਦੀਵਾਲੀ ਵਾਲੇ ਦਿਨ ਸਰਹਿੰਦ ਰੋਡ ਬਾਈਪਾਸ 'ਤੇ ਗੁਰਮੀਤ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਮਕਾਨ ਵਿਚ ਲੁੱਟੇ ਗਏ ਸਾਮਾਨ ਦੀ ਵੰਡ ਕਰਨ ਲਈ ਇਕੱਠੇ ਹੋ ਰਹੇ ਹਨ। ਪੁਲਿਸ ਨੇ ਇੱਕ ਟੀਮ ਬਣਾਈ ਜਿਸ ਨੇ ਉਕਤ ਸਥਾਨ 'ਤੇ ਛਾਪਾ ਮਾਰ ਕੇ ਇਸ ਗਿਰੋਹ ਦੇ 7 ਮੈਂਬਰਾਂ ਕਸ਼ਮੀਰ ਸਿੰਘ, ਗੁਰਮੀਤ ਸਿੰਘ, ਕਰਮਪ੍ਰੀਤ ਸਿੰਘ, ਜਗਤਾਰ ਸਿੰਘ, ਭੁਪਿੰਦਰ ਸਿੰਘ, ਡਿਪਟੀ ਲਾਲ ਅਤੇ ਜਤਿੰਦਰ ਕੁਮਾਰ ਨੂੰ ਲੁੱਟੇ ਗਏ ਸਾਮਾਨ ਅਤੇ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਫੜੇ ਗਏ ਸਾਮਾਨ ਦੀ ਕੀਮਤ ਤਕਰੀਬਨ 73 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਲੋਂ ਦੋ ਇੰਡੀਕਾ ਅਤੇ ਮਾਰੂਤੀ ਕਾਰਾਂ ਦੇ ਦੋ ਮੋਟਰਸਾਇਲ ਵੀ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਵਰਤੋਂ ਇਹ ਡਕੈਤੀਆਂ ਵਿਚ ਜਾਅਲੀ ਨੰਬਰ ਲਗਾ ਕੇ ਕਰਦੇ ਸਨ।

## ਗੱਡੀ ਦੇ ਥੱਲੇ ਆਣ ਕੇ ਵੀ ਬਚ ਗਿਆ ਬੱਚਾ

**ਮੈਲਬੌਰਨ:** 'ਜਾਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ'। ਇਹ ਗੱਲ ਮੈਲਬੌਰਨ ਦੇ ਏਸ਼ਬਰਟਨ ਰੇਲਵੇ ਸਟੇਸ਼ਨ ਤੇ ਉਸ ਵਕਤ ਸਚ ਸਾਬਿਤ ਹੋ ਗਈ ਜਦ 6 ਮਹੀਨੇ ਦੇ ਬੱਚੇ ਦੀ ਗੱਡੀ (ਪ੍ਰੈਸ) ਪਟੜੀ 'ਤੇ ਡਿੱਗ ਪਈ ਅਤੇ ਬੱਚਾ ਬਚ ਗਿਆ। ਵੀਰਵਾਰ ਸ਼ਾਮ ਇਸ ਬੱਚੇ ਦੀ ਮਾਂ ਸਟੇਸ਼ਨ ਤੇ ਆਈ ਸੀ। ਜਿਵੇਂ ਹੀ ਉਸਦਾ ਧਿਆਨ ਥੋੜੀ ਦੇਰ ਦੇ ਲਈ ਇਧਰ-ਉਧਰ ਹੋਇਆ, ਬੱਚਾ ਪਟੜੀ ਤੇ ਜਾ ਡਿੱਗਾ। ਉਸ ਵਕਤ ਉਥੋਂ ਟ੍ਰੇਨ ਆ ਰਹੀ ਸੀ ਜੋ ਬੱਚੇ ਨੂੰ 130 ਫੁੱਟ ਦੂਰ ਲੈ ਗਈ। ਇਹ ਰੱਬ ਦਾ ਚਮਤਕਾਰ ਹੀ ਸੀ ਕਿ ਬੱਚੇ ਨੂੰ ਸਿਰਫ ਸਿਰ ਤੇ ਥੋੜੀ ਚੋਟ ਲੱਗੀ।

# ਦੀਵਾਲੀ 'ਤੇ ਫੂਕ ਹੁੰਦੈ 2000 ਕਰੋੜ ਰੁਪਿਆ

**ਪਟਿਆਲਾ:** ਦੀਵਾਲੀ ਦੇ ਦਿਨ ਸਿਰਫ ਪੰਜਾਬ ਵਿਚ ਹੀ ਮੋਟੇ ਜਿਹੇ ਹਿਸਾਬ ਨਾਲ 2000 ਕਰੋੜ ਰੁਪਏ ਦਾ ਖਰਚਾ ਹੋ ਰਿਹਾ ਹੈ। ਜਿਸ ਨਾਲ ਕਿ ਚੰਗੀ ਤਨਖਾਹ ਵਾਲੀ ਨੌਕਰੀ ਕਰਨ ਵਾਲੇ 20000 ਬੇਰੁਜ਼ਗਾਰ ਇੱਕ ਸਾਲ ਲਈ 10000 ਰੁਪਏ ਮਹੀਨੇ ਦੀ ਤਨਖਾਹ 'ਤੇ ਕੰਮ ਕਰ ਸਕਦੇ ਹਨ ਜਾਂ ਫਿਰ ਵਿਦਿਅਕ ਫੰਡ ਬਣਾ ਕੇ ਲੋਕਾਂ ਵਲੋਂ ਪਿੰਡਾਂ ਦੀ ਵਿੱਦਿਆ ਦਾ ਗਿਰ ਰਿਹਾ ਮਿਆਰ ਵੀ ਉਪਰ ਚੁੱਕਿਆ ਜਾ ਸਕਦਾ ਹੈ। ਇਹ ਭੇਦ ਕਈ ਅਰਥ ਸ਼ਾਸਤਰੀਆਂ ਨਾਲ ਕੀਤੀ ਗਈ ਗੱਲਬਾਤ ਤੋਂ ਸਪੱਸ਼ਟ ਹੋਇਆ ਹੈ, ਅਰਥ ਸ਼ਾਸਤਰੀ ਕਹਿੰਦੇ ਹਨ ਕਿ ਜੇਕਰ ਦੀਵਾਲੀ ਦਾ ਫਜ਼ੂਲ ਖਰਚਾ ਰੋਕ ਲਿਆ ਜਾਵੇ ਤਾਂ ਉਸ ਖਰਚੇ ਨਾਲ ਪੰਜਾਬ ਦੇ ਸਕੂਲਾਂ ਦੀਆਂ 24000 ਪੋਸਟਾਂ ਅਧਿਆਪਕਾਂ ਦੀਆਂ ਭਰੀਆਂ ਜਾ ਸਕਦੀਆਂ ਹਨ। ਉੱਘੇ ਅਰਥ ਸ਼ਾਸਤਰੀ ਪ੍ਰੋ. ਸ਼ੇਰ ਸਿੰਘ ਕਹਿੰਦੇ ਹਨ ਕਿ ਮੋਟਾ ਜਿਹਾ ਹਿਸਾਬ ਲਾ ਲਈਏ ਤਾਂ ਪੰਜਾਬ ਦੀ ਪੌਣੇ ਤਿੰਨ ਕੁ ਕਰੋੜ ਆਬਾਦੀ ਹੈ ਤੇ ਉਸ ਵਿਚੋਂ ਇੱਕ ਵਿਅਕਤੀ 20 ਤੋਂ 25 ਰੁਪਏ ਦੇ ਪਟਾਖਿਆਂ ਨੂੰ ਅੱਗ ਲਾਉਂਦਾ ਹੈ ਤਾਂ ਇਸ ਦਾ ਅੰਕੜਾ 5 ਤੋਂ 700 ਕਰੋੜ 'ਤੇ ਪੁੱਜ ਜਾਂਦਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 24 ਅਕਤੂਬਰ, 2009

*ਜਲਾਦਾਂ ਦੀ ਦੁਨੀਆਂ ਵਿਚ ਸੋਚਵਾਨਾਂ ਦਾ ਫਰਜ਼ ਹੈ ਕਿ ਉਹ ਜੱਲਾਦਾਂ ਵਾਲੀ ਧਿਰ ਵਿਚ ਨਾ ਹੋਣ-ਕਾਮੂ*

## ਸੰਪਾਦਕੀ

# *ਅਕਲ ਸੇ ਜੋ ਖਾਲੀ...*

ਅਕਾਲੀ ਮੋਰਚਿਆਂ ਵੇਲੇ ਇਹ ਕਹਾਵਤ ਸ਼ਾਇਦ ਕਾਮਰੇਡਾਂ ਨੇ ਬਣਾਈ ਸੀ, "ਅਕਲ ਸੇ ਜੋ ਖਾਲੀ ਅਕਾਲੀ ਭਾਈ ਜਾਣੀਏ' ਪਰ ਅਕਾਲੀ ਸਿਆਸਤਦਾਨਾਂ ਦੀਆਂ ਪੀੜ੍ਹੀਆਂ ਗੁਜ਼ਰਨ ਤੋਂ ਬਾਅਦ ਵੀ ਲੱਗਦਾ ਹੈ ਕਿ ਕਾਮਰੇਡਾਂ ਦੇ ਇਸ ਕਥਨ ਵਿਚ ਕੁਝ ਨਾ ਕੁਝ ਸੱਚਾਈ ਜ਼ਰੂਰ ਹੈ। ਅਸਲ ਵਿਚ ਅਕਾਲੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਬਾਰੇ ਆਮ ਕਰਕੇ ਕਿਹਾ ਜਾਂਦਾ ਹੈ ਕਿ ਉਹ ਲੰਘੇ ਸੱਪ ਦੀ ਲਕੀਰ ਕੁੱਟਦੇ ਹਨ। ਜਦੋਂ ਕਿਸੇ ਮਸਲੇ ਬਾਰੇ ਠੀਕ ਸੋਚਣ ਅਤੇ ਠੀਕ ਪੈਂਤੜਾ ਅਖ਼ਤਿਆਰ ਕਰਨਾ ਹੁੰਦਾ ਹੈ ਤਾਂ ਉਹ ਬਿਨਾ ਸੋਚੇ-ਸਮਝੇ ਗਲਤ ਫੈਸਲੇ ਲੈਂਦੇ ਹਨ ਅਤੇ ਫਿਰ ਇਨ੍ਹਾਂ ਫੈਸਲਿਆਂ ਦੀ ਸਦੀਆਂ ਤੱਕ ਸਜ਼ਾ ਭੁਗਤਦੇ ਹਨ। ਫਿਰ ਇਸ ਪਈ ਮਾਰ ਦੇ ਜ਼ਖ਼ਮਾਂ ਨੂੰ ਦੁਨੀਆਂ ਸਾਹਮਣੇ ਪੇਸ਼ ਕਰ ਕਰ ਕੇ ਆਪਣੇ ਉਪਰ ਹੋ ਰਹੇ ਜ਼ੁਲਮਾਂ ਦੀ ਦੁਹਾਈ ਵੀ ਦਿੰਦੇ ਰਹਿੰਦੇ ਹਨ।

ਪਿਛਲੇ ਦਿਨੀਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਇਸੇ ਕਿਸਮ ਦਾ ਇਕ ਹੋਰ ਪੈਂਤੜਾ ਅਖ਼ਤਿਆਰ ਕੀਤਾ। ਧਰਤੀ ਹੇਠਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਸਾਂਭ-ਸੰਭਾਲ ਨੂੰ ਲੈ ਕੇ ਪੰਜਾਬ ਨੇ ਪੰਜਾਬ ਰੈਗੂਲੇਟਰੀ ਅਥਾਰਟੀ ਕਾਇਮ ਕਰਨ ਦਾ ਤਾਂ ਫੈਸਲਾ ਕਰ ਲਿਆ ਹੈ ਪਰ ਸਰਕਾਰ ਨੇ ਨਾਲ ਹੀ ਕੇਂਦਰ ਵਲੋਂ ਦਿੱਤਾ ਗਿਆ ਹੋਰ ਟਿਊਬਵੈਲ ਨਾ ਲਾਉਣ ਦਾ ਮਸ਼ਵਰਾ ਰੱਦ ਕਰ ਦਿੱਤਾ ਹੈ। ਹਾਲਾਤ ਦੀ ਦਿਲਚਸਪੀ ਵੇਖੋ ਕਿ ਪਾਣੀ ਪੰਜਾਬ ਦਾ ਹੇਠਾਂ ਵਲ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਆਖ ਰਹੀ ਹੈ ਕਿ ਕਿਸਾਨਾਂ ਨੂੰ ਹੋਰ ਟਿਊਬਵੈਲਾਂ ਦੇ ਕੁਨੈਕਸ਼ਨ ਨਾ ਦਿੱਤੇ ਜਾਣ ਕਿਉਂਕਿ ਪਾਣੀ ਦੀ ਪਹਿਲਾਂ ਹੀ ਦੁਰਵਰਤੋਂ ਹੋ ਰਹੀ ਹੈ। ਨਿਰਪੱਖ ਮਾਹਿਰਾਂ ਦੀ ਵੀ ਰਾਏ ਹੈ ਕਿ ਪੰਜਾਬ ਵਿਚ ਲੋੜ ਨਾਲੋਂ ਵਧ ਟਿਊਬਵੈਲ ਹਨ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਕਾਰਨ ਧਰਤੀ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਹੋ ਰਹੀ ਹੈ ਅਤੇ ਇਹ ਵੀ ਇਕ ਤੱਥ ਹੈ ਕਿ ਰਾਜ ਦਾ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਰਾਜ ਦੇ ਬਹੁਗਿਣਤੀ ਬਲਾਕਾਂ ਵਿਚ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਯਾਦ ਰਹੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਬਾਰੇ ਕੇਂਦਰੀ ਸਰਕਾਰ ਵਲੋਂ ਬੁਲਾਈ ਗਈ ਇਕ ਮੀਟਿੰਗ ਵਿਚ ਵੀ ਚਿੰਤਾ ਪ੍ਰਗਟ ਕੀਤੀ ਗਈ ਸੀ। ਬੀਤੀ 16 ਅਕਤੂਬਰ ਨੂੰ ਚੰਡੀਗੜ੍ਹ ਵਿਚ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਦੇ ਮਾਮਲੇ ਨੂੰ ਲੈ ਕੇ ਇਕ ਉਚ ਪੱਧਰੀ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿਚ ਪੰਜਾਬ ਦੇ ਸਿੰਚਾਈ ਸਕੱਤਰ ਸੁਰੇਸ਼ ਕੁਮਾਰ ਸ਼ਾਮਲ ਹੋਏ ਸਨ। ਸੈਂਟਰਲ ਗਰਾਊਂਡ ਵਾਟਰ ਵਲੋਂ ਡਾਇਰੈਕਟਰ ਸ੍ਰੀ ਸੁਸ਼ੀਲ ਗੁਪਤਾ ਅਤੇ ਬੋਰਡ ਦੇ ਖੇਤਰੀ ਡਾਇਰੈਕਟਰ ਡਾ. ਭਗਤ ਸਿੰਘ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਏ। ਬੋਰਡ ਦੇ ਅਧਿਕਾਰੀਆਂ ਨੇ ਪੰਜਾਬ ਨੂੰ ਸਲਾਹ ਦਿੱਤੀ ਕਿ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾਣਾ ਕੇਂਦਰ ਲਈ ਚਿੰਤਾ ਦਾ ਵਿਸ਼ਾ ਹੈ, ਇਸ ਲਈ ਇਸ ਨੂੰ ਰੋਕਣ ਵਾਸਤੇ ਨਵੇਂ ਟਿਊਬਵੈਲ ਕੁਨੈਕਸ਼ਨ ਦੇਣ ਉਪਰ ਪਾਬੰਦੀ ਲਗਾਈ ਜਾਵੇ। ਇਹ ਸਲਾਹ ਵੀ ਦਿੱਤੀ ਗਈ ਕਿ ਪੰਜਾਬ ਵਿਚ ਪਾਣੀ ਦੀ ਦੁਰਵਰਤੋਂ ਰੋਕਣ ਲਈ ਕਾਨੂੰਨ ਬਣਾਇਆ ਜਾਵੇ। ਇਹ ਰਾਇ ਵੀ ਰੱਖੀ ਗਈ ਕਿ ਮੁਕਤਸਰ ਦੇ ਖੇਤਰ ਵਿਚ ਸੇਮ ਦੀ ਸਮੱਸਿਆ ਕਾਰਨ ਕੋਈ ਟਿਊਬਵੈਲ ਕੁਨੈਕਸ਼ਨ ਦੇਣ ਦੀ ਲੋੜ ਨਹੀਂ ਹੈ। ਇਸ ਮੀਟਿੰਗ ਵਿਚ ਪੰਜਾਬ ਵਲੋਂ ਟਿਊਬਵੈਲ ਕੁਨੈਕਸ਼ਨ ਨਾ ਦੇਣ ਦਾ ਸਖ਼ਤੀ ਨਾਲ ਵਿਰੋਧ ਕੀਤਾ ਗਿਆ। ਪੰਜਾਬ ਨੇ ਕਿਹਾ ਕਿ ਇਹ ਟਿਊਬਵੈਲਾਂ ਕਰਕੇ ਹੀ ਹੈ ਕਿ ਇਸ ਵਾਰ ਸੋਕੇ ਦੇ ਬਾਵਜੂਦ ਪੰਜਾਬ ਵਲੋਂ 140 ਲੱਖ ਟਨ ਝੋਨਾ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਨੇ ਦਲੀਲ ਦਿੱਤੀ ਕਿ ਪੰਜਾਬ ਸਰਕਾਰ ਵਲੋਂ ਪਾਣੀ ਦੀ ਸਹੀ ਵਰਤੋਂ ਲਈ ਕਾਨੂੰਨ ਬਣਾਉਣ ਬਾਰੇ ਸਲਾਹ ਮਸ਼ਵਰਾ ਕੀਤਾ ਜਾ ਰਿਹਾ ਹੈ ਪਰ ਪੰਜਾਬ ਦੇ ਪ੍ਰਤੀਨਿਧ ਵਲੋਂ ਅਜਿਹਾ ਕੋਈ ਠੋਸ ਪੱਖ ਇਸ ਮੀਟਿੰਗ ਵਿਚ ਪੇਸ਼ ਨਹੀਂ ਕੀਤਾ ਗਿਆ।

ਮੀਟਿੰਗ ਵਿਚ ਪੰਜਾਬ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਤੋਂ ਲੱਗਦਾ ਹੈ ਕਿ ਪੰਜਾਬ ਸਰਕਾਰ ਗਲਤ ਸਟੈਂਡ ਲੈ ਰਹੀ ਹੈ। ਪੰਜਾਬ ਨੂੰ ਅਸਲ ਵਿਚ ਦਲੀਲ ਇਹ ਦੇਣੀ ਚਾਹੀਦੀ ਸੀ ਕਿ ਧਰਤੀ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਰੋਕਣ ਲਈ ਇਕ ਪਾਸੇ ਤਾਂ ਪੰਜਾਬ ਵਿਚ ਫੈਲੀਆਂ ਨਹਿਰਾਂ ਦੇ ਢਾਂਚੇ ਨੂੰ ਮੁੜ ਨਵਿਆਇਆ ਜਾਵੇ ਅਤੇ ਨਹਿਰੀ ਪਾਣੀ ਦੀ ਪਹੁੰਚ ਪੰਜਾਬ ਦੇ ਵੱਡੇ ਇਲਾਕੇ ਤੱਕ ਕੀਤੀ ਜਾਵੇ ਅਤੇ ਦੂਜੇ ਪਾਸੇ ਇਹ ਕਿ ਪੰਜਾਬ ਨੂੰ ਨਹਿਰੀ ਪਾਣੀ ਦੀ ਸਪਲਾਈ ਵਧੇਰੇ ਦਿੱਤੀ ਜਾਵੇ। ਇਸ ਤੋਂ ਵੀ ਅੱਗੇ ਪੰਜਾਬ ਦੇ ਦਰਿਆਈ ਪਾਣੀਆਂ ਉਪਰ ਪੰਜਾਬ ਦੇ ਸੰਵਿਧਾਨਕ ਹੱਕ ਨੂੰ ਹਰ ਪੱਧਰ 'ਤੇ ਤਸਲੀਮ ਕੀਤਾ ਜਾਵੇ। ਹਕੀਕਤ ਇਹ ਹੈ ਕਿ ਜਿੰਨਾ ਚਿਰ ਪੰਜਾਬ ਦੇ ਖੇਤਾਂ ਅਤੇ ਜ਼ਮੀਨ ਨੂੰ ਦਰਿਆਈ ਪਾਣੀ ਨਹੀਂ ਲੱਗਦਾ, ਓਨਾ ਚਿਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਖਪਤ ਘਟਾਈ ਨਹੀਂ ਜਾ ਸਕਦੀ। ਪੰਜਾਬ ਦੇ ਪਿੰਡਾਂ ਵਿਚ ਪੰਚਾਇਤੀ ਛੱਪੜਾਂ ਉਤੇ ਨਾਜਾਇਜ਼ ਕਬਜ਼ਿਆਂ ਨੇ ਵੀ ਧਰਤੀ ਹੇਠਲੇ ਪਾਣੀ ਨੂੰ ਘੱਟ ਕਰਨ ਵਿਚ ਭੂਮਿਕਾ ਨਿਭਾਈ ਹੈ। ਇਨ੍ਹਾਂ ਛੱਪੜਾਂ ਦਾ ਪਾਣੀ ਜ਼ੀਰ ਕੇ ਧਰਤੀ ਹੇਠਲੇ ਪਾਣੀ ਦੀ ਪੂਰਤੀ ਕਰਦਾ ਹੈ। ਜੇ ਛੱਪੜ ਹੀ ਨਹੀਂ ਰਹੇ ਤਾਂ ਇੰਜ ਕਿਵੇਂ ਹੋਵੇ? ਇਸ ਦੇ ਨਾਲ ਹੀ ਪੰਜਾਬ ਵਿਚੋਂ ਝੋਨੇ ਜਿਹੀਆਂ ਵਧੇਰੇ ਪਾਣੀ ਦੀ ਖਪਤ ਵਾਲੀਆਂ ਫਸਲਾਂ ਨੂੰ ਵੀ ਬਾਹਰ ਕੱਢਣਾ ਪਵੇਗਾ। ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਝੋਨੇ ਦੀ ਫਸਲ ਪੰਜਾਬ ਦੀ ਧਰਤੀ ਅਤੇ ਵਾਤਾਵਰਣ ਦੇ ਅਨੁਕੂਲ ਫਸਲ ਨਹੀਂ ਹੈ। ਪੰਜਾਬ ਦਾ ਖੇਤਰ ਅਰਧ ਖੁਸ਼ਕ ਖੇਤਰ ਹੈ ਅਤੇ ਇਥੇ ਨਾ ਤਾਂ ਬਹੁਤ ਜ਼ਿਆਦਾ ਮਾਨਸੂਨ ਬਾਰਸ਼ ਹੁੰਦੀ ਹੈ ਅਤੇ ਨਾ ਹੀ ਬਹੁਤ ਥੋੜ੍ਹੀ। ਗੁਜ਼ਾਰੇ ਜੋਗੀ ਬਾਰਸ਼ ਹੁੰਦੀ ਹੈ। ਇਸ ਲਈ ਇਥੇ ਉਸ ਕਿਸਮ ਦੀਆਂ ਫਸਲਾਂ ਹੀ ਵਧੇਰੇ ਕਾਮਯਾਬੀ ਨਾਲ ਉਗਾਈਆਂ ਜਾ ਸਕਦੀਆਂ ਹਨ, ਜਿਹੜੀਆਂ ਅਰਧ ਖੁਸ਼ਕ ਮੌਸਮ ਵਿਚ ਵਧੇਰੇ ਪਲਦੀਆਂ ਹਨ। ਇਨ੍ਹਾਂ ਵਿਚ ਮੱਕੀ, ਛੋਲੇ, ਮੂੰਗੀ-ਮਸਰਾਂ ਜਿਹੀਆਂ ਦਾਲਾਂ, ਕਣਕ, ਸਰ੍ਹੋਂ, ਸੂਰਜਮੁਖੀ ਅਤੇ ਤੋਰੀਏ ਵਰਗੀਆਂ ਤੇਲ ਬੀਜ ਫਸਲਾਂ ਸ਼ਾਮਲ ਹਨ। ਇਸ ਮਕਸਦ ਲਈ ਅਸਲ ਵਿਚ ਪੰਜਾਬ ਦੀ ਰਵਾਇਤੀ ਫਸਲੀ ਵੰਨ-ਸੁਵੰਨਤਾ ਨੂੰ ਮੁੜ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਫਸਲਾਂ ਨੂੰ ਪਾਲਣ ਲਈ ਨਹਿਰੀ ਪਾਣੀ ਦੀ ਸਪਲਾਈ ਵਧਾਈ ਜਾਣੀ ਚਾਹੀਦੀ ਹੈ। ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਬਚਾਓ ਦਾ ਇਹੋ ਇਕ ਰਾਹ ਹੈ।

ਹਕੀਕਤ ਵਿਚ ਕੇਂਦਰ ਵੀ ਇਸ ਤੱਥ ਨੂੰ ਛੁਪਾਉਣਾ ਚਾਹੁੰਦਾ ਹੈ ਕਿ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿਚ ਆਈ ਗਿਰਾਵਟ ਦਾ ਇਸਦੇ ਦਰਿਆਈ ਪਾਣੀਆਂ ਦੀ ਲੁੱਟ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਹੈ। ਇਹ ਸੰਬੰਧ ਪੰਜਾਬ ਸਰਕਾਰ ਦੇ ਪ੍ਰਤੀਨਿਧਾਂ ਨੂੰ ਸਪੱਸ਼ਟ ਅਤੇ ਜ਼ਾਹਰ ਕਰਨਾ ਚਾਹੀਦਾ ਸੀ ਪਰ ਉਹ ਇਸ ਮਾਮਲੇ ਵਿਚ ਅਸਫਲ ਰਹੇ ਹਨ। ਇਸ ਪੱਖ ਤੋਂ ਪੰਜਾਬ ਵਾਲੇ, ਖਾਸ ਕਰਕੇ ਅਕਾਲੀ ਸਰਕਾਰਾਂ ਲਗਾਤਾਰ ਅਸਫਲ ਹੁੰਦੀਆਂ ਆ ਰਹੀਆਂ ਹਨ। ਜਦੋਂ ਵਕਤ ਲੰਘ ਜਾਂਦਾ ਹੈ ਤਾਂ ਉਹ ਲੰਘੇ ਸੱਪ ਦੀ ਲਕੀਰ ਕੁੱਟ ਕੇ ਹਮਦਰਦੀ ਹਾਸਲ ਕਰਨ ਦਾ ਯਤਨ ਕਰਦੇ ਹਨ। ਅਕਾਲੀ ਭਾਈਆਂ ਦਾ ਇਹੋ ਦੁਖਾਂਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੁਰਦੁਆਰਾ ਲੜੀ ਸਾਹਿਬ?*

ਬਾਬੇ ਨਾਨਕ ਦਾ ਫ਼ਲਸਫਾ ਆਖਦਾ ਕੀ?
ਇਹਦੇ ਵਲ ਨਾ ਸੋਚ ਦੁੜ੍ਹਾਈ ਆਪਾਂ।
ਕਬਜ਼ਾ ਗੋਲ੍ਹਕਾਂ 'ਤੇ ਪੱਕਾ ਰੱਖਣਾ ਏ,
ਏਸ ਨੀਤੀ ਦੀ ਵਿਉਂਤ ਬਣਾਈ ਆਪਾਂ।
ਬਿਪਰਵਾਦ ਦੀ ਭੰਡੀ ਦਾ ਰਾਗ ਗਾ ਕੇ,
ਕਰਮ ਕਾਂਡ ਦੀ ਕਰੀ ਚੜ੍ਹਾਈ ਆਪਾਂ।
ਡੇਰੇਵਾਦੀਆਂ ਦੀ ਕਰੀਏ ਚਾਪਲੂਸੀ,
ਪੰਥਕ-ਰਹਿਤ ਦੀ ਰੀਤ ਹਟਾਈ ਆਪਾਂ।
ਆਵੇ ਨਰਮ-ਦਲੀਆ ਜਾਂ ਕੋਈ ਗਰਮ-ਦਲੀਆ,
ਸਿਰੋਪਾ ਦੇਣ ਦੀ ਚਾਲ ਚਲਾਈ ਆਪਾਂ।
ਗਿਣ ਕੇ ਪਰਖ ਲੈ ਸੱਜਣਾ ਕਾਮਯਾਬੀ,
ਕਿੰਨੇ ਪਾਠਾਂ ਦੀ ਲੜੀ ਚਲਾਈ ਆਪਾਂ!

# ਸਿੱਖ ਪਛਾਣ, ਪੰਜਾਬੀ ਪਛਾਣ ਜਾਂ ਕੁਝ ਹੋਰ

**ਜਸਵੀਰ ਸਿੰਘ ਸ਼ੀਰੀ**

ਪੰਜਾਬੀ ਪਰਚਿਆਂ ਵਿਚ ਇਹ ਬਹਿਸ ਮੁੜ ਉਭਰੀ ਹੈ ਕਿ ਪੰਜਾਬ ਦੀ ਪਛਾਣ ਨੂੰ ਸਿੱਖ ਪਛਾਣ ਨਾਲ ਜੋੜਿਆ ਜਾਵੇ ਜਾਂ ਪੰਜਾਬੀ ਲੋਕਾਂ ਦੀ ਪਛਾਣ ਪੰਜਾਬੀ ਭਾਸ਼ਾ ਦੇ ਆਧਾਰ ਉਪਰ ਹੋਵੇ। ਇਹ ਵੀ ਸਵਾਲ ਹੈ ਕਿ ਪੰਜਾਬੀ ਸਭਿਆਚਾਰ ਦੀ ਬਾਕੀ ਭਾਰਤੀ ਅਤੇ ਦੁਨੀਆਂ ਦੇ ਸਭਿਆਚਾਰਾਂ ਨਾਲੋਂ ਕੋਈ ਵਿਲੱਖਣਤਾ ਹੈ ਵੀ? ਜਿਸ ਦੇ ਆਧਾਰ ਉਪਰ ਪੰਜਾਬੀ/ਸਿੱਖ ਕੌਮੀਅਤ ਤੇ ਸਭਿਆਚਾਰ ਦੀ ਪਛਾਣ ਬਣਦੀ ਹੈ।

ਜਿਥੋਂ ਤੱਕ ਕੁਝ ਖੱਬੇ-ਪੱਖੀ ਅਤੇ ਖਾਸ ਕਰਕੇ ਨਕਸਲੀ ਧਿਰਾਂ ਨਾਲ ਜੁੜੇ ਬੁੱਧੀਜੀਵੀਆਂ ਦਾ ਸੁਆਲ ਹੈ ਉਹ ਪੰਜਾਬ ਦੀ ਪਛਾਣ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਬਣਾਉਂਦੇ ਹਨ ਤੇ ਕਹਿੰਦੇ ਹਨ ਕਿ ਪੰਜਾਬੀ ਲੋਕਾਂ ਦੀ ਪਛਾਣ ਧਰਮ ਦੇ ਆਧਾਰ ਉਪਰ ਨਹੀਂ ਸਗੋਂ ਭਾਸ਼ਾ, ਭੂਗੋਲਿਕ ਖੇਤਰ ਅਤੇ ਸਭਿਆਚਾਰ ਦੇ ਆਧਾਰ ਉਪਰ ਹੋਣੀ ਚਾਹੀਦੀ ਹੈ ਅਤੇ ਵੱਖੋ-ਵੱਖਰੀਆਂ ਧਾਰਮਿਕ ਪਛਾਣਾਂ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਣਾ ਚਾਹੀਦਾ। ਦੂਜੇ ਪਾਸੇ ਸਿੱਖ ਬੁੱਧੀਜੀਵੀਆਂ ਦਾ ਵੱਡਾ ਹਿੱਸਾ ਸਮਝਦਾ ਹੈ ਕਿ ਪੰਜਾਬ ਦੀ ਸਾਂਝੀ ਸਭਿਆਚਾਰਕ ਵਿਰਾਸਤ ਟੁੱਟ-ਭੱਜ ਚੁੱਕੀ ਹੈ ਅਤੇ ਇਸ ਖਿੰਡੀ ਹੋਈ ਵਿਰਾਸਤ ਦੇ ਮੁੜ ਜੁੜਨ ਦੀ ਕੋਈ ਆਸ ਨਹੀਂ ਹੈ। ਇਸੇ ਲਈ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਆਧਾਰ ਉੱਪਰ ਕੋਈ ਪੰਜਾਬੀ ਕੌਮੀਅਤ ਮੌਜੂਦ ਹੀ ਨਹੀਂ।

ਅਜਿਹੀ ਸੋਚ ਵਾਲਿਆਂ ਵਿਚ ਨਕਸਲੀ ਪਿਛੋਕੜ ਵਾਲੇ ਕੁਝ ਸਿੱਖ ਬੁੱਧੀਜੀਵੀ ਵੀ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਰਵਾਇਤੀ ਸਿੱਖ ਬੁੱਧੀਜੀਵੀਆਂ ਨਾਲੋਂ ਵੀ ਵਧੇਰੇ ਤੱਤੇ ਅਤੇ ਤਿੱਖੇ ਹੋ ਗਏ ਹਨ। ਇਥੋਂ ਤੱਕ ਕਿ ਇਹ ਪੰਜਾਬ ਵਿਚ ਵਸਦੇ ਵੱਖ-ਵੱਖ ਭਾਈਚਾਰਿਆਂ ਵਿਚ ਟਕਰਾਅ ਤਿੱਖੇ ਕਰਨ ਦੇ ਵੀ ਇਛੁੱਕ ਹਨ।

ਕੁਝ ਧਿਰਾਂ ਅਜਿਹੀਆਂ ਵੀ ਹਨ ਜੋ ਸਿੱਖੀ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਪੰਜਾਬੀ ਸਭਿਆਚਾਰ ਦਾ ਇਕੋ ਇਕ ਆਧਾਰ ਸਮਝਦੀਆਂ ਹਨ। ਕੁਝ ਸਮਾਂ ਪਹਿਲਾਂ ਡਾ. ਗੁਰਭਗਤ ਸਿੰਘ ਨੇ ਪੰਜਾਬੀ ਟ੍ਰਿਬਿਊਨ ਵਿਚ ਇਸੇ ਕਿਸਮ ਦਾ ਇਕ ਲੇਖ ਲਿਖਿਆ ਸੀ ਜਿਸ ਵਿਚ ਉਨ੍ਹਾਂ ਨੇ "ਵਾਹਿਗੁਰੂ" ਨੂੰ ਪੰਜਾਬੀ ਸਭਿਆਚਾਰਕ ਵਿਹਾਰ ਦਾ ਕੇਂਦਰੀ ਚਿੰਨ੍ਹ ਆਖਿਆ ਸੀ। ਡਾ. ਗੁਰਭਗਤ ਅਨੁਸਾਰ ਸਿੱਖ ਵਿਰਾਸਤ ਵਿਚੋਂ ਆਏ 'ਸ਼ਹਾਦਤ' ਅਤੇ 'ਇਸ਼ਕ' ਦੇ ਸੰਕਲਪ ਵੀ ਪੰਜਾਬੀ ਸਭਿਆਚਾਰਕ ਅਵਚੇਤਨ ਦੇ ਵਿਸ਼ੇਸ਼ ਚਿੰਨ੍ਹ ਹਨ। ਹਾਲ ਹੀ ਵਿਚ ਉਨ੍ਹਾਂ ਦੇ ਜਿਹੜੇ ਲੇਖ ਛਪੇ ਹਨ ਉਨ੍ਹਾਂ ਦਾ ਮੁੱਖ ਸਾਰ ਤੱਤ ਇਹ ਹੈ ਕਿ ਇਸ਼ਕ, ਸ਼ਹਾਦਤ, ਵਾਹਿਗੁਰੂ ਅਤੇ ਵਿਸਮਾਦ ਆਦਿ ਚਿਨ੍ਹਾਂ ਦੁਆਲੇ ਪੰਜਾਬੀ ਸਭਿਆਚਾਰਕ ਹਸਤੀ ਦੀ ਪਛਾਣ ਵਿਕਸਤ ਹੋਈ ਹੈ। ਉਨ੍ਹਾਂ ਨੇ ਦਲੀਲਾਂ ਨਾਲ ਗੱਲ ਇਥੋਂ ਤੱਕ ਲੈ ਆਂਦੀ ਹੈ ਕਿ ਸਮੁੱਚੇ ਪੰਜਾਬੀਆਂ ਲਈ ਅਸਲ ਵਿਚ 'ਵਾਹਿਗੁਰੂ' ਹੀ ਕੇਂਦਰੀ ਚਿੰਨ੍ਹ ਹੈ, ਜਿਹੜਾ ਉਨ੍ਹਾਂ ਨੂੰ ਆਪਣੀ ਅਧਿਆਤਮਕ ਅਤੇ ਸਭਿਆਚਾਰਕ ਹਸਤੀ ਦੇ ਸਿਖਰ ਵਲ ਲੈ ਕੇ ਜਾਂਦਾ ਹੈ।

ਜਿਥੋਂ ਤੱਕ ਨਵੇਂ ਪੰਜਾਬ ਦੀ ਸਮਾਜਿਕ, ਸਭਿਆਚਾਰਕ ਅਤੇ ਕੌਮੀਅਤ ਦੇ ਰੂਪ ਵਿਚ ਵਿਆਖਿਆ ਦਾ ਸਵਾਲ ਹੈ, ਇਹ ਕਾਫੀ ਗੁੰਝਲਦਾਰ ਮਸਲਾ ਹੈ। ਕੁਝ ਕੁ ਬੁੱਧੀਜੀਵੀ ਹੀ ਹਨ ਜਿਹੜੇ ਇਸ ਮਸਲੇ ਉਤੇ ਨਿੱਠ ਕੇ ਲਿਖ ਰਹੇ ਹਨ। ਸ. ਗੁਰਭਗਤ ਸਿੰਘ ਉਨ੍ਹਾਂ ਵਿਚੋਂ ਇਕ ਹਨ। ਕਈਆਂ ਨੇ ਇਸ ਮਸਲੇ ਉੱਪਰ ਆਪਣੇ ਦਿਮਾਗਾਂ ਨੂੰ ਖੋਲ੍ਹਣ ਦੀ ਬਜਾਏ ਨਿਹੰਗਾਂ ਵਾਲੇ ਸਟੈਂਡ ਲਏ ਹੋਏ ਹਨ। ਅਜਿਹੇ ਲੋਕਾਂ ਨਾਲ ਖਹਿਬੜਨ ਵਿਚ ਕੁਝ ਵੀ ਕੱਢਣ ਪਾਉਣ ਨੂੰ ਨਹੀਂ ਹੈ। ਫਿਰ ਵੀ ਕੁਝ ਗੱਲਾਂ ਹਨ ਜਿਹੜੀਆਂ ਜਿੰਨੀ ਜਲਦੀ ਹੋ ਸਕੇ ਸਪਸ਼ਟ ਕਰਨੀਆਂ ਚਾਹੀਦੀਆਂ ਹਨ, ਤਾਂ ਕਿ ਕਿਸੇ ਕਿਸਮ ਦੇ ਕਲੇਸ਼ ਦੇ ਅੱਗੇ ਵਧਣ ਤੋਂ ਪਹਿਲਾਂ ਮਸਲਿਆਂ ਨੂੰ ਬੌਧਿਕ ਅਤੇ ਸੰਕਲਪਾਂ ਦੇ ਪੱਧਰ 'ਤੇ ਸਹੀ ਰੂਪ ਵਿਚ ਸਮਝਿਆ ਜਾ ਸਕੇ।

ਅਸਲ ਵਿਚ ਪੰਜਾਬੀ ਸਭਿਆਚਾਰਕ ਜਾਂ ਸਿੱਖ ਪਛਾਣ ਜਿਹੇ ਮਸਲਿਆਂ ਉੱਪਰ ਸਾਨੂੰ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਸਿਰਫ ਇਕੋ ਇਕ ਪੱਕੀ ਤਰ੍ਹਾਂ ਤੈਅਸ਼ੁਦਾ ਪਛਾਣ ਨਹੀਂ ਹੁੰਦੀ। ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀਆਂ ਬਹੁਤ ਸਾਰੀਆਂ ਪਛਾਣਾਂ ਹੋ ਸਕਦੀਆਂ ਹਨ। ਮਸਲਨ ਇਕ ਵਿਅਕਤੀ ਦੀ ਪਛਾਣ ਉਸਦੇ ਕਿੱਤੇ ਨਾਲ ਜੁੜੀ ਹੁੰਦੀ ਹੈ। ਭਾਵ ਕੋਈ ਡਾਕਟਰ ਹੈ, ਇੰਜੀਨੀਅਰ ਹੈ, ਵਿਗਿਆਨੀ ਹੈ ਅਤੇ ਕੋਈ ਪ੍ਰੋਫੈਸਰ ਜਾਂ ਪੱਤਰਕਾਰ ਆਦਿ। ਇਸੇ ਤਰ੍ਹਾਂ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਸਭਿਆਚਾਰਕ ਅਤੇ ਧਾਰਮਿਕ ਪਛਾਣ ਵੱਖ-ਵੱਖ ਵੀ ਹੋ ਸਕਦੀ ਹੈ। ਮਸਲਨ ਪੰਜਾਬੀਆਂ ਵਿਚ ਤਿੰਨ ਧਾਰਮਿਕ ਸਮੂਹ ਮੁੱਖ ਰੂਪ ਵਿਚ ਵੱਸਦੇ ਹਨ। ਇਨ੍ਹਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਾਮਿਲ ਹਨ। ਪੂਰਬੀ ਪੰਜਾਬ ਵਿਚ ਮੁੱਖ ਧਿਰਾਂ ਹਿੰਦੂ ਅਤੇ ਸਿੱਖ ਹਨ ਜਦੋਂਕਿ ਪੱਛਮੀ ਪੰਜਾਬ ਵਿਚ ਮੁੱਖ ਰੂਪ ਵਿਚ ਬਹੁਗਿਣਤੀ ਮੁਸਲਮਾਨ ਪੰਜਾਬੀਆਂ ਦੀ ਹੈ। ਪੱਛਮੀ ਪੰਜਾਬ ਵਿਚ ਵਸਦੇ ਪੰਜਾਬੀ ਭਾਸ਼ੀ ਲੋਕਾਂ ਦੀ ਧਾਰਮਿਕ ਪਛਾਣ 'ਮੁਸਲਮਾਨ' ਹੈ। ਉਨ੍ਹਾਂ ਦੀ ਸਭਿਆਚਾਰਕ ਪਛਾਣ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੀ ਹੋਈ ਹੈ ਅਤੇ ਇਹ ਪਛਾਣ 'ਪੰਜਾਬੀ' ਹੈ। ਇਵੇਂ ਹੀ ਪੂਰਬੀ ਪੰਜਾਬ ਵਿਚ ਵਸਦੇ ਲੋਕ, ਜਿਹੜੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਸਵੀਕਾਰ ਕਰਦੇ ਹਨ ਅਤੇ ਆਪਣੇ ਘਰਾਂ ਵਿਚ ਇਸ ਨੂੰ ਅਪਨਾਉਂਦੇ, ਆਪਣੀਆਂ ਸਾਰੀਆਂ ਰਹੁ-ਰੀਤਾਂ ਇਸੇ ਭਾਸ਼ਾ ਤੇ ਸਭਿਆਚਾਰ ਵਿਚ ਕਰਦੇ ਹਨ, ਉਨ੍ਹਾਂ ਦੀ ਸਭਿਆਚਾਰਕ ਪਛਾਣ 'ਪੰਜਾਬੀ' ਹੈ। ਇਸਦਾ ਮਤਲਬ ਇਹ ਹੈ ਕਿ ਪੰਜਾਬ ਵਿਚ ਵਸਣ ਵਾਲਾ ਉਹ ਵਿਅਕਤੀ ਜਿਹੜਾ ਜਿਉਂਦੇ ਜਾਗਦੇ ਰੂਪ ਵਿਚ ਪੰਜਾਬੀ ਭਾਸ਼ਾ, ਸਭਿਆਚਾਰ ਨਾਲ ਜੁੜਿਆ ਹੋਇਆ ਹੈ ਉਸ ਦੀਆਂ ਦੋ ਸਮੂਹਕ ਭਾਈਚਾਰਕ ਪਛਾਣਾਂ ਹਨ। ਉਸ ਦੀ ਸਭਿਆਚਾਰਕ ਪਛਾਣ 'ਪੰਜਾਬੀ' ਹੈ ਅਤੇ ਉਸਦੀ ਧਾਰਮਿਕ ਪਛਾਣ 'ਹਿੰਦੂ' ਜਾਂ 'ਸਿੱਖ' ਹੈ। ਇਸੇ ਤਰ੍ਹਾਂ ਪੰਜਾਬ ਵਿਚ ਪਿਛਲੇ ਕਾਫੀ ਸਮੇਂ ਵਿਚ ਈਸਾਈਆਂ ਦੀ ਗਿਣਤੀ ਵੀ ਕਾਫੀ ਵਧੀ ਹੈ ਖਾਸ ਕਰਕੇ ਹੇਠਲੀਆਂ ਜਾਤੀਆਂ ਵਿਚ। ਇਨ੍ਹਾਂ ਲੋਕਾਂ ਦੀ ਭਾਵੇਂ ਧਾਰਮਿਕ ਪਛਾਣ ਈਸਾਈ ਹੈ ਪਰ ਉਨ੍ਹਾਂ ਦੀ ਸਭਿਆਚਾਰਕ ਪਛਾਣ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਉੱਪਰ ਅਧਾਰਤ 'ਪੰਜਾਬੀ' ਹੀ ਬਣਦੀ ਹੈ। ਇਵੇਂ ਇਹ ਦੋ ਪਛਾਣਾਂ ਨਾਲ ਜੁੜੇ ਲੋਕ ਆਪਣੇ ਕਿੱਤਿਆਂ ਨਾਲ ਸਬੰਧਤ ਪਛਾਣਾਂ ਨਾਲ ਵੀ ਬੁਲਾਏ ਜਾਂਦੇ ਹਨ। ਇੰਜ ਅਸੀਂ ਵੇਖਦੇ ਹਾਂ ਕਿ ਇਕ ਵਿਅਕਤੀ ਜਾਂ ਵਿਅਕਤੀ ਸਮੂਹਾਂ ਦੀਆਂ ਪਛਾਣਾਂ ਬਹੁਮੁਖੀ ਹਨ। ਕਿਸੇ ਇਕੋ ਇਕ ਪਛਾਣ ਵਿਚ ਕਿਸੇ ਵਿਅਕਤੀ ਜਾਂ ਵਿਅਕਤੀ ਸਮੂਹ ਨੂੰ ਬੰਨ੍ਹਿਆ ਨਹੀਂ ਜਾ ਸਕਦਾ। ਇਥੋਂ ਤੱਕ ਕਿ ਇਹ ਪਛਾਣਾਂ ਬਦਲਦੀਆਂ ਵੀ ਹਨ, ਇਹ ਪੱਥਰ ਵਾਂਗ ਬੇਜਾਨ ਨਹੀਂ ਹਨ। ਇਨ੍ਹਾਂ ਵਿਚਕਾਰ ਖੁੱਲ੍ਹੀ ਅੰਤਰਕਿਰਿਆ ਚਲਦੀ ਰਹਿੰਦੀ ਹੈ। ਭਾਵ ਧਾਰਮਿਕ ਭਾਈਚਾਰਿਆਂ ਦੇ ਮੈਂਬਰ ਆਪੋ-ਆਪਣੇ ਧਾਰਮਿਕ ਭਾਈਚਾਰੇ ਬਦਲਦੇ ਵੀ ਰਹਿੰਦੇ ਹਨ। ਇਸੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਵਸਦੇ ਜਾਂ ਸੰਸਾਰ ਪੱਧਰ 'ਤੇ ਖਿਲਰੇ ਉਹ ਲੋਕ ਜਿਹੜੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਹੋਏ ਹਨ, ਸਭਿਆਚਾਰਕ ਰੂਪ ਵਿਚ ਪੰਜਾਬੀ ਹਨ। ਇਸ ਦੇ ਨਾਲ ਹੀ ਉਨ੍ਹਾਂ ਦੀ ਆਪੋ-ਆਪਣੀ ਵੱਖਰੀ ਧਾਰਮਿਕ ਪਛਾਣ ਵੀ ਹੈ, ਜਿਸ ਦੀ ਇਕ ਵੱਖਰੀ ਤੇ ਜਿਉਂਦੀ ਜਾਗਦੀ ਸਮੂਹਿਕ ਹਸਤੀ ਹੈ।

ਪੰਜਾਬੀ ਲੋਕਾਂ ਦਾ ਖਿਲਾਰ ਭਾਵੇਂ ਸੰਸਾਰ ਪੱਧਰ 'ਤੇ ਹੋ ਗਿਆ ਹੈ ਪਰ ਉਨ੍ਹਾਂ ਦਾ ਬੁਨਿਆਦੀ ਆਧਾਰ ਪੰਜਾਂ ਦਰਿਆਵਾਂ ਦੀ ਧਰਤੀ ਹੀ ਹੈ, ਜਿੱਥੇ ਉਹ ਇਕ ਸਾਂਝੇ ਸਮਾਜਕ ਅਤੇ ਸਭਿਆਚਾਰਕ ਵਿਹਾਰ ਵਿਚ ਪੈਂਦੇ ਹਨ। ਇਹ ਧਰਤੀ ਹੁਣ ਭਾਰਤ, ਪਾਕਿਸਤਾਨ ਜਿਹੀਆਂ ਦੋ ਸਟੇਟਾਂ ਵਿਚ ਵੰਡੀ ਹੋਈ ਹੈ ਅਤੇ ਇਸ ਵੰਡ ਨੇ ਮੁਸਲਮਾਨ ਅਤੇ ਹਿੰਦੂ ਸਿੱਖ ਪੰਜਾਬੀਆਂ ਨੂੰ ਭਾਵੁਕ ਤੌਰ 'ਤੇ ਵੀ ਇਕ ਦੂਜੇ ਤੋਂ ਕਾਫੀ ਦੂਰ ਕਰ ਦਿੱਤਾ ਹੈ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਇਕ ਨਵਾਂ ਵਰਤਾਰਾ ਵੀ ਸਾਹਮਣੇ ਆਇਆ ਹੈ। ਪੰਜਾਬ ਵਿਚ ਵੱਸਦਾ ਹਿੰਦੂ ਭਾਈਚਾਰਾ ਆਪਣੀ ਸੁਰੱਖਿਆ ਲਈ ਕੇਂਦਰ ਵਲ ਝਾਕਣ ਲੱਗਾ ਹੈ ਜਦਕਿ ਸਿੱਖ ਭਾਰਤੀ ਕੇਂਦਰੀ ਸਟੇਟ ਦੇ ਗਲਬੇ ਵਿਚ ਆਪਣੀ ਸੁਰੱਖਿਆ ਅਤੇ ਆਰਥਿਕ ਹਿੱਤਾਂ ਦੀ ਹਾਨੀ ਸਮਝਦੇ ਹਨ।

ਜੇ ਅਸੀਂ ਆਪਣੀ ਗੱਲ ਨੂੰ ਪੂਰਬੀ ਪੰਜਾਬ ਤੱਕ ਵੀ ਸੀਮਤ ਰੱਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਖੇਤਰ ਵਿਚ ਪੰਜਾਬ ਵਿਚ ਵੱਸਦੇ ਸਾਰੇ ਧਾਰਮਿਕ ਸਮੂਹਾਂ ਨਾਲ ਸੰਬੰਧਤ ਲੋਕਾਂ ਦੇ ਆਰਥਿਕ ਅਤੇ ਸਭਿਆਚਾਰਕ ਹਿੱਤ ਅਤੇ ਸਮੱਸਿਆਵਾਂ, ਇਕ ਸਭਿਆਚਾਰਕ ਕੌਮੀਅਤ ਦੇ ਰੂਪ ਵਿਚ ਸਾਂਝੀਆਂ ਹਨ ਪਰ ਇਨ੍ਹਾਂ ਦੇ ਹੱਲ ਲਈ ਜੱਦੋ-ਜਹਿਦ ਵਿਚ ਸਿਰਫ ਸਿੱਖ ਪੈਂਦੇ ਹਨ। ਸਿੱਖ ਕੇਂਦਰ ਨਾਲ ਟਕਰਾਉਂਦੇ ਹਨ, ਇਸ ਟਕਰਾ ਵਿਚ ਪੰਜਾਬੀ ਹਿੰਦੂ ਆਪਣੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਕੇਂਦਰ ਨਾਲ ਜਾ ਜੁੜਦੇ ਹਨ। ਇਹ ਹਾਲਤ ਅਕਾਲੀਆਂ ਅਤੇ ਸਿੱਖ ਬੁੱਧੀਜੀਵੀਆਂ ਵਲੋਂ ਸਿੱਖ ਅਤੇ ਪੰਜਾਬੀ ਪਛਾਣ ਦੇ ਮਸਲੇ ਨੂੰ ਸਿੱਖ ਪਛਾਣ ਨਾਲ ਰਲਗੱਡ ਕਰ ਦੇਣ ਕਾਰਨ ਵੀ ਖੜ੍ਹੀ ਹੋਈ ਹੈ। ਪੰਜਾਬ ਦਾ ਹਿੰਦੂ ਅਤੇ ਹੋਰ ਗੈਰ ਸਿੱਖ ਭਾਈਚਾਰੇ ਸਿੱਖ ਭਾਰੂ ਪੰਜਾਬੀ ਸਮਾਜ ਵਿਚ ਅਸੁਰੱਖਿਅਤ ਮਹਿਸੂਸ ਕਰਨ ਲਗਦੇ ਹਨ। ਇਹ ਵੀ ਇਕ ਤੱਥ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਆਰਥਿਕ, ਭਾਸ਼ਾਈ ਅਤੇ ਸਭਿਆਚਾਰਕ ਹਿੱਤਾਂ ਲਈ ਸਿੱਖਾਂ ਨੇ ਕੇਂਦਰੀ ਰੂਪ ਵਿਚ ਸੰਘਰਸ਼ ਕੀਤਾ ਹੈ ਅਤੇ ਇਸੇ ਕਾਰਨ ਵੀ ਸਿੱਖੀ ਅਤੇ ਪੰਜਾਬੀ ਪਛਾਣ ਆਪਸ ਵਿਚ ਰਲਗਡ ਹੋ ਗਏ ਹਨ। ਪਰ ਮਸਲਿਆਂ ਦੇ ਸਪਸ਼ਟ ਨਿਤਾਰੇ ਲਈ ਅੱਜ ਵੀ ਇਨ੍ਹਾਂ ਨੂੰ ਵੱਖੋ-ਵੱਖਰੇ ਰੂਪ ਵਿਚ ਵੇਖਣ ਦੀ ਲੋੜ ਹੈ।

ਜਿਥੋਂ ਤੱਕ ਗੁਰੂ ਗ੍ਰੰਥ ਸਾਹਿਬ ਜਾਂ ਗੁਰਬਾਣੀ ਦਾ ਸੁਆਲ ਹੈ, ਇਸ ਵਿਚ ਕਿਸੇ ਵਿਸ਼ੇਸ਼ ਕੌਮੀਅਤ, ਫਿਰਕੇ, ਨਸਲ ਜਾਂ ਜਾਤ ਦੀ ਕੋਈ ਗੱਲ ਨਹੀਂ ਹੈ। ਇਹ ਅਸਲ ਵਿਚ ਮਨੁੱਖ ਦੇ ਅਧਿਆਤਮਕ ਵਿਕਾਸ ਲਈ ਇਕ ਸਹਿਜ ਮਾਰਗ ਹੈ ਅਤੇ ਰੱਬ ਨਾਲ ਪ੍ਰੀਤ ਦਾ ਮਹਾਂ ਗੀਤ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਇਕ ਜੀਵਨ ਜਾਚ ਮੌਜੂਦ ਹੈ, ਜਿਸਦਾ ਕੇਂਦਰੀ ਧੁਰਾ ਅਧਿਆਤਮਕ ਹੈ। ਗੁਰਬਾਣੀ ਆਪਣੀ ਗੱਲ ਜਾਤਾਂ, ਕੌਮੀਅਤਾਂ, ਕੌਮਾਂ, ਰਾਜਾਂ ਅਤੇ ਹੋਰ ਸਾਰੀ ਨਸਲੀ ਵੰਡ ਤੋਂ ਉੱਪਰ ਉੱਠ ਕੇ ਕਰਦੀ ਹੈ। ਇਸ ਤੋਂ ਵੀ ਅੱਗੇ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਧਰਮਾਂ ਦੇ ਬਾਣੀਕਾਰ ਸ਼ਾਮਿਲ ਕੀਤੇ ਗਏ ਹਨ। ਬਾਬਾ ਫਰੀਦ ਜਿਹੇ ਮੁਸਲਮਾਨ ਫਕੀਰ ਦੀ ਬਾਣੀ ਵੀ ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਹੈ ਅਤੇ ਇਸੇ ਤਰ੍ਹਾਂ ਹਿੰਦੂ ਪਿਛੋਕੜ 'ਚੋਂ ਆਏ ਭਗਤ ਵੀ ਲਏ ਹਨ। ਅਸਲ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਮਿਆਰਾਂ ਅਨੁਸਾਰ ਆਪਣੀ ਬਾਣੀ ਦੀ ਰਚਨਾ ਕੀਤੀ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਲਿਆ ਗਿਆ।

ਗੁਰੂ ਗ੍ਰੰਥ ਸਾਹਿਬ ਜਾਂ ਸਿੱਖੀ ਨੂੰ ਕਿਸੇ ਇਕ ਖਿੱਤੇ ਤੱਕ ਸੀਮਤ ਕਰਨਾ ਅਸਲ ਵਿਚ ਸਿੱਖ ਪਛਾਣ ਨੂੰ ਨੀਵੇਂ ਪੱਧਰ 'ਤੇ ਸੁੱਟਣਾ ਹੈ। ਸਿੱਖੀ ਦੀ ਪਛਾਣ ਸਰਵਵਿਆਪਕ ਅਤੇ ਕਾਇਨਾਤੀ ਹੈ। ਕਿਸੇ ਵੀ ਕੌਮੀਅਤ ਦਾ ਵਿਅਕਤੀ ਸਿੱਖ ਹੋ ਸਕਦਾ ਹੈ। ਉਸਦੀ ਭਾਸ਼ਾ ਅਤੇ ਸਭਿਆਚਾਰ ਕੋਈ ਵੀ ਹੋ ਸਕਦੀ ਹੈ। ਜਿਥੋਂ ਤੱਕ ਕਿ ਪੰਜਾਬੀ ਸਭਿਆਚਾਰਕ ਪਛਾਣ ਦਾ ਸੁਆਲ

*(ਬਾਕੀ ਸਫਾ 15 ਉਤੇ)*

# ਓਬਾਮਾ ਨੂੰ ਸ਼ਾਂਤੀ ਦਾ ਨੋਬਲ ਪੁਰਸਕਾਰ ਦੇਣ 'ਤੇ ਮਤਭੇਦ ਉਭਰੇ

**ਪ੍ਰੋ. ਦਰਬਾਰੀ ਲਾਲ**

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੂੰ ਦੁਨੀਆਂ ਦਾ ਸਰਵਉੱਚ ਸ਼ਾਂਤੀ ਨੋਬਲ ਪੁਰਸਕਾਰ ਦੇਣ ਦਾ ਫੈਸਲਾ ਕੀਤਾ ਗਿਆ ਹੈ, ਇਸ ਤੋਂ ਪਹਿਲਾਂ ਅਮਰੀਕਾ ਦੇ ਤਿੰਨ ਰਾਸ਼ਟਰਪਤੀਆਂ ਅਤੇ ਇਕ ਉਪ-ਰਾਸ਼ਟਰਪਤੀ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

ਓਬਾਮਾ ਨੂੰ ਸ਼ਾਂਤੀ ਪੁਰਸਕਾਰ ਦੇਣ ਦੇ ਐਲਾਨ ਨਾਲ ਸਾਰੀ ਦੁਨੀਆਂ ਵਿਚ ਮਿਲੀ-ਜੁਲੀ ਪ੍ਰਤੀਕਿਰਿਆ ਹੋਈ ਹੈ। ਅਮਰੀਕਾ 'ਚ ਹੀ ਲੋਕਾਂ ਨੂੰ ਰਾਸ਼ਟਰਪਤੀ ਦੇ ਸਿਰਫ਼ 8 ਮਹੀਨਿਆਂ ਦੇ ਕਾਰਜਕਾਲ ਵਿਚ ਸ਼ਾਂਤੀ ਪੁਰਸਕਾਰ ਮਿਲਣ ਦੀ ਉਮੀਦ ਨਹੀਂ ਸੀ। ਦੂਜੇ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਓਬਾਮਾ ਨੂੰ ਇਸ ਦੇ ਲਈ ਵਧਾਈ ਦਿੱਤੀ ਹੈ।

ਪੋਲੈਂਡ ਦੇ ਰਾਸ਼ਟਰਪਤੀ ਦੇ ਨਾਲ ਨਾਲ ਇਰਾਨ, ਇਰਾਕ ਤੇ ਮੱਧ-ਪੂਰਬੀ ਦੇਸ਼ਾਂ ਦੇ ਨੇਤਾਵਾਂ ਨੇ ਵੀ ਇਸ 'ਤੇ ਹੈਰਾਨੀ ਪ੍ਰਗਟਾਈ ਹੈ। ਉਨ੍ਹਾਂ ਮੁਤਾਬਿਕ ਓਬਾਮਾ ਇਕ ਪੁਰਸਕਾਰ ਦੇ ਹੱਕਦਾਰ ਨਹੀਂ ਹਨ। ਅਰਬ ਅਤੇ ਮੁਸਲਿਮ ਜਗਤ ਦੇ ਨੇਤਾ ਵੀ ਇਸ ਨੂੰ ਜਲਦਬਾਜ਼ੀ ਵਿਚ ਲਿਆ ਗਿਆ ਫੈਸਲਾ ਸਮਝਦੇ ਹਨ। ਤਾਲਿਬਾਨ ਨੇ ਇਸ 'ਤੇ ਮਜ਼ਾਕ ਉਡਾਉਂਦਿਆਂ ਕਿਹਾ ਹੈ ਕਿ ਓਬਾਮਾ ਨੂੰ ਸ਼ਾਂਤੀ ਪੁਰਸਕਾਰ ਦੀ ਬਜਾਏ 'ਹਿੰਸਾ ਦਾ ਨੋਬਲ ਪੁਰਸਕਾਰ' ਦਿੱਤਾ ਜਾਣਾ ਚਾਹੀਦਾ ਸੀ।

ਨੋਬਲ ਪੁਰਸਕਾਰ ਕਮੇਟੀ ਦੇ ਪ੍ਰਧਾਨ ਥੋਰ ਬੋਰਨ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਅਸੀਂ ਓਬਾਮਾ ਵਲੋਂ ਪਿਛਲੇ ਇਕ ਸਾਲ ਵਿਚ ਕੀਤੇ ਗਏ ਕੰਮਾਂ ਨੂੰ ਮਾਨਤਾ ਦਿੱਤੀ ਹੈ। ਸਾਨੂੰ ਆਸ ਹੈ ਕਿ ਉਹ ਜੋ ਕੁਝ ਕਰ ਰਹੇ ਹਨ, ਉਹ ਸਹੀ ਕਰ ਰਹੇ ਹਨ ਅਤੇ ਉਸ (ਓਬਾਮਾ) ਨੂੰ ਹੋਰ ਹੱਲਾਸ਼ੇਰੀ ਮਿਲੇਗੀ।

ਨਾਰਵੇ ਦੀ ਸ਼ਾਂਤੀ ਨੋਬਲ ਪੁਰਸਕਾਰ ਦੇਣ ਵਾਲੀ ਕਮੇਟੀ ਨੇ ਓਬਾਮਾ ਨੂੰ ਇਕ ਅਸਧਾਰਨ ਅਤੇ ਅਦੁੱਤੀ ਸ਼ਖ਼ਸੀਅਤ ਕਿਹਾ ਹੈ। ਓਬਾਮਾ ਵਰਗੇ ਵਿਰਲੇ ਹੀ ਲੋਕ ਹਨ, ਜੋ ਦੁਨੀਆਂ ਦੇ ਲੋਕਾਂ ਦਾ ਧਿਆਨ ਆਪਣੇ ਵਲ ਖਿੱਚਦੇ ਹਨ। ਓਬਾਮਾ ਨੇ ਕੌਮਾਂਤਰੀ ਸਿਆਸਤ ਵਿਚ ਇਕ ਨਵਾਂ ਮਾਹੌਲ ਪੈਦਾ ਕੀਤਾ ਹੈ। ਬਹੁਪੱਖੀ ਕੂਟਨੀਤੀ ਦੀ ਸਥਿਤੀ ਮਜ਼ਬੂਤ ਹੋਈ ਹੈ। ਸੰਯੁਕਤ ਰਾਸ਼ਟਰ ਅਤੇ ਹੋਰ ਕੌਮਾਂਤਰੀ ਅਦਾਰਿਆਂ ਦਾ ਸਨਮਾਨ ਤੇ ਯੋਗਦਾਨ ਵਧਿਆ ਹੈ।

ਕਮੇਟੀ ਦਾ ਇਹ ਵੀ ਮੰਨਣਾ ਹੈ ਕਿ 108 ਵਰ੍ਹਿਆਂ ਵਿਚ ਪਹਿਲੀ ਵਾਰ ਓਬਾਮਾ ਉਸ ਤਰ੍ਹਾਂ ਦੀਆਂ ਨੀਤੀਆਂ 'ਤੇ ਅੱਗੇ ਵਧੇ ਹਨ, ਜਿਹੋ ਜਿਹੀਆਂ ਕਮੇਟੀ ਚਾਹੁੰਦੀ ਸੀ। ਓਬਾਮਾ ਕੌਮਾਂਤਰੀ ਤੇ ਮੁਸਲਿਮ ਜਗਤ ਵਿਚ ਅਮਰੀਕਾ ਦਾ ਹਾਂ-ਪੱਖੀ ਤੇ ਰਚਨਾਤਮਕ ਅਕਸ ਸਥਾਪਿਤ ਕਰਨ ਲਈ ਕੰਮ ਕਰ ਰਹੇ ਹਨ। ਕਮੇਟੀ ਦਾ ਇਹ ਵੀ ਕਹਿਣਾ ਹੈ ਕਿ ਨੋਬਲ ਪੁਰਸਕਾਰ ਉਨ੍ਹਾਂ ਨੂੰ ਪ੍ਰਮਾਣੂ ਹਥਿਆਰਾਂ 'ਚ ਕਟੌਤੀ ਦੀ ਅਪੀਲ ਅਤੇ ਵਿਸ਼ਵ ਸ਼ਾਂਤੀ ਲਈ ਕੰਮ ਕਰਨ ਵਾਸਤੇ ਦਿੱਤਾ ਗਿਆ ਹੈ। ਨਾਰਵੇ ਦੀ ਇਸ ਕਮੇਟੀ ਨੇ ਕਈ ਵਿਵਾਦਪੂਰਨ ਹਸਤੀਆਂ ਨੂੰ ਵੀ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਪਰ ਕਈ ਯੋਗ ਵਿਅਕਤੀ ਇਸ ਪੁਰਸਕਾਰ ਤੋਂ ਵਾਂਝੇ ਵੀ ਰਹਿ ਗਏ।



ਬਰਾਕ ਹੁਸੈਨਾ ਓਬਾਮਾ

ਭਾਰਤ ਦੇ ਦੋ ਵਿਸ਼ਵ ਪ੍ਰਸਿੱਧ ਨੇਤਾ ਮਹਾਤਮਾ ਗਾਂਧੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਵਾਰ-ਵਾਰ ਨਾਮਜ਼ਦ ਕਰਨ ਦੇ ਬਾਵਜੂਦ ਨੋਬਲ ਸ਼ਾਂਤੀ ਪੁਰਸਕਾਰ ਤੋਂ ਵਾਂਝੇ ਰੱਖਿਆ ਗਿਆ। ਮਹਾਤਮਾ ਗਾਂਧੀ 20ਵੀਂ ਸਦੀ ਦੇ ਮਹਾ ਮਾਨਵ ਸਨ, ਜਿਨ੍ਹਾਂ ਨੇ ਲਗਭਗ 20 ਸਾਲ ਦੱਖਣੀ ਅਫਰੀਕਾ ਵਿਚ ਅਹਿੰਸਾ ਦੇ ਜ਼ਰੀਏ ਨਸਲੀ ਵਿਤਕਰੇ ਤੇ ਬੇਇਨਸਾਫ਼ੀ ਵਿਰੁਧ ਲੜਾਈ ਲੜੀ। ਉਹ ਦੁਨੀਆਂ ਵਿਚ ਸਮੱਸਿਆਵਾਂ ਦੇ ਹੱਲ ਦਾ ਸਭ ਤੋਂ ਪਹਿਲਾਂ ਸ਼ਾਂਤਮਈ ਇਤਿਹਾਸਕ ਕਾਰਨਾਮਾ ਸੀ।

ਮਹਾਤਮਾ ਗਾਂਧੀ ਬ੍ਰਿਟੇਨ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਪੂਰੀ ਤਰ੍ਹਾਂ ਅਹਿੰਸਾਤਮਕ ਸੱਤਿਆਗ੍ਰਹਿ ਦੇ ਜ਼ਰੀਏ ਸਫਲ ਹੋਏ। ਜਦੋਂ ਅਸਹਿਯੋਗ ਅੰਦੋਲਨ 'ਚ ਹਿੰਸਾ ਭੜਕੀ ਤਾਂ ਉਨ੍ਹਾਂ ਨੇ ਸ਼ਾਂਤੀ ਦੇ ਹਿੱਤ ਵਿਚ ਅੰਦੋਲਨ ਵਾਪਿਸ ਲੈ ਲਿਆ।

ਗਾਂਧੀ ਜੀ ਅਤੇ ਉਨ੍ਹਾਂ ਦੇ ਪੈਰੋਕਾਰ ਸਾਰੀ ਉਮਰ ਅੰਗਰੇਜ਼ਾਂ ਦੀਆਂ ਲਾਠੀਆਂ ਤੇ ਗੋਲੀਆਂ ਦਾ ਸ਼ਿਕਾਰ ਹੁੰਦੇ ਰਹੇ ਹਨ ਪਰ ਉਨ੍ਹਾਂ ਨੇ ਅਹਿੰਸਾ ਦਾ ਪੱਲਾ ਕਦੇ ਨਹੀਂ ਛੱਡਿਆ। ਉਹ ਅਜਿਹੇ ਯੁੱਗ-ਪੁਰਸ਼ ਸਨ, ਜੋ ਸਾਰੇ ਧਾਰਮਿਕ ਗ੍ਰੰਥਾਂ, ਧਰਮ ਗੁਰੂਆਂ ਤੇ ਫਿਰਕਿਆਂ ਦਾ ਸਤਿਕਾਰ ਕਰਦੇ ਸਨ।

ਸ਼ਾਂਤੀ ਦੇ ਨੋਬਲ ਪੁਰਸਕਾਰ ਲਈ 1937, 1938, 1939, 1947 ਤੇ 1948 ਵਿਚ ਨਾਮਜ਼ਦ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਹ ਪੁਰਸਕਾਰ ਨਹੀਂ ਦਿੱਤਾ ਗਿਆ। ਹਾਲਾਂਕਿ 1989 ਵਿਚ ਦਲਾਈਲਾਮਾ ਨੂੰ ਨੋਬਲ ਪੁਰਸਕਾਰ ਦਿੰਦੇ ਸਮੇਂ ਕਮੇਟੀ ਦੇ ਮੁਖੀ ਨੇ ਮਹਾਤਮਾ ਗਾਂਧੀ ਨੂੰ ਵੀ ਸ਼ਰਧਾਂਜਲੀ ਦਿੱਤੀ ਸੀ। ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ 11 ਵਾਰ ਇਸ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਪਰ ਫਿਰ ਵੀ ਉਨ੍ਹਾਂ ਨੂੰ ਪੁਰਸਕਾਰ ਨਹੀਂ ਮਿਲਿਆ।

ਭਾਰਤ ਵਿਚ ਸੰਸਦੀ ਸਰਕਾਰ ਦੀ ਸਥਾਪਨਾ ਦਾ ਸਿਲਾ ਪੰਡਿਤ ਨਹਿਰੂ ਨੂੰ ਹੀ ਜਾਂਦਾ ਹੈ, ਜਿਨ੍ਹਾਂ ਨੇ ਆਪਣੀ ਕਾਰਜਕੁਸ਼ਲਤਾ, ਦੂਰਅੰਦੇਸ਼ੀ ਅਤੇ ਸਮਝਦਾਰੀ ਨਾਲ ਇਕ ਅਸੰਭਵ ਕੰਮ ਨੂੰ ਸੰਭਵ ਕਰ ਦਿਖਾਇਆ ਅਤੇ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਬਣਨ ਵਿਚ ਸਫਲ ਹੋਇਆ। 1952 ਤੋਂ 1963 ਦਾ ਦੌਰ ਸਿਆਸੀ ਉਥਲ-ਪੁਥਲ, ਬੇਯਕੀਨੀ ਅਤੇ ਨਫ਼ਰਤ ਨਾਲ ਭਰਿਆ ਹੋਇਆ ਸੀ।

ਦੂਜੀ ਸੰਸਾਰ ਜੰਗ (1939-1945) ਤੋਂ ਸਾਰੀ ਦੁਨੀਆਂ ਦੋ ਹਿੱਸਿਆਂ ਵਿਚ ਵੰਡੀ ਗਈ। ਇਕ ਦਾ ਮੁਖੀ ਅਮਰੀਕਾ ਤੇ ਦੂਜੇ ਦਾ ਰੂਸ। ਦੋਵੇਂ ਧੜੇ ਇਕ-ਦੂਜੇ ਦੇ ਖੂਨ ਦੇ ਪਿਆਸੇ ਸਨ। ਹੀਰੋਸ਼ਿਮਾ ਤੇ ਨਾਗਾਸਾਕੀ ਦੀ ਤਬਾਹੀ ਤੋਂ ਬਾਅਦ ਵੀ ਦੋਹਾਂ ਧੜਿਆਂ ਨੇ ਅੜੀਅਲ ਰਵੱਈਆ ਅਪਨਾਇਆ ਹੋਇਆ ਸੀ। ਇਸੇ ਦੌਰਾਨ ਉੱਤਰੀ ਕੋਰੀਆ, ਦੱਖਣੀ ਕੋਰੀਆ, ਉੱਤਰੀ ਵੀਅਤਨਾਮ, ਦੱਖਣੀ ਵੀਅਤਨਾਮ, ਪੂਰਬੀ ਜਰਮਨੀ, ਪੱਛਮੀ ਜਰਮਨੀ, ਕੰਬੋਡੀਆ, ਕਾਂਗੋ ਤੇ ਮਿਸਰ 'ਚ ਸਵੇਜ਼ ਨਹਿਰ ਤੇ ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿਚ ਸਿਆਸੀ ਅਸ਼ਾਂਤੀ ਫੈਲੀ ਹੋਈ ਸੀ। ਪੰਡਿਤ ਜੀ ਨੇ ਦੁਨੀਆਂ ਦੇ ਗੰਭੀਰ ਮਾਮਲਿਆਂ ਦਾ ਹੱਲ ਲੱਭਣ ਲਈ ਪੰਚਸ਼ੀਲ ਮਤਲਬ ਸ਼ਾਂਤੀਪੂਰਨ ਸਹਿਹੋਂਦ ਦੇ ਸਿਧਾਂਤ ਨੂੰ ਅਪਨਾਇਆ ਤੇ ਦੋਹਾਂ ਧੜਿਆਂ ਨਾਲੋਂ ਅੱਡ ਰਹਿ ਕੇ ਨਿਰਪੱਖਤਾ ਦੀ ਨੀਤੀ ਅਪਨਾਈ।

1954 ਵਿਚ ਅਮਰੀਕੀ ਰਾਜਨੇਤਾ ਕੋਰਡਲ ਨੂੰ ਨੋਬਲ ਪੁਰਸਕਾਰ ਦਿੱਤਾ ਗਿਆ, ਜਦੋਂਕਿ ਦੂਜੀ ਸੰਸਾਰ ਜੰਗ ਵਿਚ ਹਿਟਲਰ ਤੋਂ ਜਾਨ ਬਚਾ ਕੇ ਭੱਜੇ ਯਹੂਦੀਆਂ ਨੂੰ ਜਹਾਜ਼ ਰਾਹੀਂ ਅਮਰੀਕਾ 'ਚ ਉਤਰਨ ਤੋਂ ਰੋਕ ਦਿੱਤਾ ਗਿਆ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਜਰਮਨੀ ਵਾਪਿਸ ਜਾਣਾ ਪਿਆ ਤੇ ਜਰਮਨ ਫ਼ੌਜ ਦੇ ਤਸੀਹੇ ਸਹਿਣੇ ਪਏ। ਗੈਸ ਚੈਂਬਰਾਂ ਵਿਚ ਹਜ਼ਾਰਾਂ ਬੱਚਿਆਂ, ਔਰਤਾਂ ਤੇ ਮਰਦਾਂ ਨੂੰ ਸੁੱਟ ਕੇ ਮਾਰ ਦਿੱਤਾ ਗਿਆ।

ਜਰਮਨੀ ਦੁਨੀਆਂ ਵਿਚ ਯਹੂਦੀਆਂ ਦੀ ਸਭ ਤੋਂ ਵੱਡੀ ਕਬਰਗਾਹ ਬਣਿਆ। ਮਿਸਟਰ ਕੋਰਡਲ ਬਹੁਤ ਵਿਵਾਦਪੂਰਨ ਨੇਤਾ ਸਨ, ਜਿਨ੍ਹਾਂ ਨੂੰ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਗਿਆ। 1973 ਵਿਚ ਅਮਰੀਕੀ ਵਿਦੇਸ਼ ਸਕੱਤਰ ਹੇਨਰੀ ਕਿਸਿੰਜਰ ਨੂੰ ਵੀਅਤਨਾਮ ਸ਼ਾਂਤੀ ਸਮਝੌਤੇ ਲਈ ਸਨਮਾਨਿਤ ਕੀਤਾ ਗਿਆ, ਜਦਕਿ 1969-1975 ਵਿਚ ਕੰਬੋਡੀਆ 'ਚ ਕੀਤੇ ਗਏ ਬੰਬ ਧਮਾਕਿਆਂ ਪਿੱਛੇ ਉਨ੍ਹਾਂ ਦਾ ਹੱਥ ਹੋਣ ਦਾ ਸ਼ੱਕ ਸੀ। ਬੋਲੀਵੀਆ ਅਤੇ ਕਈ ਹੋਰ ਦੇਸ਼ਾਂ ਵਿਚ ਅਗਵਾ ਤੇ ਹੱਤਿਆਵਾਂ ਪਿੱਛੇ ਵੀ ਉਨ੍ਹਾਂ ਦਾ ਹੱਥ ਸੀ। ਇਸ ਦੇ ਬਾਵਜੂਦ ਕਿਸਿੰਜਰ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ।

ਮੈਨੂੰ ਨਿੱਜੀ ਤੌਰ 'ਤੇ ਓਬਾਮਾ ਨੂੰ ਨੋਬਲ ਪੁਰਸਕਾਰ ਮਿਲਣ 'ਤੇ ਖੁਸ਼ੀ ਹੈ। ਸਾਰੇ ਭਾਰਤੀ ਓਬਾਮਾ ਦਾ ਸਤਿਕਾਰ ਕਰਦੇ ਹਨ ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਰਤ ਦੇ ਦੋ ਮਹਾਨ ਨੇਤਾ ਗਾਂਧੀ ਜੀ ਅਤੇ ਪੰਡਿਤ ਨਹਿਰੂ ਨੂੰ ਇਸ ਪੁਰਸਕਾਰ ਤੋਂ ਵਾਂਝੇ ਕਿਉਂ ਰੱਖਿਆ ਗਿਆ, ਜਿਨ੍ਹਾਂ ਦਾ ਵਿਸ਼ਵ ਸ਼ਾਂਤੀ ਵਿਚ ਵੱਡਾ ਯੋਗਦਾਨ ਰਿਹਾ ਹੈ।

ਓਸਲੋ ਦੀ ਸ਼ਾਂਤੀ ਨੋਬਲ ਪੁਰਸਕਾਰ ਕਮੇਟੀ ਨੂੰ ਆਪਣੀ ਪ੍ਰਕਿਰਿਆ ਤੇ ਕਾਰਜ ਪ੍ਰਣਾਲੀ ਵਿਚ ਤਬਦੀਲੀ ਕਰਨੀ ਪਵੇਗੀ ਤਾਂ ਕਿ ਵਿਸ਼ਵ ਸ਼ਾਂਤੀ ਵਿਚ ਅਹਿਮ ਯੋਗਦਾਨ ਦੇਣ ਵਾਲੀਆਂ ਮਹਾਨ ਹਸਤੀਆਂ ਇਸ ਪੁਰਸਕਾਰ ਤੋਂ ਵਾਂਝੀਆਂ ਨਾ ਰਹਿਣ, ਨਹੀਂ ਤਾਂ ਇਸ ਕਮੇਟੀ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਜਾਣਗੇ।

# ਅਫਗਾਨਿਸਤਾਨ ਵਿਚ ਭਾਰਤ ਨੂੰ ਪੈ ਰਹੀ ਮਾਰ ਕਿਵੇਂ ਰੁਕ ਸਕਦੀ?

**ਵੇਦਪ੍ਰਤਾਪ ਵੈਦਿਕ**

ਇਹ ਆਖਰੀ ਹਮਲਾ ਹੈ? ਸਵਾ ਸਾਲ ਵਿਚ ਇਹ ਦੂਜਾ ਹਮਲਾ ਹੈ? ਜੇਕਰ ਸਾਡੇ ਕਾਬੁਲ ਦੇ ਦੂਤਾਵਾਸ ਤੇ ਕਿਲੇਨੁਮਾ ਦੀਵਾਰਾਂ ਨਾ ਖੜੀਆਂ ਹੁੰਦੀਆਂ ਤਾਂ ਇਸ ਵਾਰੀ ਪੂਰਾ ਦੂਤਾਵਾਸ ਹੀ ਉਡ ਜਾਣਾ ਸੀ। ਦੂਤਾਵਾਸ ਤਾਂ ਅਸੀਂ ਬਚਾ ਲਿਆ, ਪਰ ਕੀ ਅਫਗਾਨਿਸਤਾਨ ਵਿਚ ਅਸੀਂ ਭਾਰਤ ਨੂੰ ਬਚਾ ਸਕਾਂਗੇ? ਭਾਰਤ ਸਿਰਫ ਉਸ ਦੂਤਾਵਾਸ ਵਿਚ ਹੀ ਨਹੀਂ ਹੈ, ਜੋ ਕਾਬੁਲ ਦੇ ਸ਼ਹਿਰ ਵਿਚ ਸਥਿਤ ਹੈ। ਇਸ ਵੇਲੇ ਭਾਰਤ ਦੀ ਮੌਜੂਦਗੀ ਲਗਭਗ ਪੂਰੇ ਅਫਗਾਨਿਸਤਾਨ ਵਿਚ ਹੈ। ਭਾਰਤ ਦੇ ਹਜ਼ਾਰਾਂ ਕਾਰਮਚਾਰੀ, ਡਾਕਟਰ, ਇੰਜੀਨੀਅਰ, ਸਿਖਿਅਕ ਆਦਿ ਅਫਗਾਨਿਸਤਾਨ ਦੇ ਕਿਹੜੇ ਕਿਹੜੇ ਖੇਤਰਾਂ ਵਿਚ ਸਕ੍ਰਿਆ ਨਹੀਂ ਹਨ? ਹੈਰਾਤ ਤੋਂ ਲੈ ਕੇ ਜਲਾਲਾਬਾਦ ਅਤੇ ਕੁੰਦੁਜ ਤੋਂ ਲੈ ਕੇ ਕੰਧਾਰ ਤੱਕ, ਭਾਰਤ ਮਾਤਾ ਦੇ ਸਪੂਤ ਆਪਣੀ ਜਾਨ 'ਤੇ ਖੇਡ ਰਹੇ ਹਨ ਅਤੇ ਆਪਣੇ ਅਫਗਾਨ ਭਰਾਵਾਂ ਦੀ ਸੇਵਾ ਕਰ ਰਹੇ ਹਨ। ਇਹ ਭਾਰਤ ਦਾ ਹੀ ਕਮਾਲ ਹੈ ਕਿ ਉਸ ਨੇ ਅਫਗਾਨਿਸਤਾਨ ਨੂੰ ਉਸਦੇ 62 ਸਾਲ ਪੁਰਾਣੇ ਭੁਗੋਲਿਕ ਬੰਧਨ ਤੋਂ ਮੁਕਤ ਕਰਵਾ ਦਿੱਤਾ। ਭਾਰਤ ਨੇ ਅਫਗਾਨਿਸਤਾਨ ਦੇ ਪੱਛਮੀ ਸੀਮਾਂ 'ਤੇ ਇਹੋ ਜਿਹੀ ਸੜਕ ਬਣਾ ਦਿੱਤੀ ਹੈ, ਜੋ ਇਸ ਜ਼ਮੀਨ ਨਾਲ ਘਿਰੇ ਦੇਸ਼ ਨੂੰ ਫਾਰਸ ਦੀ ਖਾੜੀ ਨਾਲ ਜੋੜਦੀ ਹੈ। ਹੁਣ ਤੱਕ ਅਫਗਾਨਿਸਤਾਨ ਤੋਂ ਆਣ ਅਤੇ ਜਾਣ ਦਾ ਇਕ ਹੀ ਸੁਥਰਾ ਥਲ ਰਸਤਾ ਸੀ ਅਤੇ ਉਹ ਪਾਕਿਸਤਾਨ ਹੋ ਕੇ ਜਾਂਦਾ ਸੀ। ਪਾਕਿਸਤਾਨ ਜਦ ਚਾਹੁੰਦਾ, ਉਸ ਰਸਤੇ ਨੂੰ ਬੰਦ ਕਰ ਦਿੰਦਾ ਸੀ। ਹੁਣ ਇਰਾਨ ਦੇ ਜ਼ਰੀਏ ਨਵਾਂ ਰਸਤਾ ਖੁਲ੍ਹ ਗਿਆ ਹੈ। ਪਹਿਲਾਂ ਅਫਗਾਨਿਸਤਾਨ ਇਕ ਹੀ ਨਾਸ ਰਾਹੀਂ ਸਾਹ ਲੈਂਦਾ ਸੀ। ਹੁਣ ਉਸ ਦੀਆਂ ਦੋਵੇਂ ਨਾਸਾਂ ਖੁੱਲ੍ਹ ਗਈਆਂ ਹਨ। ਇਸਦਾ ਸਿਹਰਾ ਭਾਰਤ ਨੂੰ ਬੱਝਦਾ ਹੈ।

ਇਹੀ ਕਾਰਨ ਹੈ ਕਿ ਪਾਕਿਸਤਾਨ ਬੁਖਲਾਇਆ ਹੋਇਆ ਹੈ। ਸਿਰਫ ਉਸਦੀ ਫੌਜ ਅਤੇ ਖੁਫੀਆ ਸੇਵਾ ਹੀ ਨਹੀਂ, ਉਸਦੀ ਸਰਕਾਰ ਅਤੇ ਵਪਾਰੀ ਵੀ ਮੰਨਦੇ ਹਨ ਕਿ ਹੁਣ ਅਫਗਾਨਿਸਤਾਨ ਨੂੰ ਆਪਣੀ ਮੁੱਠੀ ਵਿਚ ਦਬਾਈ ਰੱਖਣਾ ਮੁਸ਼ਕਿਲ ਹੋਵੇਗਾ। ਇਸ ਲਈ ਜਦੋਂ ਸਾਡੇ ਦੂਤਾਵਾਸ 'ਤੇ ਹਮਲੇ ਹੁੰਦੇ ਹਨ ਅਤੇ ਉਨ੍ਹਾਂ ਦੇ ਠੋਸ ਕਾਰਨ ਪਾਕਿਸਤਾਨ ਨੂੰ ਦੱਸੇ ਜਾਂਦੇ ਹਨ ਤਾਂ ਉਸਦੇ ਸਿਰ 'ਤੇ ਜੂੰ ਨਹੀਂ ਸਰਕਦੀ। ਪਾਕਿਸਤਾਨ ਨੇ ਅਮਰੀਕਾ ਦੇ ਗਲੇ ਵੀ ਇਹੀ ਗੱਲ ਉਤਾਰ ਦਿੱਤੀ ਹੈ ਕਿ ਅਫਗਾਨਿਸਤਾਨ ਵਿਚ ਭਾਰਤ ਦੀ ਮੌਜੂਦਗੀ ਨਾਲ ਉਹ ਨਾਰਾਜ਼ ਹੈ। ਇਸ ਨਾਰਾਜ਼ਗੀ ਦਾ ਕਾਰਨ ਕੀ ਹੈ? ਭਾਰਤ ਕਿਹੜਾ ਪਾਕਿਸਤਾਨ ਵਿਰੁਧ ਕੋਈ ਕੰਮ ਕਰ ਰਿਹਾ ਹੈ? ਕੀ ਉਹ ਅਫਗਾਨਿਸਤਾਨ ਨੂੰ ਪਾਕਿਸਤਾਨ 'ਤੇ ਹਮਲਾ ਕਰਨ ਦੇ ਲਈ ਤਿਆਰ ਕਰ ਰਿਹਾ ਹੈ? ਕੀ ਉਹ ਅਫਗਾਨਿਸਤਾਨ ਵਿਚ ਕੋਈ ਫੌਜੀ ਅੱਡਾ ਤਿਆਰ ਕਰ ਰਿਹਾ ਹੈ? ਦੂਰ-ਦੂਰ ਤੱਕ ਇਸਦੀ ਕੋਈ ਸੰਭਾਵਨਾ ਨਹੀਂ ਹੈ। ਭਾਰਤ ਆਪਣੇ ਅਫਗਾਨ ਭਰਾਵਾਂ ਦੀ ਬਿਨਾ ਸਵਾਰਥ ਤੋਂ ਸੇਵਾ ਕਰ ਰਿਹਾ ਹੈ। ਹਸਪਤਾਲ, ਸਕੂਲ, ਸੜਕਾਂ ਅਤੇ ਪੁਲ ਬਣਾ ਰਿਹਾ ਹੈ। ਬਿਜਲੀ ਅਤੇ ਟੈਲੀਫੋਨ ਦੀਆਂ ਲਾਈਨਾਂ ਪਾ ਰਿਹਾ ਹੈ। ਬੇਰੋਜ਼ਗਾਰ ਅਫਗਾਨੀਆਂ ਨੂੰ ਕੰਮ ਧੰਦੇ ਸਿਖਾ ਰਿਹਾ ਹੈ। ਇਸ ਕੰਮ ਵਿਚ ਪਾਕਿਸਤਾਨ ਨੂੰ ਕਿਹੜਾ ਖ਼ਤਰਾ ਹੈ? ਭਾਰਤ ਕੋਈ ਮਾਲਦਾਰ ਦੇਸ਼ ਨਹੀਂ ਹੈ, ਫਿਰ ਵੀ ਉਸ ਨੇ ਲਗਭਗ 6000 ਕਰੋੜ ਰੁਪਏ ਝੋਕ ਦਿੱਤੇ ਹਨ। ਇਹ ਠੀਕ ਹੈ ਕਿ ਅਫਗਾਨਿਸਤਾਨ ਆਤਮ ਨਿਰਭਰ ਬਣੇਗਾ ਤਾਂ ਪਾਕਿਸਤਾਨ ਦਾ ਰੰਗ ਫਿੱਕਾ ਹੋਵੇਗਾ, ਪਰ ਕਿਸੇ ਰਾਸ਼ਟਰ ਦੇ ਪੈਰ ਵਿਚ ਤੁਸੀਂ ਬੇੜੀਆਂ ਕਿਵੇਂ ਪਾ ਸਕਦੇ ਹੋ? ਪਾਕਿਸਤਾਨ ਨੂੰ ਡਰ ਹੈ ਕਿ ਜੇਕਰ ਅਫਗਾਨਿਸਤਾਨ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਤਾਂ ਉਹ ਤਾਲਿਬਾਨ ਵਰਗਿਆਂ ਨੂੰ ਆਪਣੇ ਸਿਰ 'ਤੇ ਦੁਬਾਰਾ ਨਹੀਂ ਥੋਪਣ ਦੇਵੇਗਾ। ਅਫਗਾਨਿਸਤਾਨ ਪਾਕਿਸਤਾਨ ਦਾ 5ਵਾਂ ਪ੍ਰਾਂਤ ਕਦੇ ਨਹੀਂ ਬਣ ਸਕੇਗਾ।

ਇਸੇ ਲਈ ਅਫਗਾਨਿਸਤਾਨ ਤੋਂ ਜੇਕਰ ਅਮਰੀਕੀ ਚਲੇ ਗਏ ਤਾਂ ਵੀ ਭਾਰਤੀ ਠਿਕਾਣਿਆਂ 'ਤੇ ਹਮਲੇ ਹੁੰਦੇ ਰਹਿਣਗੇ। ਸਾਡੇ ਦੂਤਾਵਾਸ 'ਤੇ ਇਹ ਹਮਲਾ ਪਾਕਿਸਤਾਨ ਸਰਕਾਰ ਨੇ ਕਰਵਾਇਆ ਹੈ, ਇਹ ਜ਼ਰੂਰੀ ਨਹੀਂ, ਪਰ ਉਸਦੇ ਸਰਕਾਰੀ ਸੰਗਠਨਾਂ ਦੀ ਮਦਦ ਦੇ ਬਿਨਾ ਕੀ ਇਨਾ ਖ਼ਤਰਨਾਕ ਅਤੇ ਵਿਉਂਤਬੱਧ ਵਾਲਾ ਹਮਲਾ ਹੋ ਸਕਦਾ ਹੈ? ਜੇਕਰ ਪਾਕਿ ਸਰਕਾਰ ਇਸ ਮੁੱਦੇ 'ਤੇ ਸਾਡੇ ਨਾਲ ਹੋਵੇ, ਤਦ ਵੀ ਇਹ ਹਮਲੇ ਹੁੰਦੇ ਚਲੇ ਜਾਣਗੇ ਅਤੇ ਵਧਦੇ ਜਾਣਗੇ, ਕਿਉਂਕਿ ਉਸਦਾ ਆਪਣੀ ਫੌਜ ਅਤੇ ਆਈ.ਐਸ.ਆਈ. 'ਉਤੇ ਕੋਈ ਕੰਟਰੋਲ ਨਹੀਂ ਹੈ। ਹੁਣੇ-ਹੁਣੇ ਅਮਰੀਕੀ ਕਾਂਗਰਸ ਨੇ ਜੋ ਕੈਰੀ-ਲੁਗਾਰ ਕਾਨੂੰਨ ਪਾਸ ਕੀਤਾ ਹੈ, ਉਸਦਾ ਲਕਸ਼ ਇਹੀ ਹੈ ਕਿ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਜ਼ਰਦਾਰੀ ਸਰਕਾਰ ਦੇ ਮਾਤਹਿਤ ਹੋ ਜਾਣ ਪਰ ਪਾਕਿਸਤਾਨ ਦੇ



ਸੈਨਾਪਤੀ ਨੇ ਉਸਦਾ ਖੁੱਲ੍ਹੇਆਮ ਵਿਰੋਧ ਕਰ ਦਿੱਤਾ ਹੈ। ਓਦੋਂ ਭਾਰਤ ਕੀ ਕਰੇ? ਕੀ ਉਹ ਸਿਰਫ ਨਾਟੋ ਫੌਜਾਂ 'ਤੇ ਨਿਰਭਰ ਰਹਿਣ? ਨਾਟੋ ਫੌਜਾਂ ਪਤਾ ਨਹੀਂ ਕਦ ਤਕ ਟਿਕਣਗੀਆਂ? ਕੀ ਨਾਟੋ ਫੌਜਾਂ ਦੀ ਵਾਪਸੀ ਹੁੰਦੇ ਹੀ ਭਾਰਤ ਨੂੰ ਅਫਗਾਨਿਸਤਾਨ ਤੋਂ ਭਜਣਾ ਪਵੇਗਾ? ਸਾਡੇ ਗਰੀਬ ਕਰ ਦਾਤਾਵਾਂ ਦੇ 6000 ਕਰੋੜ ਰੁਪਏ ਅਤੇ ਦਰਜਨਾਂ ਕਰਮਚਾਰੀਆਂ ਅਤੇ ਕੂਟਨੀਤਕਾਂ ਦੀਆਂ ਜਾਨਾਂ ਕੀ ਫਜ਼ੂਲ ਚਲੀਆਂ ਜਾਣਗੀਆਂ? ਨਾਟੋ ਫੌਜਾਂ ਜੇਕਰ ਟਿਕੀਆਂ ਵੀ ਰਹੀਆਂ ਤਾਂ ਉਨ੍ਹਾਂ ਨਾਲ ਸਾਨੂੰ ਕੀ ਫਾਇਦਾ ਹੈ? ਉਹ ਆਪਣੇ ਰਾਸ਼ਟਰੀ ਹਿਤਾਂ ਦੀ ਰੱਖਿਆ ਕਰਨਗੀਆਂ ਜਾਂ ਭਾਰਤ ਦੇ ਰਾਸ਼ਟਰ ਹਿਤਾਂ ਦੀ? ਭਾਰਤ ਨੂੰ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਖੁਦ ਕਰਨੀ ਹੋਵੇਗੀ।


ਕਿਵੇਂ ਦੀ ਹੋਵੇਗੀ ਇਹ? ਸਭ ਤੋਂ ਪਹਿਲਾਂ ਤਾਂ ਹਰ ਇਕ ਭਾਰਤੀ ਦੀ ਸੁਰਖਿਆ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਉਹ ਅਫਗਾਨ ਸੰਸਥਾਵਾਂ ਜਿਥੇ ਭਾਰਤੀ ਕੰਮ ਕਰ ਰਹੇ ਹਨ, ਪੂਰੀ ਤਰ੍ਹਾਂ ਸੁਰਖਿਅਤ ਕੀਤੀਆਂ ਜਾਣ। ਦੂਜਾ, ਅਫਗਾਨਿਸਤਾਨ ਵਿਚ ਪੰਜ ਲੱਖ ਜਵਾਨਾਂ ਵਾਲੀ ਰਾਸ਼ਟਰੀ ਸੈਨਾ ਇਕ ਸਾਲ ਵਿਚ ਖੜੀ ਕੀਤੀ ਜਾਵੇ, ਇਹ ਕੰਮ ਭਾਰਤ ਕਰੇ, ਪਰ ਇਸਦਾ ਸਾਰਾ ਖਰਚ ਨਾਟੋ ਉਠਾਵੇ। ਇਹ ਕਦਮ ਨਾ ਸਿਰਫ ਬੇਰੋਜ਼ਗਾਰੀ ਖਤਮ ਕਰੇਗਾ ਬਲਿਕ ਤਾਲਿਬਾਨ ਦੇ ਨਾਲ ਜਾਣ ਵਾਲੇ ਨੌਜਵਾਨਾਂ ਦੀ ਗਿਣਤੀ ਨੂੰ ਵੀ ਇਕਦਮ ਘਟਾ ਦੇਵੇਗਾ। ਤੀਜਾ, ਅਤਿਵਾਦੀਆਂ ਦੇ ਕਾਰਨਾਮਿਆਂ ਦੇ ਲਈ ਕਿਸੇ ਦੇਸ਼-ਵਿਦੇਸ਼ ਨੂੰ ਬਦਨਾਮ ਕਰਨ ਦੀ ਬਜਾਏ ਗੁਆਂਢੀ ਦੇਸ਼ਾਂ ਦਾ ਸੰਯੁਕਤ ਮੋਰਚਾ ਬਣਾਇਆ ਜਾਵੇ। ਭਾਰਤ, ਇਰਾਨ, ਉਜਬੇਕਿਸਤਾਨ, ਪਾਕਿਸਤਾਨ, ਚੀਨ ਅਤੇ ਰੂਸ ਮਿਲ ਕੇ ਆਪਣੇ 'ਸਾਂਝੇ ਦੁਸ਼ਮਣ' ਨਾਲ ਲੜਨ। ਚੌਥਾ, ਨਾਟੋ ਸੈਨਾਵਾਂ ਦੀ ਵਿਵਸਥਤ ਵਾਪਸੀ ਦਾ ਐਲਾਨ ਕੀਤਾ ਜਾਵੇ। ਅਤਿਵਾਦੀਆਂ ਨਾਲ ਲੜਨ ਵਿਚ ਵਿਦੇਸ਼ੀ ਸੈਨਾਵਾਂ ਕਦੇ ਸਫਲ ਨਹੀਂ ਹੋ ਸਕਦੀਆਂ। ਇਹ ਕੰਮ ਅਫਗਾਨ ਸੈਨਿਕ ਕਰਨ, ਪਰ ਇਸਦੇ ਪਿਛੇ 'ਖੇਤਰੀ ਸੈਨਾਵਾਂ' ਦੀ ਤਾਕਤ ਹੋਵੇ। ਇਹ ਰਣਨੀਤੀ ਹੀ ਪੱਛਮੀ ਰਾਸ਼ਟਰਾਂ ਲਈ ਸੱਚੀ ਤਾਰਣਹਾਰ ਹੈ। ਪੰਜਵਾਂ, ਜੇਕਰ ਕਿਸੇ ਵਿਵਸਥਾ ਦੇ ਲਈ ਆਮ ਅਫਗਾਨ ਦਾ ਸਮਰਥਨ ਹਾਸਿਲ ਕਰਨਾ ਹੋਵੇ ਤਾਂ ਉਸਦੀ ਪਹਿਲੀ ਸ਼ਰਤ ਇਹ ਹੈ ਕਿ ਅਫਗਾਨ ਰਾਸ਼ਟਰ ਨੂੰ ਕਿਸੇ ਦਾ ਮੋਹਰਾ ਬਣਿਆ ਹੋਇਆ ਦਿਖਾਈ ਨਹੀਂ ਦੇਣਾ ਚਾਹੀਦਾ। ਅਫਗਾਨਿਸਤਾਨ ਸ਼ਾਂਤ ਤਦੇ ਹੋਵੇਗਾ ਜਦ ਉਹ ਆਜ਼ਾਦ ਹੋਵੇਗਾ।

ਇਹ ਦੇਖਣਾ ਵੀ ਭਾਰਤ ਦਾ ਕੰਮ ਹੈ ਕਿ ਅਫਗਾਨਿਸਤਾਨ ਵਿਚ ਅਤਿਵਾਦ ਨੂੰ ਉਗਾਸਾ ਦੇਣ ਵਾਲੇ ਤੱਤ ਕੌਣ ਹਨ? ਕੀ ਇਹ ਲੋਕ ਉਹ ਨਹੀਂ ਹਨ, ਜੋ ਪਾਕਿਸਤਾਨ ਅਤੇ ਕਸ਼ਮੀਰ ਵਿਚ ਵੀ ਸਕ੍ਰਿਆ ਹਨ। ਭਾਰਤ ਸਰਕਾਰ ਚਾਹੇ ਤਾਂ ਇਨ੍ਹਾਂ ਸਾਰਿਆਂ ਤੱਤਾਂ ਨਾਲ ਗੱਲਬਾਤ ਦਾ ਰਸਤਾ ਖੋਲ੍ਹ ਸਕਦੀ ਹੈ। ਖੁਦ ਨੋਬਲ ਵਿਜੇਤਾ ਓਬਾਮਾ ਨੂੰ ਵੀ ਇਸੇ ਰਸਤੇ 'ਤੇ ਚਲਣਾ ਪਵੇਗਾ। ਜੇਕਰ ਅਫਗਾਨਿਸਤਾਨ ਦਾ ਕੋਈ ਹੱਲ ਭਾਰਤ ਨੇ ਕਰਨਾ ਹੈ ਤਾਂ ਉਸਨੂੰ ਗੋਲੀ ਅਤੇ ਬੋਲੀ ਦੋਵਾਂ ਦੇ ਲਈ ਬਰਾਬਰ ਤਿਆਰ ਰਹਿਣਾ ਹੋਵੇਗਾ। ਨਾ ਤਾਂ ਇਕੱਲੀ ਗੋਲੀ ਨਾਲ ਕੋਈ ਹੱਲ ਨਿਕਲੇਗਾ ਅਤੇ ਨਾ ਹੀ ਇਕੱਲੀ ਬੋਲੀ ਨਾਲ। ਜਿੱਥੋਂ ਤੱਕ ਪੱਛਮੀ ਰਾਸ਼ਟਰਾਂ ਦਾ ਸਵਾਲ ਹੈ, ਉਹ ਅਫਗਾਨਿਸਤਾਨ ਦੀ ਦਲਦਲ ਵਿਚ ਉਸੇ ਤਰ੍ਹਾਂ ਫਸ ਗਏ ਹਨ, ਜਿਵੇਂ ਕਦੇ ਸੋਵੀਅਤ ਸੰਘ ਫਸਿਆ ਸੀ। ਜੇਕਰ ਉਨ੍ਹਾਂ ਨੂੰ ਵੀ ਰੂਸੀਆਂ ਦੀ ਤਰ੍ਹਾਂ ਦੌੜਨਾ ਪਿਆ ਤਾਂ ਉਸਦਾ ਸਭ ਤੋਂ ਜ਼ਿਆਦਾ ਨੁਕਸਾਨ ਜੇਕਰ ਕਿਸੇ ਮੁਲਕ ਨੂੰ ਹੋਵੇਗਾ ਤਾਂ ਇਹ ਭਾਰਤ ਨੂੰ ਹੋਵੇਗਾ। ਇਸੇ ਲਈ ਅਫਗਾਨਿਸਤਾਨ ਵਿਚ ਭਾਰਤ ਨੂੰ ਭਿੱਜੀ ਬਿੱਲੀ ਬਣਿਆ ਰਹਿਣਾ ਠੀਕ ਨਹੀਂ ਹੈ।

ਭਾਰਤ ਅਮਰੀਕਾ ਦਾ ਦੁਮਛੱਲਾ ਨਹੀਂ ਹੈ, ਪਰ ਇਸ ਤਰ੍ਹਾਂ ਦਾ ਦਿਖਾਈ ਦੇਣਾ ਵੀ ਠੀਕ ਨਹੀਂ ਹੈ। ਦੱਖਣ ਏਸ਼ੀਆ ਭਾਰਤ ਦਾ ਆਪਣਾ ਇਲਾਕਾ ਹੈ। ਇਸ ਦੀ ਦੇਖ ਭਾਲ ਅਤੇ ਸੁਰਖਿਆ ਭਾਰਤ ਦੀ ਹੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਇਸੇ ਲਈ ਭਾਰਤ ਪਹਿਲ ਕਰੇ। ਜੇਕਰ ਭਾਰਤ ਅਫਗਾਨਿਸਤਾਨ ਵਿਚ ਖੁਦ ਨੂੰ ਨਹੀਂ ਬਚਾਏਗਾ ਤਾਂ ਉਸਦਾ ਭਾਰਤ ਵਿਚ ਬਚਣਾ ਵੀ ਕਿਸੇ ਦਿਨ ਮੁਸ਼ਕਿਲ ਹੋ ਜਾਵੇਗਾ।

# ਸਰਬਉਚ ਪਦਵੀ ਦੀ ਦੁਰਦਸ਼ਾ ਤੇ ਸਿੱਖ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਉਸ ਕੋਠੀ ਵਿਚ ਦੋ-ਤਿੰਨ ਕੁ ਵਾਰ ਵਿਸ਼ਰਾਮ ਕਰਨ ਮੌਕੇ ਮੈਂ ਪ੍ਰਸ਼ਾਦਾ-ਪਾਣੀ ਛਕ ਚੁੱਕਿਆ ਹਾਂ, ਜਿਸ ਨੂੰ ਖਾਲੀ ਕਰਵਾਉਣ ਲਈ ਇਨ੍ਹੀਂ ਦਿਨੀਂ ਗਰਮਾ-ਗਰਮ ਬਿਆਨਬਾਜ਼ੀ ਹੋ ਰਹੀ ਹੈ। ਖਾੜਕੂ ਸੁਭਾਅ ਵਾਲੇ 'ਸਿੰਘ ਸਾਹਿਬ' ਵਜੋਂ ਜਾਣੇ ਜਾਂਦੇ ਭਾਈ ਰਣਜੀਤ ਸਿੰਘ ਨੂੰ ਪ੍ਰਧਾਨ ਮੱਕੜ ਜੀ ਆਖ ਰਹੇ ਹਨ ਕਿ ਕੋਠੀ ਖਾਲੀ ਕਰ ਭਾਈ। ਜਿਸ ਸ਼ਖਸ ਨੂੰ ਇਕ ਸਮੇਂ ਸੋਨੇ ਨਾਲ ਤੋਲਣ ਲਈ ਕਈ ਜਥੇਬੰਦੀਆਂ ਐਲਾਨ 'ਤੇ ਐਲਾਨ ਕਰ ਰਹੀਆਂ ਸਨ, ਅੱਜ ਉਸ ਨੂੰ ਰਿਹਾਇਸ਼ ਵੀ ਖਾਲੀ ਕਰਨ ਲਈ ਹੁਕਮ ਕੀਤੇ ਜਾ ਰਹੇ ਹਨ। ਸਿੱਖ ਫਿਤਰਤ ਵਿਚਲੇ ਇਸ ਜ਼ਮੀਨ ਅਸਮਾਨ ਦੇ ਫਰਕ ਬਾਰੇ ਭਾਈ ਰਣਜੀਤ ਸਿੰਘ ਹੁਰਾਂ ਦੀ ਖੁਦ ਦੀ ਹੀ ਇਕ ਦਿਲਚਸਪ ਟਿੱਪਣੀ ਦਾ ਜ਼ਿਕਰ ਅੱਗੇ ਜਾ ਕੇ ਕਰਾਂਗੇ, ਪਹਿਲਾਂ ਇਸ ਵਿਸ਼ੇ ਦੀਆਂ ਹੋਰ ਗੱਲਾਂ ਕਰ ਲਈਏ।

ਸ੍ਰੀ ਅੰਮ੍ਰਿਤਸਰ ਸਥਿਤ ਉਕਤ ਕੋਠੀ ਵਿਚ ਹੀ ਭਾਈ ਸਾਹਿਬ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ ਸੀ। ਦਾਹਾਂ ਕਲੇਰਾਂ ਸੰਸਥਾ ਦੇ ਬਜ਼ੁਰਗ ਪ੍ਰਧਾਨ ਜੀ ਨੇ ਮੇਰਾ ਤੁਆਰਫ ਕਰਵਾਉਂਦਿਆਂ ਹੋਇਆਂ, ਭਾਈ ਰਣਜੀਤ ਸਿੰਘ ਅੱਗੇ ਮੇਰੀ ਉਪਮਾ ਦੇ ਬੜੇ ਪੜੁੱਲ ਬੰਨ੍ਹੇ, "ਇਹ ਜੀ ਲਿਖਾਰੀ ਹਨ, ਸਿੱਖ ਧਰਮ ਇਤਿਹਾਸ ਦੀ ਡੂੰਘੀ ਜਾਣਕਾਰੀ ਰੱਖਦੇ ਹਨ...ਚੰਗੇ ਬੁਲਾਰੇ ਵੀ ਹਨ...ਵਗੈਰਾ ਵਗੈਰਾ।" ਭਾਈ ਸਾਹਿਬ ਮੇਰੇ ਚਿਹਰੇ ਵਲ ਉਨਾ ਚਿਰ ਟਿਕਟਿਕੀ ਲਗਾ ਕੇ ਦੇਖਦੇ ਰਹੇ, ਜਿੰਨਾ ਚਿਰ ਦਾਹਾਂ ਕਲੇਰਾਂ ਵਾਲੇ ਬਜ਼ੁਰਗ ਮੇਰੀਆਂ 'ਖੂਬੀਆਂ' ਗਿਣਾਈ ਗਏ। ਗੱਲ ਮੁੱਕਣ ਤੋਂ ਬਾਅਦ ਭਾਈ ਸਾਹਿਬ ਖੜਕਵੀਂ ਆਵਾਜ਼ 'ਚ ਕਹਿੰਦੇ, "ਇਨ੍ਹਾਂ ਦੀ ਵਿਦਵਤਾ ਕਿਹੜੇ ਕੰਮ?... ਐਸ ਵੇਲੇ ਤਾਂ ਇਹ ਬਾਦਲ ਦੀ ਗਾਂ ਹੀ ਬਣੇ ਹੋਏ ਨੇ।"

ਸਿੰਘ ਸਾਹਿਬ ਮੂੰਹੋਂ ਆਪਣੇ ਲਈ ਇਹ ਅਸੱਭਿਅਕ ਜਿਹਾ ਸ਼ਬਦ ਸੁਣ ਕੇ ਮੈਂ ਇਕਦਮ ਛਿੱਥਾ ਤਾਂ ਹੋ ਗਿਆ ਪਰ ਮੈਂ ਆਪਣੀ ਸਫਾਈ ਵਜੋਂ ਕਈ ਸਪੱਸ਼ਟੀਕਰਨ ਦਿੱਤੇ ਕਿ ਫਲਾਂ-ਫਲਾਂ ਮੌਕਿਆਂ 'ਤੇ ਮੈਂ ਪਾਰਟੀ ਨੀਤੀਆਂ ਦੇ ਖਿਲਾਫ ਜਾਂਦਿਆਂ ਆਪਣੀ ਜ਼ਮੀਰ ਦੀ ਆਵਾਜ਼ ਸੁਣਦਾ ਰਿਹਾ ਹਾਂ। ਲੇਕਿਨ ਮੈਂ ਮਹਿਸੂਸ ਕੀਤਾ ਕਿ ਉਨ੍ਹਾਂ 'ਤੇ ਮੇਰੀਆਂ ਦਿੱਤੀਆਂ ਸਫਾਈਆਂ ਦਾ ਕੋਈ ਅਸਰ ਨਹੀਂ ਸੀ ਹੋਇਆ। ਉਨ੍ਹਾਂ ਦੀ ਨਜ਼ਰ ਵਿਚ ਮੈਂ ਉਹੀ ਕੁਝ ਸਾਂ, ਜੋ ਮੈਨੂੰ ਪਹਿਲਾਂ ਕਹਿ ਚੁੱਕੇ ਸਨ।"

ਸੰਨ ਅਠੁਤਰ ਦੀ ਖੂਨੀ ਵਿਸਾਖੀ ਤੋਂ ਬਾਅਦ ਹੋਈਆਂ ਬੀਤੀਆਂ ਘਟਨਾਵਾਂ ਦਰਮਿਆਨ ਜਦੋਂ ਉਨ੍ਹਾਂ ਦਾ ਨਾਮ ਮੀਡੀਏ ਵਿਚ ਆਇਆ, ਉਹ ਉਸ ਵੇਲੇ ਹਰ ਸਿੱਖ ਲਈ ਵੱਡੇ ਸਤਿਕਾਰ ਦੇ ਪਾਤਰ ਬਣ ਗਏ ਸਨ। ਉਨ੍ਹਾਂ ਵਲੋਂ ਕੀਤੇ ਗਏ ਕਾਰਨਾਮੇ ਨੂੰ ਸਿੱਖ ਮਾਨਸਿਕਤਾ ਨੇ ਮੱਸੇ ਰੰਘੜ ਵਾਲੇ ਇਤਿਹਾਸ ਨਾਲ ਜੋੜ ਕੇ ਆਪਣੇ ਦਿਲਾਂ 'ਚ ਵਸਾ ਲਿਆ। ਭਾਈ ਸਾਹਿਬ ਦੀ ਸ਼ਾਨ ਵਿਚ ਸਿੱਖ ਕਵੀਆਂ ਨੇ ਦਿਲ ਖਿੱਚਵੀਆਂ ਕਵਿਤਾਵਾਂ ਲਿਖੀਆਂ। ਰਾਗੀਆਂ-ਢਾਡੀਆਂ ਨੇ ਧਾਰਮਿਕ ਦੀਵਾਨਾਂ ਵਿਚ ਦਿੱਲੀ ਕਾਂਡ ਦੇ ਪ੍ਰਸੰਗ ਸੁਣਾਏ। ਪੰਥ ਪ੍ਰਸਿੱਧ ਕਵੀ ਰਾਮ ਨਾਰਾਇਣ ਸਿੰਘ 'ਦਰਦੀ' ਦੀ ਇਕ ਜੋਸ਼ੀਲੀ ਕਵਿਤਾ ਵਿਚ ਭਾਈ ਸਾਹਿਬ ਵਲੋਂ



*ਤਸਵੀਰ ਵਿਚ ਭਾਈ ਰਣਜੀਤ ਸਿੰਘ, ਲੇਖਕ ਸ. ਦੁਪਾਲਪੁਰ ਅਤੇ ਹੋਰ*

ਅਪਨਾਈ ਗਈ 'ਖੁਫੀਆ ਵਿਉਂਤ' ਦੀ ਸ਼ਲਾਘਾ ਇੰਝ ਕੀਤੀ ਗਈ:

ਜਿਹੜਾ ਆਖਦਾ ਸੀ ਜਾਣੀ ਜਾਣ ਰੱਬ ਹਾਂ,
ਜਾਣੀ ਜਾਣ ਦੀ ਕਈ ਕਰਾਮਾਤ ਕਿੱਥੇ?
ਘਰ ਵਿਚ ਬੈਠਾ ਹੋਇਆ ਕਾਤਲ ਨਾ ਜਾਣ ਸਕਿਆ,
ਅੰਤਰਜਾਮੀ ਦੀ ਕਈ ਕਰਾਮਾਤ ਕਿੱਥੇ?"

ਲੰਬੀ ਅਦਾਲਤੀ ਪ੍ਰਕਿਰਿਆ 'ਚੋਂ ਲੰਘਣ ਬਾਅਦ ਹੋਈ ਰਿਹਾਈ 'ਤੇ ਭਾਈ ਸਾਹਿਬ ਨੂੰ ਸਿੱਖ ਪੰਥ ਦੀ ਸਿਰਮੌਰ ਪਦਵੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬਖਸ਼ੀ ਗਈ। ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਉਨ੍ਹਾਂ ਦਾ ਸ਼ਾਹਾਨਾ ਸਵਾਗਤ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਤਾਜਪੋਸ਼ੀ ਸਮਾਗਮ ਵਿਚ ਇਹ ਲੇਖਕ ਬਤੌਰ ਮੈਂਬਰ ਸ਼੍ਰੋਮਣੀ ਕਮੇਟੀ ਸ਼ਾਮਲ ਹੋਇਆ ਸੀ।

ਖਾਲਸਾਈ ਜਾਹੋ-ਜਲਾਲ ਵਾਲੇ ਉਸ ਪੰਥਕੀ ਸਮਾਗਮ ਜੈਸਾ ਇਕੱਠ ਮੈਂ ਅੱਜ ਤਕ ਕਿਤੇ ਨਹੀਂ ਦੇਖਿਆ। ਤਕਰੀਬਨ ਸਾਰੀਆਂ ਹੀ ਜਥੇਬੰਦੀਆਂ ਦੀ ਸ਼ਮੂਲੀਅਤ ਵਾਲਾ ਉਹ ਇਕੱਠ ਆਪਣੀ ਮਿਸਾਲ ਆਪ ਹੀ ਹੋ ਨਿਬੜਿਆ। ਸਿੱਖਾਂ ਦੇ ਬੱਚੇ ਬੱਚੇ ਦੀ ਜ਼ੁਬਾਨ 'ਤੇ ਇਹੀ ਗੱਲ ਸੀ ਕਿ ਭਾਈ ਰਣਜੀਤ ਸਿੰਘ ਨੇ ਸਿੱਖ ਇਤਿਹਾਸ ਦੀ ਲਾਜ ਰੱਖ ਲਈ।

ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਿੱਖ ਜਰਨੈਲ ਬਘੇਲ ਸਿੰਘ ਨੇ ਆਪਣੇ ਸਾਥੀਆਂ ਸਮੇਤ ਦਿੱਲੀ ਫਤਹਿ ਕਰਕੇ, ਲਾਲ ਕਿਲੇ ਦੀ ਫਸੀਲ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਦਿੱਤਾ ਸੀ। ਕੁਝ ਦਿਨਾਂ ਬਾਅਦ ਵਿਸਾਖੀ ਦਾ ਪੁਰਬ ਆ ਗਿਆ ਤਾਂ ਸਿੰਘ ਦਿੱਲੀ ਛੱਡ ਕੇ ਅੰਮ੍ਰਿਤਸਰ ਨੂੰ ਇਹ ਕਹਿ ਕੇ ਤੁਰ ਪਏ ਅਖੇ ਦਿੱਲੀ ਆਪਾਂ ਢਿੱਲੀ ਕਰ ਦਿੱਤੀ ਹੈ। ਇਸ ਨੂੰ ਫੇਰ ਸਾਂਭ ਲਾਂਗੇ, ਪਹਿਲਾਂ ਆਪਾਂ ਸ੍ਰੀ ਅਕਾਲ ਬੁੰਗੇ ਜਾ ਕੇ ਵਿਸਾਖੀ ਮਨਾ ਆਈਏ। ਇਸ ਦਾਸਤਾਂ ਨੂੰ ਬਿਆਨ ਕਰਦੇ ਹੋਏ ਸਿਰਮੌਰ ਢਾਡੀ ਗਿਆਨੀ ਦਿਲਬਰ ਜੀ, ਸਿੱਖਾਂ ਦੇ ਸੁਭਾਅ ਵਿਚ ਵਸੀ ਹੋਈ ਅਣਗਹਿਲੀ ਜੈਸੀ ਬੇਪ੍ਰਵਾਹੀ ਦੀ ਮਿਸਾਲ ਦਿਆ ਕਰਦੇ ਸਨ;

ਪੰਜ ਸੱਤ ਸਿੰਘ ਇਕੱਠੇ ਹੋ ਕੇ ਕਿਸੇ ਸਰੋਵਰ 'ਤੇ ਇਸ਼ਨਾਨ ਕਰਨ ਵਾਸਤੇ ਗਏ। ਬਾਕੀ ਦੇ ਸਾਰੇ ਤਾਂ ਇਸ਼ਨਾਨ-ਪਾਨ ਕਰਕੇ ਸਰੋਵਰ ਤੋਂ ਬਾਹਰ ਆ ਕੇ ਆਪਣੇ ਵਸਤਰ ਪਹਿਨਣ ਲੱਗ ਪਏ ਪਰ ਇਕ ਸੁਸਤ ਜਿਹੇ ਸਿੰਘ ਹੱਥੋਂ ਰੱਸਾ ਛੁੱਟ ਗਿਆ ਤੇ ਉਹ ਡੂੰਘੇ ਪਾਣੀ ਵਿਚ ਗੋਤੇ ਖਾਣ ਲੱਗ ਪਿਆ। ਡੁਬਕੂੰ-ਡੁਬਕੂੰ ਕਰਦਾ ਹੋਇਆ ਉਹ ਉਚੀ ਉਚੀ 'ਵਾਜਾਂ ਮਾਰਨ ਲੱਗਿਆ, "ਖਾਲਸਾ ਜੀ, ਸਿੰਘ ਚੱਲਿਆ ਜੇ!... ਸਿੰਘ ਚੱਲਿਆ ਜੇ...!!" ਕੰਢੇ 'ਤੇ ਖੜ੍ਹੇ ਸਿੰਘਾਂ ਨੇ ਪਿੱਛੇ ਮੁੜ ਕੇ ਉਸ ਡੁੱਬ ਰਹੇ ਸਿੰਘ ਵਲ ਦੇਖਿਆ। 'ਸਿੰਘ' ਚੱਲਿਆ ਜੇ!' ਦੇ ਜਵਾਬ ਵਜੋਂ ਉਨ੍ਹਾਂ ਸਿੰਘਾਂ ਨੇ ਹੱਥ ਜੋੜਦਿਆਂ ਆਖਿਆ;

"ਚੰਗਾ ਭਾਈ ਸਿੰਘਾ! ਵਾਹਿਗੁਰੂ ਜੀ ਕਾ ਖਾਲਸਾ! ਵਾਹਿਗੁਰੂ ਜੀ ਕੀ ਫਤਹਿ!"

ਕੌਮ ਦੇ ਸ਼ਾਨਾਂਮੱਤੇ ਇਤਿਹਾਸ 'ਤੇ ਕਾਲਾ ਦਾਗ ਸਾਬਤ ਹੋ ਰਹੀ ਨਾਮੁਰਾਦ ਬੇਪ੍ਰਵਾਹੀ ਦੀਆਂ ਹੋਰ ਤਸ਼ਬੀਹਾਂ ਲੱਭਣ ਲਈ ਦੂਰ ਜਾਣ ਦੀ ਲੋੜ ਨਹੀਂ ਹੈ। ਮੌਜੂਦਾ ਦੌਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਹੋ ਰਹੀ ਬੇ-ਹੁਰਮਤੀ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਵੇਲੇ ਕੌਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਾਬਕਾ ਜਥੇਦਾਰ ਵਿਚਰ ਰਹੇ ਹਨ ਜਿਨ੍ਹਾਂ ਵਿਚੋਂ ਇਕ ਭਾਈ ਰਣਜੀਤ ਸਿੰਘ ਜੀ ਵੀ ਹਨ। ਇਨ੍ਹਾਂ ਪੰਜਾਂ ਜਣਿਆਂ ਨੂੰ ਹੀ ਬੜੇ ਬੇਇੱਜ਼ਤੀ ਭਰੇ ਢੰਗ ਨਾਲ ਸੇਵਾਮੁਕਤ ਕੀਤਾ ਗਿਆ। ਉਂਜ ਰਾਗ ਗਾਇਆ ਜਾ ਰਿਹਾ ਹੈ ਅਕਾਲ ਤਖ਼ਤ ਮਹਾਨ ਵਾਲਾ। ਨਿਯੁਕਤੀ ਵੇਲੇ ਗੱਲਾਂ ਵਿਚ ਕਈ-ਕਈ ਸਿਰੋਪੇ ਪਾ ਕੇ, ਸਿਰ ਉਪਰ ਛਤਰ ਝੁਲਾਏ ਜਾਂਦੇ ਹਨ ਪਰ ਲਾਹੁਣ ਵੇਲੇ? ਜੋ ਹੁੰਦਾ ਹੈ, ਉਹ ਅਸੀਂ ਸਾਰੇ ਦੇਖਦੇ ਆ ਰਹੇ ਹਾਂ।

ਭਾਈ ਰਣਜੀਤ ਸਿੰਘ 'ਤੇ ਬੇਸ਼ੱਕ ਮਰਹੂਮ ਟੌਹੜਾ ਸਾਹਿਬ ਨਾਲ 'ਰਿਆਇਤ' ਵਰਤਣ ਦੇ ਦੋਸ਼ਾਂ ਤੋਂ ਇਲਾਵਾ ਲੰਗਰ ਪ੍ਰਥਾ ਬਾਰੇ ਹੁਕਮਨਾਮਾ ਜਾਰੀ ਕਰਨ ਬਾਬਤ ਉਂਗਲਾਂ ਉਠੀਆਂ। ਪਰ 'ਅੱਗੇ ਨਾਲੋਂ ਪਿੱਛਾ ਭਲਾ' ਦੇ ਅਖਾਣ ਮੁਤਾਬਕ ਭਾਈ ਸਾਹਿਬ ਵਲੋਂ ਬਤੌਰ ਜਥੇਦਾਰ ਦਿਖਾਈ ਗਈ ਜੁਰਅਤ ਅਤੇ ਸਿਦਕਦਿਲੀ ਹੁਣ ਕਿਤੇ ਦਿਖਾਈ ਨਹੀਂ ਦੇ ਰਹੀਆਂ। ਵਰਤਮਾਨ ਦੌਰ ਦੇ 'ਸਿੰਘ ਸਾਹਿਬਾਨਾਂ' ਬਾਰੇ ਭਾਈ ਰਣਜੀਤ ਸਿੰਘ ਦੇ ਖਿਆਲ ਹੀ ਸੁਣ ਲਓ।

ਪਿਛਲੇ ਵਰ੍ਹੇ ਜਦੋਂ ਪੰਜਾਂ ਪਿਆਰਿਆਂ ਵਿਚ ਜਾਂ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ 'ਤੇ ਕਿਸੇ ਬੀਬੀ ਨੂੰ ਬਹਾਉਣ ਦੀ ਚਰਚਾ ਪੰਥ ਵਿਚ ਖੂਬ ਭਖੀ ਹੋਈ ਸੀ ਤਾਂ ਮੈਂ ਭਾਈ ਸਾਹਿਬ ਨੂੰ ਫੋਨ ਕਰਕੇ ਉਨ੍ਹਾਂ ਦੀ ਰਾਏ ਜਾਨਣੀ ਚਾਹੀ। ਉਨ੍ਹਾਂ ਬੇਲਾਗ ਤੇ ਬੇਬਾਕ ਜਵਾਬ ਦਿੰਦੇ ਹੋਏ ਉਲਟਾ ਕੌਮ ਨੂੰ ਵਿਅੰਗਨੁਮਾ ਸਵਾਲ ਕਰ ਦਿੱਤਾ, "ਆਹ ਜਿਹੜੇ ਹੁਣ ਬੈਠੇ ਆ, ਇਨ੍ਹਾਂ ਨੂੰ ਤੁਸੀਂ ਮਰਦ ਸਮਝਦੇ ਹੋ? ਸਗੋਂ ਇਹ ਤਾਂ ਫਲਾਣੇ ਸਿੰਘਾਂ ਦੀਆਂ.... ਹਨ।"

ਇਥੇ ਮੈਂ ਭਾਈ ਸਾਹਿਬ ਦੀ ਕੋਈ ਖੁਸ਼ਾਮਦ ਜਾਂ ਵਕਾਲਤ ਨਹੀਂ ਕਰ ਰਿਹਾ। ਨਾ ਹੀ ਮੈਂ ਉਨ੍ਹਾਂ ਨੂੰ ਸੋਲਾਂ ਕਲਾਂ ਸੰਪੂਰਨ ਜਥੇਦਾਰ ਦਾ ਰੁਤਬਾ ਦੇ ਰਿਹਾ ਹਾਂ। ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਲੱਗਾ ਹੋਇਆ ਖੋਰਾ ਦੇਖ ਕੇ ਹੰਝੂ ਕੇਰ ਰਹੇ ਪੰਥ ਦਰਦੀਆਂ ਵਾਂਗ ਮੈਂ ਚਿੰਤਾ ਪ੍ਰਗਟਾ ਰਿਹਾ ਹਾਂ ਕਿ ਸਿੱਖ ਹਿਰਦਿਆਂ ਵਿਚ ਤਖ਼ਤ ਸਾਹਿਬ ਦਾ ਭੈਅ ਅਦਬ ਕਿਵੇਂ ਬਹਾਲ ਕੀਤਾ ਜਾਵੇ?

ਸ਼ਹੀਦੀ ਦਾ ਮੌਕਾ, ਸਿੱਖ ਫਲਸਫੇ ਅਨੁਸਾਰ ਕਿਸੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੁੰਦਾ ਹੈ। ਮਹਾਨ ਸ਼ਹਾਦਤਾਂ ਨੂੰ ਯਾਦ ਕਰਕੇ ਸ਼ਹੀਦਾਂ ਦੀਆਂ ਬਰਸੀਆਂ ਮਨਾਉਣ ਦੀ ਪਰੰਪਰਾ ਸਾਡਾ ਕੌਮੀ ਗੁਣ ਹੈ। ਪਰ ਇਹ ਸਾਡੀ ਕਿਧਰਲੀ ਸਿਆਣਪ ਹੈ ਕਿ ਇਕ ਜਿੰਦਾ ਸ਼ਹੀਦ ਨੂੰ ਦਿੱਤੀ ਹੋਈ ਰਿਹਾਇਸ਼ ਵੀ ਖੋਹ ਲਈ ਜਾਵੇ? ਇਹ ਕੈਸੀ ਜੱਗੋਂ ਤੇਰ੍ਹਵੀਂ ਕੀਤੀ ਜਾ ਰਹੀ ਹੈ ਕਿ ਜੂਨ ਚੁਰਾਸੀ ਵਾਲਾ ਘੱਲੂਘਾਰਾ ਕਰਵਾਉਣ ਦੇ ਹੱਕਾਂ ਠੋਕ ਕੇ ਦਾਅਵੇ ਕਰਨ ਵਾਲੇ ਅਡਵਾਨੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਸੂਚਨਾ ਕੇਂਦਰ ਵਿਚ ਬੁਲਾ ਕੇ ਸਨਮਾਨਤ ਕੀਤਾ ਜਾ ਰਿਹਾ ਹੈ ਪਰ ਭਾਈ ਰਣਜੀਤ ਸਿੰਘ ਜਿਹੇ ਕੌਮੀ ਯੋਧੇ ਨੂੰ ਮਿਹਣੇ-ਤਾਅਨੇ ਮਾਰੇ ਜਾ ਰਹੇ ਹਨ।

ਜੱਫਿਆਂ ਤੇ ਗੱਫਿਆਂ ਦੀ
ਸੋਚ ਬੈਠੀ ਗੋਲਕਾਂ 'ਤੇ।
ਸਾਖੀਆਂ ਦੇ ਲੜ ਲਾਇਆ
ਕੌਮੀ ਸੇਵਾਦਾਰ ਪਹਿਲਾ।
ਮਿੰਨੀ ਮੀਣੀ ਸੋਚ ਅੱਜ
ਚਾਰੇ ਪਾਸੇ ਦਿਸੇ ਭਾਰੂ,
ਭੇਖ ਨੂੰ ਧੁਮਾਈ ਜਾਂਦੀ,
ਕੌਮ ਦਾ ਮਯਾਰ ਪਹਿਲਾ।
ਲੱਗੀ ਹੈ ਸਿਆਸੀ ਸਿਉਂਕ
ਉਚੀ ਸੁੱਚੀ ਸ਼ਾਖ ਤਾਈਂ,
ਕੌਮ ਦੀ ਅਟਾਰੀ ਸੁੰਞੀ,
ਲੱਭੇ ਪਹਿਰੇਦਾਰ ਪਹਿਲਾ।
ਅੱਜ ਦੇ ਦੁਖਾਂਤ ਬਾਰੇ
ਕੁਸਕਣੋਂ ਵੀ ਜਰਕ ਰਹੇ।
ਉਂਜ ਢੰਭੀ ਗਾਈ ਜਾਂਦੇ,
ਕੌਮ ਦਾ ਉਭਾਰ ਪਹਿਲਾ।

# ਸਾਡੇ ਪੁਰਖੇ ਸਿੰਧੀ ਅਤੇ ਸੱਪ ਨੂੰ ਬਰਾਬਰ ਮਾਨਤਾ ਦਿੰਦੇ ਨੇ

**ਡੇਵਿਡ ਐਲਿਨ ਲੌਂਗਫੈਲੋ**

ਚਾਹੇ ਕੁਝ ਵੀ ਹੋਵੇ, ਬਾਦਲ ਅਕਾਲੀ ਦਲ ਨੇ ਸ਼ਿਮਲੇ ਨੂੰ ਸਿਆਸੀ ਤੀਰਥ ਬਣਾ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਪਹਿਲੋਂ ਵੀ 'ਦੇਵੀਆਂ ਦੀਆਂ ਸੁੱਖਾਂ' ਜਾਂ 'ਤੀਰਥਾਂ ਦੇ ਚਾਲਿਆਂ' ਦੀ ਬਹੁਤ ਵੱਡੀ ਮੱਥਾ-ਟੇਕ ਇੰਡਸਟਰੀ ਹੈ, ਅਰਥਾਤ ਦਾਨ ਦੇ ਪੈਸੇ 'ਤੇ ਪਲਣ ਵਾਲੇ ਲੋਕ ਅਤੇ ਸਿੱਖ ਗੁਰੂਆਂ ਨਾਲ ਗੱਦਾਰੀ ਕਰਨ ਵਾਲੇ ਮਿੱਠ-ਬੋਲੜੇ ਸਫੈਦਪੋਸ਼। ਲੋਕਾਂ ਵਿਚ ਬਦਅਮਨੀ ਦੀ ਚੁਆਤੀ ਲਗਾ ਕੇ ਚੈਨ ਦੀ ਸਿਆਸੀ ਬੰਸਰੀ ਵਜਾਉਣ ਲਈ ਸ਼ਿਮਲਾ ਤੀਰਥ ਬਾਦਲਕਿਆਂ ਲਈ ਕੋਈ ਮਾੜਾ ਨਹੀਂ। ਇੱਕ ਤਾਂ ਹਿਮਾਚਲ ਪ੍ਰਦੇਸ਼ ਦੀ ਜਨਤਾ ਵਿਚ ਹਰਮਨ ਪਿਆਰਾ ਹੋਣ ਲਈ ਢੁਕਵੇਂ ਸੰਬੰਧ ਜੁੜਦੇ ਹਨ, ਦੂਸਰੇ ਉਥੋਂ ਦੀ ਭਾਜਪਾ ਬਾਦਲ ਦੇ ਹੱਕ ਵਿਚ ਬੀਨ ਵਜਾਉਣ ਲਈ ਬਿਸ਼ਨ-ਪਦੇ ਗਾਉਣ ਲਈ ਮੌਜੂਦ ਸੀ, ਅਰਥਾਤ 'ਨਾਲੇ ਬਾਣ ਬਬਤ ਦਾ ਸੌਦਾ, ਨਾਲੇ ਮਨਸਾ ਦੇਵੀ ਦਾ ਨ੍ਹਾਉਣ'।

ਦੂਸਰੇ ਪਾਸੇ ਇਕ ਹੋਰ ਹੋਟਲ ਖੋਲ੍ਹਣ ਲਈ ਬਾਦਲ ਸਾਹਿਬ ਵਿਚਾਰ-ਵਟਾਂਦਰਾ ਕਰ ਸਕਦੇ ਸਨ। ਲਘੂ ਬਾਦਲ ਸਾਹਿਬ ਸ਼ਾਇਦ ਅਮਰੀਕਾ ਤੋਂ ਕੋਈ ਪਾਰਕਿੰਗ ਲੌਟ ਖਰੀਦ ਕੇ ਹੋਟਲ ਦਾ ਨਕਸ਼ਾ ਲੱਗਦੇ ਹੱਥ ਹੀ ਲੈ ਆਉਣ। ਸਿਆਸਤ ਨਾਲ ਰੰਗੀ ਧਰਮ ਦੀ ਅਫੀਮ ਚਟਾ ਕੇ ਜਨਤਾ ਜਨਾਰਧਨ ਦਾ ਸ਼ੋਸ਼ਣ ਕਰਨ ਨਾਲੋਂ ਉਨ੍ਹਾਂ ਨੂੰ ਵਿਵੇਕਸ਼ੀਲ ਬਣਾ ਕੇ ਲੋਕਤੰਤਰ ਦੇ ਸੁਚੱਜੇ ਨਾਗਰਿਕ ਬਣਾਉਣਾ ਬਗਲਾ-ਭਗਤੀ ਨਾਲੋਂ ਕਿਤੇ ਵਧ ਪੁੰਨ ਦਾ ਕੰਮ ਹੈ। ਅੱਜ ਪਾਪ ਜਾਂ ਪੁੰਨ ਦੀ ਪਰਿਭਾਸ਼ਾ ਲਾਈਲੱਗ ਭਗਤ-ਮੰਡਲੀ ਲਈ ਡਰ ਅਤੇ ਕਪਟ ਵਿੱਦਿਆ 'ਤੇ ਕੇਂਦਰਤ ਹੈ। ਪਰਮਾਤਮਾ ਦਾ ਡਰ ਬਿਠਾ ਕੇ ਲੋਕਾਂ ਉਤੇ ਰਾਜ ਕਰੋ ਅਤੇ ਬਾਗੋ-ਅਦਨ ਦੇ ਫਲਾਂ ਦਾ ਭਰਮ ਪਾ ਕੇ ਉਨ੍ਹਾਂ ਦੀਆਂ ਆਸਾਂ ਨੂੰ ਬੂਰ ਨਹੀਂ ਪੈਣ ਲੱਗਾ। ਸਸਤਾ ਆਟਾ-ਦਾਲ, ਬੁਢਾਪਾ ਪੈਨਸ਼ਨ ਦਾ ਮਸਲਾ ਹਾਲੇ ਪੂਰਾ ਨਹੀਂ ਹੋਇਆ ਕਿ ਬਾਦਲਕੇ ਗਰੀਬਾਂ ਲਈ ਮਕਾਨ ਬਣਾਉਣ ਦੇ ਬਿਆਨ ਦਾਗ ਚੁੱਕੇ ਹਨ। ਕਦੋਂ ਪਛਾਣਨਗੇ ਲੋਕ ਆਪਣੀ ਜ਼ਮੀਰ ਦੀ ਆਵਾਜ਼?

ਅੱਜ ਕੋਈ ਵੀ ਬਾਬਾ ਉਜਾੜ ਵਿਚ ਧੂਣੀ ਰਮਾ ਕੇ ਦਿਨਾਂ ਵਿਚ ਹੀ ਮਾਲਾ-ਮਾਲ ਹੋ ਜਾਂਦਾ ਹੈ। ਫਿਰ ਸ਼ੁਰੂ ਹੁੰਦੀ ਹੈ ਆਲੀਸ਼ਾਨ ਇਮਾਰਤਾਂ ਵਿਚ ਐਸ਼ ਭਰੀ ਜ਼ਿੰਦਗੀ। ਕੀ ਧਰਮ ਦਾ ਅਸਲੀ ਰੂਪ ਇਹੋ ਹੈ? ਹਰਦੁਆਰ ਦੇ ਇੱਕ ਅਜਿਹੇ ਹੀ ਬਾਬੇ ਨੇ ਲਗਭਗ ਜ਼ਮੀਨ ਹੇਠ 35 ਫੁੱਟ ਡੂੰਘੀ ਜਗ੍ਹਾ ਵਿਚ ਦੋ ਮੰਜ਼ਲਾਂ ਅੰਡਰ-ਗਰਾਊਂਡ ਉਸਾਰੀਆਂ ਹਨ। ਕਿਸ ਨੇ ਇਜਾਜ਼ਤ ਦਿੱਤੀ?

ਸਿੱਖ ਗੁਰੂਆਂ ਨੇ ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਲਈ ਜੋ ਦਾਰਸ਼ਨਿਕ ਸਿਧਾਂਤ ਬਣਾਏ, ਅੱਜ ਉਨ੍ਹਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸ਼ੁਕਰਗੁਜ਼ਾਰੀ ਦੀ ਭਾਵਨਾ ਤਾਂ ਇੱਕ ਪਾਸੇ ਰਹੀ, ਅੱਜ ਅਸੀਂ ਉਨ੍ਹਾਂ ਦੀ ਵਿਚਾਰਧਾਰਾ ਚੋਰੀ ਕਰ ਕੇ, ਰੱਦੋ-ਬਦਲ ਕਰ ਕੇ ਆਪਣੇ ਨਾਮ ਹੇਠ ਪੇਸ਼ ਕਰਦੇ ਹਾਂ, ਤਾਂ ਜੁ ਅਸੀਂ ਹਰਮਨ ਪਿਆਰੇ ਕਹਿਲਾਈਏ। ਪਰ ਕਿਉਂ...?

ਅੱਜ ਤੱਕ ਜਥੇਦਾਰਾਂ ਦੀ ਧਾਰਨਾ ਰਹੀ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਹੈ, ਪਰ ਅਚਾਨਕ ਐਨਾ ਬਦਲਾਓ ਆ ਕੇ ਨਫਰਤ ਕਿਉਂ ਫੈਲਾਈ ਜਾ ਰਹੀ ਹੈ? ਬਾਈਬਲ ਮੁਤਾਬਕ ਆਦਮੀ ਨੂੰ ਸਰਾਪ ਹੈ, "ਤੂੰ ਆਪਣੇ ਖੂਨ-ਪਸੀਨੇ ਦੀ ਰੋਟੀ ਖਾਏਂਗਾ। ਭੁੱਖ ਤੇਰੇ ਜਿਸਮ ਵਿਚ ਕੁਤਾਹਲ ਮਚਾਏਗੀ।" ਅਤੇ ਇਸੇ ਤਰ੍ਹਾਂ ਇਸਤਰੀ ਲਈ ਹੈ, "ਤੂੰ ਜਣੇਪੇ ਦੀਆਂ ਪੀੜਾਂ ਨਾਲ ਕੁਰਲਾਏਂਗੀ।" ਇਸ ਵਿਚ ਕੌੜੀ ਸੱਚਾਈ ਤੋਂ ਇਲਾਵਾ ਕੀ ਅਸ਼ਲੀਲਤਾ ਹੈ? ਪੰਡਤ ਫੇਰੇ ਕਰਵਾਉਣ ਵੇਲੇ ਸੰਸਕ੍ਰਿਤ ਦੇ ਮੰਤਰਾਂ ਦਾ ਜਾਪ ਕਰਦਾ ਹੈ, ਜੋ ਸ਼ੁੱਧ ਅਤੇ ਉੱਚਤਮ ਹਨ। ਕੀ ਤੁਸੀਂ ਕਦੇ ਉਨ੍ਹਾਂ ਦੇ ਅਰਥ ਜਾਣਨ ਦੀ ਕੋਸ਼ਿਸ਼ ਕੀਤੀ? ਧਰਮ ਨੂੰ ਸਿਆਸੀ ਹਥਿਆਰ ਨਾ ਬਣਾਓ, ਪਾਕੀਜ਼ਗੀ ਦਾ ਸੋਮਾ ਰਹਿਣ ਦੇਵੋ। 'ਪੰਥ ਖ਼ਤਰੇ ਵਿਚ ਹੈ' ਕਹਿਣ ਦੀ ਬਜਾਏ ਕਹੋ 'ਫਲਾਣੇ-ਫਲਾਣੇ ਜਥੇਦਾਰ ਦੀ ਆਬਰੂ ਖ਼ਤਰੇ ਵਿਚ ਪੈ ਗਈ ਹੈ, ਜੋ ਪੰਥ ਦੇ ਨਾਮ 'ਤੇ ਕਲੰਕ ਹੈ।' ਭਗਵਾਨ ਕ੍ਰਿਸ਼ਨ ਰਣਭੂਮੀ ਵਿਚ ਫਰਮਾਉਂਦੇ ਹਨ, "ਜ਼ਿਆਦਾ ਸ਼ਬਦ ਅਡੰਬਰੀ ਭਾਸ਼ਾ ਦੇ ਵਾਰਤਾਲਾਪ ਨਿਸ਼ਾਨੇ ਤੋਂ ਖੁੰਝੇ ਤੀਰ ਦੀ ਤਰ੍ਹਾਂ ਹੁੰਦੇ ਹਨ।"

ਅਫਸੋਸ ਹੈ ਕਿ ਵਿਦਾ ਹੋਣ ਵਾਲੇ ਸਿਆਸੀ ਮਹਾਂਰਥੀ ਅਡਵਾਨੀ ਕੋਲ ਕੋਈ ਸ਼ਬਦ ਨਹੀਂ ਸੀ, ਨਾ ਹੈ ਅਤੇ ਨਾ ਹੀ ਹੋਣ ਦੀ ਆਸ ਹੈ। ਮੇਰੀਆਂ ਬੇਜਾਨ ਉਂਗਲੀਆਂ ਦੇ ਪੋਟਿਆਂ ਵਿਚ ਤਿੱਖੇ ਦਰਦ ਨਾਲ ਰੜਕਦੀ ਅਜੀਬ ਝਰਨਾਹਟ ਛਿੜੀ ਹੈ, ਜਿਵੇਂ ਮੈਂ ਕਿਸੇ ਤਾਰਦਾਰ ਸਾਜ਼ ਉੱਤੇ ਮਨੁੱਖੀ ਵੇਦਨਾ ਦੀ ਤੜਫ ਨੂੰ ਦਰਦ ਭਰੀਆਂ ਧੁਨਾਂ ਵਿਚ ਸਮੋ ਕੇ ਰਾਗ 'ਮਜਲਸੇ ਗਰੀਬਾਂ' ਦੀ ਨਿਰਮਾਣ ਕਲਾ ਵਿਚ ਰੁੱਝਿਆ ਹੋਵਾਂ। ਐ ਮੌਤ ਕਿੱਥੇ ਹੈ ਤੇਰੀ ਕਬਰ ਅਤੇ ਕਿੱਥੇ ਹੈ ਤੇਰਾ ਭਿਆਨਕ ਡੰਗ...ਸੱਪ ਦੇ ਜ਼ਹਿਰ ਤੋਂ ਵੀ ਵਧ ਘਾਤਕ ਅਤੇ ਅਡਵਾਨੀ ਦੇ ਬੋਲਾਂ ਤੋਂ ਵੀ ਵਧ ਤੜਫਾਉਣ ਵਾਲਾ, ਜਿੱਥੇ ਗੁਰਬਤ ਦੀ ਚੱਕੀ ਪੀਹਣ ਵਾਲਾ ਹਰ ਮਿਹਨਤਕਸ਼ ਦੂਸਰੇ ਦਿਨ ਦੀ ਸਰਘੀ ਦੇਖਣ ਲਈ ਸੰਘਰਸ਼ਰੂਪੀ ਹਵਨ ਕੁੰਡ ਦੇ ਯੱਗ ਵਿਚ ਆਪਣੇ ਖੂਨ ਦੀਆਂ ਆਹੂਤੀਆਂ ਪਾਉਣ ਲਈ ਮਜਬੂਰ ਹੈ, ਜਿੱਥੇ ਖੂਨ ਦਾ ਖੱਪਰ ਪੀਣੇ ਸਿਆਸੀ ਜੱਲਾਦ ਸਿਰਫ ਪਰਲੋ ਦੇ ਵਪਾਰੀ ਹਨ ਅਤੇ ਜਿੱਥੇ ਝਾੜੀਆਂ ਉੱਤੇ ਖਟੋਲਾ ਝੂਟਦੇ ਮਜ਼ਦੂਰਾਂ ਦੇ ਬੱਚਿਆਂ ਨੂੰ ਸਿਰ-ਫਿਰੇ ਅਫਸਰਾਂ ਦੀਆਂ ਕਾਰਾਂ ਟਾਇਰਾਂ ਹੇਠਾਂ ਫੇਹ ਕੇ ਨਾਮੋ-ਨਿਸ਼ਾਨ ਮਿਟਾ ਦਿੰਦੀਆਂ ਹਨ। ਮਾਤਲੋਕ ਦੀ ਕਿਹੜੀ ਗੁੱਠ ਵਿਚ ਅੱਲ੍ਹਾ ਜਾਂ ਵਾਹਿਗੁਰੂ ਛੁਪ ਕੇ ਦੇਖਦਾ ਹੈ? ਕੀ ਉਸ ਦੀਆਂ ਅੱਖਾਂ ਹੰਝੂਆਂ ਨਾਲ ਨਹੀਂ ਭਰਦੀਆਂ? ਐ ਖ਼ੁਦਾ, ਸਾਡੇ ਲੋਕਤੰਤਰ ਨੂੰ ਹੋਰ ਸਿਆਸੀ ਕਹਿਰ ਦਾ ਸ਼ਿਕਾਰ ਨਾ ਕਰੀਂ। ਮੇਰੇ ਪੋਟਿਆਂ ਵਿਚ ਅਚਾਨਕ ਭੂਚਾਲ ਆ ਜਾਂਦਾ ਹੈ। ਜਿਗਰ ਵਿਚੋਂ ਨਾ ਬਰਦਾਸ਼ਤ ਹੋਣ ਵਾਲੀ ਚੀਸ ਉੱਠਦੀ ਹੈ। ਅੱਖਾਂ ਅੱਗੇ ਹਨੇਰ ਆ ਕੇ ਭੰਬੂ-ਤਾਰੇ ਨੱਚਣ ਲੱਗਦੇ ਹਨ। ਜਿਵੇਂ ਗੁਰਗਿਆਂ ਦੇ ਡਰ ਤੋਂ ਸਹਿਮੀ ਵੇਸਵਾ ਘੁੰਗਰੂਆਂ ਦੀ ਛਣਕਾਰ ਹੋਰ ਤੇਜ਼ ਕਰ ਕੇ ਖਿਲਰੇ ਕੱਚ ਦੇ ਟੁਕੜਿਆਂ 'ਤੇ ਨੱਚਣ ਲਈ ਮਜਬੂਰ ਹੋ ਜਾਂਦੀ ਹੈ। ਮੌਤ ਰੂਪੀ ਨੀਂਦ ਦਾ ਝੋਕਾ ਲੈਣ ਲਈ ਮਜਬੂਰ ਹੈ, ਜਿਵੇਂ ਸ਼ਿਵ ਦਾ ਛੀਂਬਾ ਸੱਪ ਸੁਨਹਿਰੀ ਧੁੱਪ ਉੱਤੇ ਜ਼ਹਿਰੀਲਾ ਡੰਗ ਮਾਰ ਕੇ ਬਿਰਹੋਂ ਦੇ ਸੱਲ ਵਾਂਗ ਕਿਰਨਾਂ ਦਾ ਰੰਗ ਧੂੰਏਂ ਵਰਗਾ ਕਰ ਦਿੰਦਾ ਹੈ। ਫੁਰਤੀ ਦੀ ਤਰੰਗ ਗੁਆ ਚੁੱਕੇ ਹੱਥ ਥਰਥਰਾਹਟ ਦੀ ਕੰਬਣੀ ਨਾਲ ਬੇਚੈਨ ਹਨ। ਜਿਵੇਂ ਕੋਈ ਅਪਰਾਧੀ ਜਗਤ ਦਾ ਬਨਾਰਸੀ ਠੱਗ ਹੱਥਾਂ ਵਿਚ ਬਰਫ ਦੀ ਡਲੀ ਫੜ ਕੇ ਜਾਅਲੀ ਦਸਤਖ਼ਤ ਕਰਨ ਦਾ ਅਭਿਆਸ ਕਰ ਰਿਹਾ ਹੋਵੇ।


ਸਿਆਸਤ ਦੇ ਪਿੜ ਵਿਚ ਜੇਕਰ ਇੱਟ ਚੁੱਕੀਏ ਤਾਂ ਅਣਗਿਣਤ ਜਾਅਲਸਾਜ਼ ਮਿਲਣਗੇ, ਸੂਰਤ ਦੇ ਬ੍ਰਹਮ ਦੇਵਤੇ, ਪ੍ਰਿੰਟੂ ਸੀਰਤ ਤੋਂ ਚੰਡਾਲ, ਬੇਰਹਿਮ। ਸੂਈਆਂ ਦੀ ਚੋਭ ਨਾਲ ਅੰਬੇ ਜਿਸਮ ਵਿਚੋਂ ਦਰਦ ਦੀਆਂ ਚਿਣਗਾਂ ਫੁੱਟਦੀਆਂ ਹਨ। ਦਵਾਈਆਂ ਦਾ ਸਾਈਡ ਇਫੈਕਟ ਕੰਨਾਂ ਦੀ ਸੁਖਮਤਾ ਖ਼ਤਮ ਕਰ ਚੁੱਕਾ ਹੈ। ਸਿਰਫ਼ ਇਕ ਅਵਾਰਾ ਲਾਸ਼ ਹੀ ਰਹਿ ਗਈ ਹੈ ਲੋਕਾਂ ਦੇ ਤਾਹਨਿਆਂ ਦਾ ਸੇਕ ਬਰਦਾਸ਼ਤ ਕਰਨ ਲਈ।

ਮੈਨੂੰ ਨਿਹੰਗ ਸੰਪਰਦਾਇ ਦਾ ਇਕ ਮਹਾਂ-ਬੋਲ ਯਾਦ ਹੈ- 'ਵੰਡ ਖਾਏ ਖੰਡ ਖਾਏ, ਔਂਡ ਖਾਏ ਹੱਡ ਖਾਏ'। ਐਨੀ ਖੰਡ ਇਕੱਠੀ ਕਰਨ ਵਾਲੇ ਲਾਲਚੀ ਸਿਰ-ਫਿਰੇ ਦੇ ਸ਼ਾਇਦ ਬਾਪ ਦਾ ਹੰਗਾਮਾ ਹੋਵੇ ਅਤੇ ਸ਼ਾਇਦ ਪੂਰੇ ਪੰਜਾਬ ਵਿਚ ਗੜਦੌੜਾ ਫੇਰਨਾ ਹੋਵੇ। ਇਕੱਲਾ ਹੱਡ ਕਿਵੇਂ ਖਾਂਦਾ ਹੈ? ਸ਼ਾਇਦ ਅਡਵਾਨੀ ਜੀ ਕੋਲ ਕੋਈ ਜਵਾਬ ਹੋਵੇ। ਸਾਡੇ ਪੁਰਖਿਆਂ ਨੇ ਸਿੰਧੀ ਅਤੇ ਸੱਪ ਨੂੰ ਇਕ ਬਰਾਬਰ ਦੀ ਮਾਨਤਾ ਦਿੱਤੀ ਹੈ। ਸਾਡਾ ਕੰਮ ਸਿਰਫ ਰਵਾਇਤਾਂ ਦੀ ਮਾਨਤਾ ਹੈ, ਨਾ ਕਿ ਉੱਲੀ ਲੱਗੇ ਆਚਾਰ ਵਿਚ ਹੱਥ ਪਾ ਕੇ ਸੜ੍ਹਿਆਂਦ ਨੂੰ ਸੁੰਘਣਾ।

ਅਡਵਾਨੀ ਅਤੇ ਉਸਦੇ ਜਨੂੰਨੀ ਸਾਥੀ ਗੰਗਾ ਪੁੱਤਰ ਹਨ ਜਾਂ ਖਾਰੇ ਸਮੁੰਦਰ ਦੇ ਬੇਰਹਿਮ ਮਗਰ ਮੱਛ, ਜਿਨ੍ਹਾਂ ਤੋਂ ਅੱਲ੍ਹਾ ਵੀ ਦੋ ਘੜੀ ਗੁਰੇਜ਼ ਕਰਦਾ ਹੈ? ਗੰਗਾ ਮਾਂ ਸਭਿਅਤਾ ਦੀ ਜਣਨੀ ਹੈ। ਕਿਸੇ ਵੀ ਦੇਵੀ ਨਾਲੋਂ ਗੰਗਾ ਦਾ ਦਰਜਾ ਉੱਚਤਮ ਹੈ। ਜਨੂੰਨੀ ਮਹਤਵਵਾਦ ਦਾ ਸਿਆਸੀ ਏਜੰਡਾ ਮੰਦਰ ਬਣਾਉਣਾ ਹੈ, ਰੱਥ ਯਾਤਰਾ ਕਰਨੀ ਹੈ, ਹਿੰਦੂ ਰਾਸ਼ਟਰ ਬਣਾਉਣਾ ਹੈ, ਆਦਿ ਸਭ ਇੱਕੋ ਆਦਮੀ ਦੇ ਤਿੰਨ ਸਿਆਸੀ ਮੁਖੌਟੇ ਹਨ। ਬਗਲਾ ਭਗਤ, ਪਰਸ ਰਾਮ ਅਤੇ ਤਾਨਾਸ਼ਾਹ ਹਿਟਲਰ। ਪਰੋਹਿਤ ਮੰਡਲੀ ਦੀ ਪਾਖੰਡ ਵਿੱਦਿਆ ਦੀ ਮੰਗਲ ਭਾਸ਼ਾ ਤੋਂ ਲਗਭਗ ਸਭ ਨਾਗਰਿਕ ਵਾਕਫ਼ ਹੋ ਚੁੱਕੇ ਹਨ।

# ਜਗਦੀਸ਼ ਸਿੰਘ ਝੀਂਡਾ ਅਤੇ ਚਾਰ ਸਾਥੀ ਦੋਸ਼ੀ ਕਰਾਰ

**ਅੰਮ੍ਰਿਤਸਰ:** ਕੁਰੂਕਸ਼ੇਤਰ ਦੇ ਇਤਿਹਾਸਕ ਗੁਰਦੁਆਰੇ ਪਾਤਸ਼ਾਹੀ ਛੇਵੀਂ ਦੇ ਕਬਜ਼ੇ ਸਬੰਧੀ ਮਾਮਲੇ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਥੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਪਰ ਉਨ੍ਹਾਂ ਨੂੰ ਤਨਖਾਹ ਲਾਉਣ ਦਾ ਫੈਸਲਾ ਰਾਖਵਾਂ ਰੱਖ ਲਿਆ ਗਿਆ। ਤਨਖਾਹ ਲਾਉਣ ਸਬੰਧੀ ਫੈਸਲਾ 15 ਨਵੰਬਰ ਜਾਂ ਇਸ ਤੋਂ ਬਾਅਦ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਿਆ ਜਾਵੇਗਾ।



ਲੰਘੀ 14 ਅਕਤੂਬਰ ਨੂੰ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਜੋਗਾ ਸਿੰਘ, ਅਵਤਾਰ ਸਿੰਘ ਚੱਕੂ, ਕਮਲਜੀਤ ਸਿੰਘ ਅਜਰਾਣਾ ਅਤੇ ਹਜ਼ੂਰਾ ਸਿੰਘ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਚੌਥੀ ਵਾਰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ।

ਵਰਨਣਯੋਗ ਹੈ ਕਿ ਬੀਤੀ 19 ਸਤੰਬਰ ਨੂੰ ਪਹਿਲੀ ਵਾਰ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਸਨ। ਉਨ੍ਹਾਂ ਨੇ ਸਿੰਘ ਸਾਹਿਬਾਨ ਸਾਹਮਣੇ ਆਪਣਾ ਪੱਖ ਪੇਸ਼ ਕੀਤਾ ਸੀ ਅਤੇ ਸਿੰਘ ਸਾਹਿਬਾਨ ਨੇ ਇਹ ਕਿਹਾ ਸੀ ਕਿ ਉਨ੍ਹਾਂ ਪਾਸੋਂ ਸਪੱਸ਼ਟੀਕਰਨ ਲੈ ਲਿਆ ਗਿਆ ਹੈ ਅਤੇ ਇਸ ਸਬੰਧੀ ਪੜਤਾਲ ਕਰਕੇ ਅਗਲੀ ਕਾਰਵਾਈ 1 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਕੀਤੀ ਜਾਵੇਗੀ। ਇਕ ਅਕਤੂਬਰ ਨੂੰ ਹੋਈ ਮੀਟਿੰਗ ਤੋਂ ਬਾਅਦ ਸਿੰਘ ਸਾਹਿਬਾਨ ਨੇ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ 14 ਅਕਤੂਬਰ ਨੂੰ ਮੁੜ ਪੇਸ਼ ਹੋਣ ਲਈ ਕਿਹਾ ਸੀ।

ਮੀਟਿੰਗ ਮਗਰੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਿਹੜੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਦੇ ਆਧਾਰ ਤੇ ਕਬਜ਼ੇ ਦੇ ਮਾਮਲੇ ਤੇ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਦੋਸ਼ੀ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਨਖਾਹ ਲਾਉਣ ਦਾ ਫੈਸਲਾ 15 ਨਵੰਬਰ ਜਾਂ ਇਸ ਮਗਰੋਂ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਿਆ ਜਾਵੇਗਾ।ਸਿੰਘ ਸਹਿਬਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਫਰਜ਼ ਪੂਰੀ ਤਰ੍ਹਾਂ ਨਿਭਾਅ ਰਹੀ ਹੈ, ਇਸ ਲਈ ਵੱਖਰੀ ਕਮੇਟੀ ਦੀ ਕੋਈ ਲੋੜ ਨਹੀਂ । ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਅਜਿਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ, ਜਿਸ ਨਾਲ ਸ਼੍ਰੋਮਣੀ ਕਮੇਟੀ ਦੋ ਫਾੜ ਹੋ ਜਾਵੇ। ਉਨਾਂ ਇਹ ਗੱਲ ਵੀ ਦੁਹਰਾਈ ਕਿ ਕਾਂਗਰਸ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ।

ਕਲਕੱਤੇ ਵਿਚ ਗੁਰਦੁਆਰੇ ਦੀ ਥਾਂ ਵੇਚਣ ਬਾਰੇ ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਥਾਂ ਨਹੀਂ ਵੇਚੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਜੇ ਹੁਣ ਇਹ ਜ਼ਮੀਨ ਵੇਚੀ ਗਈ ਹੈ ਤਾਂ ਇਸ ਪੈਸੇ ਨਾਲ ਹੋਰ ਥਾਂ ਖਰੀਦੀ ਜਾਵੇ। ਉਨ੍ਹਾਂ ਕਰਤਾਰਪੁਰ ਲਾਂਘੇ ਸਬੰਧੀ ਡੇਰਾ ਬਾਬਾ ਨਾਨਕ ਵਿਚ 7 ਨਵੰਬਰ ਨੂੰ ਹੋ ਰਹੇ ਸਮਾਗਮ ਵਿਚ ਸੰਗਤਾਂ ਨੂੰ ਪੁੱਜਣ ਦੀ ਅਪੀਲ ਵੀ ਕੀਤੀ।

ਉਧਰ ਸ੍ਰ. ਝੀਂਡਾ ਨੇ ਕਿਹਾ ਕਿ ਉਹ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ 'ਤੇ ਦ੍ਰਿੜ ਹਨ। ਉਨ੍ਹਾਂ ਕਿਹਾ ਕਿ ਇਹ ਹਰਿਆਣਾ ਦੇ ਸਿੱਖਾਂ ਦਾ ਹੱਕ ਹੈ ਕਿ ਉਹ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਨ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ। ਸ੍ਰੀ ਝੀਂਡਾ ਨੇ ਕਿਹਾ ਕਿ ਚੋਣਾਂ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਹ ਵਾਅਦਾ ਕੀਤਾ ਹੈ ਕਿ ਜੇ ਉਨ੍ਹਾਂ ਦੀ ਸਰਕਾਰ ਦੁਬਾਰਾ ਬਣੀ ਤਾਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਰੂਰ ਬਣੇਗੀ। ਉਨ੍ਹਾਂ ਕਿਹਾ ਕਿ 22 ਅਕਤੂਬਰ ਨੂੰ ਰਿਜ਼ਲਟ ਸਾਹਮਣੇ ਆ ਜਾਣਗੇ। ਉਸ ਮਗਰੋਂ ਜੇ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਉਹ ਉਨ੍ਹਾਂ ਨੂੰ ਆਪਣਾ ਵਾਅਦਾ ਪੂਰਾ ਕਰਨ ਲਈ ਦਬਾਅ ਪਾਉਣਗੇ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਗਿਆਨੀ ਗੁਰਬਚਨ ਸਿੰਘ ਤੋਂ ਇਲਾਵਾ ਤਖਤ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਤ੍ਰਿਲੋਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਪ੍ਰਧਾਨ ਜਥੇਦਾਰ ਜੋਤਇੰਦਰ ਸਿੰਘ ਸ਼ਾਮਲ ਸਨ।

ਇਸ ਦੌਰਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਜਨਰਲ ਸਕੱਤਰ ਜਥੇਦਾਰ ਦੀਦਾਰ ਸਿੰਘ ਨਲਵੀ ਨੇ ਸਿੰਘ ਸਾਹਿਬਾਨ ਵਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਕਮੇਟੀ ਦੇ ਤਿੰਨ ਹੋਰ ਆਗੂਆਂ ਨੂੰ ਕੁਰੂਕਸ਼ੇਤਰ ਦੇ ਗੁਰਦੁਆਰੇ ਦੀ ਜਬਰੀ ਕਾਰ ਸੇਵਾ ਸੰਭਾਲਣ ਦੇ ਮਾਮਲੇ 'ਚ ਦੋਸ਼ੀ ਐਲਾਨਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਸਿੰਘ ਸਾਹਿਬਾਨ ਨੂੰ ਮਾਮਲੇ ਦੀ ਪੂਰੀ ਡੂੰਘਾਈ ਨਾਲ ਖੋਜ ਪੜਤਾਲ ਕਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦੇ ਮਾਮਲੇ ਤੇ ਹਰਿਆਣਾ ਦੇ ਸਿੱਖਾਂ ਨਾਲ ਪਿਛਲੇ 43 ਸਾਲ ਤੋਂ ਧੱਕਾ ਹੁੰਦਾ ਆ ਰਿਹਾ ਹੈ ਤੇ ਸਿੰਘ ਸਾਹਿਬਾਨ ਨੂੰ ਧੱਕੇ ਦੂਰ ਕਰਵਾਉਣ ਵਿਚ ਮਦਦ ਕਰਨੀ ਚਾਹੀਦੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੂੰ ਹਦਾਇਤ ਕਰਨੀ ਚਾਹੀਦੀ ਹੈ ਕਿ ਹਰਿਆਣਾ ਨੂੰ ਵੱਖਰੀ ਕਮੇਟੀ ਦਿੱਤੀ ਜਾਵੇ।

## ਪੰਜਾਬ ਸਰਕਾਰ ਵਲੋਂ ਗੰਨੇ ਦੇ ਭਾਅ 'ਚ ਵਾਧਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਲ 2010-11 ਦੇ ਪਿੜਾਈ ਸੀਜ਼ਨ ਲਈ ਗੰਨੇ ਦੀ ਅਗੇਤੀ, ਦਰਮਿਆਨੀ ਅਤੇ ਪਛੇਤੀ ਕਿਸਮ ਲਈ ਕ੍ਰਮਵਾਰ 200, 195 ਅਤੇ 190 ਰੁਪਏ ਪ੍ਰਤੀ ਕੁਇੰਟਲ ਭਾਅ ਨਿਸ਼ਚਤ ਕੀਤਾ ਹੈ। ਮੁੱਖ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸਬੰਧੀ ਫ਼ੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਸ਼ੂਗਰ ਕੇਨ ਕੰਟਰੋਲ ਬੋਰਡ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਜ਼ਿਕਰਯੋਗ ਹੈ ਕਿ ਸਾਲ 2009-10 ਦੇ ਪਿੜਾਈ ਸੀਜ਼ਨ ਦੌਰਾਨ ਗੰਨੇ ਦੀ ਅਗੇਤੀ, ਦਰਮਿਆਨੀ ਅਤੇ ਪਛੇਤੀ ਕਿਸਮ ਲਈ ਪਹਿਲਾਂ ਇਹ ਮੁੱਲ ਕ੍ਰਮਵਾਰ 180, 175 ਅਤੇ 170 ਰੁਪਏ ਪ੍ਰਤੀ ਕੁਇੰਟਲ ਸੀ।

# ਸਿੱਖ ਪਛਾਣ, ਪੰਜਾਬੀ ਪਛਾਣ ਜਾਂ ਕੁਝ ਹੋਰ

ਹੈ, ਇਹ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਇਕੱਠੀ ਵਸਦੀ ਇਕ ਕੌਮੀਅਤ ਦੀ ਪਛਾਣ ਹੈ। ਪੰਜਾਬ ਦੇ ਸਿੱਖ ਇਸ ਖੇਤਰੀ ਪਛਾਣ ਦਾ ਵੀ ਹਿੱਸਾ ਹਨ। ਇਸ ਨਾਲ ਉਨ੍ਹਾਂ ਦਾ ਸੰਬੰਧ ਬਰਾਸਤਾ ਪੰਜਾਬੀ ਸਭਿਆਚਾਰ ਹੈ ਜਿਹੜਾ ਜੇ ਆਪਣੇ ਵਿਸ਼ੇਸ਼ ਭੂਗੋਲਿਕ ਖਿਤੇ 'ਚੋਂ ਬਿਖਰਦਾ ਹੈ ਤਾਂ ਉਸਦੀ ਹਸਤੀ ਹੀ ਬਿਖਰ ਜਾਣੀ ਹੈ। ਇੰਜ ਪੰਜਾਬੀ ਸਭਿਆਚਾਰਕ ਹਸਤੀ ਜਾਂ ਪੰਜਾਬੀ ਕੌਮੀਅਤ ਦਾ ਸਵਾਲ ਅਤੇ ਸਿੱਖ ਹਸਤੀ ਤੇ ਸਿੱਖ ਪਛਾਣ ਦਾ ਸੁਆਲ ਦੋ ਵੱਖੋ-ਵੱਖਰੇ ਸੁਆਲ ਹਨ। ਵੱਖ-ਵੱਖ ਹੋਣ ਦੇ ਬਾਵਜੂਦ ਇਹ ਆਪਸ ਵਿਚ ਜੁੜੇ ਹੋਏ ਹਨ। ਪੰਜਾਬ ਵਿਚ ਸਿੱਖ ਪਛਾਣ ਦਾ ਸੁਆਲ ਪੰਜਾਬੀ ਸਭਿਆਚਾਰ ਦੇ ਅੰਗ ਵਜੋਂ ਵਿਚਰਨ ਦਾ ਸੁਆਲ ਹੈ ਜਦੋਂਕਿ ਸੰਸਾਰ ਪੱਧਰ 'ਤੇ ਸਿੱਖ ਪਛਾਣ ਦਾ ਸੁਆਲ ਸਿੱਖ ਧਾਰਮਿਕ ਅਤੇ ਅਧਿਆਤਮਕ ਹਸਤੀ ਦਾ ਸੁਆਲ ਹੈ। ਇਸਦੇ ਪ੍ਰਸੰਗ ਵਿਸ਼ਵ-ਵਿਆਪੀ ਅਤੇ ਕਾਇਨਾਤੀ ਹਨ ਅਤੇ ਇਸਨੂੰ ਇਸੇ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ। ਪੰਜਾਬ ਵਿਚ ਵੀ ਪੰਜਾਬੀ ਸਭਿਆਚਾਰਕ ਪਛਾਣ ਦੇ ਅੰਦਰ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦੀ ਧਾਰਮਿਕ ਪਹਿਚਾਣ ਬਾਕਾਇਦਾ ਕਾਇਮ ਰਹਿਣੀ ਚਾਹੀਦੀ ਹੈ। ਇਨ੍ਹਾਂ ਨੂੰ ਸਮਾਨਾਂਤਰ ਸਪੇਸ ਦਿੱਤੀ ਜਾਣੀ ਚਾਹੀਦੀ ਹੈ। ਰਾਜਨੀਤਕ ਸੰਸਥਾਵਾਂ ਵਿਚ ਸਾਰੇ ਭਾਈਚਾਰਿਆਂ ਦੀ ਸਤਿਕਾਰਤ ਨੁਮਾਇੰਦਗੀ ਰਾਹੀਂ, ਇਹ ਸਪੇਸ ਸਪਸ਼ਟ ਦਿਸਣੀ ਚਾਹੀਦੀ ਹੈ।

ਪਰ ਸਮੱਸਿਆ ਉਦੋਂ ਖੜੀ ਹੁੰਦੀ ਹੈ ਜਦੋਂ ਸਮੇਂ ਦੀ ਸਮਕਾਲੀ ਸਟੇਟ ਕਿਸੇ ਇਕ ਧਾਰਮਿਕ ਹਸਤੀ ਦਾ ਪੱਖ ਪੂਰਨ ਲਗਦੀ ਹੈ ਅਤੇ ਦੂਜੀ ਨੂੰ ਖੂੰਜੇ ਲਾਉਣ ਲਗਦੀ ਹੈ ਜਿਸ ਤਰ੍ਹਾਂ ਮੁਗਲ ਸਾਮਰਾਜ ਵੇਲੇ ਹਿੰਦੂਆਂ ਅਤੇ ਸਿੱਖਾਂ ਨੂੰ ਪੰਜਾਬ ਵਿਚ ਜਬਰ ਦਾ ਸ਼ਿਕਾਰ ਬਣਾਇਆ ਗਿਆ ਅਤੇ ਜਿਵੇਂ ਹੁਣ ਸਿੱਖਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਭਾਰਤ ਅਤੇ ਪੰਜਾਬ ਵਿਚ ਜਬਰ ਅਤੇ ਵਿਤਕਰੇ ਦਾ ਸ਼ਿਕਾਰ ਹਨ। ਵੱਖ-ਵੱਖ ਧਰਮ ਮਨੁੱਖ ਦੇ ਸਿਰਜੇ ਹੋਏ ਵੱਖਰੇ ਵੱਖਰੇ ਰੂਹਾਨੀ ਮਾਰਗ ਹਨ। ਲੰਗਰ-ਪਾਣੀ ਦੇ ਮਸਲੇ ਮੁੱਕਣ ਬਾਅਦ ਮਨੁੱਖ ਦੀ ਰੂਹਾਨੀ ਤ੍ਰਿਪਤੀ ਪੁੰਗਰਨ ਲਗਦੀ ਹੈ। ਇਸ ਨੂੰ ਆਧੁਨਿਕ ਜਮਹੂਰੀਅਤ ਅਣਗੌਲਿਆ ਨਹੀਂ ਕਰ ਸਕਦੀ। ਸਮਾਜਵਾਦੀ ਸਮਾਜਾਂ ਨੇ ਇਸ ਨੂੰ ਅਣਗੌਲਿਆਂ ਕਰਕੇ ਹੀ ਮਾਰ ਖਾਧੀ ਹੈ। ਸਟੇਟ ਦਾ ਧਰਮ ਹੈ ਕਿ ਉਹ ਇਨ੍ਹਾਂ ਸਾਰੇ ਧਾਰਮਿਕ ਮਾਰਗਾਂ ਨੂੰ ਬਰਾਬਰ ਛਤਰੀ ਮੁਹਈਆ ਕਰੇ। ਜਦੋਂ ਸਟੇਟ ਕਿਸੇ ਇਕ ਧਾਰਮਿਕ ਸਮੂਹ ਦੇ ਪੱਖ ਵਿਚ ਭੁਗਤਦੀ ਹੈ ਤਾਂ ਉਹ ਆਪਣੀ ਇਹ ਭੂਮਿਕਾ ਗਵਾ ਲੈਂਦੀ ਹੈ।

ਜਮਹੂਰੀ ਸਟੇਟ ਦਾ ਮਤਲਬ ਸਿਰਫ ਖਪਤ ਦਾ ਕੀੜਾ (ਮਨੁੱਖ) ਸਿਰਜਣਾ ਨਹੀਂ ਹੈ ਜਿਸ ਤਰ੍ਹਾਂ ਕਿ ਅੱਜ ਦੀ ਪੱਛਮੀ ਤਰਜ਼ ਦੀ ਆਧੁਨਿਕ ਜਮਹੂਰੀਅਤ ਸਿਰਜ ਰਹੀ ਹੈ। ਇਸੇ ਲਈ ਵਿਅਕਤੀ ਦੀ ਸਮੂਹਿਕ/ਨਿੱਜੀ ਧਾਰਮਿਕ ਅਤੇ ਅਧਿਆਤਮਕ ਸੁਤੰਤਰਤਾ ਮਾਇਨੇ ਰੱਖਦੀ ਹੈ। ਭਾਰਤੀ ਸਟੇਟ ਪੂਰਬੀ ਪੰਜਾਬ ਵਿਚੋਂ ਮੁਸਲਮਾਨਾਂ ਨੂੰ ਖਾਰਜ ਕਰਕੇ ਹੋਂਦ ਵਿਚ ਆਈ ਹੈ ਅਤੇ ਹੁਣ ਉਹ ਪੂਰਬੀ ਪੰਜਾਬ ਵਿਚੋਂ ਜਿਉਂਦੀ ਜਾਗਦੀ ਆਜ਼ਾਦ ਸਿੱਖ ਧਰਮਿਕ ਹਸਤੀ ਦਾ ਖਾਤਮਾ ਚਾਹੁੰਦੀ ਹੈ। ਕੇਂਦਰੀ ਭਾਰਤੀ ਹਕੂਮਤ ਦੀਆਂ ਪੰਜਾਬ ਪ੍ਰਤੀ ਸਾਰੀਆਂ ਨੀਤੀਆਂ ਇਸੇ ਪ੍ਰਸੰਗ ਵਿਚੋਂ ਜਨਮ ਲੈਂਦੀਆਂ ਹਨ। ਆਪਣੇ ਇਸੇ ਮਕਸਦ ਲਈ ਉਹ ਪੰਜਾਬ ਦੇ ਗੈਰ ਸਿੱਖਾਂ ਨੂੰ ਆਪਣੇ ਪੱਖ ਵਿਚ ਜਿੱਤਣ ਦੀ ਪਹੁੰਚ ਅਪਨਾਉਂਦੀ ਹੈ। ਇਸ ਦੇ ਉਲਟ ਸਿੱਖ ਸੰਗਠਨ ਸਾਰੇ ਪੰਜਾਬੀ ਗੈਰ ਸਿੱਖਾਂ ਨੂੰ ਆਪਣੇ ਪੱਖ ਵਿਚ ਜਿੱਤਣ ਜਾਂ ਨਿਰਪੱਖ ਕਰਨ ਦੀ ਥਾਂ ਆਪਣੀਆਂ ਹੀ ਨੀਤੀਆਂ ਕਾਰਨ ਆਪਣੇ ਖਿਲਾਫ ਕਰ ਬੈਠਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕਲਾਵੇ ਵਿਚੋਂ ਖਾਰਜ ਕਰਨ ਦੀ ਪਹੁੰਚ ਅਪਨਾਉਂਦੇ ਹਨ। ਇੰਜ ਇਨ੍ਹਾਂ ਦਾ ਇਹ ਪੈਂਤੜਾ ਕੇਂਦਰ ਦੀਆਂ ਨੀਤੀਆਂ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ ਜਦਕਿ ਕਮਜ਼ੋਰੀ ਦੀ ਹਾਲਤ ਵਿਚ ਤਕੜੇ ਦੁਸ਼ਮਣ ਨਾਲ ਲੜਾਈ ਲੜ ਰਹੀ ਧਿਰ ਲਈ ਚਾਹੀਦਾ ਇਹ ਹੁੰਦਾ ਹੈ ਕਿ ਉਹ ਵਧ ਤੋਂ ਵਧ ਤਬਕਿਆਂ ਤੇ ਭਾਈਚਾਰਿਆਂ ਨੂੰ ਆਪਣੇ ਪੱਖ ਵਿਚ ਜਿੱਤੇ। ਸਿੱਖ ਹਸਤੀ ਦੇ ਬਚਾਅ ਲਈ ਜੂਝ ਰਹੀਆਂ ਧਿਰਾਂ ਇਥੇ ਹੀ ਮਾਰ ਖਾ ਰਹੀਆਂ ਹਨ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



PUNJAB AUTO WERKS

Akal Transport Corp

1930 W. Hubbard St., Chicago, IL

For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars

ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ



ਟੈਕਸੀ ਕੈਬ ਵੀ ਲੀਜ਼ 'ਤੇ ਦਿੰਦੇ ਹਾਂ

Call

Gurcharn Singh Jhaj

Jaidev Singh Bhattal

Sukhraj Singh Takhar

Tel. 312-243-3344, 312-243-2255

Fax: 312-243-2277

# ਹਿਊਸਟਨ ਵਿਚ ਸਜਿਆ ਸ਼ਾਨਦਾਰ ਤੀਸਰਾ ਨਗਰ ਕੀਰਤਨ

**ਹਿਊਸਟਨ (ਕੇ ਪੀ ਸਿੰਘ, ਗੁਰਮਿੰਦਰ ਸਿੰਘ):** ਇਥੇ ਡਾਊਨ-ਟਾਊਨ ਦੀ ਫਿਜ਼ਾ ਵਿਚ ਲੰਘੇ ਸਨਿਚਰਵਾਰ ਬੰਦੀ ਛੋੜ ਦਿਵਸ ਵਾਲੇ ਦਿਹਾੜੇ ਉਸ ਸਮੇਂ ਇਲਾਹੀ ਨਾਦ ਗੂੰਜਿਆ ਜਦੋਂ ਸਿੱਖ ਸੰਗਤਾਂ ਨੇ ਗੁਰੂ ਨਾਨਕ ਗੁਰਪੁਰਬ ਨੂੰ ਸਮਰਪਿਤ ਇਕ ਵਿਸ਼ਾਲ ਨਗਰ ਕੀਰਤਨ ਖਾਲਸਾਈ ਪੋਸ਼ਾਕਾਂ ਵਿਚ ਸੱਜ ਕੇ ਇਲਾਹੀ ਬਾਣੀ ਦਾ ਕੀਰਤਨ ਕਰਦਿਆਂ ਕੀਤਾ। ਨਗਰ ਕੀਰਤਨ ਦੀ ਅਗਵਾਨੀ ਇਕ ਸ਼ਾਨਦਾਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਕਰ ਰਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਅੱਗੇ-ਅੱਗੇ ਖਾਲਸਾਈ ਬਾਣੇ 'ਚ ਸਜੇ ਪੰਜ ਪਿਆਰੇ ਚਲ ਰਹੇ ਸਨ। ਹਿਊਸਟਨ ਦੇ ਸਮੂਹ ਗੁਰੂਘਰਾਂ ਵਲੋਂ ਸਾਂਝੇ ਤੌਰ ਉਤੇ ਸਜਾਏ ਗਏ ਇਸ ਨਗਰ ਕੀਰਤਨ ਵਿਚ ਵਖ ਵਖ ਗੁਰੂਘਰਾਂ ਦੇ ਨੁਮਾਇੰਦਿਆਂ ਦੇ ਨਾਲ ਸਥਾਨਕ ਪ੍ਰਤੀਨਿਧ ਅਤੇ ਵਖ ਵਖ ਸਰਕਾਰੀ ਅਦਾਰਿਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਨਗਰ ਕੀਰਤਨ ਵਿਚ ਹਿਊਸਟਨ ਤੋਂ ਇਲਾਵਾ ਡੈਲਸ, ਫੋਰਟਵਰਥ, ਸੈਨ ਐਨਟੋਨੀਓ ਅਤੇ ਹੋਰਨਾਂ ਸ਼ਹਿਰਾਂ ਤੋਂ ਵੀ ਸਿੱਖ ਸੰਗਤਾਂ ਹਾਜ਼ਰੀ ਭਰਨ ਲਈ ਪਹੁੰਚੀਆਂ।









ਇਲਾਹੀ ਬਾਣੀ ਦਾ ਕੀਰਤਨ ਰਾਗੀ ਸਿੰਘਾਂ ਵਲੋਂ ਕੀਤਾ ਜਾ ਰਿਹਾ ਸੀ। ਮੀਰੀ-ਪੀਰੀ ਗਤਕਾ ਦਲ ਦੇ ਵਾਲੰਟੀਅਰ ਗਤਕੇ ਦੇ ਜੌਹਰ ਦਿਖਾ ਰਹੇ ਸਨ। ਕੇਸਰੀ ਤੇ ਨੀਲੀਆਂ ਦਸਤਾਰਾਂ ਤੇ ਦੁਪੱਟਿਆਂ ਵਿਚ ਸੱਜੀਆਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਨਗਰ ਕੀਰਤਨ ਦੇ ਨਾਲ ਨਾਲ ਚਲ ਰਹੀਆਂ ਸਨ। ਸਕੂਲਾਂ ਦੇ ਬੱਚੇ ਵੀ ਵਡੀ ਗਿਣਤੀ ਵਿਚ ਇਸ ਨਗਰ ਕੀਰਤਨ ਵਿਚ ਸ਼ਾਮਲ ਸਨ।






ਜਥੇਦਾਰ ਗੁਰਸ਼ਰਨ ਸਿੰਘ ਦੇ ਮੀਰੀ-ਪੀਰੀ ਗਤਕਾ ਦਲ ਦੇ ਸਿੰਘਾਂ ਵਲੋਂ ਦਿਖਾਏ ਗਏ ਗਤਕੇ ਦੇ ਜੌਹਰ ਸੜਕ ਦੇ ਕਿਨਾਰੇ ਖੜੇ ਸਥਾਨਕ ਗੋਰਿਆਂ ਨੂੰ ਵੀ ਚਕ੍ਰਿਤ ਕਰ ਰਹੇ ਸਨ। ਸਿੰਘਾਂ ਵਲੋਂ ਵਾਰ-ਵਾਰ ਛਡੇ ਜਾ ਰਹੇ ਬੋਲੇ ਸੋ ਨਿਹਾਲ ਦੇ ਜੈਕਾਰੇ ਡਾਊਨ-ਟਾਊਨ ਦੀਆਂ ਉਚੀਆਂ ਇਮਾਰਤਾਂ ਨਾਲ ਟਕਰਾ ਕੇ ਹੋਰ ਵੀ ਉਚੀ ਗੂੰਜ ਪੈਦਾ ਕਰ ਰਹੇ ਸਨ। ਮਾਹੌਲ ਜੋਸ਼ ਨਾਲ ਭਰਿਆ ਹੋਇਆ ਸੀ। ਨਗਰ ਕੀਰਤਨ ਦੀ ਸਮਾਪਤੀ ਵੇਲੇ ਗਤਕਾ ਦਲ ਵਲੋਂ ਦਿਖਾਏ ਗਏ ਕਰਤੱਬ ਵਾਕਿਆ ਹੀ ਮੂੰਹ ਵਿਚ ਉਂਗਲਾਂ ਲੈ ਕੇ ਹੈਰਾਨ ਹੋਣ ਲਈ ਮਜਬੂਰ ਕਰ ਰਹੇ ਸਨ।



ਨਗਰ ਕੀਰਤਨ ਤੋਂ ਪਹਿਲਾਂ ਸਵੇਰ ਸਮੇਂ ਡਾਊਨ ਟਾਊਨ ਵਿਚ ਜੋਨਜ਼ ਪਲਾਜ਼ਾ ਵਿਖੇ ਇਕ ਭਾਰੀ ਦੀਵਾਨ ਸਜਿਆ ਜਿਸ ਵਿਚ ਰਾਗੀਆਂ-ਢਾਡੀਆਂ ਨੇ ਸ਼ਬਦ ਕੀਰਤਨ ਅਤੇ ਗੁਰੂ ਜਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਵੱਖ ਵੱਖ ਬੁਲਾਰਿਆਂ ਨੇ ਪੰਥਕ ਵਿਚਾਰਾਂ ਕੀਤੀਆਂ।

ਭਾਈ ਗੁਰਚਰਨ ਸਿੰਘ (ਗੁਰਦੁਆਰਾ ਹਿਊਸਟਨ), ਭਾਈ ਸੁਰਿੰਦਰ ਸਿੰਘ (ਸਿੱਖ ਸੈਂਟਰ), ਭਾਈ ਸੁਖਦੇਵ ਸਿੰਘ (ਸੂਗਰਲੈਂਡ) ਨੇ ਵਾਰੀ ਵਾਰੀ ਅੰਮ੍ਰਿਤ ਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਸੰਗਤਾਂ ਨੇ ਗੁਰੂ ਨਾਲ ਲਿਵ ਲਾ ਕੇ ਜੀਵਨ ਸਫਲੇ ਕੀਤੇ। ਗੁਰਬਾਣੀ ਕੀਰਤਨ ਉਪਰੰਤ ਸਟੇਜ ਸਕੱਤਰ ਗੁਰਮਿੰਦਰ ਸਿੰਘ ਨੇ ਅਮਰੀਕਾ ਦੇ ਇਸ ਚੌਥੇ ਸਭ ਤੋਂ ਵੱਡੇ ਸ਼ਹਿਰ ਵਿਚ ਸਜਾਏ ਜਾ ਰਹੇ ਇਸ ਨਗਰ ਕੀਰਤਨ ਦੀ ਅਹਿਮੀਅਤ ਬਾਰੇ ਦੱਸਿਆ ਅਤੇ ਫਿਰ ਯੂਨੀਵਰਸਿਟੀ ਆਫ ਹਿਊਸਟਨ ਵਿਚ ਅਧਿਆਪਕ ਅਤੇ ਨਗਰ ਕੀਰਤਨ ਕਮੇਟੀ ਦੇ ਸਕੱਤਰ ਡਾ. ਤੇਜਿੰਦਰ ਸਿੰਘ ਗਿੱਲ ਨੂੰ ਸੰਗਤਾਂ ਨੂੰ ਸੰਬੋਧਨ ਕਰਨ ਦਾ ਸੱਦਾ ਦਿੱਤਾ। ਡਾ. ਗਿੱਲ ਨੇ ਹਿਊਸਟਨ ਦੇ ਸਮੂਹ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਗੁਰਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਭਾਈ ਹੀਰਾ ਲਾਲ ਸਿੰਘ ਚਮਦਲ ਵਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਉਚੇਚੀ ਸਰਾਹਨਾ ਕਰਦਿਆਂ ਆਖਿਆ ਕਿ ਗੁਰੂ ਕਿਰਪਾ ਨਾਲ ਹਿਊਸਟਨ ਦੀਆਂ ਸੰਗਤਾਂ ਅੱਗੋਂ ਵੀ ਇਸੇ ਤਰ੍ਹਾਂ ਸਿੱਖ ਦਿਹਾੜੇ ਸਾਂਝੇ ਤੌਰ 'ਤੇ ਮਨਾਉਂਦੀਆਂ ਰਹਿਣਗੀਆਂ। ਬਾਅਦ ਵਿਚ ਹੋਰ ਬੁਲਾਰਿਆਂ ਨੇ ਵੀ ਭਾਈ ਚਮਦਲ ਵਲੋਂ ਸੰਗਤਾਂ ਨੂੰ ਇਕੱਠਿਆਂ ਕਰਨ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ।

ਦੀਵਾਨ ਨੂੰ ਸੰਬੋਧਨ ਕਰਦਿਆਂ ਸਿੱਖ ਸੈਂਟਰ ਹਿਊਸਟਨ ਦੇ ਪ੍ਰਧਾਨ ਪ੍ਰੋ. ਸੰਪੂਰਨ ਸਿੰਘ ਨੇ ਸੰਗਤਾਂ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਦੀ ਵਧਾਈ ਦਿੰਦਿਆਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਵਲੋਂ ਅਰੰਭਿਆ ਗਿਆ ਸਿੱਖ ਧਰਮ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਸਮੁੱਚੇ ਸੰਸਾਰ ਨੂੰ ਅਮਨ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਇਸ ਨਗਰ ਕੀਰਤਨ ਦੇ ਪ੍ਰਬੰਧਕਾਂ ਨੂੰ ਉਨ੍ਹਾਂ ਵਲੋਂ ਕੀਤੇ ਗਏ ਯਤਨਾਂ ਦੀ ਵਧਾਈ ਦਿੱਤੀ। ਸਿੱਖ ਨੈਸ਼ਨਲ ਸੈਂਟਰ ਦੇ ਪ੍ਰਧਾਨ ਡਾ. ਹਰਦਮ ਸਿੰਘ ਆਜ਼ਾਦ ਨੇ ਸਿੱਖ ਇਤਿਹਾਸ ਨੂੰ ਫਰੋਲਦਿਆਂ ਗੁਰੂ ਸਾਹਿਬ ਦੀਆਂ ਸਿਖਿਆਵਾਂ ਦਾ ਜ਼ਿਕਰ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਵਲੋਂ ਅਰੰਭੇ ਗਏ ਇਸ ਧਰਮ ਦੇ ਫਲਸਫੇ ਦੀ ਗੱਲ ਕੀਤੀ। ਗੁਰਦੁਆਰਾ ਸੈਨ ਐਨਟੋਨੀਓ ਦੇ ਸਕੱਤਰ ਸ. ਬਲਵਿੰਦਰ ਸਿੰਘ ਢਿੱਲੋਂ,

***ਤਸਵੀਰਾਂ:ਜਸਵੰਤ ਸਿੰਘ***
***ਫੋਨ:(713) 409 - 3053***







ਗੁਰਦੁਆਰਾ ਬਿਓਮੋਂਟ ਦੇ ਪ੍ਰਧਾਨ ਸ. ਜੋਗਿੰਦਰ ਸਿੰਘ, ਗੁਰਦੁਆਰਾ ਸਿੰਘ ਸਭਾ ਡੈਲਸ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਗਿੱਲ, ਗੁਰਦੁਆਰਾ ਗਾਰਲੈਂਡ ਦੇ ਸਕੱਤਰ ਸ. ਮਨਜੀਤ ਸਿੰਘ ਸੰਧੂ, ਗੁਰਦੁਆਰਾ ਨਾਨਕਸਰ ਹਿਊਸਟਨ ਦੇ ਨੁਮਾਇੰਦੇ ਸ. ਕਾਬਲ ਸਿੰਘ (ਜੱਸ ਪੰਜਾਬੀ ਟੀ.ਵੀ.), ਹਰਜੀਤ ਸਿੰਘ ਗਲਹੋਤਰਾ, ਅਮਰਜੀਤ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਗੁਰਦੁਆਰਾ ਬਰੀਨ ਦੇ ਨੁਮਾਇੰਦੇ ਅਤੇ ਨਗਰ ਕੀਰਤਨ ਲਈ ਬਣਾਈ ਗਈ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਸ. ਹੀਰਾ ਲਾਲ ਸਿੰਘ ਚਮਦਲ ਨੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਦਾ ਨਗਰ ਕੀਰਤਨ ਲਈ ਦਿਤੇ ਗਏ ਸਹਿਯੋਗ ਵਾਸਤੇ ਧੰਨਵਾਦ ਕੀਤਾ ਅਤੇ ਆਖਿਆ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਪੂਰੇ ਟੈਕਸਸ ਸੂਬੇ ਵਿਚ ਵੱਖੋ ਵੱਖ ਸਿੱਖ ਪੁਰਬ ਸਾਂਝੇ ਤੌਰ 'ਤੇ ਮਨਾਉਣ ਅਤੇ ਸਾਂਝੇ ਸਿੱਖ ਹਿੱਤਾਂ ਲਈ ਯਤਨ ਜਾਰੀ ਰੱਖਾਂਗੇ। ਸ. ਚਮਦਲ ਨੇ ਗੁਰਦੁਆਰਾ ਬਰੀਨ ਦੇ ਪ੍ਰਧਾਨ ਮਨਦੀਪ ਸਿੰਘ ਮਦਾਰ ਦੇ ਅਚਾਨਕ ਚਲਾਣੇ ਉਤੇ ਅਫਸੋਸ ਜਾਹਿਰ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ। ਜ਼ਿਕਰਯੋਗ ਹੈ ਕਿ ਮਨਦੀਪ ਸਿੰਘ ਹਾਲ ਹੀ ਵਿਚ ਇੰਡੀਆ ਵਿਚ ਇਕ ਸੜਕ ਹਾਦਸੇ ਵਿਚ ਹਲਾਕ ਹੋ ਗਏ ਸਨ।

ਗੁਰੂ ਕਾ ਲੰਗਰ ਅਤੁੱਟ ਵਰਤਿਆ। ਭਾਈ ਨਾਜਰ ਸਿੰਘ ਦੀ ਟੀਮ ਨੇ ਲੰਗਰ ਸੇਵਾ ਪੂਰਨ ਨਿਸ਼ਠਾ ਨਾਲ ਨਿਭਾਈ। ਛੇ ਘੰਟੇ ਤੋਂ ਵੀ ਵੱਧ ਸਮੇਂ ਦੇ ਇਸ ਸਮਾਗਮ ਦੌਰਾਨ ਸੰਗਤਾਂ ਸਮੋਸਿਆਂ, ਪਕੌੜਿਆਂ, ਬਰਫੀ, ਲੱਡੂਆਂ, ਗਰਮਾ-ਗਰਮ ਚਾਹ ਅਤੇ ਠੰਡੇ-ਸੋਡੇ ਦਾ ਅਨੰਦ ਮਾਣਦੀਆਂ ਰਹੀਆਂ। ਨਗਰ ਕੀਰਤਨ ਦੇ ਸਮੁੱਚੇ ਰਾਹ ਦੌਰਾਨ ਵੀ ਥਾਂ ਥਾਂ ਚਾਹ-ਪਾਣੀ ਅਤੇ ਮਠਿਆਈ ਦੀ ਸੇਵਾ ਚੱਲ ਰਹੀ ਸੀ ਜਿਸ ਦਾ ਅਨੰਦ ਕਈ ਸਥਾਨਕ ਅਮਰੀਕੀ ਵੀ ਮਾਣ ਰਹੇ ਸਨ।

ਹਿਊਸਟਨ ਵਿਚ ਇਹ ਤੀਸਰਾ ਨਗਰ ਕੀਰਤਨ ਸੀ ਜਿਥੇ ਕੋਈ 28 ਸੌ ਸਿੱਖ ਪਰਿਵਾਰ ਵੱਸਦੇ ਹਨ। ਪਿਛਲੇ ਕੁਝ ਸਾਲਾਂ ਵਿਚ ਕੈਲੀਫੋਰਨੀਆ, ਮਿਸ਼ੀਗਨ, ਨਿਊ ਯਾਰਕ ਅਤੇ ਹੋਰਨਾਂ ਸਟੇਟਾਂ ਤੋਂ ਕਾਫੀ ਸਿੱਖ ਇਥੇ ਆ ਕੇ ਵਸੇ ਹਨ। ਸ਼ਾਇਦ ਇਹੋ ਵਜ੍ਹਾ ਹੈ ਕਿ ਨਗਰ ਕੀਰਤਨ ਵਿਚ ਹਾਜ਼ਰੀ ਕਾਫੀ ਭਰਵੀਂ ਸੀ ਅਤੇ ਪ੍ਰਬੰਧਕਾਂ ਅਨੁਸਾਰ 2 ਹਜ਼ਾਰ ਤੋਂ ਵੀ ਵੱਧ ਸੰਗਤਾਂ ਸ਼ਾਮਲ ਹੋਈਆਂ। ਨਗਰ ਕੀਰਤਨ ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਨਾਨਕਸਰ, ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਗੁਰਦੁਆਰਾ ਸਾਊਥ ਵੈਸਟ ਹਿਊਸਟਨ ਅਤੇ ਗੁਰਦੁਆਰਾ ਰਵਿਦਾਸ ਟੈਂਪਲ ਦੇ ਪ੍ਰਬੰਧਕਾਂ ਦੇ ਸਾਂਝੇ ਯਤਨਾਂ ਨਾਲ ਕੀਤਾ ਗਿਆ।

ਨਗਰ ਕੀਰਤਨ ਨੂੰ ਕਾਮਯਾਬ ਕਰਨ ਲਈ ਗੁਰਪ੍ਰੀਤ ਸਿੰਘ ਸਕੱਤਰ ਗੁਰਦਵਾਰਾ ਬਰੀਨ, ਮੋਹਨ ਸਿੰਘ ਗਰੇਵਾਲ, ਬਖਸ਼ੀਸ਼ ਸਿੰਘ ਜੋਸਨ, ਹਰਦੇਵ ਸਿੰਘ ਮੰਡ, ਤੀਰਥ ਸਿੰਘ ਖਹਿਰਾ, ਸਰਬਜੀਤ ਸਿੰਘ ਮੰਡ, ਪਰਮਜੀਤ ਸਿੰਘ ਕੰਗ, ਡਾ. ਕੰਵਲਜੀਤ ਸਿੰਘ, ਅਮਰ ਸਿੰਘ ਬੜਿੰਗ, ਪਵਿੱਤਰ ਸਿੰਘ ਅੰਟਾਲ, ਜਗਦੀਸ਼ ਸਿੰਘ, ਡਾ. ਰਣਜੀਤ ਸਿੰਘ, ਗੁਰਚਰਨ ਸਿੰਘ ਧਾਲੀਵਾਲ, ਅਵਤਾਰ ਸਿੰਘ ਮਾਨ, ਹਰਪਾਲ ਸਿੰਘ, ਲਖਵਿੰਦਰ ਸਿੰਘ ਲੱਖੀ, ਮਨੋਹਰ ਸਿੰਘ ਮਾਨ, ਅਮਨ ਸਿੱਧੂ, ਜਰਨੈਲ ਸਿੰਘ, ਧਿਆਨ ਸਿੰਘ, ਹਰਦੀਪ ਹੇਅਰ, ਜਸਵੰਤ ਸਿੰਘ ਜੱਸੀ, ਨਾਜ਼ਰ ਸਿੰਘ, ਨਰਿੰਦਰਪਾਲ ਚਮਦਲ, ਨਛੱਤਰ ਚਮਦਲ, ਵਿਜੇ ਚਮਦਲ, ਚੰਨੀ ਚਮਦਲ ਅਤੇ ਸਿੱਖ ਸੈਂਟਰ ਗੁਰੂਘਰ ਦੇ ਸਕੱਤਰ ਭਾਈ ਅਮਰ ਸਿੰਘ ਨੇ ਅਣਥੱਕ ਸੇਵਾ ਕੀਤੀ। ਬੰਬੇ ਸਵੀਟਸ, ਰਾਜਾ ਸਵੀਟਸ, ਨਾਜਰ ਸਿੰਘ ਕੈਫੇ ਇੰਡੀਆ ਅਤੇ ਹੋਰਨਾਂ ਨੇ ਵੀ ਨਗਰ ਕੀਰਤਨ ਵਿਚ ਯਥਾਯੋਗ ਸੇਵਾ ਕੀਤੀ। ਨਗਰ ਕੀਰਤਨ ਵਿਚ ਗੁਰਦੁਆਰਾ ਫੋਰਟਵਰਥ ਦੇ ਪ੍ਰਧਾਨ ਬੌਬੀ ਬਰਾੜ, ਮੈਂਬਰ ਹਰਮਿੰਦਰ ਸਿੰਘ ਰੰਗੀ, ਪ੍ਰਿਤਪਾਲ ਸਿੰਘ ਗਰੇਵਾਲ, ਅਮਨ ਸੰਘਾ, ਗੁਰਪ੍ਰੀਤ ਸੰਘਾ, ਭਰਪੂਰ ਬਰਾੜ ਨੇ ਫਰੂਟ ਦੀ ਸੇਵਾ ਕੀਤੀ।



























# ਡੀ.ਐਫ.ਡਬਲਯੂ ਇੰਟਰਨੈਸ਼ਨਲ ਸਪੋਰਟਸ ਕਲੱਬ, ਡੈਲਸ (ਟੈਕਸਸ)

## ਪੰਜਾਬੀ ਖੇਡ ਮੇਲਾ-2009: ਤਸਵੀਰਾਂ ਦੀ ਜ਼ੁਬਾਨੀ





























Sponsored Page

**Committee Members**

Sukhwinder Singh Bajwa (Chairman)
Gobindrai Dhiman (Vice Chair man)
Raghbir Singh Garcha (Vice Chairman)

Gursharan Singh Bagli (President)
Gurmail Singh Dhesi (Senior Vice President)
Mukhtar Singh (Treasurer)

N.S. Benipal (Billu) Secretary
Tehal Singh Deol (J. Sec.)
Jaswant Singh Khehra (J. Sec.)

*The club thanks Jus Punjabi TV for special coverage*

















Sponsored Page

## ਇਕ ਮੁਲਾਕਾਤ

# ਢਾਡੀ ਕਲਾ ਦਾ ਵਾਰਸ:ਕੁਲਜੀਤ ਸਿੰਘ ਦਿਲਬਰ

**ਸੁਰਿੰਦਰ ਸਿੰਘ ਭਾਟੀਆ**

ਸ਼੍ਰੋਮਣੀ ਪੰਥਕ ਇੰਟਰਨੈਸ਼ਨਲ ਗੋਲਡ ਮੈਡਲਿਸਟ ਮਰਹੂਮ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਪੰਥਕ ਸਫਾਂ ਵਿਚ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਹ ਸਿੱਖ ਪੰਥ ਦੇ ਮਹਾਨ ਵਿਦਵਾਨ, ਬੇਧੜਕ ਬੁਲਾਰੇ, ਢਾਡੀ ਕਲਾ ਦੇ ਵੱਡਮੁਲੇ ਹੀਰੇ ਅਤੇ ਕਲਮ ਦੇ ਧਨੀ ਸਨ। ਇਉਂ ਸਮਝੋ ਕਿ ਸੋਲਾਂ ਕਲਾ ਸੰਪੂਰਨ ਢਾਡੀ ਸਨ। ਪੰਜਾਬੀ ਬੋਲੀ ਵਿਚ ਜੇ ਕੋਈ ਤਨਜ਼ ਕੱਸੂ ਤਾਂ ਕਹੂ ਵੱਡਾ ਦਿਲਬਰ ਬਣਿਆ ਫਿਰਦਾ ਹੈ। ਜੇ ਕੋਈ ਗੜਕੇ ਤਾਂ ਕਹਿੰਦੇ ਹਨ-ਵੇਖ ਕਿਵੇਂ ਦਿਲਬਰ ਵਾਂਗੂ ਗੜਕਦਾ ਹੈ। ਜਦੋਂ ਉਹ ਸਿੱਖ ਇਤਿਹਾਸ ਦੇ ਖੂਨ ਗੜੁਚੇ ਪੰਨੇ ਸਟੇਜ ਤੋਂ ਬਿਆਨ ਕਰਦੇ ਤਾਂ ਕਹਿੰਦੇ ਹਨ ਕਿ ਸੁਣਨ ਵਾਲਿਆਂ ਦੀਆਂ ਅੱਖਾਂ ਨਮ ਹੋਣੋਂ ਨਾ ਰਹਿੰਦੀਆਂ। ਉਨ੍ਹਾਂ 20 ਪੁਸਤਕਾਂ ਅਤੇ ਅਨੇਕਾਂ ਕੈਸਿਟਾਂ ਪੰਥ ਦੀ ਝੋਲੀ ਪਾਈਆਂ।

ਉਸੇ ਢਾਡੀ ਦਿਆ ਸਿੰਘ ਦਿਲਬਰ ਦਾ ਸਪੁਤਰ ਹੈ ਢਾਡੀ ਕੁਲਜੀਤ ਸਿੰਘ ਦਿਲਬਰ। ਇਹ ਵੀ ਦਿਲਚਸਪ ਗੱਲ ਹੈ ਕਿ ਢਾਡੀ ਕਲਾ ਦਾ ਦਰਿਆ ਘਰ ਵਿਚ ਵਗਦਾ ਹੋਣ ਦੇ ਬਾਵਜੂਦ ਕੁਲਜੀਤ ਸਿੰਘ ਨੇ ਆਪਣੇ ਪਿਤਾ ਨਾਲ ਜਥੇ ਵਿਚ ਕਦੇ ਨਹੀਂ ਗਾਇਆ। ਅਜ ਕਲ ਉਹ ਆਪਣੀ ਪਤਨੀ ਨਵਦੀਪ ਕੌਰ ਨਾਲ ਅਮਰੀਕਾ ਦੇ ਦੌਰੇ 'ਤੇ ਹਨ। ਕੁਲਜੀਤ ਸਿੰਘ ਗੁਰਦੁਆਰਾ ਪੈਲਾਟਾਈਨ ਸ਼ਿਕਾਗੋ ਆਏ ਤਾਂ ਉਨ੍ਹਾਂ ਨਾਲ ਗੱਲਬਾਤ ਹੋਈ।

ਇਹ ਪੁੱਛੇ ਜਾਣ 'ਤੇ ਕਿ ਆਖਰ ਕੀ ਸਬੱਬ ਸੀ ਕਿ ਉਸ ਨੇ ਢਾਡੀ ਕਲਾ ਸਿੱਖਣ ਲਈ ਆਪਣੇ ਪਿਤਾ ਦੀ ਸ਼ਾਗਿਰਦੀ ਵਿਚ ਇਸ ਪਾਸੇ ਕਦਮ ਨਾ ਰੱਖਿਆ, ਕੁਲਜੀਤ ਸਿੰਘ ਨੇ ਦੱਸਿਆ ਕਿ ਪੜ੍ਹਾਈ ਕਰਦਿਆਂ ਅਤੇ ਬਾਅਦ ਵਿਚ ਵੀ ਪੱਛਮੀ ਪਹਿਰਾਵੇ ਦਾ ਕੁਝ ਅਜਿਹਾ ਅਸਰ ਸੀ ਕਿ ਮਨ ਢਾਡੀ ਬਣਨ ਵੱਲ ਕਦੇ ਤੁਰਿਆ ਹੀ ਨਾ। ਐਮ.ਏ., ਬੀ-ਐਡ ਕਰਨ ਤੋਂ ਬਾਅਦ ਦੋ ਸਾਲ ਅਧਿਆਪਕ ਦੀ ਅਤੇ ਫਿਰ ਕਈ ਸਾਲ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਕੀਤੀ। ਫਿਰ ਕੁਝ ਅਜਿਹੀ ਬਿਧ ਬਣੀ ਕਿ ਢਾਡੀ ਬਣਨ ਵੱਲ ਮਨ ਆਪ ਹੀ ਤੁਰ ਪਿਆ। 1986 ਵਿਚ ਪਿਤਾ ਜੀ ਨੂੰ ਸਰਕਾਰ ਨੇ ਜੇਲ੍ਹ ਵਿਚ ਡੱਕ ਦਿਤਾ। ਤਿੰਨ ਸਾਲ ਦੇ ਕਰੀਬ ਉਹ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਕੈਦ ਰਹੇ। ਇਸੇ ਸਮੇਂ ਦੌਰਾਨ ਪਿਤਾ ਜੀ ਦੇ ਸਾਥੀ ਇਕ ਪ੍ਰੋਗਰਾਮ ਵਿਚ ਮੈਨੂੰ ਲੈ ਗਏ। ਹੌਂਸਲਾ ਮਿਲਿਆ ਫਿਰ ਪਿਛੇ ਮੁੜ ਕੇ ਨਹੀਂ ਵੇਖਿਆ।

ਢਾਡੀ ਹੁਨਰ ਸੰਬਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨ ਪੀੜੀ ਇਸ ਕਲਾ ਤੋਂ ਦੂਰ ਜਾ ਰਹੀ ਹੈ। ਅਜ ਦਾ ਨੌਜਵਾਨ ਢਾਡੀ ਬਣਨ ਦੀ ਬਜਾਏ ਪੌਪ ਗਾਇਕ ਬਣਨ ਨੂੰ ਪਹਿਲ ਦਿੰਦਾ ਹੈ। ਢਾਡੀ ਕਲਾ ਪੰਜਾਬੀ ਸਭਿਆਚਾਰ ਅਤੇ ਸੰਗੀਤ ਕਲਾਵਾਂ ਦਾ ਅਹਿਮ ਅੰਗ ਹੈ। ਪੰਜਾਬ ਸਰਕਾਰ ਨੂੰ ਨਿਘਾਰ ਵਲ ਜਾ ਰਹੀ ਇਸ ਕਲਾ ਨੂੰ ਉਤਸ਼ਾਹਿਤ ਕਰਨ ਲਈ ਕਦਮ ਚੁਕਣੇ ਚਾਹੀਦੇ ਹਨ। ਸਕੂਲਾਂ, ਕਾਲਜਾਂ ਵਿਚ ਇਸ ਕਲਾ ਨੂੰ ਇਕ ਵਿਸ਼ੇ ਦੇ ਤੌਰ 'ਤੇ ਸ਼ਾਮਲ ਕਰਨਾ ਚਾਹੀਦਾ ਹੈ। ਭਾਸ਼ਾ ਵਿਭਾਗ ਪੰਜਾਬ ਵੀ ਰਾਗੀਆਂ, ਢਾਡੀਆਂ, ਕਵੀਸ਼ਰਾਂ ਵਿਚੋਂ ਇਕ ਨੂੰ ਸਨਮਾਨ ਦਿੰਦਾ ਹੈ। ਤਿੰਨੇ ਕਲਾਵਾਂ ਵਖਰੀਆਂ-ਵਖਰੀਆਂ ਹਨ। ਹਰ ਵਰਗ ਵਿਚ ਇਕ ਸਨਮਾਨ ਹੋਣਾ ਚਾਹੀਦਾ ਹੈ।



*ਭਾਈ ਕੁਲਜੀਤ ਸਿੰਘ ਦਿਲਬਰ (ਖੱਬੇ) ਆਪਣੇ ਜਥੇ ਨਾਲ*

ਕੁਲਜੀਤ ਸਿੰਘ ਦਿਲਬਰ ਨੇ ਗਿਲ੍ਹਾ ਕੀਤਾ ਕਿ ਸੰਗੀਤ ਕੰਪਨੀਆਂ ਅਤੇ ਕੁਝ ਢਾਡੀ ਆਪ ਵੀ ਢੱਡਾਂ ਦੇ ਨਾਲ ਤਬਲਾ ਤੇ ਹੋਰ ਸਾਜ਼ ਵਜਾਉਣ ਲਗ ਪਏ ਹਨ ਜੋ ਢਾਡੀ ਕਲਾ ਦਾ ਨਿਰਾਦਰ ਹੈ। ਸ੍ਰੀ ਗੁਰੂ ਹਰਗੋਬਿੰਦ ਜੀ ਵਲੋਂ ਚਲਾਈ ਗਈ ਢਾਡੀ ਕਲਾ ਦੀ ਦਿੱਖ ਖਰਾਬ ਕਰਨ ਦਾ ਯਤਨ ਨਾ ਕੀਤਾ ਜਾਏ। ਉਨ੍ਹਾਂ ਢਾਡੀਆਂ ਨੂੰ ਅਪੀਲ ਕੀਤੀ ਕਿ ਉਹ ਢਾਡੀ ਤਰਜਾਂ ਹੀ ਗਾਉਣ। ਅਜ ਜੋ ਢਾਡੀ ਗੀਤਾਂ ਦੀ ਛੰਦਬੰਦੀ ਵਿਚ ਗਾਉਣ ਲਗ ਪਏ ਹਨ ਉਹ ਢਾਡੀ ਕਲਾ ਦੇ ਰੂਪ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ।

ਕੁਲਜੀਤ ਸਿੰਘ ਨੇ ਦੱਸਿਆ ਕਿ ਕੈਨੇਡਾ ਦੌਰੇ ਦੌਰਾਨ ਜਦੋਂ ਉਨ੍ਹਾਂ ਰੇਡੀਓ ਤੋਂ ਸਿੱਧਾ ਪ੍ਰਸਾਰਣ ਕੀਤਾ ਅਤੇ ਢਾਡੀ ਵਾਰਾਂ ਦੀ ਸਰੋਤਿਆਂ ਦੀ ਫਰਮਾਇਸ਼ ਪੂਰੀ ਕੀਤੀ ਤਾਂ ਕਈ ਬਜ਼ੁਰਗਾਂ ਨੇ ਉਨ੍ਹਾਂ ਨੂੰ ਆਪਣੇ ਪਿਤਾ ਵਾਂਗ ਡਟ ਕੇ ਸਿੱਖੀ ਪ੍ਰਚਾਰ ਕਰਨ ਦੀ ਪ੍ਰੇਰਨਾ ਦਿੱਤੀ।

ਕੁਲਜੀਤ ਸਿੰਘ ਨੇ 20-21 ਕੈਸਿਟਾਂ ਪੰਥ ਦੀ ਝੋਲੀ ਵਿਚ ਪਾਈਆਂ ਹਨ ਜਿਨ੍ਹਾਂ ਵਿਚ ਸ਼ਹੀਦੀ ਫੁਲਵਾੜੀ, ਸਿੱਖਾਂ ਦਾ ਕਤਲੇਆਮ, ਅਣਖੀ ਪ੍ਰਵਾਨਾ, ਆਖਰੀ ਹੱਲਾ, ਜੰਡ ਸ਼ਹੀਦਾਂ ਦੀ, ਬੱਬਰ ਸਪੇਰੇ, ਅਸਰ ਗੁਰਾਂ ਦਾ, ਅਣਖੀ ਯੋਧੇ, ਸਿੱਖ ਰਾਜ ਦੀਆਂ ਸ਼ਾਮਾਂ, ਸਿਰ ਲੱਥ ਯੋਧਾ, ਜਗਤਪੁਰ ਬਾਬਾ ਆਦਿ ਬਹੁਤ ਮਕਬੂਲ ਹੋਈਆਂ ਹਨ। ਕੁਲਜੀਤ ਸਿੰਘ ਦਿਲਬਰ ਆਪਣੀਆਂ ਲਿਖੀਆਂ ਰਚਨਾਵਾਂ, ਪੁਰਾਤਨ ਢਾਡੀਆਂ ਦੀਆਂ ਲਿਖੀਆਂ ਵਾਰਾਂ ਅਤੇ ਮੌਜੂਦਾ ਲੇਖਕਾਂ ਦੀਆਂ ਵਾਰਾਂ ਸਟੇਜ ਤੋਂ ਬੋਲ ਕੇ ਨਾਮਣਾ ਖੱਟ ਰਹੇ ਹਨ। ਉਨ੍ਹਾਂ ਦੇ ਢਾਡੀ ਵਾਰਾਂ ਦੇ ਪ੍ਰੋਗਰਾਮ ਪੰਜਾਬ ਵਿਚ ਵੱਖ ਵੱਖ ਟੀ.ਵੀ. ਚੈਨਲਾਂ ਤੇ ਅਕਸਰ ਵੇਖੇ-ਸੁਣੇ ਜਾ ਸਕਦੇ ਹਨ। ਉਨ੍ਹਾਂ ਦੇ ਢਾਡੀ ਜਥੇ ਵਿਚ ਸਾਰੰਗੀ ਮਾਸਟਰ ਸਰੂਪ ਸਿੰਘ ਸਾਗਰ ਪਿੰਡ ਡੱਲਾ ਕਪੂਰਥਲਾ, ਢਾਡੀ ਸੁਰਜੀਤ ਸਿੰਘ ਸਫਰੀ ਪਿੰਡ ਫੱਤੂਵਾਲ ਜ਼ਿਲਾ ਕਪੂਰਥਲਾ ਤੇ ਢਾਡੀ ਕੁਲਦੀਪ ਸਿੰਘ ਕੋਮਲ ਪਿੰਡ ਨਵਾਂ ਦੋਨੇਵਾਲ ਜ਼ਿਲਾ ਜਲੰਧਰ ਸ਼ਾਮਲ ਹਨ।

ਪਿਛਲੇ ਦਿਨੀਂ ਨਿਊ ਯਾਰਕ ਵਿਖੇ ਭਗਤ ਧੰਨਾ ਜੱਟ ਸਭਾ ਆਫ ਨਿਊ ਯਾਰਕ ਅਤੇ ਸ਼ਹੀਦ ਭਗਤ ਸਿੰਘ ਐਸੀਸੋਏਸ਼ਨ ਆਫ ਨਿਊ ਯਾਰਕ ਵਲੋਂ ਸਾਂਝੇ ਤੌਰ 'ਤੇ ਢਾਡੀ ਕੁਲਜੀਤ ਸਿੰਘ ਦਿਲਬਰ ਅਤੇ ਉਨ੍ਹਾਂ ਦੇ ਜਥੇ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਹ ਚੰਗੇ ਬੁਲਾਰੇ ਹੋਣ ਦੇ ਨਾਲ ਨਾਲ ਵਧੀਆ ਲਿਖਾਰੀ ਵੀ ਹਨ। ਪੰਜਾਬ ਦੀਆਂ ਅਖਬਾਰਾਂ ਵਿਚ ਧਰਮ, ਵਿਰਸੇ ਅਤੇ ਸਮਾਜਿਕ ਬੁਰਾਈਆਂ ਬਾਰੇ ਉਨ੍ਹਾਂ ਦੇ ਲੇਖ ਅਕਸਰ ਛਪਦੇ ਰਹਿੰਦੇ ਹਨ।

# ਅਕਾਲੀ ਦਲ ਬਾਦਲ ਅਮਰੀਕਾ ਵਿਚ ਇਕ ਲੱਖ ਮੈਂਬਰ ਭਰਤੀ ਕਰੇਗਾ

**ਇੰਡੀਅਨਐਪੋਲਿਸ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਅਮਰੀਕਾ ਵਿਚ ਆਪਣੇ ਇਕ ਲੱਖ ਮੈਂਬਰ ਭਰਤੀ ਕਰੇਗਾ। ਇਸ ਸਬੰਧੀ ਫੈਸਲਾ ਪਾਰਟੀ ਦੇ ਐਨ ਆਰ ਆਈ ਵਿੰਗ ਦੀ ਅਮਰੀਕਾ ਇਕਾਈ ਦੀ ਇਥੇ ਹੋਈ ਕੌਮੀ ਪੱਧਰ ਦੀ ਇਕ ਮੀਟਿੰਗ ਵਿਚ ਲਿਆ ਗਿਆ। ਇਹ ਵੀ ਆਖਿਆ ਗਿਆ ਕਿ ਜਿਹੜੀ ਸਟੇਟ ਇਕਾਈ ਆਉਂਦੇ ਮਈ ਮਹੀਨੇ ਤਕ ਸਭ ਤੋਂ ਵੱਧ ਮੈਂਬਰ ਭਰਤੀ ਕਰੇਗੀ ਉਸਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਏਗਾ।



ਪਾਰਟੀ ਇਕਾਈ ਦੇ ਨਵ ਨਿਯੁਕਤ ਸਕੱਤਰ ਜਨਰਲ ਸ. ਹਰਸ਼ਰਨ ਸਿੰਘ ਘੁਮਾਣ ਦੇ ਪ੍ਰਬੰਧ ਹੇਠ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਦੇ ਸੱਦੇ ਉਤੇ ਹੋਈ ਇਸ ਕੌਮੀ ਪੱਧਰ ਦੀ ਮੀਟਿੰਗ ਵਿਚ 10 ਮਤੇ ਪਾਸ ਕੀਤੇ ਗਏ। ਸ੍ਰੀ ਦਸੂਹਾ ਵਲੋਂ ਪੇਸ਼ ਕੀਤੇ ਗਏ ਇਨ੍ਹਾਂ ਮਤਿਆਂ ਵਿਚ ਮੰਗ ਕੀਤੀ ਗਈ ਹੈ ਕਿ ਪਰਵਾਸੀ ਭਾਰਤੀਆਂ ਨੂੰ ਭਾਰਤ ਵਿਚ ਵੋਟ ਦਾ ਅਧਿਕਾਰ ਦਿੱਤਾ ਜਾਏ, ਅਮਰੀਕਾ ਵਿਚ ਪਾਰਟੀ ਇਕਾਈ ਦੇ ਆਗੂਆਂ ਦੀ ਸਿੱਧੀ ਨਿਯੁਕਤੀ ਨਾ ਕੀਤੀ ਜਾਏ, ਪੰਜਾਬ ਵਿਚ ਪਰਵਾਸੀ ਪੰਜਾਬੀਆਂ ਦੀ ਜ਼ਮੀਨ ਜਾਇਦਾਦ ਦੀ ਰਾਖੀ ਕੀਤੀ ਜਾਏ, ਪੰਜਾਬੀਆਂ ਵਿਰੁਧ ਝੂਠੇ ਪੁਲਿਸ ਮੁੱਕਦਮੇ ਬਣਾਉਣ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ, ਪਾਰਟੀ ਦੇ ਭਾਰਤ ਵਿਚਲੇ ਆਗੂਆਂ ਦੇ ਵਿਦੇਸ਼ੀ ਟੂਰ ਪਾਰਟੀ ਪ੍ਰੋਗਰਾਮ ਅਨੁਸਾਰ ਹੋਣ, ਅੰਮ੍ਰਿਤਸਰ ਏਅਰਪੋਰਟ ਦੀਆਂ ਰੱਦ ਉਡਾਣਾਂ ਫਿਰ ਅਰੰਭੀਆਂ ਜਾਣ, ਪਾਰਟੀ ਦੀ ਕੋਰ ਕਮੇਟੀ ਵਿਚ ਵਿਦੇਸ਼ੀ ਪ੍ਰਤੀਨਿਧਤਾ ਯਕੀਨੀ ਬਣਾਈ ਜਾਵੇ। ਪਾਸ ਕੀਤੇ ਗਏ ਇਕ ਹੋਰ ਮਤੇ ਵਿਚ ਪੰਜਾਬ ਵਿਚ ਖਾੜਕੂ ਲਹਿਰ ਦੇ ਸਮਿਆਂ ਵਿਚ ਬਣਾਈਆਂ ਗਈਆਂ ਕਾਲੀਆਂ ਸੂਚੀਆਂ ਖਤਮ ਕਰਨ ਦੀ ਮੰਗ ਕੀਤੀ ਗਈ।

ਪਾਰਟੀ ਦੇ ਸਕੱਤਰ ਜਨਰਲ ਸ. ਹਰਸ਼ਰਨ ਸਿੰਘ ਘੁਮਾਣ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਅਮਰੀਕਾ ਵਿਚ ਕਿਸੇ ਵੀ ਭਾਰਤੀ ਪਾਰਟੀ ਦੇ ਐਨ ਆਰ ਆਈ ਵਿੰਗ ਵਲੋਂ ਕਰਵਾਈ ਗਈ ਪਹਿਲੀ ਕੌਮੀ ਕਾਨਫਰੰਸ ਵਿਚ ਤਿੰਨ ਸੌ ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ। ਇਥੇ ਰੈਡੀਸਨ ਹੋਟਲ ਦੇ ਹਾਲ ਵਿਚ ਹੋਈ ਇਸ ਮੀਟਿੰਗ ਵਿਚ ਮਤੇ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤੇ ਗਏ। ਇਹ ਮਤੇ ਪਾਰਟੀ ਇਕਾਈ ਦੀ ਇਕ ਸੱਤ ਮੈਂਬਰੀ ਕਮੇਟੀ ਲੈ ਕੇ ਦਸੰਬਰ ਮਹੀਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਦੀ ਅਗਵਾਈ ਹੇਠ ਮਿਲੇਗੀ।

ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਰੀਕਾ ਵਿਚ ਪਾਰਟੀ ਦੇ ਸਰਪ੍ਰਸਤ ਅਤੇ ਬਜ਼ੁਰਗ ਆਗੂ ਸ. ਦੀਦਾਰ ਸਿੰਘ ਬੈਂਸ ਨੇ ਪਾਰਟੀ ਮੈਂਬਰਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਨੂੰ ਇਕ ਮੌਜ-ਮਸਤੀ ਵਾਲੇ ਮੈਂਬਰਾਂ ਦੀ ਇਕਾਈ ਵਾਲੀ ਦੱਖ ਦੇਣ ਦੀ ਥਾਂ ਅਕਾਲੀ ਦਲ ਵਿਚ ਅੰਮ੍ਰਿਤਧਾਰੀ ਸਿੱਖ ਹੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਨਿਊ ਯਾਰਕ ਤੋਂ ਆਏ ਪਾਰਟੀ ਆਗੂ ਸ੍ਰੀ ਸੁਭਾਨਪੁਰ ਨੇ ਖਾੜਕੂ ਲਹਿਰ ਵਿਚ ਸਜ਼ਾਵਾਂ ਪਾ ਚੁੱਕੇ ਸਭ ਬੰਦੀਆਂ ਨੂੰ ਰਿਹਾ ਕਰਨ ਦੀ ਮੰਗ ਕੀਤੀ। ਪਾਰਟੀ ਦੀ ਅਮਰੀਕਾ ਇਕਾਈ ਦੇ ਚੇਅਰਪਰਸਨ ਸ੍ਰੀ ਹੈਰੀ ਗਿੱਲ ਨੇ ਆਖਿਆ ਕਿ ਅਕਾਲੀ ਦਲ ਇਕ ਮਹਾਨ ਵਿਰਸੇ ਦੀ ਮਾਲਕ ਪਾਰਟੀ ਹੈ ਅਤੇ ਸਾਨੂੰ ਸਭਨਾਂ ਨੂੰ ਇਸ 'ਤੇ ਮਾਣ ਹੈ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਅਕਾਲੀ ਦਲ ਨੂੰ ਨਾ ਸਿਰਫ ਅਮਰੀਕਾ ਬਲਕਿ ਪੰਜਾਬ ਵਿਚ ਵੀ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇ।

ਇਸ ਮੌਕੇ ਹਾਜ਼ਰ ਆਗੂਆਂ ਵਿਚ ਕੈਲੀਫੋਰਨੀਆ ਤੋਂ ਸ. ਗੁਰਨਾਮ ਸਿੰਘ ਪੰਮਾ ਅਤੇ ਸ. ਕੁਲਵੰਤ ਸਿੰਘ ਖਹਿਰਾ ਵੀ ਪਹੁੰਚੇ ਹੋਏ ਸਨ। ਹੋਰ ਆਗੂਆਂ ਵਿਚ ਮਨਿੰਦਰ ਸਿੰਘ ਬਰਾੜ, ਜਰਨੈਲ ਸਿੰਘ ਗਿਲਜੀਆਂ, ਪਾਲ ਖਲੀਲ, ਲਖਵੰਤ ਸਿੰਘ ਕੋਮਲ, ਰੌਣਕ ਸਿੰਘ, ਹਰਭਜਨ ਸਿੰਘ, ਕਿਰਨਜੀਤ ਸਿੰਘ ਬਾਵਾ, ਦਿਲਬਾਗ ਸਿੰਘ ਬੈਂਸ, ਮੋਹਨ ਸਿੰਘ ਖੱਟੜਾ, ਜਸਬੀਰ ਸਿੰਘ ਲਾਲੀ, ਨਰਿੰਦਰ ਸਿੰਘ ਮੁੰਦਰ, ਜਸਬੀਰ ਸਿੰਘ ਪਠਾਣਕੋਟ, ਵਿਕਰਮਜੀਤ ਸਿੰਘ, ਹਰਬੰਸ ਸਿੰਘ ਚਾਹਲ, ਓਂਕਾਰ ਸਿੰਘ ਜਲਾਲਪੁਰ (ਦੋਵੇਂ ਨਵ ਨਿਯੁਕਤ ਖਜ਼ਾਨਚੀ) ਅਤੇ ਰਣਜੀਤ ਸਿੰਘ ਜੰਜੂਆਂ ਨੇ ਵੀ ਸੰਬੋਧਨ ਕੀਤਾ।

ਪਾਰਟੀ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਸੱਲਾਂ ਨੇ ਦੂਰੋਂ-ਨੇੜਿਓਂ ਆਏ ਪਾਰਟੀ ਵਰਕਰਾਂ ਨੂੰ ਜੀ ਆਇਆਂ ਆਖਿਆ। ਸ. ਹਰਸ਼ਰਨ ਸਿੰਘ ਘੁਮਾਣ ਨੇ ਬਾਹਰੋਂ ਆਏ ਪਾਰਟੀ ਆਗੂਆਂ ਤੇ ਵਰਕਰਾਂ ਦੀ ਆਓ ਭਗਤ ਦਾ ਖਾਸ ਖਿਆਲ ਰੱਖਿਆ। ਸ. ਘੁਮਾਣ ਪਾਰਟੀ ਆਗੂਆਂ ਨੂੰ ਗੁਰਦੁਆਰਾ ਸਾਹਿਬ ਵੀ ਲੈ ਕੇ ਗਏ ਜਿਥੇ ਉਨ੍ਹਾਂ ਦਾ ਸਿਰੋਪਾਓ ਨਾਲ ਮਾਣ ਸਨਮਾਨ ਕੀਤਾ ਗਿਆ।




# INDIA HOUSE BANQUET

## PROUDLY ANNOUNCES

## A Complimentary Food Taste Testing & Bridal Expo

On Sunday

**November 1st. 2009**

From 12 Noon Through 8 p.m.





**Please come & try our newly renovated Banquet Hall with new line of Food Items.** (Proof of future event required)

## Planning an event in 2010!

### Let India House Banquet Save You Some $$$

Book your party now & pay the estimated amount in full by November 30th, 2009
To avail of 30% discount & by February 15th, 2010 to avail of 20% discount
& by April 15th, 2010 to avail of 10% discount








Please contact: MR. RAVI RAWAT @ 847-895-5501 OR-224-200-5795-Cell
E-mail: indiahouse2010@yahoo.com

### Your Favorite Venue to Celebrate

"Weddings, Receptions, Anniverssaries, Engagements, Mehandi, Birthdays, Graduations, Fudraisers, Diwali, Corporate Events etc."

## INDIA HOUSE BANQUETS

1521 w. Schaumburg Rd. Schaumburg IL 60194
(Newly Remodled)

## ਰੰਗ-ਬੇਰੰਗ

# ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

**ਅਮੋਲਕ ਸਿੰਘ ਜੰਮੂ**

ਆਪਣੇ ਪਿਛਲੇ ਲੇਖ ਵਿਚ ਮੈਂ ਆਪਣੇ ਪਿੰਡ ਦੀਆਂ ਕੁਝ ਸ਼ਖਸੀਅਤਾਂ ਦਾ ਜ਼ਿਕਰ ਕੀਤਾ ਸੀ ਅਤੇ ਇਹ ਵੀ ਲਿਖਿਆ ਸੀ ਕਿ ਕੁਝ ਹੋਰ ਸ਼ਖਸੀਅਤਾਂ ਦਾ ਜ਼ਿਕਰ ਫਿਰ ਕਦੇ। ਇਸ ਤੋਂ ਪਹਿਲਾਂ ਕਿ ਮੈਂ ਆਪਣੇ ਪਿੰਡ ਦੀਆਂ ਕੁਝ ਹੋਰ ਸ਼ਖਸੀਅਤਾਂ ਦਾ ਜ਼ਿਕਰ ਕਰਾਂ ਕੁਝ ਪਾਠਕਾਂ ਵਲੋਂ ਦਿੱਤੇ ਗਏ ਉਲ੍ਹਾਮੇ ਦਾ ਜ਼ਿਕਰ ਕਰਾਂਗਾ। ਪਿਛਲੀ ਵਾਰ ਮੈਂ ਆਪਣੇ ਲੇਖ ਦੀ ਸੁਰਖੀ 'ਤਾਏ ਸੰਤੇ-ਬੰਤੇ ਦੀ ਜੋੜੀ ਅਤੇ ਬਦਰੂ ਰਾਮ' ਰੱਖੀ ਸੀ। ਪਾਠਕਾਂ ਦੀ ਸ਼ਿਕਾਇਤ ਹੈ ਕਿ ਇਹ ਸੁਰਖੀ ਰੱਖਣ ਨਾਲ ਪਹਿਲੇ ਲੇਖ ਦੀ ਨਿਰੰਤਰਤਾ ਜਾਂਦੀ ਰਹੀ। ਸੋ ਸਿਰਲੇਖ 'ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ' ਹੀ ਠੀਕ ਸੀ। ਪਾਠਕਾਂ ਦਾ ਆਖਿਆ ਸਿਰਮੱਥੇ।

ਹੁਣ ਗੱਲ ਕਰੀਏ ਪਿੰਡ ਦੀਆਂ ਸ਼ਖਸੀਅਤਾਂ ਦੀ। ਮੈਨੂੰ ਪੱਕਾ ਯਕੀਨ ਹੈ ਕਿ ਮੇਰੇ ਤਾਏ ਸੰਤੇ-ਬੰਤੇ ਵਾਂਗ ਕਿੰਨੇ ਹੀ ਪਾਠਕਾਂ ਨੂੰ ਆਪਣੇ ਕਿਸੇ ਤਾਏ, ਚਾਚੇ, ਮਾਮੇ, ਫੁੱਫੜ ਜਾਂ ਮਾਸੜ ਵਿਚੋਂ ਉਨ੍ਹਾਂ ਦੀ ਝਲਕ ਮਿਲੀ ਹੋਵੇਗੀ। ਅਸੀਂ ਸਾਰੇ ਆਪਣੇ ਅਤੀਤ ਨੂੰ ਚੇਤੇ ਕਰਕੇ ਖੁਸ਼ ਹੁੰਦੇ ਹਾਂ। ਇਸ ਦੀ ਵਜ੍ਹਾ ਸ਼ਾਇਦ ਇਹ ਹੈ ਕਿ ਵਰਤਮਾਨ ਤੋਂ ਅਸੀਂ ਕਦੇ ਸੰਤੁਸ਼ਟ ਨਹੀਂ ਹੁੰਦੇ, ਭਵਿੱਖ ਕਦੇ ਕਿਸੇ ਵੇਖਿਆ ਨਹੀਂ ਅਤੇ ਅਤੀਤ ਹੀ ਅਜਿਹੇ ਵਿਚ ਚੰਗਾ ਚੰਗਾ ਲੱਗਦਾ ਹੈ।

ਚੇਤੇ ਤਾਂ ਮੈਨੂੰ ਇਸ ਵੇਲੇ ਆਪਣੇ ਪਿੰਡ ਦੀ ਗੁਰੋ ਭੱਠੀ ਵਾਲੀ ਵੀ ਆਉਂਦੀ ਹੈ, ਜਿਥੋਂ ਪਤਾ ਨਹੀਂ ਕਿੰਨੀ ਵਾਰ ਦਾਣੇ ਭੁੰਨਾ ਕੇ ਚੱਬੇ ਹੋਣਗੇ, ਹਰ ਵਾਰ ਮਾਂ ਦਾ ਸਿਖਾਇਆ ਇਹ ਵਾਕ ਵੀ ਬੋਲਿਆ ਕਿ ਮਾਸੀ ਭਾੜਾ ਘੱਟ ਕੱਢੀਂ। ਮਾਸੀ ਨੇ ਵੀ ਹੱਸ ਕੇ ਕਹਿਣਾ, 'ਡੱਡ ਫਿਕਰ ਨਾ ਕਰ।' ਬਨਵਾਰੀ ਹੱਟੀ ਵਾਲਾ ਵੀ ਚੇਤੇ ਆਉਂਦਾ ਹੈ ਜਿਸ ਦੀ ਹੱਟੀ ਤੋਂ ਮੇਰੇ ਦਾਦੇ ਨੇ ਪਤਾ ਨਹੀਂ ਕਿੰਨੀ ਵਾਰ ਮੈਨੂੰ ਪਹਿਲੀ ਜਮਾਤ ਵਿਚ ਨਵਾਂ ਕਾਇਦਾ ਤੇ ਫੱਟੀ ਲੈ ਕੇ ਦਿੱਤੀ ਜੋ ਆਏ ਦਿਨ ਮੈਂ ਸਕੂਲ ਗਵਾ ਆਉਂਦਾ ਸੀ। ਛੁੱਟੀ ਆਏ ਭਾਪਾ ਜੀ ਨੇ ਕਦੇ ਇਸ ਗੱਲ 'ਤੇ ਗਿਲਾ ਕਰਨਾ ਕਿ ਰੋਜ ਕਾਇਦਾ ਫੱਟੀ ਕਿਉਂ ਗਵਾ ਆਉਂਦਾ ਹੈਂ ਤਾਂ ਭਾਈਆ (ਦਾਦਾ) ਜੀ ਨੇ ਫੱਟ ਝਿੜਕ ਦੇਣਾ ਤੇ ਕਹਿਣਾ, 'ਇਹ ਮੇਰਾ ਪੁੱਤ ਜਿੰਨੀ ਮਰਜੀ ਵਾਰੀ ਗਵਾ ਕੇ ਆਵੇ ਇਹਨੂੰ ਨਹੀਂ ਟੋਕਣਾ।' ਸ਼ਾਇਦ ਉਨ੍ਹਾਂ ਦੀ ਕੋਈ ਦੁਆ ਹੀ ਸੀ ਜੋ ਮੈਂ ਪੜ੍ਹ ਗਿਆ। ਮੇਰੀਆਂ ਯਾਦਾਂ ਵੀ ਇਕੱਲੇ ਮੇਰੇ ਦੀਆਂ ਹੀ ਨਹੀਂ ਮੇਰੇ ਜਿਹੇ ਕਿੰਨੇ ਹੀ ਪਾਠਕਾਂ ਦੀਆਂ ਹੋਣਗੀਆਂ। ਖੈਰ ਗੱਲ ਪਿੰਡ ਦੀਆਂ ਸ਼ਖਸੀਅਤਾਂ ਦੀ ਕਰਾਂ ਜਿਨ੍ਹਾਂ ਵਿਚੋਂ ਇਸ ਵੇਲੇ ਸਭ ਤੋਂ ਪਹਿਲਾਂ ਬਾਬਾ ਵਸਤੀ ਰਾਮ ਯਾਦ ਆਉਂਦਾ ਹੈ।

ਜਦੋਂ ਮੈਂ ਦਸਾਂ ਗਿਆਰਾਂ ਸਾਲਾਂ ਦਾ ਸਾਂ ਬਾਬਾ ਵਸਤੀ ਰਾਮ ਉਦੋਂ ਸ਼ਾਇਦ 72-73 ਸਾਲ ਦਾ ਹੋਵੇਗਾ। ਸਾਰਾ ਪਿੰਡ ਉਸ ਨੂੰ ਬਾਬਾ ਵਸਤੀ ਕਰਕੇ ਹੀ ਜਾਣਦਾ ਸੀ। ਉਸ ਦੀ ਵੱਖਰੀ ਪਛਾਣ ਸ਼ਾਇਦ ਇਸ ਕਰਕੇ ਵੀ ਸੀ ਕਿ ਪਿੰਡ ਵਿਚ ਟਿੰਡਾਂ ਵਾਲਾ ਖੂਹ ਇਕੱਲੇ ਬਾਬੇ ਵਸਤੀ ਰਾਮ ਦਾ ਹੀ ਸੀ ਜੋ ਉਸ ਨੂੰ ਅਲਾਟ ਹੋਈ ਜ਼ਮੀਨ ਵਿਚ ਮਿਲਿਆ ਸੀ। ਬਾਬੇ ਵਸਤੀ ਰਾਮ ਦੀ ਮਾਂ ਉਨ੍ਹੀਂ ਦਿਨੀਂ ਜਿਉਂਦੀ ਸੀ। 90 ਸਾਲ ਦੀ ਤਾਂ ਹੋਵੇਗੀ ਹੀ। ਜਦੋਂ ਬਾਬੇ ਵਸਤੀ ਰਾਮ ਨੇ ਸ਼ਾਮ ਨੂੰ ਜ਼ਰਾ ਹਨੇਰਾ ਹੋਣ ਤੱਕ ਘਰ ਨਾ ਮੁੜਨਾ ਤਾਂ ਬਾਬੇ ਦੀ ਮਾਂ ਨੇ ਆਪਣੇ ਕਿਸੇ ਪੋਤੇ ਨੂੰ ਕਹਿਣਾ, 'ਵੇਖੀ ਸਰਵਣਾ ਮੁੰਡਾ ਮੁੜਿਆ ਨੀਂ ਖੇਤੋਂ, ਜਾਈਂ ਪਤਾ ਲੈ ਕੇ ਆਈਂ।' ਅੱਗੋਂ ਸਰਵਣ ਨੇ ਹੱਸ ਕੇ ਕਹਿਣਾ, 'ਜਾਨਾਂ ਅੰਮਾ ਤੇਰੇ ਮੁੰਡੇ ਦਾ ਪਤਾ ਲੈ ਕੇ ਆਉਨਾਂ।' ਹੌਲੀ ਹੌਲੀ ਇਹ ਗੱਲ ਸਾਰੇ ਪਿੰਡ ਵਿਚ ਇਕ ਮਜ਼ਾਕ ਹੀ ਬਣ ਗਈ। ਉਂਜ ਮੈਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਸੰਨ 48 ਵਿਚ ਜਦੋਂ ਬਾਬੇ ਵਸਤੀ ਰਾਮ ਨੇ ਪਿੰਡ ਵਿਚ ਇਹ ਜ਼ਮੀਨ ਸੰਭਾਲੀ ਤਾਂ ਉਹ ਬੋਤੀ ਨੂੰ ਪਾਣੀ ਪਿਆਉਣ ਦਾ ਆਨਾ ਅਤੇ ਮੱਝ ਗਾਂ ਨੂੰ ਪਾਣੀ ਪਿਆਉਣ ਦਾ ਟਕਾ ਲਿਆ ਕਰਦਾ ਸੀ। ਸ਼ਾਇਦ ਉਨ੍ਹਾਂ ਦਿਨਾਂ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਕਮੀ ਹੁੰਦੀ ਸੀ। ਹੁਣ ਤੱਕ ਨਾ ਬਾਬਾ ਵਸਤੀ ਰਾਮ ਰਿਹਾ ਤੇ ਨਾ ਉਸ ਜਿਹੇ ਕਿੰਨੇ ਹੀ ਹੋਰ ਬਾਬੇ।

ਮੈਨੂੰ ਵਜ਼ੀਰ ਰਾਮ ਵੀ ਚੇਤੇ ਆਉਂਦਾ ਹੈ ਜਿਹੜਾ ਸ਼ਾਮ ਨੂੰ ਪਊਆ ਜ਼ਰੂਰ ਲਾਉਂਦਾ ਸੀ। ਹਫਤੇ ਵਿਚ ਦੋ ਜਾਂ ਤਿੰਨ ਵਾਰ ਆਪ ਪਿੰਡ ਦੇ ਵਿਚੋਂ ਵਗਦੀ ਨਹਿਰ ਵਿਚੋਂ ਮੱਛੀ ਫੜ੍ਹ ਕੇ ਜ਼ਰੂਰ ਖਾਂਦਾ ਸੀ। ਮੱਛੀ ਬਾਰੇ ਉਸ ਬਾਰੇ ਮਸ਼ਹੂਰ ਸੀ ਕਿ ਉਹ ਸ਼ਾਮ ਨੂੰ ਕੁੰਡੀ ਲਾ ਕੇ ਬਹਿ ਜਾਂਦਾ ਹੈ ਅਤੇ ਜਦ ਤੱਕ ਮੱਛੀ ਫਸੇ ਨਾ ਉਥੇ ਹੀ ਬੈਠਾ ਦਾਰੂ ਪੀਈ ਜਾਂਦਾ ਹੈ। ਜੇ ਮੱਛੀ ਦਸਾਂ ਮਿੰਟਾਂ ਵਿਚ ਫਸ ਜੇ ਤਾਂ ਉਸੇ ਵੇਲੇ ਲੈ ਕੇ ਘਰ ਮੁੜ ਆਉਂਦਾ ਹੈ। ਕਈਆਂ ਨੇ ਉਸ ਨੂੰ ਅਗਲੀ ਸਵੇਰ ਤੱਕ ਉਸੇ ਤਰ੍ਹਾਂ ਨਹਿਰ ਕੰਢੇ ਕੁੰਡੀ ਲਾਈ ਬੈਠਿਆਂ ਵੇਖਿਆ ਸੀ। ਸ਼ਾਇਦ ਉਦੋਂ ਮੱਛੀ ਸਵੇਰ ਤੱਕ ਨਹੀਂ ਫਸੀ ਹੋਵੇਗੀ। ਉਹ ਆਪ ਵੀ ਕਿਹਾ ਕਰਦਾ ਸੀ, 'ਜੇ ਕੁੰਡੀ ਲਾ ਲਈ ਤਾਂ ਮੱਛੀ ਫੜ੍ਹੇ ਬਿਨਾ ਖਾਲੀ ਘਰ ਨਾ ਮੁੜ ਸਾਂ।'

ਉਨ੍ਹਾਂ ਵੇਲਿਆਂ 'ਚ ਸਾਡੇ ਪਿੰਡ ਲਾਊਡ ਸਪੀਕਰ ਬਹੁਤ ਵੱਜਿਆ ਕਰਦੇ ਸਨ। ਰਾਏ ਸਿੱਖ ਵਿਆਹ ਸ਼ਾਦੀ ਜਾਂ ਦਿਨ ਸੁਦ ਉਤੇ ਸਪੀਕਰ ਲਾਉਣ ਦੇ ਕੁਝ ਜ਼ਿਆਦਾ ਹੀ ਸ਼ੌਕੀਨ ਸਨ। ਅਕਸਰ 'ਬੂਟਿਆ ਘੁਮਿਆਰਾ' ਵਾਲੇ ਪ੍ਰਸੰਗ ਵਾਲੇ ਤਵੇ ਵੱਜਦੇ ਰਹਿੰਦੇ। ਸਵੇਰ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ' ਨਾਲ ਸ਼ੁਰੂ ਹੁੰਦੀ ਅਤੇ ਫਿਰ ਸਾਰਾ ਦਿਨ 'ਮੈਂ ਕੀ ਪਿਆਰ ਵਿਚੋਂ ਖੱਟਿਆ', 'ਗੜਵਾ ਲੈ ਦੇ ਚਾਂਦੀ ਦਾ', 'ਨੈਣ ਪ੍ਰੀਤੋ ਦੇ' ਵੱਜਦੇ ਰਹਿੰਦੇ। ਨੈਣ ਪ੍ਰੀਤੋ ਦੇ ਵਾਲੀ ਗੱਲ ਤੋਂ ਮੈਨੂੰ ਭੂਆ ਪ੍ਰੀਤੋ ਚੇਤੇ ਆ ਗਈ ਹੈ। ਉਹ ਸਾਡੀ ਕੋਈ ਸਕੀ ਭੂਆ ਨਹੀਂ ਪਰ ਸ਼ਰੀਕੇ ਵਿਚੋਂ ਹੋਣ ਕਰਕੇ ਅਸੀਂ ਸਾਰੇ ਉਸ ਨੂੰ ਭੂਆ ਹੀ ਆਖਦੇ। ਉਸ ਦੇ ਦੋ ਮੁੰਡੇ ਮੇਰੇ ਨਾਲ ਅੱਗੇ ਪਿਛੇ ਪੜ੍ਹਦੇ ਸਨ। ਜਦੋਂ ਨੈਣ ਪ੍ਰੀਤੋ ਦੇ ਵਾਲਾ ਤਵਾ ਲੱਗਣਾ ਤਾਂ ਉਸ ਕਈ ਵਾਰ ਬੜਾ ਖਿਝਣਾ, 'ਇਨ੍ਹਾਂ ਰੁੜ੍ਹ ਜਾਣਿਆਂ ਨੂੰ ਹੋਰ ਕੋਈ ਤਵਾ ਈ ਨਹੀਂ ਲੱਭਦਾ।' ਹੋਇਆ ਇਹ ਕਿ ਭੂਆ ਦੇ ਸਭ ਤੋਂ ਵੱਡੇ ਭਜੀ ਦਾ ਵਿਆਹ ਸੀ। ਕਰਤਾਰੇ ਸਪੀਕਰ ਵਾਲੇ ਨੇ ਸੂਈ ਨੈਣ ਪ੍ਰੀਤੋ ਦੇ ਵਾਲੇ ਤਵੇ ਉਤੇ ਧਰ ਦਿੱਤੀ। ਜਿਉਂ ਹੀ ਭੂਆ ਪ੍ਰੀਤੋ ਨੇ ਸੁਣਿਆ ਉਹ ਵਰ੍ਹ ਪਈ, 'ਗਰਕ ਜਾਣਿਓ ਅੱਜ ਤੇ ਲਿਹਾਜ਼ ਕਰ ਦਿਓ।' ਪਿਛੋਂ ਕੋਈ ਭੂਆ ਦਾ ਦਿਓਰ-ਜੇਠ ਬੋਲਿਆ ਸੀ, 'ਪ੍ਰੀਤਮ ਕੁਰੇ ਪ੍ਰੀਤੋ ਕੋਈ ਕੱਲੀ ਤੂੰ ਈ ਤੇ ਨਹੀਂ। ਜੇ ਤੂੰ ਜਵਾਨ ਹੁੰਦੀ ਤਾਂ ਸ਼ਾਇਦ ਤੇਰੇ ਵੀ ਮਨ 'ਚ ਲੱਡੂ ਭੁਰਨੇ ਸੀ ਇਹ ਗੌਣ ਸੁਣ ਕੇ।' ਹੁਣ ਮੈਨੂੰ ਪਤਾ ਨਹੀਂ ਭੂਆ ਪ੍ਰੀਤੋ ਇਸ ਜਹਾਨ 'ਤੇ ਹੈ ਜਾਂ ਨਹੀਂ।

ਆਪਣੇ ਪਿੰਡ ਦੀਆਂ ਕੁਝ ਹੋਰ ਸ਼ਖਸੀਅਤਾਂ ਬਾਰੇ ਗੱਲ ਮੈਂ ਕਦੇ ਫਿਰ ਕਰਾਂਗਾ। ਪਰ ਅੱਜ ਇਕ ਭੇਦ ਦੀ ਗੱਲ ਕਰਨ ਲੱਗਾ ਹਾਂ। ਸਾਡੇ ਪਿੰਡ ਇਕ ਤਾਂ ਸਪੀਕਰ ਬਹੁਤ ਲੱਗਿਆ ਕਰਦੇ ਸਨ ਅਤੇ ਦੂਜਾ ਸ਼ਾਇਦ ਵਣ ਵਣ ਦੀ ਲੱਕੜੀ ਹੋਣ ਕਰਕੇ ਕਤਲ ਬੜੇ ਹੋਇਆ ਕਰਦੇ। ਉਂਜ ਕਤਲਾਂ ਦਾ ਇਹ ਸਿਲਸਿਲਾ ਕੁਝ ਸਾਲ ਪਹਿਲਾਂ ਤੱਕ ਵੀ ਜਾਰੀ ਸੀ। ਜੇ ਤੁਸੀਂ ਅਗਾਂਹ ਗੱਲ ਨਾ ਕਰੋ ਤਾਂ ਸੱਚੀ ਗੱਲ ਤਾਂ ਇਹ ਹੈ ਕਿ ਜਿੰਨੇ ਕਤਲ ਮੇਰੇ ਪਿੰਡ ਵਿਚ ਪਿਛਲੇ 50 ਸਾਲ 'ਚ ਹੋਏ ਹਨ, ਇਸ ਪਿੰਡ ਨੂੰ ਕੁੱਤੇਵੱਢ ਨਹੀਂ ਬੰਦੇਵੱਢ ਜਾਂ ਫਿਰ ਕਤਲਗੜ੍ਹ ਕਿਹਾ ਜਾਣਾ ਚਾਹੀਦਾ ਹੈ। 1963 ਜਦੋਂ ਤੋਂ ਮੈਨੂੰ ਹੋਸ਼ ਹੈ, ਵਿਚ ਮੇਰਾ ਦਾਦਾ ਕਤਲ ਹੋ ਗਿਆ ਸੀ। ਉਂਜ ਰੌਲੇ ਪੈਣ ਵੇਲੇ ਦੇ ਕਤਲਾਂ ਨੂੰ ਛੱਡ ਕੇ ਰੌਲਿਆਂ ਯਾਨਿ 1947 ਤੋਂ ਬਾਅਦ ਉਦੋਂ ਤੱਕ ਦੋ ਕਤਲ ਇਸ ਪਿੰਡ ਵਿਚ ਹੋਰ ਵੀ ਹੋ ਚੁੱਕੇ ਸਨ। ਦਾਦਾ ਮੇਰਾ ਸਿਰਫ ਏਨੀ ਗੱਲ ਵਿਚ ਕਤਲ ਹੋ ਗਿਆ ਸੀ ਕਿ ਉਸ ਨੇ ਡੰਗਰ ਚਾਰਦੇ ਸਾਡੇ ਸ਼ਰੀਕੇ ਵਿਚੋਂ ਹੀ ਇਕ ਘਰ ਦੇ ਮੁੰਡੇ ਨੂੰ ਗਾਲ੍ਹਾਂ ਕੱਢੀਆਂ ਸਨ। ਜਦੋਂ ਸ਼ਾਮ ਨੂੰ ਮੇਰਾ ਦਾਦਾ ਤੇ ਮੇਰਾ ਤਾਇਆ ਮੁੰਡੇ ਦੇ ਘਰ ਅੱਗਿਓਂ ਗੱਡਾ ਲੈ ਕੇ ਲੰਘਣ ਲੱਗੇ ਤਾਂ ਮੁੰਡੇ ਦੇ ਮਾਪਿਆਂ ਨੇ ਉਲ੍ਹਾਮਾ ਦੇਣਾ ਚਾਹਿਆ। ਮੇਰੇ ਦਾਦੇ ਨੇ ਅੱਗੋਂ ਇਕ ਗਾਲ੍ਹ ਹੋਰ ਕੱਢ ਦਿਤੀ। ਮੁੰਡੇ ਦੇ ਪਿਓ ਨੇ ਗੁੱਸੇ ਵਿਚ ਕੋਲ ਪਈ ਵਣ ਦੀ ਇਕ ਮੁੱਢੀ ਮੇਰੇ ਦਾਦੇ ਦੇ ਸਿਰ 'ਚ ਦੇ ਮਾਰੀ ਤੇ ਦਾਦਾ ਸਿਰ ਦੀ ਸੱਟ ਨਾਲ ਥਾਂ ਹੀ ਖਤਮ ਹੋ ਗਿਆ। ਮੁਕੱਦਮੇਬਾਜ਼ੀ ਵਿਚ ਦੋਹਾਂ ਘਰਾਂ ਦਾ ਚੋਖਾ ਉਜਾੜਾ ਹੋਇਆ। 1966 ਜਾਂ 67 ਵਿਚ ਜੋਗਾ ਸਿੰਘ ਸੁਹਾਗੀਏ ਦਾ ਕਤਲ ਵੀ ਮੈਨੂੰ ਅੱਜ ਤੱਕ ਯਾਦ ਹੈ। ਹੋਲੀ ਵਾਲੇ ਦਿਨ ਦਾਰੂ ਪੀਂਦੇ ਉਹ ਕਿਸੇ ਨਾਲ ਲੜ ਪਿਆ ਅਤੇ ਉਸ ਦੇ ਧੌਲ ਧੱਫਾ ਕਰ ਦਿਤਾ। ਥੋੜ੍ਹੇ ਚਿਰ ਬਾਅਦ ਹੀ 17-18 ਸਾਲ ਦਾ ਉਹ ਮੁੰਡਾ ਆਪਣੇ ਭਰਾਵਾਂ ਨੂੰ ਨਾਲ ਲੈ ਕੇ ਆ ਗਿਆ ਤੇ ਆਉਂਦਿਆਂ ਹੀ ਉਸ ਦੇ ਭਰਾਵਾਂ ਨੇ ਬਰਛਾ ਸਿੱਧਾ ਜੋਗੇ ਦੀ ਹਿੱਕ ਵਿਚ ਦੇ ਮਾਰਿਆ। ਮੈਨੂੰ ਅੱਜ ਤੱਕ ਯਾਦ ਹੈ ਕਿ ਜੋਗੇ ਦੀ ਦਲੇਰੀ ਬਾਰੇ ਪਿੰਡ ਵਿਚ ਗੱਲਾਂ ਹੁੰਦੀਆਂ ਸਨ, 'ਬਈ ਜਦੋਂ ਲਾਸ਼ ਹਸਪਤਾਲ ਲੈ ਕੇ ਗਏ, ਉਹਦਾ ਢਾਈ ਕਿਲੋ ਪੱਕੇ ਦਾ ਦਿਲ ਨਿਕਲਿਆ।' ਪਿੰਡ ਵਿਚ ਕੁਝ ਕਤਲ ਸ਼ਰਾਬ ਕਰਕੇ ਹੋਏ, ਕੁਝ ਜ਼ਮੀਨ ਦੀ ਲਾਗਡਾਟ ਕਰਕੇ, ਕੁਝ ਬਿਨਾ ਹੀ ਕਿਸੇ ਵਜ੍ਹਾ ਤੋਂ ਅਤੇ ਕੁਝ ਅਜਿਹੇ ਜਿਨ੍ਹਾਂ ਨੂੰ ਸੁਣ ਕੇ ਬੰਦਾ ਇਹ ਕਹਿ ਉਠੇ, 'ਏਡੀ ਦਲੇਰੀ' ਜਾਂ ਫਿਰ 'ਏਡਾ ਹਨੇਰ ਸਾਈਂ ਦਾ'। ਜੇ ਪਿਛਲੇ ਪੰਜਾਹ ਸਾਲ ਦਾ ਹਿਸਾਬ ਲਾਇਆ ਜਾਵੇ ਤਾਂ ਇਸ ਪਿੰਡ ਵਿਚ ਔਸਤ ਹਰ ਸਾਲ ਇਕ ਕਤਲ ਹੁੰਦਾ ਆਇਆ ਹੈ। ਜੇ ਦੋ ਸਾਲ ਕੋਈ ਕਤਲ ਨਹੀਂ ਹੋਇਆ ਤਾਂ ਤੀਜੇ ਸਾਲ ਹੋ ਸਕਦਾ ਹੈ ਤਿੰਨ ਇਕੱਠੇ ਹੋ ਗਏ। ਇਨ੍ਹਾਂ ਕਤਲਾਂ ਵਿਚ ਦੋ ਕਤਲਾਂ ਦੀ ਕਹਾਣੀ ਮੈਂ ਅਗਲੇ ਕਿਸੇ ਲੇਖ ਵਿਚ ਬਿਆਨ ਕਰਾਂਗਾ। ਹਾਲ ਦੀ ਘੜੀ ਇੰਨਾ ਹੀ। ਪਰ ਮੇਰੇ ਪਿੰਡ ਨੂੰ ਬੰਦੇਵੱਢ ਨਾ ਆਖਣਾ।

(ਚਲਦਾ)

# ਨਵੰਬਰ 84 ਦੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਭਾਵੁਕਤਾ ਤੋਂ ਉਪਰ ਉਠਣ ਦੀ ਲੋੜ

**ਬਰੈਂਪਟਨ, ਕੈਨੇਡਾ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਜਿਥੇ ਭਾਵੁਕਤਾ ਦਾ ਆਪਣਾ ਰੋਲ ਹੈ ਉਥੇ ਇਸ ਖਾਤਰ ਗੰਭੀਰ ਹੋ ਕੇ ਯਤਨ ਕਰਨ ਦੀ ਲੋੜ ਵਧੇਰੇ ਹੈ। ਨਵੰਬਰ 84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਇਨਸਾਫ ਦੇ ਕਟਹਿਰੇ ਵਿਚ ਖੜ੍ਹੇ ਕਰਨ ਲਈ ਮੁਹਿੰਮ ਚਲਾ ਰਹੀ ਮਨੁੱਖੀ ਅਧਿਕਾਰ ਜਥੇਬੰਦੀ 'ਸਿੱਖਸ ਫਾਰ ਜਸਟਿਸ' ਵਲੋਂ ਪੀਅਰਸਨ ਕਨਵੈਨਸ਼ਨ ਸੈਂਟਰ ਵਿਚ ਐਤਵਾਰ ਨੂੰ ਕਰਵਾਈ ਗਈ ਇਕ ਕਨਵੈਨਸ਼ਨ ਵਿਚ ਇਹ ਵਿਚਾਰ ਵੱਖ ਵੱਖ ਬੁਲਾਰਿਆਂ ਨੇ ਵਾਰ ਵਾਰ ਪ੍ਰਗਟਾਏ। ਬੁਲਾਰਿਆਂ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਇੱਕ ਚੁਥਾਈ ਸਦੀ ਬੀਤਣ ਤੋਂ ਬਾਅਦ ਵੀ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ, ਇਹ ਕਿਸੇ ਵੀ ਸਭਿਅਕ ਮੁਲਕ ਲਈ ਸ਼ਰਮਨਾਕ ਗੱਲ ਹੈ। ਬੁਲਾਰਿਆਂ ਨੇ ਇਸ ਗੱਲ ਉੱਤੇ ਵਿਸ਼ੇਸ਼ ਜੋਰ ਦਿੱਤਾ ਕਿ ਇਨਸਾਫ ਲਈ ਲੜਾਈ ਭਾਰਤ ਦੇ ਸੰਵਿਧਾਨਕ ਦਾਇਰੇ ਅੰਦਰ ਰਹਿ ਕੇ ਲੜਨੀ ਹੋਵੇਗੀ ਅਤੇ ਹਰ ਸੰਭਵ ਪਹਿਲੂ ਨੂੰ ਵਿਚਾਰਨਾ ਹੋਵੇਗਾ ਕਿ ਕਿੱਥੇ ਗਲਤੀਆਂ ਹੋਈਆਂ ਅਤੇ ਕੀ ਵਧੇਰੇ ਕਾਰਗਰ ਢੰਗ ਨਾਲ ਕੀਤਾ ਜਾ ਸਕਦਾ ਹੈ।

ਇਸ ਕਾਨਫਰੰਸ ਵਿਚ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਬੁਲਾਰਿਆਂ ਜਿਨ੍ਹਾਂ ਵਿਚ ਉਂਟਾਰੀਓ ਗੁਰਦੁਆਰਾ ਕਮੇਟੀ (ਸੁਖਵਿੰਦਰ ਸਿੰਘ, ਜਸਬੀਰ ਸਿੰਘ ਬੋਪਾਰਾਏ), ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਿਲ (ਹਰਬੰਸ ਸਿੰਘ ਜੰਡਾਲੀ, ਅਜੀਤ ਸਿੰਘ ਬਾਵਾ), ਗੁਰਦੁਆਰਾ ਜੋਤਿ ਪ੍ਰਕਾਸ਼ ਸਾਹਿਬ ਬਰੈਂਪਟਨ (ਗੁਰਪ੍ਰੀਤ ਸਿੰਘ), ਵਰਲਡ ਸਿੱਖ ਆਰਗੇਨਾਈਜੇਸ਼ਨ (ਗੁਰਪ੍ਰੀਤ ਸਿੰਘ ਬਲ), ਯੂਨਈਟਿਡ ਫਰੰਟ ਆਫ ਸਿੱਖਸ (ਅਵਤਾਰ ਸਿੰਘ ਪੂਨੀਆਂ, ਬਲਕਾਰ ਸਿੰਘ), ਯੂਥ ਕੋਆਰਡੀਨੇਟਰ (ਜਸਦੇਵ ਸਿੰਘ, ਜਤਿੰਦਰ ਸਿੰਘ ਗਰੇਵਾਲ) ਅਤੇ ਕਨੇਡੀਅਨ ਸਿੱਖ ਐਸੋਸੀਏਸ਼ਨ ਸ਼ਾਮਿਲ ਸਨ, ਨੇ ਵਾਸ਼ਿੰਗਟਨ ਡੀ.ਸੀ. ਵਿਖੇ ਕੀਤੀ ਜਾ ਰਹੀ ਪਹਿਲੀ ਨਵੰਬਰ 2009 ਦੀ ਅੰਤਰ-ਰਾਸ਼ਟਰੀ ਕਾਨਫਰੰਸ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਸਮਾਗਮ ਦਾ ਏਜੰਡਾ ਉਂਟਾਰੀਓ ਗੁਰਦੁਆਰਾ ਅਤੇ ਸਿੱਖ ਕੌਂਸਲ ਦੇ ਚੇਅਰਮੈਨ ਹਰਬੰਸ ਸਿੰਘ ਜੰਡਾਲੀ ਦੇ ਸ਼ਬਦਾਂ ਨਾਲ ਹੀ ਤਹਿ ਹੋ ਗਿਆ ਸੀ ਜਦੋਂ ਉਨ੍ਹਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਪੀੜਤਾਂ ਨੂੰ ਇਨਸਾਫ ਲਈ ਜੱਦੋਜਹਿਦ ਭਾਰਤ ਅਤੇ ਕੈਨੇਡਾ ਦੇ ਸੰਵਿਧਾਨ ਅੰਦਰ ਰਹਿ ਕੇ ਕਰਨ ਦੀ ਅਹਿਮੀਅਤ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ 1984 ਦਾ ਸਿੱਖ ਕਤਲੇਆਮ ਦੰਗੇ ਨਹੀਂ ਸਗੋਂ ਇੱਕ ਸੋਚੀ ਸਮਝੀ ਚਾਲ ਤਹਿਤ ਕੀਤਾ ਗਿਆ ਕਤਲੇਆਮ ਸੀ ਜਿਸਨੂੰ ਨਸਲਕੁਸ਼ੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਇਨਸਾਫ ਲਈ ਸਿੱਖਸ ਫਾਰ ਜਸਟਿਸ ਵੱਲੋਂ ਕੀਤੇ ਜਾਂਦੇ ਉੱਦਮਾਂ ਦੀ ਹਰ ਸੰਭਵ ਸਹਾਇਤਾ ਕਰਨਾ ਦਾ ਭਰੋਸਾ ਦੁਆਇਆ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪਨੂੰ (ਕੈਲੀਫੋਰਨੀਆ) ਨੇ ਕਿਹਾ ਕਿ ਸਿੱਖਾਂ ਵਾਸਤੇ ਇਸ ਕਤਲੇਆਮ ਦੇ ਦਰਦ ਨੂੰ ਭੁੱਲਣਾ ਸੰਭਵ ਨਹੀਂ ਅਤੇ ਅਸੀਂ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਲੰਬੀ ਲੜਾਈ ਲੜਨ ਲਈ ਤਿਆਰ ਹਾਂ। ਉਨ੍ਹਾਂ ਦੱਸਿਆ ਕਿ ਇਸ ਕਤਲੇਆਮ ਦੇ ਤੱਥਾਂ ਨੂੰ ਕੰਪਿਊਟਰੀਕ੍ਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਹੀ ਹਕੀਕਤ ਤੋਂ ਜਾਣੂੰ ਰਹਿ ਸਕਣ। ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਵਕੀਲ ਗੁਰਪਤਵੰਤ ਸਿੰਘ ਪਨੂੰ ਨੇ ਆਖਿਆ ਕਿ ਇਸ ਲੜਾਈ ਵਿਚ ਸਫਲਤਾ ਵਾਸਤੇ ਭਾਵਨਾਵਾਂ ਤੋਂ ਉੱਪਰ ਉੱਠ ਕੇ ਹਕੀਕਤਾਂ ਦਾ ਸਾਹਮਣਾ ਕਰਦੇ ਹੋਏ ਲੰਬੀ ਲੜਾਈ ਲੜਨੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸੇ ਸਿਆਸੀ ਪਾਰਟੀ ਉੱਤੇ ਟੇਕ ਰੱਖਣੀ ਸਮਾਂ ਖਰਾਬ ਕਰਨ ਬਰਾਬਰ ਹੈ ਕਿਉਂਕਿ ਹਰ ਸਿਆਸੀ ਪਾਰਟੀ ਦੀ ਅੱਖ ਵੋਟਾਂ ਉੱਤੇ ਹੈ ਨਾ ਕਿ ਕਿਸੇ ਪੀੜਤ ਲਈ ਇਨਸਾਫ ਵਾਸਤੇ।

ਸ੍ਰੀ ਪਨੂੰ ਨੇ ਕਿਹਾ ਕਿ ਪਿੱਛੇ ਜਿਹੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਮਰੀਕਾ ਫੇਰੀ ਉੱਤੇ ਆਏ ਤਾਂ ਕੁਝ ਲੋਕਾਂ ਨੇ ਉਨ੍ਹਾਂ ਵਿਰੁੱਧ ਰੋਸ ਮੁਜਾਹਰਾ ਕਰਨ ਦੀ ਸਲਾਹ ਦਿੱਤੀ ਸੀ ਪਰ ਅਸੀਂ ਐਸਾ ਕੁਝ ਕਰਨ ਨੂੰ ਸਮਾਂ ਵਿਅਰਥ ਕਰਨ ਬਰਾਬਰ ਸਮਝਦੇ ਹਾਂ। ਭਾਰਤੀ ਸਿਸਟਮ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਉਨ੍ਹਾਂ ਨੂੰ ਸੁਰੱਖਿਆ ਦਿੰਦਾ ਹੈ। 1984 ਦੇ ਕਤਲੇਆਮ ਦੇ ਗਵਾਹ ਗਿਆਨੀ ਸੁਰਿੰਦਰ ਸਿੰਘ ਨੂੰ ਅਮਰੀਕਾ ਵਿਚੋਂ ਸੀ ਬੀ ਆਈ ਵੱਲੋਂ ਸੁੱਰਖਿਆ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ 13 ਜੁਲਾਈ 2009 ਨੂੰ ਉਨ੍ਹਾਂ ਦੀ ਭੇਦ ਭਰੇ ਹਾਲਾਤਾਂ ਵਿਚ ਮੌਤ ਹੋ ਜਾਣੀ, ਇਹ ਗੱਲ ਸਿੱਧ ਕਰਦੀ ਹੈ ਕਿ ਹਾਲੇ ਸਭ ਕੁਝ ਅੱਛਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਕਿਸੇ ਮੁਲਕ ਜਾਂ ਸਿਆਸੀ ਪਾਰਟੀ ਨਾਲ ਨਹੀਂ ਸਗੋਂ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਪੀੜਤਾਂ ਨੂੰ ਇਨਸਾਫ ਦੁਆਉਣ ਦੀ ਹੈ।

ਦਿੱਲੀ ਕਤਲੇਆਮ ਦੇ ਚਸ਼ਮਦੀਦ ਗਵਾਹ ਜਸਬੀਰ ਸਿੰਘ ਨੇ ਕਿਹਾ ਕਿ ਮੈਂ ਉਹ ਬਦਨਸੀਬ ਮਨੁੱਖ ਹਾਂ ਜਿਸਦੀਆਂ ਅੱਖਾਂ ਨੇ ਮਨੁੱਖ ਹੱਥੋਂ ਮਨੁੱਖਤਾ ਦਾ ਬੇਦਰਦੀ ਨਾਲ ਘਾਣ ਹੁੰਦਾ ਤੱਕਿਆ। ਇਸ ਘਾਣ ਵਿਚ 13 ਦਿਨ ਦਾ ਬੱਚਾ ਅਤੇ ਉਸਦੀ ਮਾਂ ਵੀ ਸ਼ਾਮਲ ਸਨ ਜਿਸਦਾ ਪਿਤਾ ਭਾਰਤ ਦੀ ਰਾਖੀ ਕਰਨ ਲਈ ਹਾਲੇ ਕੁੱਝ ਦਿਨ ਪਹਿਲਾਂ ਹੀ ਫੌਜ ਵਿਚ ਭਰਤੀ ਹੋਇਆ ਸੀ। ਪਰਲ ਪਰਲ ਵੱਗਦੇ ਹੰਝੂਆਂ ਨੂੰ ਕੰਟਰੋਲ ਕਰਦੇ ਹੋਏ ਜਸਬੀਰ ਸਿੰਘ ਨੇ ਕਿਹਾ ਕਿ ਆਪਣੇ ਪਰਿਵਾਰ ਦੇ 26 ਜੀਅ ਕਤਲ ਕਰਵਾ ਕੇ ਲਗਾਤਾਰ ਮਿਲਦੀਆਂ ਧਮਕੀਆਂ ਦੇ ਮੱਦੇਨਜ਼ਰ ਭੱਜ ਕੇ ਅਮਰੀਕਾ ਆਉਣਾ ਪਿਆ।

ਲਿਬਰਲ ਐਮ ਪੀ ਗੁਰਬਖਸ਼ ਸਿੰਘ ਮੱਲ੍ਹੀ ਨੇ ਕਿਹਾ ਕਿ ਅਸੀਂ 1984 ਦੇ ਸਾਕੇ ਨੂੰ ਕਦੇ ਵੀ ਭੁੱਲ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਸਾਡੀ ਕਮਿਊਨਿਟੀ ਦੇ ਆਗੂ ਠੋਸ ਕਾਰਜਪ੍ਰਣਾਲੀ ਤਹਿਤ ਕੰਮ ਨਹੀਂ ਕਰਦੇ ਸਗੋਂ ਦੁੱਧ ਦੇ ਉਬਾਲ ਵਾਂਗ ਭਾਵਨਾ ਵਿਚ ਵਹਿ ਕੇ ਕਦਮ ਉਠਾਉਂਦੇ ਹਨ। ਉਨ੍ਹਾਂ ਦੱਸਿਆ ਕਿ 1994 ਵਿਚ ਉਨ੍ਹਾਂ ਨੇ ਕੈਨੇਡਾ ਦੇ 52 ਐਮ ਪੀ ਅਤੇ ਮਨਿਸਟਰਾਂ ਨੂੰ ਇਸ ਗੰਭੀਰ ਮੁੱਦੇ ਉੱਤੇ ਸਾਥ ਦੇਣ ਲਈ ਸਹਿਮਤ ਕਰ ਲਿਆ ਸੀ ਪਰ ਕਮਿਊਨਿਟੀ ਆਗੂਆਂ ਦੇ ਲੋੜੀਂਦੇ ਸਹਿਯੋਗ ਕਾਰਨ ਗੱਲ ਅੱਗੇ ਨਹੀਂ ਤੁਰ ਸਕੀ। ਮਾਸਟਰ ਮਹਿੰਦਰ ਸਿੰਘ ਕੋਆਰਡੀਨੇਟਰ ਨੇ ਕਿਹਾ ਕਿ ਹੁਣ ਤੱਕ ਜੋ ਵੀ ਕੋਸ਼ਿਸ਼ਾਂ ਹੋਈਆਂ ਉਨ੍ਹਾਂ ਦਾ ਇੱਕ ਲਾਭ ਇਹ ਰਿਹਾ ਕਿ ਇਸ ਸਾਕੇ ਦਾ ਦਰਦ ਸਿੱਖ ਕੌਮ ਦੇ ਸੀਨਿਆਂ ਵਿਚ ਧੜਕਦਾ ਹੈ। ਉਨ੍ਹਾਂ ਕਿਹਾ ਕਿ ਭੂਤਕਾਲ ਦੀਆਂ ਗਲਤੀਆਂ ਤੋਂ ਸਿੱਖਦੇ ਹੋਏ ਅਤੇ ਭਾਰਤ ਦੀ ਪ੍ਰਭਸੱਤਾ ਅਤੇ ਸੰਵਿਧਾਨ ਨੂੰ ਮੰਨਦੇ ਹੋਏ ਅਸੀਂ ਆਪਣੀ ਲੜਾਈ ਜਾਰੀ ਰੱਖਾਂਗੇ। ਉਨ੍ਹਾਂ ਭਰੋਸਾ ਦੁਆਇਆ ਕਿ ਇਕੱਤਰ ਹੋਏ ਫੰਡਾਂ ਦੀ ਵਰਤੋਂ ਸੁੱਚਜੇ ਢੰਗ ਪਾਰਦਰਸ਼ੀ ਤਰੀਕੇ ਨਾਲ ਹੋਵੇਗੀ। ਐਮ ਪੀ ਐਂਡਰੀਓ ਕਾਨੀਆ ਨੇ ਕਿਹਾ ਕਿ ਉਹ ਹਰ ਵਕਤ ਕਮਿਉਨਿਟੀ ਦੇ ਨਾਲ ਖੜੇ ਹਨ ਅਤੇ ਜਲਦ ਹੀ ਉਹ ਇੱਕ ਪਟੀਸ਼ਨ ਵੀ ਤਿਆਰ ਕਰਨਗੇ।

ਵੈਨਕੂਵਰ ਤੋਂ ਆਈ ਮਨੁੱਖੀ ਅਧਿਕਾਰਾਂ ਦੀ ਸਰਗਰਮ ਕਾਰਕੁਨ ਅਤੇ ਯੂਨੀਵਰਸਿਟੀ ਪ੍ਰੋਫੈਸਰ ਬੀਬੀ ਇੰਦਰਾ ਪਰਾਸ਼ਟ ਨੇ ਕਿਹਾ ਕਿ ਮੈਂ ਮੈਂ ਭਾਰਤੀ ਮੂਲ ਦੀ ਔਰਤ ਹਾਂ ਜਿਸਦੀ ਮਾਂ ਜਰਮਨ ਹੈ। ਮੇਰੀ ਮਾਂ ਦੇ ਜਰਮਨੀ ਵਿਚ ਹੋਏ ਮਨੁੱਖੀ ਘਾਣ ਦੇ ਅਨੁਭਵਾਂ ਤੋਂ ਮੈਂ ਸਮਝ ਸਕਦੀ ਹਾਂ ਕਿ 1984 ਵਿਚ ਵਾਪਰੇ ਕਤਲੇਆਮ ਦਾ ਦੁੱਖ ਕਿੰਨਾ ਵੱਡਾ ਹੈ।

ਇਸਤੋਂ ਇਲਾਵਾ ਸੁਖਮਿੰਦਰ ਸਿੰਘ ਸਿੱਧੂ ਨੇ ਵੀ ਸੰਬੋਧਨ ਕੀਤਾ। ਸਮਾਗਮ ਦੇ ਸ਼ੁਰੂ ਵਿਚ ਸੁਰ ਸਾਗਰ ਰੇਡੀਓ ਦੇ ਰਵਿੰਦਰ ਸਿੰਘ ਪਨੂੰ ਨੇ ਇਸ ਸਮਾਗਮ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸਮਾਗਮ ਦੀ ਰੂਪ ਰੇਖਾ ਬਿਆਨ ਕੀਤੀ। ਸਿੱਖਸ ਫਾਰ ਜਸਟਿਸ ਵੱਲੋਂ ਵਾਸ਼ਿੰਗਟਨ ਡੀ ਸੀ ਵਿਚ 1 ਨਵੰਬਰ ਨੂੰ ਕੀਤੇ ਜਾ ਰਹੇ ਮੁਜਾਹਰੇ ਵਿਚ ਟੋਰਾਂਟੋ ਤੋਂ ਬੱਸਾਂ ਵਿਚ ਸਿੱਖ ਅਤੇ ਹਰ ਕਮਿਊਨਿਟੀ ਦੇ ਇਨਸਾਫ ਪਸੰਦ ਲੋਕ ਹਿੱਸਾ ਲੈਣ ਜਾਣਗੇ।

ਇਸ ਸਮਾਗਮ ਵਿਚ ਦੋ ਡਾਕੂਮੈਂਟਰੀ ਫਿਲਮਾਂ ਵੀ ਵਿਖਾਈਆਂ ਗਈਆਂ। ਇੱਕ ਫਿਲਮ 1984 ਦੇ ਕਤਲੇਆਮ ਦੀ ਦਰਦਭਰੀ ਦਾਸਤਾਨ ਬਿਆਨ ਕਰਦੀ ਸਿੱਖਾਂ ਦੇ ਕਤਲਾਂ ਦੇ ਕਰੂਰ ਅੰਕੜਿਆਂ ਉੱਤੇ ਝਾਤ ਪਾਉਣ ਵਾਲੀ ਸੀ ਜਦੋਂ ਕਿ ਦੂਜੀ ਵਿਚ ਦਿੱਲੀ ਵਿਚ ਤਬਾਹ ਹੋਏ ਗੁਰਦੁਆਰਾ ਸਾਹਿਬਾਨ ਬਾਰੇ ਜਾਣਕਾਰੀ ਦਰਜ ਸੀ।

## ਸਿੰਥੀਆ ਮਹਿਮੂਦ ਦਾ ਭਾਸ਼ਣ 7 ਨਵੰਬਰ ਨੂੰ

**ਸ਼ਿਕਾਗੋ:** ਇਫ਼ਕੈਪਸ ਨਾਂ ਦੀ ਸ਼ਿਕਾਗੋ ਆਧਾਰਤ ਸੰਸਥਾ ਦੇ ਸੱਦੇ ਉਤੇ ਸਿੱਖ ਫਲਸਫੇ ਅਤੇ ਇਤਿਹਾਸ ਉਤੇ ਉਘੀ ਹਸਤਾਖਰ ਡਾ. ਸਿੰਥੀਆ ਮਹਿਮੂਦ ਆਉਂਦੀ 7 ਨਵੰਬਰ ਨੂੰ ਇਥੋਂ ਦੀ ਸਬਰਬ ਡੈਸ ਪਲੇਨਸ ਦੇ ਓਕਟਨ ਕਮਿਊਨਿਟੀ ਕਾਲਜ ਵਿਚ ਬਾਅਦ ਦੁਪਹਿਰ 12:30 ਵਜੇ "ਭਾਰਤ ਅੰਦਰ ਘੱਟ ਗਿਣਤੀਆਂ, ਸਿੱਖਾਂ ਦੀ 1984 ਅਤੇ 9/11 ਤੋਂ ਬਾਅਦ ਹੋਣੀ ਤੇ ਭਵਿੱਖ ਅਤੇ ਕਸ਼ਮੀਰ ਤੇ ਪਾਕਿਸਤਾਨ ਅੰਦਰਲੇ ਵਰਤਾਰਿਆਂ ਦਾ ਰਹੱਸ" ਵਿਸ਼ੇ ਉਤੇ ਭਾਸ਼ਣ ਦੇਣਗੇ।

ਡਾ. ਸਿੰਥੀਆ ਨੋਟਰੇ ਡੇਮ ਯੂਨੀਵਰਸਿਟੀ ਵਿਚ ਐਂਥਰੋਪਾਲੇਜੀ ਦੇ ਅਧਿਆਪਕ ਹਨ। ਇਹ ਭਾਸ਼ਣ ਇਫਕੈਪਸ ਵਲੋਂ ਅਰੰਭੀ ਭਾਸ਼ਣ ਲੜੀ ਅਧੀਨ ਦੇ ਰਹੇ ਹਨ। ਉਹ ਸਿੱਖਾਂ ਨਾਲ ਮੁਹੱਬਤ ਰੱਖਣ ਵਾਲੀ ਅਤੇ ਸੱਚ ਨੂੰ ਪ੍ਰਣਾਈ ਹੋਈ ਇਕ ਅਜਿਹੀ ਹਸਤੀ ਹੈ ਜਿਸ ਨੇ ਅਕਾਦਮਿਕ ਖੇਤਰ ਅੰਦਰ ਜ਼ਿਆਦਤੀਆਂ ਨੂੰ ਸਹਿਣਾ ਤਾਂ ਮਨਜ਼ੂਰ ਕੀਤਾ ਪਰ ਸਿੱਖਾਂ ਦੀ ਵੱਖਰੀ ਹੋਂਦ ਅਤੇ ਨਿਆਰੀ ਹਸਤੀ ਬਰਕਰਾਰ ਰੱਖਣ ਲਈ ਆਪਣੀ ਕਲਮ ਅਤੇ ਆਵਾਜ਼ ਬੁਲੰਦ ਰੱਖੀ। 'ਫਾਇਟਿੰਗ ਫਾਰ ਫੇਥ ਐਂਡ ਨੇਸ਼ਨ:ਡਾਇਲਾਗ ਵਿਦ ਸਿੱਖ ਮਿਲੀਟੈਂਟਸ' ਉਸ ਦੀ ਸਿੱਖਾਂ ਸਬੰਧੀ ਪਹਿਲੀ ਧੜੱਲੇਦਾਰ ਪੁਸਤਕ ਸੀ ਜਿਸ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਸਿੱਖਾਂ ਲਈ ਹਾਅ ਦਾ ਨਾਅਰਾ ਮਾਰਿਆ।

ਹੋਰ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਸ. ਸਾਧੂ ਸਿੰਘ ਰਿਖੀਰਾਜ (847-291-3413), ਸਕੱਤਰ ਸ. ਕੁਲਵੰਤ ਸਿੰਘ ਹੁੰਦਲ (630-932-0268), ਅਤੇ ਡਾ. ਸਵਰਨਜੀਤ ਸਿੰਘ (847-529-1329) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੰਪਾਦਕ ਦੀ ਡਾਕ

## ਤਰਲੋਚਨ ਸਿੰਘ ਦੁਪਾਲਪੁਰ ਦਾ ਲਿਖਤੁਮ

ਸੰਪਾਦਕ ਜੀ, ਮੈਂ ਪੰਜਾਬ ਟਾਈਮਜ਼ ਦੇ ਅੰਕ 40 ਵਾਲੇ ਸੰਪਾਦਕ ਦੀ ਡਾਕ ਵਿਚ ਛਪੇ ਦੋ ਪੱਤਰਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪਹਿਲਾ ਪੱਤਰ ਸ. ਅਮਰਦੇਵ ਸਿੰਘ ਬਦੇਸ਼ਾ ਦਾ ਸ. ਤਰਲੋਚਨ ਸਿੰਘ ਦੁਪਾਲਪੁਰ ਦੇ ਲੇਖ 'ਕਿਰਪਾਨ, ਕਾਨੂੰਨ ਅਤੇ ਕੈਲੀਫੋਰਨੀਆ' ਦੇ ਸਬੰਧ ਵਿਚ ਹੈ। ਮੈਂ ਸ੍ਰੀ ਬਦੇਸ਼ਾ ਨਾਲ ਇਸ ਗੱਲ 'ਤੇ ਸਹਿਮਤ ਹਾਂ ਕਿ ਸਿੱਖ ਸਿਧਾਂਤ ਬਾਰੇ ਗੱਲ ਕਰਨ ਲਗਿਆਂ ਮਿਥਿਹਾਸਕ ਉਦਾਹਰਣਾਂ ਤੋਂ ਬਚਣਾ ਚਾਹੀਦਾ ਹੈ। ਭਾਵੇਂ ਮੈਨੂੰ ਦੁਪਾਲਪੁਰ ਦੇ ਇਸ ਲੇਖ ਵਿਚ ਕੋਈ ਐਸੀ ਮਿੱਥ ਨਜ਼ਰੀਂ ਨਹੀਂ ਪਈ ਜਿਸ ਦਾ ਸ. ਬਦੇਸ਼ਾ ਦੇ ਮਨ ਨੂੰ ਦੁੱਖ ਪਹੁੰਚਿਆ ਹੈ।

ਸ. ਦੁਪਾਲਪੁਰ ਦੀਆਂ ਲਿਖਤਾਂ ਬਹੁਤ ਪ੍ਰਭਾਵਸ਼ਾਲੀ ਹੁੰਦੀਆਂ ਹਨ। ਹਰ ਪੰਜਾਬੀ ਪਾਠਕ ਜੋ ਪੰਜਾਬ ਟਾਈਮਜ਼ ਪੜ੍ਹਦਾ ਹੈ, ਉਨ੍ਹਾਂ ਦੀ ਲਿਖਤ ਪੜ੍ਹਨ ਤੋਂ ਨਹੀਂ ਰਹਿ ਸਕਦਾ। ਉਨ੍ਹਾਂ ਦਾ ਗੱਲ ਕਰਨ ਦਾ ਢੰਗ ਅਜਿਹਾ ਹੈ ਜੋ ਹਰ ਪਾਠਕ ਨੂੰ ਨਾਲ ਤੋਰ ਲੈਂਦਾ ਹੈ। ਉਨ੍ਹਾਂ ਦੀ ਲਿਖਤ ਵਿਚ ਕਦੇ ਕਦੇ ਮਿਥਿਹਾਸਕ ਉਦਾਹਰਣਾਂ ਖਟਕਦੀਆਂ ਵੀ ਹਨ ਪਰ ਆਮ ਤੌਰ 'ਤੇ ਉਨ੍ਹਾਂ ਦੇ ਨੁਕਤੇ ਨੂੰ ਸਮਝਣ ਵਿਚ ਸਹਾਇਕ ਹੁੰਦੀਆਂ ਹਨ। ਹੋ ਸਕਦਾ ਹੈ ਇਸੇ ਕਰਕੇ ਮੇਰੇ ਵਰਗੇ ਸਧਾਰਣ ਬੁੱਧੀ ਵਾਲੇ ਵਿਅਕਤੀ ਨੂੰ ਆਪਣਾ ਨੁਕਤਾ ਸੌਖੀ ਤਰ੍ਹਾਂ ਸਮਝਾਉਣ ਵਾਸਤੇ ਹੀ ਸ. ਦੁਪਾਲਪੁਰ ਮਿਥਿਹਾਸਕ ਉਦਾਹਰਣਾਂ ਵਰਤਦੇ ਹੋਣ। ਪਰ ਫਿਰ ਵੀ ਮਿਥਿਹਾਸ ਕੋਈ ਸੱਚਾਈ ਨਹੀਂ ਹੁੰਦਾ ਤੇ ਸਿੱਖ ਸਿਧਾਂਤ ਹਰ ਤਰ੍ਹਾਂ ਨਾਲ ਦਲੀਲ ਅਤੇ ਸੱਚਾਈ 'ਤੇ ਆਧਾਰਤ ਹੈ। ਗੁਰੂ ਸਾਹਿਬਾਨ ਨੇ ਸਾਨੂੰ ਕਿਸੇ ਵੀ ਨੁਕਤੇ ਨੂੰ ਸਮਝਾਉਣ ਲਈ ਸਾਡੇ ਆਲੇ-ਦੁਆਲੇ ਹੋਣ ਵਾਲੀਆਂ ਘਟਨਾਵਾਂ ਜਾਂ ਕਿਸੇ ਇਤਿਹਾਸਕ ਤੱਥ ਨੂੰ ਹੀ ਉਦਾਹਰਣ ਬਣਾਇਆ ਹੈ ਜਿਵੇਂ ਸੂਤਕ ਦੇ ਭਰਮ ਵਿਚੋਂ ਕੱਢਣ ਵਾਸਤੇ ਰਸੋਈ ਦੀ ਉਦਾਹਰਣ ਦਿੱਤੀ ਹੈ। ਇਸ ਲਈ ਮੇਰੀ ਸ. ਤਰਲੋਚਨ ਸਿੰਘ ਨੂੰ ਬੇਨਤੀ ਹੈ ਕਿ ਉਹ ਆਪਣੀ ਗੱਲ ਸਮਝਾਉਣ ਲਈ ਮਿਥਿਹਾਸਕ ਕਹਾਣੀਆਂ ਦੀ ਬਜਾਏ ਆਮ ਜ਼ਿੰਦਗੀ ਵਿਚ ਵਾਪਰਦੀਆਂ ਉਦਾਹਰਣਾਂ ਵਰਤਣ ਦੀ ਕੋਸ਼ਿਸ਼ ਕਰਿਆ ਕਰਨ।

ਦੂਸਰਾ ਪੱਤਰ ਸ. ਕਰਨੈਲ ਸਿੰਘ ਦਾ ਹੈ ਜੋ ਉਨ੍ਹਾਂ ਸ. ਬਲਵੰਤ ਸਿੰਘ ਆਈ.ਏ.ਐਸ. ਦੇ ਲੇਖ 'ਸਿੰਧੀ ਭਾਈਚਾਰੇ ਦੀ ਬਹੁ-ਧਰਮ ਪਰੰਪਰਾ ਅਤੇ ਗੁਰੂ ਗ੍ਰੰਥ ਸਾਹਿਬ' ਦੇ ਪ੍ਰਤੀਕਰਮ ਵਜੋਂ ਲਿਖਿਆ ਹੈ। ਸ. ਬਲਵੰਤ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਦੁਨੀਆਂ ਦਾ ਰਾਹ ਦਸੇਰਾ ਹੈ। ਆਪਣੀਆਂ ਦਲੀਲਾਂ ਨਾਲ ਉਹ ਦੱਸਦੇ ਹਨ ਕਿ ਸਿੰਧੀ ਭਾਈਚਾਰਾ ਜੋ ਆਮ ਤੌਰ 'ਤੇ ਆਪਣੇ ਆਪ ਨੂੰ ਹਿੰਦੂ ਕਹਿੰਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰੀ ਸ਼ਰਧਾ ਰੱਖਦਾ ਹੈ। ਇਸ ਵਿਚ ਉਨ੍ਹਾਂ ਦੀ ਆਸਥਾ ਹੈ। ਉਹ ਇਸ ਦੀ ਬਾਣੀ ਨੂੰ ਪੜ੍ਹ ਕੇ, ਸੁਣ ਕੇ ਅਤੇ ਇਸ ਅਨੁਸਾਰ ਚੱਲ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੁੰਦੇ ਹਨ। ਉਹ ਆਪਣੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੇ ਆਦਰ ਅਤੇ ਸਤਿਕਾਰ ਸਹਿਤ ਸੰਭਾਲ ਕੇ ਰੱਖਦੇ ਹਨ ਅਤੇ ਪ੍ਰਕਾਸ਼ ਕਰਦੇ ਹਨ। ਉਨ੍ਹਾਂ ਦੀ ਆਸਥਾ ਅਤੇ ਸ਼ਰਧਾ ਨੂੰ ਵੇਖਦੇ ਹੋਏ ਉਨ੍ਹਾਂ ਤੋਂ ਉਨ੍ਹਾਂ ਦਾ ਇਹ ਹੱਕ ਖੋਹਿਆ ਨਹੀਂ ਜਾਣਾ ਚਾਹੀਦਾ, ਭਾਵੇਂ ਉਹ ਸੰਪੂਰਨ ਸਿੱਖ ਵਾਲੀਆਂ ਸਾਰੀਆਂ ਮਰਿਆਦਾਵਾਂ ਦਾ ਪਾਲਨ ਨਹੀਂ ਕਰਦੇ।

ਇਸ ਦੇ ਪ੍ਰਤੀਕਰਮ ਵਿਚ ਸ. ਕਰਨੈਲ ਸਿੰਘ ਖਾਲਸਾ ਲਿਖਦੇ ਹਨ, 'ਖਾਲਸਾ ਪੰਥ ਆਪਣੇ ਜਿਊਂਦੇ ਜੀਅ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ ਥਾਂ ਬੇ-ਅਦਬੀ ਨਹੀਂ ਹੋਣ ਦੇਵਾਗਾ। ਹੋਰ ਵੀ ਨਕਲੀ ਬੁਧੀਜੀਵੀਆਂ ਤੇ ਪੰਥ ਦੇ ਦੋਖੀਆਂ ਨੂੰ ਖਾਲਸਾ ਪੰਥ ਸੁਚੇਤ ਕਰਦਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ ਉਥੇ ਹੀ ਹੋਣਗੇ ਜਿਥੇ ਉਨ੍ਹਾਂ ਦੀ ਸੇਵਾ ਸੰਭਾਲ ਪੰਥਕ ਰਹਿਤ ਮਰਿਆਦਾ ਅਨੁਸਾਰ ਹੋਵੇਗੀ। ਜਿਥੇ ਗੁਰਬਾਣੀ ਸਿਧਾਂਤਾਂ ਦੇ ਵਿਰੁੱਧ ਮਾਹੌਲ ਹੋਵੇਗਾ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।'

ਸ. ਬਲਵੰਤ ਸਿੰਘ ਆਪਣੇ ਲੇਖ ਵਿਚ ਇਕ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸਬੰਧੀ ਹੋਣ ਵਾਲੀਆਂ ਗਤੀਵਿਧੀਆਂ ਵਿਚ ਕਿਸੇ ਸਾਜਿਸ਼ ਦਾ ਇਸ਼ਾਰਾ ਕਰਦੇ ਹਨ। ਉਹ ਲਿਖਦੇ ਹਨ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਂ 'ਤੇ ਕਈ ਘਰਾਂ ਅਤੇ ਅਸਥਾਨਾਂ ਤੋਂ ਸਰੂਪਾਂ ਨੂੰ ਚੁੱਕ ਕੇ ਗੁਰਦੁਆਰਿਆਂ ਦੀਆਂ ਅਲਮਾਰੀਆਂ ਵਿਚ ਬੰਦ ਕਰਕੇ, ਤਾਲੇ ਲਾ ਕੇ ਰੱਖਣਾ ਤੇ ਇਸ ਤਰ੍ਹਾਂ ਲੋਕਾਂ ਨੂੰ ਗੁਰਬਾਣੀ ਪੜ੍ਹਨ ਤੇ ਸੁਣਨ ਤੋਂ ਵਾਂਝੇ ਰੱਖਣਾ ਮੰਦਭਾਗਾ ਹੈ। ਇਹ ਵਰਤਾਰਾ ਗੁਰਬਾਣੀ ਨੂੰ ਸਮੇਟਣ, ਸੀਮਤ ਰੱਖਣ ਦੀ ਸਾਜਿਸ਼ ਹੈ।'

ਉਨ੍ਹਾਂ ਦਾ ਵਿਚਾਰ ਕਿਥੋਂ ਤੱਕ ਸਹੀ ਹੈ ਇਸ ਤਾਂ ਮੈਂ ਨਹੀਂ ਕਹਿ ਸਕਦਾ। ਹਾਂ, ਜਿਥੋਂ ਤੱਕ ਸ. ਕਰਨੈਲ ਸਿੰਘ ਖਾਲਸਾ ਦਾ ਸਬੰਧ ਹੈ ਉਹ ਆਪਣੇ ਗੁਰੂ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਹਨ। ਉਨ੍ਹਾਂ ਦੀ ਲਿਖਤ ਵਿਚੋਂ ਕਿਸੇ ਸਾਜਿਸ਼ ਦਾ ਭੁਲੇਖਾ ਨਹੀਂ ਪੈਂਦਾ। ਉਹ ਤਾਂ ਆਪਣੇ ਸਤਿਗੁਰੂ ਦੇ ਸਤਿਕਾਰ ਵਾਸਤੇ ਧੁਰ ਅੰਦਰੋਂ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੇ ਹਨ ਫਿਰ ਵੀ ਉਨ੍ਹਾਂ ਨੂੰ ਅਜਿਹੇ ਸ਼ਬਦਾਂ ਤੋਂ ਬਚਣਾ ਚਾਹੀਦਾ ਹੈ ਜਿਨ੍ਹਾਂ ਵਿਚੋਂ ਹਉਮੈ ਜਾਂ ਹੰਕਾਰ ਨਜ਼ਰ ਆਵੇ। ਮੈਂ ਉਨ੍ਹਾਂ ਦੇ ਜਜ਼ਬੇ ਦੀ ਪੂਰੀ ਕਦਰ ਕਰਦਾ ਹਾਂ, ਪਰ ਮੈਨੂੰ ਇਕ ਤੌਖਲਾ ਜ਼ਰੂਰ ਹੈ ਕਿ ਕਿਤੇ ਭਵਿੱਖ ਵਿਚ ਕੁਝ ਗਲਤ ਕਿਸਮ ਦੇ ਪੁਜਾਰੀ ਲੋਕ ਸਾਡੇ ਇਨ੍ਹਾਂ ਪੰਥਕ ਜਜ਼ਬਿਆਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਸਾਨੂੰ ਗੁਰੂ ਤੋਂ ਵੱਖ ਹੀ ਨਾ ਕਰ ਦੇਣ। ਜਿਵੇਂ ਪਹਿਲਾਂ ਹਿੰਦੂ ਸਮਾਜ ਵਿਚ ਹੁੰਦਾ ਆਇਆ ਹੈ, ਜਦੋਂ ਪੁਜਾਰੀ ਬ੍ਰਾਹਮਣ ਆਪਣੇ ਆਪ ਨੂੰ ਸਭ ਤੋਂ ਉਚਾ ਤੇ ਸੁੱਚਾ ਦੱਸ ਕੇ ਹਰ ਤਰ੍ਹਾਂ ਦੀ ਪੂਜਾ ਤੇ ਸਿਰਫ ਆਪਣਾ ਹੀ ਅਧਿਕਾਰ ਜਤਾਉਂਦਾ ਸੀ। ਦੂਸਰਿਆਂ ਵਿਚੋਂ ਕੁਝ ਮੰਦਰਾਂ ਦੇ ਅੰਦਰ ਵੀ ਨਹੀਂ ਸੀ ਜਾ ਸਕਦੇ ਕਿਉਂਕਿ ਪੁਜਾਰੀ ਅਨੁਸਾਰ ਉਨ੍ਹਾਂ ਦੇ ਅੰਦਰ ਜਾਣ ਨਾਲ ਦੇਵੀ-ਦੇਵਤੇ ਭਿੱਟੇ ਜਾ ਸਕਦੇ ਸਨ। ਇਹ ਤਾਂ ਸਾਡੇ 'ਤੇ ਸਤਿਗੁਰਾਂ ਦੀ ਕਿਰਪਾ ਹੋਈ ਹੈ ਜਿਨ੍ਹਾਂ ਸਾਨੂੰ ਸਮਝਾਇਆ ਕਿ ਰੱਬ ਕਦੇ ਭਿੱਟਿਆ ਨਹੀਂ ਜਾ ਸਕਦਾ। ਰੱਬ ਅਤੇ ਸਤਿਗੁਰੂ ਵਿਚ ਕੋਈ ਭੇਤ ਨਹੀਂ ਹੁੰਦਾ। ਇਸ ਤਰ੍ਹਾਂ ਕਿਸੇ ਅਪਵਿੱਤਰ ਦੇ ਛੂਹਣ ਨਾਲ ਸਤਿਗੁਰੂ ਅਪਵਿੱਤਰ ਨਹੀਂ ਹੁੰਦਾ ਸਗੋਂ ਅਪਵਿੱਤਰ, ਪਵਿੱਤਰ ਹੋ ਜਾਂਦਾ ਹੈ।

*-ਨੰਦ ਸਿੰਘ ਬਰਾੜ, ਸੈਕਰਾਮੈਂਟੋ*

## ਡਿਟਰਾਇਟ 'ਚ ਕਵੀ ਦਰਬਾਰ 15 ਨਵੰਬਰ ਨੂੰ

**ਡਿਟਰਾਇਟ, ਮਿਸ਼ੀਗਨ (ਰੇਸ਼ਮ ਸਿੰਘ ਸੈਣੀ):** ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਲੋਂ ਸਿੱਖ ਫਾਊਂਡੇਸ਼ਨ ਕਲਚਰਲ ਸੈਂਟਰ ਦੇ ਸਹਿਯੋਗ ਨਾਲ ਇਥੇ ਤੀਸਰਾ ਇੰਟਰਨੈਸ਼ਨਲ ਕਵੀ ਦਰਬਾਰ 15 ਨਵੰਬਰ ਨੂੰ ਦੁਪਹਿਰ 1:30 ਵਜੇ ਸਿੱਖ ਫਾਊਂਡੇਸ਼ਨ ਕਲਚਰਲ ਸੈਂਟਰ (40600 ਸਕੂਲ ਕਰਾਫਟ ਰੋਡ) ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਚ ਟੋਰਾਂਟੋ, ਲੰਡਨ, ਗੁਅਲਫ ਅਤੇ ਆਟਵਾ ਤੋਂ 'ਕਲਮਾਂ ਦਾ ਕਾਫਲਾ' ਸਭਾ ਦੇ ਨਾਮਵਰ ਲੇਖਕ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਸ਼ਿਕਾਗੋ ਦੇ ਕਵੀ ਵੀ ਆਪਣੀਆਂ ਸੱਜਰੀਆਂ ਰਚਨਾਵਾਂ ਪੇਸ਼ ਕਰਨਗੇ। ਕਵੀ ਦਰਬਾਰ ਲਈ ਦਾਖਲਾ ਫਰੀ ਹੈ।

ਹੋਰ ਜਾਣਕਾਰੀ ਲਈ ਬਲਦੇਵ ਸਿੰਘ ਧਾਲੀਵਾਲ 248-735-1515, ਪ੍ਰਿੰ. ਗੁਰਬਚਨ ਸਿੰਘ ਮਾਨ 734-377-6377 ਅਤੇ ਰੇਸ਼ਮ ਸਿੰਘ ਸੈਣੀ ਨਾਲ 734-397-0087 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਹਸਨਪੁਰੀ ਨੂੰ ਸ਼ਰਧਾਂਜਲੀ:** ਸਭਾ ਨੇ ਨਾਮਵਰ ਗੀਤਕਾਰ ਤੇ ਫਿਲਮਸਾਜ਼ ਇੰਦਰਜੀਤ ਹਸਨਪੁਰੀ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਹੈ। ਸਭਾ ਦੀ ਇਥੇ ਹੋਈ ਇਕ ਇਕੱਤਰਤਾ ਦੌਰਾਨ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਵੀ ਕੀਤੀ ਗਈ।

ਇਸ ਮੌਕੇ ਬੋਲਦਿਆਂ ਪ੍ਰਿੰ. ਗੁਰਬਚਨ ਮਾਨ ਨੇ ਕਿਹਾ ਕਿ ਹਸਨਪੁਰੀ ਪੰਜਾਬ ਦੇ ਸਭਿਆਚਾਰ ਨੂੰ ਸਮਝ ਕੇ ਉਸ 'ਤੇ ਲਿਖਣ ਵਾਲੇ ਲੇਖਕਾਂ ਵਿਚੋਂ ਇੱਕ ਸੀ। ਨੂਰਪੁਰੀ ਜਿੱਥੇ ਗੱਲ ਖਤਮ ਕਰਦਾ ਹੈ ਹਸਨਪੁਰੀ ਉਥੋਂ ਸ਼ੁਰੂ ਕਰਦਾ ਹੈ। ਉਨ੍ਹਾਂ ਕਿਹਾ ਕਿ ਹਸਨਪੁਰੀ ਨੇ ਪੰਜਾਬੀ ਸਭਿਆਚਾਰ ਨੂੰ ਮਾਲਾ ਮਾਲ ਕੀਤਾ ਹੈ।

ਬਾਬ ਖਹਿਰਾ ਨੇ ਹਸਨਪੁਰੀ ਦੇ ਲਿਖੇ ਦੋ ਗੀਤ, 'ਕਿਰਤੀ ਸੂਰਮਿਆਂ ਦੀ ਗੱਲ' ਅਤੇ 'ਕੁੱਲੀਆਂ ਵਿਚ ਹਨੇਰਾ ਕਿਉਂ ਹੈ?' ਪੂਰੇ ਤਰੰਨੁਮ ਵਿਚ ਗਾ ਕੇ ਪੇਸ਼ ਕੀਤ:

ਉਨ੍ਹਾਂ ਵੱਲ ਵੀ ਝਾਤੀ ਮਾਰੋ,
ਕੋਈ ਨਾ ਦੇਖੇ ਜਿਨ੍ਹਾਂ ਵੱਲ।
ਆਓ ਕਲਮਾਂ ਵਾਲਿਓ ਕਰੀਏ,
ਕਿਰਤੀ ਸੂਰਮਿਆਂ ਦੀ ਗੱਲ।
ਇੱਕ ਗੱਲ ਪੁੱਛਾਂ ਰੱਬਾ ਤੈਨੂੰ,
ਦੇ ਸਕੇਂਗਾ ਉਤਰ ਮੈਨੂੰ
ਕੁਲੀਆਂ ਵਿਚ ਹਨੇਰਾ ਕਿਉਂ ਹੈ,
ਮਹਿਲਾਂ ਵਿਚ ਸਵੇਰਾ ਕਿਉਂ ਹੈ?

ਡਾ. ਜਸਵੰਤ ਸਿੰਘ ਬੱਗਾ ਨੇ ਮਾਡਰਨ ਲੈਲਾ-ਮਜਨੂੰ ਦਾ ਕਿੱਸਾ ਪੇਸ਼ ਕੀਤਾ। ਅਪਾਰ ਸਿੰਘ ਭਾਗਰ ਨੇ ਮਨੁੱਖ ਦੀ ਹਉਮੈ ਨੂੰ ਬਿਆਨ ਕਰਦੀ ਕਵਿਤਾ ਪੇਸ਼ ਕੀਤੀ। ਪ੍ਰੋ. ਸੰਤ ਪਾਲ ਗੋਇਲ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ ਨਾਲ ਹਾਜ਼ਰੀ ਭਰੀ।

ਪ੍ਰੋ. ਰੇਸ਼ਮ ਸਿੰਘ ਸੈਣੀ ਨੇ ਆਪਣੀ ਨਵੀਂ ਕਵਿਤਾ "ਪੰਜਾਬ" ਰਾਹੀਂ ਸਪਤ ਸਿੰਧੂ ਤੋਂ ਅੱਜ ਦੇ ਪੰਜਾਬ ਦੀ ਦੁੱਖ ਭਰੀ ਦਾਸਤਾਂ ਨੂੰ ਬਖੂਬੀ ਬਿਆਨ ਕੀਤਾ। ਗੁਰਮੀਤ ਸਿੰਘ ਸੰਧੂ ਨੇ ਆਪਣੀਆਂ ਨਵੀਆਂ ਰਚਨਾਵਾਂ: "ਮੈਂ ਹਾਲੇ ਆਇਆ ਨਹੀਂ, ਸਿਰ ਤੋਂ ਭਾਰ ਲਾਹਿਆ ਨਹੀਂ ਵਿਦਾ ਕਿਵੇਂ ਹੋਵਾਂ?" ਅਤੇ "ਐ ਸ਼ਬਦ ਗੁਰੂ ਤੇਰੇ ਗੱਦੀ ਸੰਭਾਲਣ ਉਪਰੰਤ ਅਸੀਂ ਸੌਂ ਗਏ ਸੀ" ਪੇਸ਼ ਕੀਤੀਆਂ। ਡਾ. ਜਸਵੰਤ ਬੱਗਾ ਨੇ "ਗੁਰਮੁਖ" ਕਹਾਣੀ ਪੜ੍ਹੀ।


## Classified Ads

### Business Directory

**India Desi Bazaar**
11304 NE Fourth Plain Rd.,
Vancouver WA 98662
Ph:(360) 882-7703

### Editing & Translation

**Professional Text Editing in English and Translation Work from Punjabi to English (Academic, Technical and Creative)**
**Prithvi Raj**
prithviraj46@yahoo.com
shaprithvi@gmail.com
Cell (India)-094173-50789

### ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ ਵਿਚ ਟਰੱਕ ਵਾਸ਼ ਅਤੇ ਟਰੱਕ ਰਿਪੇਅਰ ਲਈ ਦੋ ਹੈਲਪਰਾਂ ਦੀ ਲੋੜ ਹੈ। ਚੰਗੀ ਤਨਖਾਹ। ਕਾਲ ਕਰੋ:ਜਸਵੀਰ ਸਿੰਘ
(765) 987-7000

*Visit us on the web:*
***punjabtimesusa.com***
***To Advertise with us***
***Call:847-359-0746***
***e-mail:***
***punjabtimes1@sbcglobal.net***

### Matrimonials

Jat Sikh parents invite correspondence for their US born handsome, clean shaven, 26, 6'1" Engineer son, professionally employed in a large national corporation. The girl should be Jat Sikh, beautiful and university graduate. Please contact: sikh5family@gmail.com

Uncle invites correspondence for nephew 22, 5'11" jatt sikh handsome boy diploma in culinary arts & B.sc in hotel mgt currently working in Chandigarh, looking for well educated, beautiful girl preferablly from USA citizen or green card holder contact:301-653-7029
e-mail: balbirgoraya@yahoo.com

Medico Jat Sikh match for, 27, 5'0'/ smart girl doing DDS in USA. Respond with place and time of birth. contact:219-878-1008
e-mail:sur_malhi@yahoo.co.in

ਰਾਮਗੜ੍ਹੀਆ ਸਿੱਖ, 27, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਫੋਨ:708-649-9192, 708-699-3800

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538

ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।
***www.Raunkmela.com***
Enjoy Live Radio Show
Every Sun: 9am-9.30am
(Central Time)
on 1590AM
or on Internet.
Since 1983



ਮੇਜ਼ਬਾਨ: ਪੰਮੀ ਗਿਲ

***Loose Weight Feel Great !***
*Natural *Guaranteed *Doctor Recommended
**ਮੋਟਾਪਾ**
ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ
ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਾਲ ਕਰੋ
**IQBAL KAUR**
**Ph: 708-444-0554**

**CUSTOM CARPENTRY**
ਪਿਛਲੇ ਤੀਹ ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਸ਼ਿਕਾਗੋਲੈਂਡ ਵਿਚ ਨਵੇਂ ਘਰ, ਰੂਮ ਅਡੀਸ਼ਨ, ਨਵੀਂ ਕਿਚਨ, ਨਵੇਂ ਵਾਸ਼ਰੂਮ, ਸਾਈਡਿੰਗ ਤੇ ਰੀਕਰੀਏਸ਼ਨ ਰੂਮ, ਨਵੀਂ ਡੈਕੋਰੇਸ਼ਨ ਵਗੈਰਾ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ।
ਅਸੀਂ ਇੰਸ਼ੋਰੈਂਸ ਕਲੇਮ ਵੀ ਕਰਦੇ ਹਾਂ
**GIAN SINGH SEEHRA**
**Ph: 630-841-6537**



*ਗਿਆਨ ਸਿੰਘ ਸੀਹਰਾ*

# ਦਿੱਲੀ 'ਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਦੀ ਪੁੱਠੀ ਗਿਣਤੀ ਸ਼ੁਰੂ

**-ਡਾ. ਦਰਸ਼ਨ ਸਿੰਘ ਹਰਵਿੰਦਰ**

ਅਗਲੇ ਵਰ੍ਹੇ ਅਕਤੂਬਰ 2010 'ਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ, ਜਿਨ੍ਹਾਂ ਦੌਰਾਨ ਦਿੱਲੀ ਨੂੰ ਵਰਲਡ ਕਲਾਸ ਸਿਟੀ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਲਈ ਪੁੱਠੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਇਨ੍ਹਾਂ ਖੇਡਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਆਏ ਦੁਨੀਆ ਭਰ ਦੇ ਨੁਮਾਇੰਦਿਆਂ ਨੂੰ 'ਖੁਸ਼ ਤੇ ਸੰਤੁਸ਼ਟ' ਕਰਨ ਲਈ ਖੇਡ ਆਯੋਜਕਾਂ ਤੋਂ ਲੈਕੇ ਦਿੱਲੀ ਦੇ ਛੋਟੇ-ਵੱਡੇ ਦੋਵੇਂ ਤਖ਼ਤ (ਸੂਬਈ ਤੇ ਕੇਂਦਰੀ ਹਕੂਮਤ) ਪੱਬਾਂ ਭਾਰ ਹਨ। ਦਿੱਲੀ ਦੀ ਖੁਸ਼ਹਾਲ ਤਸਵੀਰ ਵਿਖਾਉਣ ਲਈ ਉਹ ਸਾਰੇ ਉਪਾਅ ਕੀਤੇ ਗਏ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਰਿਝਾਇਆ ਜਾ ਸਕੇ। ਇੱਥੋਂ ਤਕ ਕਿ ਕਨਾਟ ਪਲੇਸ ਤੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਰਾਤੋ-ਰਾਤ ਭਿਖਾਰੀ ਮੁਕਤ ਬਣਾ ਦਿਤਾ ਗਿਆ।

ਪਰ ਕਾਮਨਵੈਲਥ ਖੇਡਾਂ ਦੀਆਂ ਤਿਆਰੀਆਂ ਵੇਖਣ ਦਿੱਲੀ ਆਏ ਗੇਮਜ਼ ਫੈਡਰੇਸ਼ਨ ਦੇ ਵਫ਼ਦ, ਜਿਸ 'ਚ ਦੋ ਸੌ ਤੋਂ ਜ਼ਿਆਦਾ ਮੈਂਬਰ ਹਨ, ਵਲੋਂ ਖੇਡਾਂ ਦੀਆਂ ਤਿਆਰੀਆਂ ਤੋਂ ਖੁਸ਼ ਹੋ ਕੇ ਜਾਣ ਬਾਰੇ ਕੀਤੇ ਜਾ ਰਹੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਹਿੰਦੁਸਤਾਨੀ ਹੁਕਮਰਾਨਾਂ ਨੂੰ ਅਖੀਰ ਤੱਕ ਇਸ ਗੱਲ ਦਾ ਧੁੜਕੂ ਲੱਗਾ ਰਿਹਾ ਹੈ ਕਿ ਕਿਧਰੇ ਪਹਿਲਾਂ ਤੋਂ ਹੀ ਬਿਫਰੇ ਕਾਮਨਵੈਲਥ ਗੇਮਜ਼ ਫੈਡਰੇਸ਼ਨ ਦੇ ਪ੍ਰਧਾਨ ਮਾਈਕਲ ਫੇਨੇਲ ਤੇ ਹੋਰ ਨੁਮਾਇੰਦੇ ਅੱਧੀਆਂ-ਅਧੂਰੀਆਂ ਤਿਆਰੀਆਂ ਨੂੰ ਲੈ ਕੇ ਕੋਈ ਬਖੇੜਾ ਨਾ ਖੜ੍ਹਾ ਕਰ ਦੇਣ। ਦਿੱਲੀ ਲਈ ਇਹ ਕਿਸੇ ਅਗਨੀ-ਪ੍ਰੀਖਿਆ ਤੋਂ ਘੱਟ ਨਹੀਂ। ਉਂਝ ਸਦਕੇ ਜਾਈਏ ਸਾਡੇ ਇਨ੍ਹਾਂ ਲਾਪਰਵਾਹ ਖੇਡ ਆਯੋਜਕਾਂ ਦੇ, ਜਿਨ੍ਹਾਂ ਨੇ ਭਰਪੂਰ ਸਰੋਤ ਹੋਣ ਦੇ ਬਾਵਜੂਦ ਨਿਰਮਾਣ ਕਾਰਜਾਂ 'ਚ ਦੇਰੀ ਕਰਕੇ ਕੁਝ ਪ੍ਰਾਜੈਕਟਾਂ ਨੂੰ ਤਾਂ ਮਜ਼ਬੂਰੀ ਵੱਸ ਰੱਦ ਕਰਕੇ ਉਨ੍ਹਾਂ ਦੀ ਬਲੀ ਹੀ ਲੈ ਲਈ ਅਤੇ ਬਾਕੀਆਂ 'ਚੋਂ ਕਈਆਂ ਦੇ ਵੇਲੇ ਸਿਰ ਖਤਮ ਹੋਣ ਤੇ ਸੰਕਟ ਦੇ ਬੱਦਲ ਮੰਡਰਾਅ ਰਹੇ ਹਨ। ਖੇਡ ਆਯੋਜਨ ਕਮੇਟੀ ਕੋਲ ਕੋਈ 'ਝੁਰਲੂ' ਜਾਂ ਜਾਦੂ ਦੀ ਛੜੀ ਤਾਂ ਹੈ ਨਹੀਂ ਕਿ ਉਸਨੂੰ ਘੁਮਾਉਂਦਿਆਂ ਹੀ ਸਭ ਕੁਝ ਠੀਕ ਹੋ ਜਾਵੇਗਾ ਅਤੇ ਨਵੇਂ ਸਾਲ ਦਾ ਆਗਾਜ਼ ਇਹ ਪ੍ਰਾਜੈਕਟ ਦਸੰਬਰ 'ਚ ਹੀ ਨੇਪਰੇ ਚਾੜ੍ਹ ਲੈਣ ਦੇ ਇਰਾਦੇ ਕਾਰਨ ਰਾਹਤ ਦਿੰਦਿਆਂ ਤਣਾਅ-ਮੁਕਤ ਹੋਵੇਗਾ। ...ਤੇ ਫਿਰ ਉਹ ਵੀ ਉਦੋਂ, ਜਦੋਂ ਕਾਮਨਵੈਲਥ ਗੇਮਜ਼ ਫੈਡਰੇਸ਼ਨ ਦੇ ਕੁਝ ਮੈਂਬਰ ਇਹ ਕਹਿ ਗਏ ਹੋਣ ਕਿ "ਅਜੇ ਤਾਂ ਬਹੁਤ ਕੁਝ ਹੋਣਾ ਬਾਕੀ ਹੈ,ਅਜੇ ਕਾਫੀ ਕੰਮ ਰਹਿੰਦਾ ਹੈ।" ਜਾਪਦਾ ਹੈ ਕਿ ਕਾਮਨਵੈਲਥ ਗੇਮਜ਼ ਆਯੋਜਨ ਕਮੇਟੀ ਮੈਂਬਰ ਦੇਸ਼ਾਂ ਨੂੰ ਥੋੜ੍ਹਾ ਵਿਖਾਉਣ ਤੇ ਜ਼ਿਆਦਾ ਲੁਕਾਉਣ ਵਾਲੀ ਚਾਲ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ ਤੇ ਉਸ ਦੇ ਚਿਹਰੇ 'ਤੇ ਪ੍ਰੇਸ਼ਾਨੀ ਜੱਗ-ਜ਼ਾਹਿਰ ਹੋ ਗਈ।

ਸਿਤਮ ਇਹ ਕਿ ਆਪਣੀਆਂ ਕਮੀਆਂ 'ਤੇ ਪਰਦਾ ਪਾਉਣ ਤੇ ਨਿਰੀਖਣ ਦਲ ਨੂੰ ਖੁਸ਼ ਕਰਨ ਲਈ ਸਾਰੇ ਉਪਾਅ ਕਰਨ ਤੋਂ ਇਲਾਵਾ ਪ੍ਰਬੰਧਕਾਂ ਨੇ ਮੀਡੀਆ ਤਕ ਨੂੰ ਵੀ ਨਾ ਸਿਰਫ ਦੂਰ ਰੱਖਿਆ ਸਗੋਂ ਕੋਈ ਵੀ ਨੁਮਾਇੰਦਾ ਬਾਹਰ ਕੁਝ ਬੋਲ ਨਾ ਸਕੇ, ਇਹ ਵੀ ਯਕੀਨੀ ਬਣਾਇਆ ਗਿਆ। ਫਿਰ ਵੀ ਕਾਮਨਵੈਲਥ ਖੇਡ ਫੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਦਿੱਲੀ-ਦਰਸ਼ਨ ਦੌਰਾਨ ਇਹ ਅਹਿਸਾਸ ਹੋ ਗਿਆ ਕਿ ਸਟੇਡੀਅਮ ਦਾ ਨਿਰਮਾਣ ਸਮੇਂ ਸਿਰ ਹੋਣ ਦੇ ਦਾਅਵਿਆਂ 'ਚ ਜ਼ਿਆਦਾ ਦਮ ਨਹੀਂ ਹੈ। ਉਂਝ ਕਾਮਨਵੈਲਥ ਖੇਡਾਂ ਸਮੇਂ ਬਿਹਤਰ ਹੋਵੇਗਾ ਕਿ ਦਿੱਲੀ 'ਚ ਸਰਕਾਰੀ ਛੁੱਟੀਆਂ ਕਰ ਦਿੱਤੀਆਂ ਜਾਣ, ਨਹੀਂ ਤਾਂ ਇੱਥੋਂ ਦੇ ਲੱਚਰ ਟ੍ਰੈਫਿਕ ਸਿਸਟਮ ਨੂੰ ਲੈ ਕੇ ਬੜੀ ਫਜ਼ੀਹਤ ਹੋਵੇਗੀ ਹਿੰਦੁਸਤਾਨੀ ਹਕੂਮਤ ਦੀ। ਚਲੋ, ਹੁਣ ਤਾਂ ਵਿਦੇਸ਼ੀ ਡੈਲੀਗੇਟਾਂ ਦੀਆਂ 'ਅੱਖਾਂ 'ਚ ਘੱਟਾ ਪਾ ਕੇ' ਦਿੱਲੀ ਪੁਲਿਸ ਨੇ ਮਨੋਵਿਗਿਆਨਕ ਖੇਡ ਖੇਡਦਿਆਂ ਵਫਦ ਦੇ ਦੌਰੇ ਵਾਲੇ ਰਾਹਾਂ ਨੂੰ ਸੁਰਖਿਆ ਕਾਰਨਾਂ ਕਰਕੇ ਆਮ ਜਨਤਾ ਲਈ ਬੰਦ ਰਖਿਆ ਪਰ 'ਕਾਠ ਦੀ ਹਾਂਡੀ' ਵਾਰ ਵਾਰ ਨਹੀਂ ਚੜ੍ਹਾਈ ਜਾ ਸਕਦੀ।

ਕਾਬਿਲ-ਏ-ਗੌਰ ਹੈ ਕਿ ਦਿੱਲੀ ਟ੍ਰੈਫਿਕ ਪੁਲਸ ਦੇ ਹਊਏ ਕਾਰਨ ਤਿਆਰ ਕੀਤੇ ਮਾਹੌਲ ਦੀ ਬਦੌਲਤ ਲੋਕ ਘਰਾਂ 'ਚ ਹੀ ਦੜੇ ਰਹੇ ਅਤੇ ਇਸ ਮਕਸਦ ਲਈ ਜੋ ਸੜਕਾਂ ਬੰਦ ਰੱਖੀਆਂ ਗਈਆਂ, ਉਨ੍ਹਾਂ 'ਚੋਂ ਵੀ ਜ਼ਿਆਦਾਤਰ ਅਜਿਹੀਆਂ ਸਨ, ਜੋ ਦਿੱਲੀ ਦੀ ਲਾਈਫ ਲਾਈਨ ਸਮਝੀਆਂ ਜਾਂਦੀਆਂ ਹਨ ਜਿਵੇਂ ਰਿੰਗ ਰੋਡ, ਕਨਾਟ ਪਲੇਸ-ਇੰਡੀਆ ਗੇਟ ਦੇ ਇਲਾਕੇ, ਲੋਧੀ ਰੋਡ, ਪ੍ਰਿਥਵੀਰਾਜ ਰੋਡ, ਵਲਿੰਗਡਨ ਕਰੀਸੈਂਟ ਆਦਿ।

ਮਜ਼ੇਦਾਰ ਗੱਲ ਇਹ ਹੈ ਕਿ ਕਾਮਨਵੈਲਥ ਖੇਡਾਂ ਵੇਖਣ ਆਉਣ ਵਾਲੇ ਦਰਸ਼ਕਾਂ ਨੂੰ ਗੇਮਜ਼ ਟਿਕਟ ਦੇ ਨਾਲ ਮੈਟਰੋ ਤੇ ਬੱਸ ਦੀ ਮੁਫਤ ਟਿਕਟ ਮੁਹੱਈਆ ਕਰਵਾਈ ਜਾਵੇ ਜਾਂ ਨਾ, ਇਸ ਨੂੰ ਲੈ ਕੇ ਦਿੱਲੀ ਸਰਕਾਰ ਭੰਬਲਭੂਸੇ ਵਾਲੀ ਸਥਿਤੀ 'ਚ ਆ ਗਈ ਹੈ। ਅਸਲ 'ਚ ਦਿੱਲੀ ਪੁਲਸ ਨੇ ਟ੍ਰੈਫਿਕ ਜਾਮ ਤੋਂ ਛੁਟਕਾਰਾ ਪਾਉਣ, ਪਾਰਕਿੰਗ ਦੀ ਸਮੱਸਿਆ ਨਾਲ ਸਿੱਝਣ ਤੇ ਸੁਰਖਿਆ ਕਾਰਨਾਂ ਦੀ ਵਜ੍ਹਾ ਕਰਕੇ ਮੰਗ ਕੀਤੀ ਹੈ ਕਿ ਖੇਡਾਂ ਵੇਖਣ ਆਉਣ ਵਾਲੇ ਦਰਸ਼ਕਾਂ ਨੂੰ ਪਬਲਿਕ ਟਰਾਂਸਪੋਰਟ ਦੇ ਜ਼ਰੀਏ ਹੀ ਆਯੋਜਨ ਵਾਲੀ ਥਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਦਰਸ਼ਕਾਂ ਦਾ ਮੈਟਰੋ ਜਾਂ ਬੱਸ ਦਾ ਕਿਰਾਇਆ ਕੌਣ ਸਹਿਣ ਕਰੇ, ਇਸ ਤੇ ਸਿਰ ਖਪਾਈ ਸ਼ੁਰੂ ਹੋ ਗਈ ਹੈ।ਇਸ ਸੰਬੰਧੀ ਮੈਟਰੋ ਨੇ ਦੋ ਟੁਕ ਸ਼ਬਦਾਂ 'ਚ ਕਹਿ ਦਿਤਾ ਹੈ ਕਿ ਉਸ ਦੀ ਅਜਿਹੀ ਕੋਈ ਨੀਤੀ ਨਹੀਂ ਹੈ ਕਿ ਕਿਸੇ ਨੂੰ ਮੁਫਤ 'ਚ ਮੈਟਰੋ ਦੀ ਸਹੂਲਤ ਦਿੱਤੀ ਜਾਵੇ। ਫਿਰ ਵੀ ਜੇ ਸਰਕਾਰ ਜਾਂ ਆਯੋਜਨ ਕਮੇਟੀ ਅਜਿਹੀ ਸਹੂਲਤ ਚਾਹੁੰਦੀ ਹੈ ਤਾਂ ਇਕ ਦਿਨ ਦੇ ਕਾਰਡ ਦੀ ਰਕਮ ਮੈਟਰੋ ਨੂੰ ਦੇ ਦਿੱਤੀ ਜਾਵੇ। ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਭਾਵ ਡੀ.ਟੀ.ਸੀ. ਦਾ ਵੀ ਕਹਿਣਾ ਹੈ ਕਿ ਉਹ ਇਸ ਦੇ ਲਈ 20 ਪ੍ਰਤੀਸ਼ਤ ਰਿਆਇਤ ਜ਼ਰੂਰ ਦੇ ਸਕਦੀ ਹੈ ਤੇ ਉਹ ਪਹਿਲਾਂ ਹੀ ਪੌਣੇ ਛੇ ਸੌ ਬੱਸਾਂ ਇਨ੍ਹਾਂ ਖੇਡਾਂ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਦੇਣ ਜਾ ਰਹੀ ਹੈ।

ਖੈਰ! ਕਾਮਨਵੈਲਥ ਖੇਡਾਂ ਦੌਰਾਨ ਦਿੱਲੀ ਨੂੰ ਵਰਲਡ ਕਲਾਸ ਸ਼ਹਿਰੀ ਬਣਾਉਣ ਦਾ ਦਮ ਭਾਵੇਂ ਜ਼ੋਰ-ਸ਼ੋਰ ਨਾਲ ਭਰਿਆ ਜਾ ਰਿਹਾ ਹੈ ਤੇ ਇਨ੍ਹਾਂ ਖੇਡਾਂ ਨੂੰ ਖਿਡਾਉਣ ਲਈ ਹਰ ਖੇਤਰ 'ਚ ਸਫਲ ਰਹਿਣ ਲਈ ਵਿਦੇਸ਼ੀ ਨੁਮਾਇੰਦਿਆਂ ਤੋਂ ਥਾਪੜਾ ਲੈਣ ਦਾ ਦਾਅਵਾ ਵੀ ਕੀਤਾ ਜਾ ਰਿਹਾ ਹੈ ਪਰ ਲੋੜ ਪਲਾਨਿੰਗ ਤੇ ਮੈਨੇਜਮੈਂਟ ਨੂੰ ਸਿਰਫ ਦਾਅਵਿਆਂ 'ਚ ਬਦਲਣ ਦੀ ਬਜਾਏ ਇਸਨੂੰ ਅਮਲੀ ਜਾਮਾ ਪਹਿਨਾਉਣ ਦੀ ਹੈ।

**ਕੁੱਤਿਆਂ ਦੀ ਨਸਬੰਦੀ :** ਦੇਸ਼ ਦੀ ਰਾਜਧਾਨੀ 'ਚ ਅਗਲੇ ਸਾਲ ਅਕਤੂਬਰ ਦੇ ਪਹਿਲੇ ਹਫਤੇ ਤੋਂ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਦਾ 'ਸ਼ੇਰੂ' (ਕਾਮਨਵੈਲਥ ਲੋਗੋ) ਇਥੋਂ ਦੇ ਅਵਾਰਾ ਕੁੱਤਿਆਂ ਦੇ ਹੁੰਦਿਆਂ ਕਿਵੇਂ ਆਊ, ਇਸਨੂੰ ਲੈ ਕੇ ਫਿਕਰਮੰਦੀ ਜ਼ਾਹਿਰ ਕਰਦਿਆਂ ਦਿੱਲੀ ਮਿਉਂਸੀਪਲ ਕਾਰਪੋਰੇਸ਼ਨ ਨੇ ਖੇਡਾਂ ਤੋਂ ਪਹਿਲਾਂ 70 ਫੀਸਦੀ ਕੁੱਤਿਆਂ ਦੀ ਨਸਬੰਦੀ ਕਰਨ ਦਾ ਟੀਚਾ ਮਿਥਿਆ ਹੈ। ਰਾਜਧਾਨੀ ਵਿਚਲੇ 2,62,700 ਤੋਂ ਵਧ ਆਵਾਰਾ ਕੁੱਤੇ ਕਾਮਨਵੈਲਥ ਕਰਵਾ ਰਹੇ ਸ਼ਹਿਰ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਸਕਦੇ ਹਨ। ਇਨ੍ਹਾਂ 'ਚੋਂ 1,34,000 ਤੋਂ ਵਧ ਨਰ ਤੇ 1,28,000 ਤੋਂ ਵਧ ਮਾਦਾ ਹਨ। ਕਾਰਪੋਰੇਸ਼ਨ ਦੇ ਸਰਵੇ ਅਨੁਸਾਰ ਰਾਜਧਾਨੀ ਵਿਚ ਔਸਤਨ ਹਰ ਇਕ ਕਿਲੋਮੀਟਰ 'ਤੇ 5 ਅਵਾਰਾ ਕੁੱਤੇ ਹਨ। ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਸਿਰਫ ਅੱਧੇ ਤੋਂ ਵੀ ਘੱਟ ਕੁੱਤਿਆਂ ਦੀ ਹੀ ਨਸਬੰਦੀ ਹੋਈ ਹੈ। ਇਸ ਕੰਮ 'ਚ ਲੱਗੀਆਂ ਤਕਰੀਬਨ ਇਕ ਦਰਜਨ ਐਨ.ਜੀ.ਓਜ਼ ਨੂੰ ਸਾਢੇ ਚਾਰ ਸੌ ਰੁਪਏ ਦੇ ਕਰੀਬ ਪ੍ਰਤੀ ਕੁੱਤਾ ਨਸਬੰਦੀ ਦਿੱਤਾ ਜਾਂਦਾ ਹੈ। ਇਸ ਮਿਸ਼ਨ 'ਤੇ ਸਾਢੇ ਤਿੰਨ ਕਰੋੜ ਰੁਪਏ ਤੋਂ ਵਧ ਖ਼ਰਚਿਆਂ ਜਾ ਚੁੱਕਾ ਹੈ।

## ਰਾਸ਼ਟਰ ਮੰਡਲ ਖੇਡਾਂ ਦੀ ਸੁਰੱਖਿਆ 'ਤੇ ਆਸਟਰੇਲੀਆ ਚਿੰਤਤ

**ਨਵੀਂ ਦਿੱਲੀ:** ਆਟਰੇਲੀਆ ਨੇ ਅਗਲੇ ਸਾਲ ਹੋਣ ਜਾ ਰਹੀਆਂ ਰਾਸ਼ਟਰ ਮੰਡਲ ਖੇਡਾਂ ਦੌਰਾਨ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ। ਇਸ ਦੇ ਨਾਲ ਇਹ ਵੀ ਕਿਹਾ ਹੈ ਕਿ ਭਾਰਤ ਨੇ ਪੂਰੀ ਸੁਰੱਖਿਆ ਦੇਣ ਦਾ ਭਰੋਸਾ ਦਿਤਾ ਹੈ। ਆਸਟਰੇਲੀਆ ਦੇ ਵਿਦੇਸ਼ ਮੰਤਰੀ ਸਟੀਫਨ ਸਿਮਥ ਨੇ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਅਸੀਂ ਚਿੰਤਤ ਹਾਂ। ਅਤਿਵਾਦੀ ਸਰਗਰਮੀਆਂ ਨੂੰ ਲੈ ਕੇ ਸਾਨੂੰ ਸੁਚੇਤ ਹੋਣਾ ਪਵੇਗਾ। ਅਸੀਂ ਨਹੀਂ ਚਾਹੁੰਦੇ ਕਿ ਬੇਗੁਨਾਹ ਖਿਡਾਰੀਆਂ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਸਮੱਸਿਆ ਆਵੇ। ਖੇਡਾਂ ਲਈ ਤਿਆਰ ਕੀਤੇ ਜਾ ਰਹੇ ਧਿਆਨ ਚੰਦ ਸਟੇਡੀਅਮ ਦਾ ਦੌਰਾ ਕਰਨ ਤੋਂ ਬਾਅਦ ਸਿਮਥ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਮੰਤਰੀ ਨਾਲ ਸੁਰੱਖਿਆ ਸਬੰਧੀ ਗੱਲਬਾਤ ਕੀਤੀ ਹੈ। ਸਿਮਥ ਨੇ ਕਿਹਾ ਕਿ ਇਹ ਆਧੁਨਿਕ ਦੁਨੀਆ ਹੈ ਤੇ ਅਤਿਵਾਦ ਦਾ ਖ਼ਤਰਾ ਹਰ ਸਮੇਂ ਬਣਿਆ ਰਹਿੰਦਾ ਹੈ। ਅਸੀਂ ਅਤਿਵਾਦ ਪ੍ਰਤੀ ਚੁਕੰਨੇ ਹਾਂ ਤੇ ਭਾਰਤ ਵੀ। ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਠੋਸ ਸੁਰੱਖਿਆ ਦਾ ਭਰੋਸਾ ਦਿਵਾਇਆ ਹੈ। ਉਨ੍ਹਾਂ ਕਿਹਾ ਕਿ ਗੱਲਬਾਤ ਤੋਂ ਮੈਨੂੰ ਭਰੋਸਾ ਹੈ ਕਿ ਸੁਰੱਖਿਆ ਦੇ ਮਾਮਲੇ ਵਿਚ ਸਾਰੇ ਜ਼ਰੂਰੀ ਕਦਮ ਚੁੱਕੇ ਜਾਣਗੇ। ਪਰ ਕੋਈ ਪੱਕੀ ਗਰੰਟੀ ਨਹੀਂ ਦੇ ਸਕਦਾ। ਭਾਰਤ ਸਰਕਾਰ ਵੀ ਗਰੰਟੀ ਨਹੀਂ ਦੇ ਸਕਦੀ ਤੇ ਆਸਟਰੇਲੀਆ ਸਰਕਾਰ ਵੀ। ਅਤਿਵਾਦੀ ਘਟਨਾ ਰੋਕਣ ਲਈ ਸਾਨੂੰ ਬਹੁਤ ਜ਼ਿਆਦਾ ਸਚੇਤ ਰਹਿਣਾ ਪਵੇਗਾ।

ਆਸਟਰੇਲੀਆ ਨੇ ਇਨ੍ਹਾਂ ਖੇਡਾਂ ਵਿਚ ਭਾਰਤ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

## ਰਾਸ਼ਟਰਮੰਡਲ ਖੇਡ ਫੈਡਰੇਸ਼ਨ ਵਲੋਂ ਮਾਈਕ ਹੂਪਰ ਨੂੰ ਹਟਾਉਣੋ ਇਨਕਾਰ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡ ਫੈਡਰੇਸ਼ਨ ਅਤੇ ਅਗਲੇ ਵਰ੍ਹੇ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਦੀ ਸੰਗਠਨ ਕਮੇਟੀ ਦਰਮਿਆਨ ਟਕਰਾਅ ਵਧਦਾ ਹੀ ਜਾ ਰਿਹਾ ਹੈ। ਫੈਡਰੇਸ਼ਨ ਨੇ ਸੰਗਠਨ ਕਮੇਟੀ ਦੀ ਉਹ ਮੰਗ ਰੱਦ ਕਰ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਫੈਡਰੇਸ਼ਨ ਵਲੋਂ ਖੇਡਾਂ ਦੇ ਉਸਾਰੀ ਕੰਮਾਂ ਦੀ ਨਿਗਰਾਨੀ ਲਈ ਨਿਯੁਕਤ ਕੀਤੇ ਗਏ ਮੁੱਖ ਕਾਰਜਕਾਰੀ ਅਫ਼ਸਰ ਨਿਊਜ਼ੀਲੈਂਡ ਦੇ ਮਾਈਕ ਹੂਪਰ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਜਾਵੇ। ਕਮੇਟੀ ਨੇ ਹੂਪਰ ਨੂੰ ਹਟਾਉਣ ਪਿੱਛੇ ਇਹ ਤਰਕ ਦਿੱਤਾ ਸੀ ਕਿ ਹਾਲਾਂ ਕਿ ਹੂਪਰ ਬੀਤੇ 2 ਵਰ੍ਹਿਆਂ ਤੋਂ ਭਾਰਤ ਵਿਚ ਹਨ, ਪਰ ਉਨ੍ਹਾਂ ਦੀ ਮੌਜੂਦਗੀ ਦਾ ਖੇਡ ਪ੍ਰੋਜੈਕਟਾਂ ਨੂੰ ਪੂਰਾ ਕਰਨ 'ਚ ਕੋਈ ਲਾਭ ਨਹੀਂ ਹੋ ਰਿਹਾ। ਫੈਡਰੇਸ਼ਨ ਦੇ ਪ੍ਰਧਾਨ ਮਾਈਕਲ ਫੈਨੇਲ ਨੇ ਅੱਜ ਕਿਹਾ ਕਿ ਹੂਪਰ ਨੂੰ ਫੈਡਰੇਸ਼ਨ ਦਾ ਪੂਰਾ ਸਮਰਥਨ ਹਾਸਿਲ ਹੈ ਅਤੇ ਉਹ ਖੇਡਾਂ ਵਿਚ ਅਹਿਮ ਰੋਲ ਅਦਾ ਕਰਨਗੇ।

ਉਨ੍ਹਾਂ ਕਿਹਾ ਕਿ ਹੂਪਰ 'ਤੇ ਨਿੱਜੀ ਹਮਲੇ ਕਰਨ ਦੀ ਥਾਂ ਸੰਗਠਨ ਕਮੇਟੀ ਨੂੰ ਮਿਲ ਜੁਲ ਕੇ ਖੇਡਾਂ ਨਾਲ ਜੁੜੇ ਸਾਰੇ ਮਸਲੇ ਹੱਲ ਕਰਕੇ ਖੇਡਾਂ ਨੂੰ ਕਾਮਯਾਬ ਬਣਾਉਣ ਵਲ ਧਿਆਨ ਦੇਣਾ ਚਾਹੀਦਾ ਹੈ। ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕਲਮਾਡੀ, ਜੋ ਕਿ ਸੰਗਠਨ ਕਮੇਟੀ ਦੇ ਵੀ ਮੁਖੀ ਹਨ, ਨੇ ਕਿਹਾ ਸੀ ਕਿ ਖੇਡਾਂ ਸਬੰਧੀ ਬਣਾਈਆਂ ਜਾਣ ਵਾਲੀਆਂ ਕਮੇਟੀਆਂ ਦੀ ਬਹੁਤਾਤ ਹੋਣ ਕਾਰਨ ਤਾਲਮੇਲ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਉਧਰ, ਹੂਪਰ ਨੇ ਵੀ ਆਪਣੀ ਆਲੋਚਨਾ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਸੀ ਕਿ ਇਸ ਨਾਲ ਉਨ੍ਹਾਂ ਨੂੰ ਗਹਿਰਾ ਸਦਮਾ ਪਹੁੰਚਿਆ ਹੈ।

## 34ਵੀਆਂ ਕੌਮੀ ਖ਼ੇਡਾਂ ਫਿਰ ਮੁਲਤਵੀ

**ਲਖਨਊ:** ਝਾਰਖੰਡ ਵਿਖੇ ਹੋਣ ਵਾਲੀਆਂ 34ਵੀਆਂ ਕੌਮੀ ਖੇਡਾਂ ਲਗਾਤਾਰ ਚੌਥੀ ਵਾਰ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਖੇਡਾਂ ਨੂੰ ਰਾਜ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੁਲਤਵੀ ਕੀਤਾ ਗਿਆ ਹੈ। ਇਨ੍ਹਾਂ ਖੇਡਾਂ ਦੀਆਂ ਨਵੀਆਂ ਮਿਤੀਆਂ ਬਾਰੇ ਅਜੇ ਕੋਈ ਵੀ ਐਲਾਨ ਨਹੀਂ ਕੀਤਾ ਗਿਆ। ਉਧਰ, ਉੱਤਰ ਪ੍ਰਦੇਸ਼ ਓਲੰਪਿਕ ਐਸੋਸੀਏਸ਼ਨ ਨੇ ਸਾਲ 2013 'ਚ ਹੋਣ ਵਾਲੀਆਂ 36ਵੀਆਂ ਕੌਮੀ ਖੇਡਾਂ ਲਈ ਮੇਜ਼ਬਾਨੀ ਦਾ ਦਾਅਵਾ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਆਨੰਦੇਸ਼ਵਰ ਪਾਂਡੇ ਦਾ ਕਹਿਣਾ ਹੈ ਕਿ ਲਖਨਊ ਵਿਖੇ ਹੋਈ ਐਸੋਸੀਏਸ਼ਨ ਦੀ ਇੱਕ ਬੈਠਕ ਤੋਂ ਬਾਅਦ ਹੀ ਮੇਜ਼ਬਾਨੀ ਦਾ ਦਾਅਵਾ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੌਮੀ ਖੇਡਾਂ ਦੀ ਮੇਜ਼ਬਾਨੀ ਲਈ ਉੱਤਰ ਪ੍ਰਦੇਸ਼ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸ ਦੇ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਪਹਿਲਾਂ ਤੋਂ ਹੀ ਰਾਜ ਕੋਲ ਮੌਜੂਦ ਹਨ। ਪਾਂਡੇ ਨੇ ਇਹ ਵੀ ਦੱਸਿਆ ਕਿ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ 35ਵੀਆਂ ਕੌਮੀ ਖੇਡਾਂ ਦੀ ਮੇਜ਼ਬਾਨੀ ਪਹਿਲਾਂ ਉੱਤਰ ਪ੍ਰਦੇਸ਼ ਨੂੰ ਹੀ ਸੌਂਪੀ ਸੀ, ਪਰ ਉਸ ਸਮੇਂ ਰਾਜ ਕੋਲ ਇਨ੍ਹਾਂ ਖੇਡਾਂ ਲਈ ਤਿਆਰੀ ਕਰਨ ਦਾ ਪੂਰਾ ਸਮਾਂ ਨਹੀਂ ਸੀ। ਇਸੇ ਲਈ ਰਾਜ ਵਲੋਂ ਆਪਣਾ ਨਾਂ ਵਾਪਿਸ ਲੈ ਲਿਆ ਗਿਆ ਸੀ। ਉਸ ਤੋਂ ਬਾਅਦ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕੇਰਲ ਨੂੰ ਦੇ ਦਿੱਤੀ ਗਈ ਸੀ।

## ਅਰਜਨਟੀਨਾ ਵਿਸ਼ਵ ਕੱਪ ਫੁਟਬਾਲ ਲਈ ਕੁਆਲੀਫਾਈ

### ਅਰਜਨਟੀਨੀ ਕੋਚ ਮਾਰਾਡੋਨਾ ਦਾ ਭਵਿੱਖ ਹਨੇਰੇ 'ਚ



**ਮੌਂਟੇਵੀਡੀਓ (ਉਰੂਗੋਵੇ):** ਦੋ ਵਾਰ ਦਾ ਵਿਸ਼ਵ ਕੱਪ ਫੁਟਬਾਲ ਵਿਜੇਤਾ ਅਤੇ ਮਹਾਨ ਫੁਟਬਾਲਰ ਡਿਏਗੋ ਮੈਰਾਡੋਨਾ ਦਾ ਦੇਸ਼ ਅਰਜਨਟੀਨਾ ਅਗਲੇ ਸਾਲ ਦੱਖਣੀ ਅਫਰੀਕਾ ਵਿਖੇ ਹੋਣ ਵਾਲੇ ਵਿਸ਼ਵ ਕੱਪ ਫੁਟਬਾਲ ਵਿਚ ਖੇਡੇਗਾ। ਫੁਟਬਾਲ ਖੇਡ ਦੀ ਵੱਡੀ ਤਾਕਤ ਮੰਨੇ ਜਾਂਦੇ ਅਰਜਨਟੀਨਾ ਲਈ ਇਸ ਵਾਰ ਵਿਸ਼ਵ ਕੱਪ ਕੁਆਲੀਫਾਈ ਕਰਨ ਦੇ ਲਾਲੇ ਪਏ ਹੋਏ ਸਨ। ਕਰੋ ਜਾਂ ਮਰੋ ਵਾਲੀ ਸਥਿਤੀ 'ਚੋਂ ਗੁਜ਼ਰ ਰਹੀ ਅਰਜਨਟੀਨੀ ਟੀਮ ਨੇ ਇਥੇ ਖੇਡੇ ਫੁਟਬਾਲ ਵਿਸ਼ਵ ਕੱਪ ਦੇ ਕੁਆਲੀਫਾਈ ਗਰੁੱਪ ਦੇ ਆਖਰੀ ਲੀਗ ਮੈਚ ਵਿਚ ਉਰੂਗੋਵੇ ਨੂੰ 1-0 ਨਾਲ ਹਰਾ ਕੇ ਵਿਸ਼ਵ ਕੱਪ ਲਈ ਕੁਆਲੀਫਾਈ ਕੀਤਾ। ਅਰਜਨਟੀਨੀ ਟੀਮ ਨੇ ਇਸ ਜਿੱਤ ਨਾਲ ਆਪਣੇ ਕੋਚ ਤੇ ਮਹਾਨ ਫੁਟਬਾਲਰ ਮੈਰਾਡੋਨਾ ਨੂੰ ਨਿਰਾਸ਼ ਨਹੀਂ ਹੋਣ ਦਿੱਤਾ ਕਿਉਂਕਿ ਜਦੋਂ ਤੋਂ ਅਰਜਨਟੀਨਾ ਟੀਮ 'ਤੇ ਵਿਸ਼ਵ ਕੱਪ ਤੋਂ ਬਾਹਰ ਰਹਿਣ ਦਾ ਖਤਰਾ ਮੰਡਰਾਉਣ ਲੱਗਿਆ ਸੀ ਤਾਂ ਮੈਰਾਡੋਨਾ ਦੀ ਕੋਚਿੰਗ ਉੱਪਰ ਵੀ ਸਵਾਲ ਉੱਠਣ ਲੱਗੇ ਸਨ।

ਦੱਖਣੀ ਅਮਰੀਕਾ ਦੇ ਕੁਆਲੀਫਾਈ ਗਰੁੱਪ ਦੇ 15 ਅਕਤੂਬਰ ਨੂੰ ਇਥੇ ਖੇਡੇ ਗਏ ਮੈਚ ਵਿਚ ਅਰਜਨਟੀਨਾ ਨੇ ਮਾਰੀਓ ਬੋਲਾਟੀ ਵਲੋਂ ਕੀਤੇ ਇਕਮਾਤਰ ਗੋਲ ਦੀ ਬਦੌਲਤ ਜਿੱਤ ਹਾਸਲ ਕੀਤੀ। ਇਸ ਜਿੱਤ ਨਾਲ ਉਨ੍ਹਾਂ ਦੀ ਟੀਮ ਇਸ ਗਰੁੱਪ ਵਿਚ ਚੌਥੇ ਸਥਾਨ 'ਤੇ ਰਹਿੰਦੀ ਹੋਈ ਵਿਸ਼ਵ ਕੱਪ ਲਈ ਸਿੱਧਾ ਕੁਆਲੀਫਾਈ ਹੋਣ ਵਾਲੀ ਚੌਥੀ ਅਤੇ ਆਖਰੀ ਟੀਮ ਬਣੀ। ਓਲੰਪਿਕ ਸੋਨ ਤਮਗਾ ਜੇਤੂ ਅਰਜਨਟੀਨਾ ਦੀ ਟੀਮ ਲਈ ਆਖਰੀ ਦੋਵੇਂ ਮੈਚ ਲਾਜ਼ਮੀ ਹੋ ਗਏ ਸਨ, ਜੇ ਉਹ ਇਕ ਵੀ ਮੈਚ ਹਾਰ ਜਾਂਦੀ ਤਾਂ ਉਸਨੂੰ ਸਿਰਫ ਪਲੇਅ ਆਫ ਰਾਹੀਂ ਮੌਕਾ ਮਿਲਣਾ ਸੀ ਜੋ ਕਿ ਬਹੁਤ ਮੁਸ਼ਕਲ ਸੀ।

ਅਰਜਨਟਾਈਨਾ ਦੀ ਫੁੱਟਬਾਲ ਟੀਮ ਅਗਲੇ ਵਰ੍ਹੇ ਦੱਖਣੀ ਅਫਰੀਕਾ ਵਿਖੇ ਹੋਣ ਵਾਲੇ ਵਿਸ਼ਵ ਕੱਪ ਟੂਰਨਾਮੈਂਟ ਲਈ ਕੁਆਲੀਫਾਈ ਕਰਨ 'ਚ ਸਫ਼ਲ ਹੋ ਚੁੱਕੀ ਹੈ। ਪਰ, ਸਵਾਲ ਇਹ ਹੈ ਕਿ ਕੀ ਟੀਮ ਦੇ ਕੋਚ ਮਾਰਾਡੋਨਾ ਟੀਮ ਦੇ ਨਾਲ ਬਤੌਰ ਕੋਚ ਦੱਖਣੀ ਅਫ਼ਰੀਕਾ ਜਾਣਗੇ ਜਾਂ ਨਹੀਂ? ਮਸਲਾ ਇਹ ਹੈ ਕਿ ਬਤੌਰ ਕੋਚ ਉਨ੍ਹਾਂ ਦੀ ਕਾਬਲੀਅਤ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਇੱਕ ਹੋਰ ਕਾਰਨ ਕਰਕੇ ਬਤੌਰ ਕੋਚ ਉਨ੍ਹਾਂ ਦਾ ਭਵਿੱਖ ਹਨੇਰੇ ਵਿਚ ਜਾਪਦਾ ਹੈ। ਉਹ ਇਹ ਹੈ ਕਿ ਉਰੂਗੁਏ ਖਿਲਾਫ਼ ਦਰਜ ਕੀਤੀ ਗਈ 1-0 ਦੀ ਜਿੱਤ ਪਿੱਛੋਂ ਮਾਰਾਡੋਨਾ ਨੇ ਰਿਪੋਰਟਰਾਂ ਅਤੇ ਆਪਣੇ ਆਲੋਚਕਾਂ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ। ਵਿਸ਼ਵ ਕੱਪ ਕੁਆਲੀਫਾਇੰਗ ਮੈਚਾਂ ਵਿਚ ਜਦੋਂ ਅਰਜਨਟਾਈਨਾ ਦੇ ਮਾੜੇ ਪ੍ਰਦਰਸ਼ਨ ਕਾਰਨ ਮਾਰਾਡੋਨਾ 'ਤੇ ਉਂਗਲੀ ਉੱਠ ਰਹੀ ਸੀ, ਤਾਂ ਉਸ ਨੇ ਅਸਤੀਫ਼ਾ ਦੇਣ ਦੀ ਗੱਲ ਕਹੀ ਸੀ। ਪਰ, ਅਰਜਨਟਾਈਨਾ ਦੇ ਵਿਸ਼ਵ ਕੱਪ 'ਚ ਪਹੁੰਚਣ ਮਗਰੋਂ ਉਸ ਨੇ ਕਿਹਾ ਕਿ ਅਸਤੀਫ਼ਾ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਅਰਜਨਟਾਈਨਾ ਫ਼ੁਟਬਾਲ ਫ਼ੈਡਰੇਸ਼ਨ ਦੇ ਮੁਖੀ ਜੂਲੀਓ ਗਰੋਨਡੋਨਾ ਨਾਲ ਸਲਾਹ ਕਰਨੀ ਪਵੇਗੀ।

## 2011 ਕ੍ਰਿਕਟ ਵਿਸ਼ਵ ਕੱਪ ਦਾ ਫ਼ਾਈਨਲ ਮੁੰਬਈ 'ਚ ਹੋਵੇਗਾ

**ਨਵੀਂ ਦਿੱਲੀ:** ਸਾਲ 2011 ਦੌਰਾਨ ਭਾਰਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿਖੇ ਹੋਣ ਵਾਲੇ ਕ੍ਰਿਕਟ ਵਿਸ਼ਵ ਕੱਪ ਟੂਰਨਾਮੈਂਟ ਦਾ ਫ਼ਾਈਨਲ ਮੈਚ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿਖੇ ਖੇਡਿਆ ਜਾਵੇਗਾ। ਇਸ ਵਿਸ਼ਵ ਕੱਪ ਮੌਕੇ ਕੁੱਲ 49 ਮੈਚ ਖੇਡੇ ਜਾਣਗੇ, ਜਿਨ੍ਹਾਂ ਵਿਚੋਂ ਭਾਰਤ ਦੇ ਹਿੱਸੇ 29 ਮੈਚ ਆਏ ਹਨ। ਇਨ੍ਹਾਂ ਵਿਚ ਉਹ ਮੈਚ ਵੀ ਸ਼ਾਮਿਲ ਹਨ, ਜਿਨ੍ਹਾਂ ਨੂੰ ਪਾਕਿਸਤਾਨ ਦੇ ਹਾਲਾਤ ਖ਼ਰਾਬ ਹੋਣ ਕਾਰਨ ਉਸ ਦੇਸ਼ ਤੋਂ ਮੇਜ਼ਬਾਨੀ ਵਾਪਸ ਲਏ ਜਾਣ ਦੀ ਸੂਰਤ ਵਿਚ ਭਾਰਤ ਨੂੰ ਅਲਾਟ ਕਰ ਦਿੱਤਾ ਗਿਆ ਸੀ।

ਮੋਹਾਲੀ ਦੇ ਪੀ ਸੀ ਏ ਸਟੇਡੀਅਮ ਵਿਖੇ ਭਾਰਤ ਦੇ ਹਿੱਸੇ ਆਇਆ 1 ਸੈਮੀਫ਼ਾਈਨਲ ਮੈਚ ਖੇਡਿਆ ਜਾਵੇਗਾ। ਇਹ ਜਾਣਕਾਰੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵਲੋਂ ਇਕ ਬਿਆਨ ਰਾਹੀਂ ਦਿੱਤੀ ਗਈ। ਭਾਰਤ ਵਿਚ ਮੈਚ 8 ਸਥਾਨਾਂ 'ਤੇ ਖੇਡੇ ਜਾਣਗੇ।

ਭਾਰਤ ਨੂੰ ਅਲਾਟ ਹੋਇਆ 1 ਕੁਆਟਰਫ਼ਾਈਨਲ ਮੈਚ ਅਹਿਮਦਾਬਾਦ ਵਿਖੇ ਹੋਵੇਗਾ। ਸ੍ਰੀਲੰਕਾ ਵਿਖੇ 12 ਅਤੇ ਬੰਗਲਾਦੇਸ਼ ਵਿਖੇ 8 ਮੈਚ ਖੇਡੇ ਜਾਣਗੇ। ਸ੍ਰੀਲੰਕਾ ਵਿਖੇ 1 ਸੈਮੀਫ਼ਾਈਨਲ ਖੇਡਿਆ ਜਾਵੇਗਾ।

## ਵੈਸਟਇੰਡੀਜ਼ ਕ੍ਰਿਕਟਰਾਂ ਦਾ ਬੋਰਡ ਨਾਲ ਵਿਵਾਦ ਸੁਲਝਿਆ

**ਤ੍ਰਿਨੀਦਾਦ:** 3 ਮਹੀਨਿਆਂ ਦੇ ਲੰਮੇ ਸਮੇਂ ਮਗਰੋਂ ਵੈਸਟਇੰਡੀਜ਼ ਦੇ ਮੁੱਖ ਧਾਰਾ ਦੇ ਕ੍ਰਿਕਟਰਾਂ ਦਾ ਵੈਸਟਇੰਡੀਜ਼ ਕ੍ਰਿਕਟ ਬੋਰਡ ਨਾਲ ਚਲਦਾ ਆ ਰਿਹਾ ਵਿਵਾਦ ਬੀਤੇ ਦਿਨੀਂ ਸਮਾਪਤ ਹੋ ਗਿਆ।

ਦੱਸਣਯੋਗ ਹੈ ਕਿ ਜੁਲਾਈ ਮਹੀਨੇ ਦੌਰਾਨ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਲੈ ਕੇ ਹੋਏ ਵਿਵਾਦ ਕਾਰਨ ਮੁੱਖ ਧਾਰਾ ਦੇ ਕ੍ਰਿਕਟਰਾਂ ਨੇ ਟੀਮ ਛੱਡ ਦਿੱਤੀ ਸੀ। ਹੁਣ ਇਹ ਕ੍ਰਿਕਟਰ ਅਗਲੇ ਮਹੀਨੇ ਦੇ ਆਸਟਰੇਲੀਆ ਦੌਰੇ ਲਈ ਉਪਲਬਧ ਹੋਣਗੇ।

ਇਸ ਵਿਵਾਦ ਕਾਰਨ ਬੋਰਡ ਨੂੰ ਦੂਜੇ ਦਰਜੇ ਦੀ ਟੀਮ ਬੰਗਲਾਦੇਸ਼ ਖ਼ਿਲਾਫ਼ ਟੈਸਟ ਤੇ 1 ਰੋਜ਼ਾ ਮੈਚਾਂ ਅਤੇ ਚੈਂਪੀਅਨਜ਼ ਟਰਾਫ਼ੀ 'ਚ ਖਿਡਾਉਣੀ ਪਈ ਸੀ।

## ਭਾਰਤ ਨੇ ਕੈਨੇਡਾ ਵਿਰੁਧ ਹਾਕੀ 'ਚ 4-0 ਦੀ ਲੀਡ ਲਈ

**ਸਰੀ :** ਸਥਾਨਕ ਤਮਾਨਾਵਿਸ ਪਾਰਕ ਵਿਖੇ ਭਾਰਤ ਅਤੇ ਕੈਨੇਡਾ ਦੀਆਂ ਹਾਕੀ ਟੀਮਾਂ ਦਰਮਿਆਨ 7 ਟੈਸਟ ਮੈਚਾਂ ਦੀ ਲੜੀ ਦਾ ਇੱਕ ਮੈਚ ਖੇਡਿਆ ਗਿਆ। ਇਸ ਵਿਚ ਭਾਰਤੀ ਟੀਮ ਨੇ 3-1 ਨਾਲ ਜਿੱਤ ਹਾਸਿਲ ਕੀਤੀ ਅਤੇ ਲੜੀ 'ਚ 4-0 ਦੀ ਅਜੇਤੂ ਲੀਡ ਲੈ ਲਈ।

ਮੈਚ ਦੀ ਸ਼ੁਰੂਆਤ ਦੌਰਾਨ ਭਾਰਤੀ ਟੀਮ ਰੱਖਿਆਤਮਕ ਰਣਨੀਤੀ ਅਪਣਾਉਂਦੀ ਹੋਈ ਨਜ਼ਰ ਆਈ ਅਤੇ ਉਸ ਨੇ ਕਈ ਗ਼ਲਤੀਆਂ ਵੀ ਕੀਤੀਆਂ। ਭਾਰਤੀ ਟੀਮ ਦੇ ਫ਼ਾਰਵਰਡ ਖਿਡਾਰੀਆਂ ਪ੍ਰਭਜੋਤ ਸਿੰਘ, ਕਪਤਾਨ ਰਾਜਪਾਲ ਸਿੰਘ, ਸਰਵਨਜੀਤ ਸਿੰਘ ਅਤੇ ਗੁਰਵਿੰਦਰ ਚੰਦੀ ਦੀ ਖੇਡ ਵਿੱਚ ਪੁਰਾਣਾ ਦਮ-ਖਮ ਨਜ਼ਰ ਨਹੀਂ ਆਇਆ। ਭਾਰਤੀ ਟੀਮ ਨੇ ਪਹਿਲਾ ਗੋਲ ਦਾਗ਼ ਕੇ ਸਕੋਰ ਆਪਣੇ ਹੱਕ 'ਚ 1-0 ਕਰ ਲਿਆ। ਇਹ ਗੋਲ 29ਵੇਂ ਮਿੰਟ 'ਚ ਪ੍ਰਭਜੋਤ ਸਿੰਘ ਦੇ ਪਾਸ ਰਾਹੀਂ ਗੁਰਵਿੰਦਰ ਚੰਦੀ ਨੇ ਦਾਗਿਆ। ਫ਼ਿਰ 35ਵੇਂ ਮਿੰਟ 'ਚ ਸੰਦੀਪ ਸਿੰਘ ਨੇ ਗੋਲ ਕਰਕੇ ਭਾਰਤੀ ਟੀਮ ਦੀ ਹਾਲਤ ਨੂੰ ਹੋਰ ਮਜ਼ਬੂਤ ਕਰ ਦਿੱਤਾ। ਇਸ ਤੋਂ ਬਾਅਦ ਦੂਜੇ ਅੱਧ ਦੌਰਾਨ 41ਵੇਂ ਮਿੰਟ 'ਚ ਕੈਨੇਡਾ ਦੇ ਖਿਡਾਰੀ ਡੇਵਿਡ ਜੇਮਸਨ ਨੇ ਗੋਲ ਦਾਗ਼ ਕੇ ਸਕੋਰ 2-1 ਤੱਕ ਪਹੁੰਚਾ ਦਿੱਤਾ ਅਤੇ ਮੈਚ ਰੋਮਾਂਚਕ ਹੁੰਦਾ ਨਜ਼ਰ ਆਇਆ। ਮੈਚ ਦੇ ਅੰਤਲੇ ਪਲਾਂ ਦੌਰਾਨ 67ਵੇਂ ਮਿੰਟ 'ਚ ਸੰਦੀਪ ਨੇ ਇਸ ਮੈਚ ਦਾ ਆਪਣਾ ਦੂਜਾ ਗੋਲ ਠੋਕ ਕੇ ਸਕੋਰ ਭਾਰਤ ਦੇ ਹੱਕ 'ਚ 3-1 ਕਰ ਦਿੱਤਾ, ਜੋ ਕਿ ਭਾਰਤ ਨੂੰ ਜਿਤਾ ਗਿਆ।ਭਾਰਤ ਨੇ ਪੰਜਾਂ ਵਿਚੋਂ 4 ਮੈਚ ਜਿੱਤ ਲਏ ਹਨ।

# ਪਾਕਿਸਤਾਨ ਖਤਰਨਾਕ ਮੋੜ 'ਤੇ, ਕਦੀ ਵੀ ਕਾਬਜ਼ ਹੋ ਸਕਦੇ ਤਾਲਿਬਾਨ

-ਜਤਿੰਦਰ ਪਨੂੰ

ਬੀਤੇ ਹਫਤੇ ਇੱਕ ਦਿਨ ਵੱਡੇ ਤੜਕੇ ਮੈਨੂੰ ਟੈਲੀਫੋਨ ਦੀ ਘੰਟੀ ਨਾਲ ਉਠਾਇਆ ਗਿਆ। ਪੱਛਮੀ ਤਰਜ਼ ਦੀ ਅੰਗਰੇਜ਼ੀ ਬੋਲਦੇ ਇੱਕ ਸੱਜਣ ਨੇ ਪਹਿਲਾਂ ਤਾਂ ਬਹੁਤਾ ਤੜਕੇ ਉਠਾਉਣ ਦੀ ਮਾਫੀ ਮੰਗੀ ਤੇ ਫਿਰ ਇਹ ਦੱਸ ਕੇ ਕਿ ਉਹ ਕਿਸੇ ਟੀ ਵੀ ਚੈਨਲ ਨਾਲ ਸੰਬੰਧਤ ਹੈ, ਇੱਕ ਖ਼ਬਰ ਬਾਰੇ ਮੇਰੀ ਰਾਏ ਮੰਗ ਲਈ। ਖ਼ਬਰ ਹਾਲੇ ਇਕ ਦਿਨ ਪਹਿਲਾਂ ਹੀ ਆਈ ਸੀ, ਜਿਸ ਅਨੁਸਾਰ ਅਮਰੀਕਾ ਦੇ ਅਕਾਦਮੀਸ਼ਨਾਂ ਦੇ ਇੱਕ ਗਰੁੱਪ ਨੇ ਖ਼ਦਸ਼ਾ ਜ਼ਾਹਰ ਕੀਤਾ ਸੀ ਕਿ ਤਾਲਿਬਾਨ ਦੇ ਲਸ਼ਕਰ ਹੁਣ ਪਾਕਿਸਤਾਨ ਉੱਤੇ ਉਵੇਂ ਹੀ ਕਬਜ਼ਾ ਕਰ ਸਕਦੇ ਹਨ, ਜਿਵੇਂ ਕਦੇ ਅਫ਼ਗਾਨਿਸਤਾਨ ਉੱਤੇ ਕੀਤਾ ਸੀ। ਉਹ ਪੱਤਰਕਾਰ ਮੈਨੂੰ ਪਤਾ ਨਹੀਂ ਕਿਵੇਂ 'ਪਾਕਿਸਤਾਨ ਦੇ ਮਾਮਲਿਆਂ ਦਾ ਮਾਹਰ' ਕਹੀ ਜਾ ਰਿਹਾ ਸੀ ਤੇ ਇਹ ਪੁੱਛੀ ਜਾਂਦਾ ਸੀ ਕਿ ਕੀ ਸਚਮੁੱਚ ਤਾਲਿਬਾਨ ਇੰਜ ਕਰਨ ਦੀ ਹੈਸੀਅਤ ਰੱਖਦੇ ਹਨ ਜਾਂ ਇਹ ਰਿਪੋਰਟ ਸਿਰਫ ਹਵਾਈ ਛੱਡਣ ਵਰਗੀ ਸੀ?


ਮੈਂ ਪਹਿਲਾਂ ਤਾਂ ਹੱਸ ਕੇ ਕਿਹਾ ਕਿ ''ਤੁਹਾਡੇ ਮੁਲਕ ਦੀ ਏਜੰਸੀ ਦੀ ਰਿਪੋਰਟ ਹੈ, ਤੁਸੀਂ ਜਾਣਦੇ ਰਹੋ''। ਪਰ ਫਿਰ ਸੰਜੀਦਗੀ ਨਾਲ ਕਿਹਾ ਕਿ, ''ਹੁਣ ਇਹ ਸਚਮੁੱਚ ਵਾਪਰ ਸਕਦਾ ਹੈ ਤੇ ਕਦੇ ਵੀ ਵਾਪਰ ਸਕਦਾ ਹੈ।''

ਸਾਲ 2008 ਦੇ ਸਤੰਬਰ ਵਿਚ ਮੈਂ ਇੱਕ ਲਿਖਤ ਲਿਖੀ ਸੀ, ਜਿਸ ਦਾ ਸਿਰਲੇਖ ਸੀ, ''ਪਾਕਿਸਤਾਨ ਅੰਦਰਲੇ ਹਾਲਾਤ ਸਿਰਫ ਓਸੇ ਦੇਸ਼ ਦਾ ਮੁੱਦਾ ਨਹੀਂ ਸਮਝਣੇ ਚਾਹੀਦੇ।'' ਉਸ ਵਿਚ ਵੀ ਹੁਣ ਵਾਲੇ ਹਾਲਾਤ ਬਣਨ ਦਾ ਇਸ਼ਾਰਾ ਕੀਤਾ ਗਿਆ ਸੀ। ਫਿਰ ਸਾਲ 2009 ਦੀ ਫਰਵਰੀ ਵਿਚ ਵੀ ਮੈਂ ਲਿਖਿਆ ਸੀ, ''ਹਿਟਲਰ ਦੀ ਉਠਾਣ ਨਾਲ ਮੇਲ ਖਾਂਦੀ ਹੈ ਤਾਲਿਬਾਨੀ ਲਸ਼ਕਰ ਦੀ ਖ਼ੂਨੀ ਮੁਹਿੰਮ।'' ਉਹ ਦੋਵੇਂ ਲਿਖਤਾਂ ਲਿਖਣ ਵੇਲੇ ਵੀ ਮੇਰੇ ਮਨ ਵਿਚ ਇਹੋ ਵਿਚਾਰ ਸੀ ਕਿ ਤਾਲਿਬਾਨ ਦੀ ਵਧਦੀ ਯਲਗਾਰ ਮੂਹਰੇ ਪਾਕਿਸਤਾਨੀ ਫੌਜ ਅਤੇ ਓਥੋਂ ਦੇ ਹਾਕਮਾਂ ਦਾ ਝੁਕਦੇ ਜਾਣਾ ਉਸ ਦੇਸ਼ ਨੂੰ ਦੂਜਾ ਅਫ਼ਗਾਨਿਸਤਾਨ ਬਣਾ ਸਕਦਾ ਹੈ। ਬੀਤੇ ਮਹੀਨਿਆਂ ਨੇ ਸਾਡੀ ਇਹ ਧਾਰਨਾ ਹੋਰ ਪੱਕੀ ਕਰ ਦਿੱਤੀ ਹੈ।

ਪਿਛਲੇ ਹਫ਼ਤੇ ਦੌਰਾਨ ਵਾਪਰੀਆਂ ਘਟਨਾਵਾਂ ਨੇ ਪਾਕਿਸਤਾਨ ਨੂੰ ਹੀ ਨਹੀਂ, ਸਮੁੱਚੇ ਸੰਸਾਰ ਨੂੰ ਹਲੂਣ ਕੇ ਰੱਖ ਦਿੱਤਾ ਹੈ। ਨੌਂ ਅਕਤੂਬਰ ਨੂੰ ਪੇਸ਼ਾਵਰ ਦੇ ਸਭ ਤੋਂ ਰੌਣਕ ਵਾਲੇ ਖ਼ੈਬਰ ਬਜ਼ਾਰ ਵਿਚ ਆਤਮਘਾਤੀ ਧਮਾਕਾ ਕਰ ਕੇ ਪੰਜਾਹ ਤੋਂ ਵਧ ਬੰਦੇ ਮਾਰ ਦਿੱਤੇ ਗਏ। ਅਗਲੇ ਦਿਨ ਦਸ ਅਕਤੂਬਰ ਨੂੰ ਦਹਿਸ਼ਤਗਰਦਾਂ ਨੇ ਰਾਵਲਪਿੰਡੀ ਵਿਚ ਪਾਕਿਸਤਾਨ ਦੀ ਫੌਜ ਦੇ ਹੈਡਕੁਆਰਟਰ ਉੱਤੇ ਹਮਲਾ ਜਾ ਕੀਤਾ। ਅੱਠ ਤਾਂ ਅੱਤਵਾਦੀ ਮਾਰੇ ਗਏ ਤੇ ਦਰਜਨ ਜਣੇ ਜਿਹੜੇ ਹੋਰ ਮਰੇ, ਉਨ੍ਹਾਂ ਵਿਚ ਇਕ ਬਰਗੇਡੀਅਰ ਤੇ ਇਕ ਲੈਫਟੀਨੈਂਟ ਕਰਨਲ ਵੀ ਸੀ। ਸਿਰਫ ਦੋ ਦਿਨ ਬਾਅਦ ਬਾਰਾਂ ਅਕਤੂਬਰ ਨੂੰ ਇੱਕ ਆਤਮਘਾਤੀ ਹਮਲਾ ਕਰਕੇ ਚਾਲੀ ਤੋਂ ਵਧ ਲੋਕ ਹੋਰ ਮਾਰ ਦਿੱਤੇ ਗਏ।

ਇਹਨਾਂ ਸਾਰਿਆਂ ਤੇ ਇਹੋ ਜਿਹੇ ਹੋਰਨਾਂ ਮਰਨ ਵਾਲਿਆਂ ਨੂੰ ਵੀ, ਮੌਤਾਂ ਦੀ ਗਿਣਤੀ ਪੱਖੋਂ ਭਾਵੇਂ ਨਹੀਂ, ਦਹਿਸ਼ਤ ਪਾਉਣ ਦੇ ਪੱਖ ਤੋਂ ਪੰਦਰਾਂ ਅਕਤੂਬਰ ਦਾ ਦਿਨ ਪਿੱਛੇ ਛੱਡ ਗਿਆ। ਇੱਕੋ ਦਿਨ ਪੰਜ ਥਾਂਈਂ ਹਮਲੇ ਹੋਣ ਕਾਰਨ ਹਰ ਪਾਸੇ ਸਹਿਮ ਦਾ ਮਾਹੌਲ ਬਣਿਆ ਪਿਆ ਸੀ। ਟੀ.ਵੀ. ਚੈਨਲ ਇਹ ਕਹਿੰਦੇ ਸਨ ਕਿ ਲੋਕਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਕਿਹੜਾ ਪਾਸਾ ਸੁਰਖਿਅਤ ਹੈ ਤੇ ਕਿਹੜਾ ਨਹੀਂ। ਤਿੰਨ ਥਾਂਈਂ ਇਕੱਲੇ ਲਾਹੌਰ ਸ਼ਹਿਰ ਅੰਦਰ ਹੀ ਹਮਲੇ ਹੋ ਗਏ ਤੇ ਦੋ ਹਮਲੇ ਦੁਰਾਡੇ ਇਲਾਕਿਆਂ ਵਿਚ ਕੀਤੇ ਗਏ। ਦੁਰਾਡੇ ਇਲਾਕਿਆਂ ਵਿਚੋਂ ਇਕ ਹਮਲਾ ਕੁਹਾਟ ਦੇ ਥਾਣੇ ਉੱਤੇ ਕੀਤਾ ਗਿਆ, ਜਿਥੇ ਇਕ ਆਤਮਘਾਤੀ ਦਹਿਸ਼ਤਗਰਦ ਸਮੇਤ ਗਿਆਰਾਂ ਜਣੇ ਮੌਤ ਦੇ ਮੂੰਹ ਪੈ ਗਏ। ਲਾਹੌਰ ਨੇੜੇ ਮਨਾਵਾਂ, ਜਿਹੜਾ ਵਾਹਗਾ ਬਾਰਡਰ ਤੋਂ ਵੀ ਬਹੁਤੀ ਦੂਰ ਨਹੀਂ, ਦੇ ਪੁਲਸ ਕਮਾਂਡੋ ਟਰੇਨਿੰਗ ਕੇਂਦਰ ਉੱਤੇ ਕੁਝ ਮਹੀਨੇ ਪਹਿਲਾਂ ਵੀ ਹਮਲਾ ਹੋਇਆ ਸੀ ਤੇ ਕਾਫੀ ਲੋਕ ਮਾਰੇ ਗਏ ਸਨ। ਦੁਬਾਰਾ ਉਸੇ ਥਾਂ ਹਮਲਾ ਕਰ ਦਿੱਤਾ ਗਿਆ ਤੇ ਅਜਿਹਾ ਕਰਨਾ ਦਹਿਸ਼ਤਗਰਦਾਂ ਦੀ ਬਹੁਤ ਵਧੀ ਹੋਈ ਤਾਕਤ ਨੂੰ ਜ਼ਾਹਰ ਕਰਦਾ ਹੈ। ਫਿਰ ਵੀ ਸਭ ਤੋਂ ਵੱਧ ਸਨਸਨੀਖੇਜ਼ ਮਾਮਲਾ ਬਣਦਾ ਹੈ ਲਾਹੌਰ ਵਿਚ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਦੇ ਮੁੱਖ ਦਫਤਰ ਉੱਤੇ ਹਮਲੇ ਦਾ। ਬੰਦੇ ਓਥੇ ਸੱਤ ਮਾਰੇ ਗਏ, ਪਰ ਗੱਲ ਸਿਰਫ ਸੱਤਾਂ ਦੀ ਨਹੀਂ, ਇਹ ਵੀ ਹੈ ਕਿ ਮਨਾਵਾਂ ਵਾਲੇ ਕਮਾਂਡੋ ਟਰੇਨਿੰਗ ਕੇਂਦਰ ਵਾਂਗ ਇਸ ਏਜੰਸੀ ਦੀ ਇਸੇ ਇਮਾਰਤ ਉੱਤੇ ਵੀ ਦੂਜੀ ਵਾਰੀ ਹਮਲਾ ਹੋਇਆ ਹੈ। ਪਿਛਲੇ ਸਾਲ ਮਾਰਚ ਵਿਚ ਵੀ ਉਸ ਉੱਤੇ ਹਮਲਾ ਕਰ ਕੇ ਇੱਕੀ ਜਣੇ ਮਾਰ ਦਿੱਤੇ ਗਏ ਹਨ। ਏਜੰਸੀ ਇਹ ਕੋਈ ਸਧਾਰਨ ਜਾਂਚ ਪੜਤਾਲ ਕਰਨ ਵਾਲੀ ਨਹੀਂ, ਪਾਕਿਸਤਾਨ ਦੇ ਢਾਂਚੇ ਦੀ ਬੁਨਿਆਦ ਮੰਨੀਆਂ ਜਾਂਦੀਆਂ ਏਜੰਸੀਆਂ ਵਿਚੋਂ ਇਕ ਹੈ ਤੇ ਲੋਕ ਤਾਂ ਇਸਨੂੰ ਆਪਣੇ ਦੇਸ਼ ਦੀ ਅੰਦਰੂਨੀ ਆਈ ਐਸ ਆਈ ਵੀ ਮੰਨਦੇ ਹਨ। ਕਹਿਣ ਦਾ ਭਾਵ ਇਹ ਕਿ ਜਿੰਨੇ ਪ੍ਰਭਾਵਿਆਂ ਦੀ ਜੜ੍ਹ ਆਂਢ-ਗਵਾਂਢ ਦੇ ਦੇਸ਼ਾਂ ਵਿਚ ਆਈ ਐਸ ਆਈ ਨੂੰ ਮੰਨਿਆ ਜਾਂਦਾ ਹੈ, ਓਨੇ ਕੁ ਅੰਦਰੂਨੀ ਮਾਮਲਿਆਂ ਵਿਚ ਇਸ ਏਜੰਸੀ ਦੀ ਸਰਗਰਮ ਗਿਣੀ ਜਾਂਦੀ ਹੈ। ਇਹੋ ਜਿਹੀ ਏਜੰਸੀ ਉੱਤੇ ਮੁੜ ਮੁੜ ਹਮਲੇ ਹੋਣਾ ਦਹਿਸ਼ਤਗਰਦਾਂ ਦੀ ਮਜ਼ਬੂਤੀ ਵੀ ਦੱਸਦਾ ਹੈ ਤੇ ਸਰਕਾਰੀ ਤੰਤਰ ਦਾ ਨਿਪੁੰਸਕ ਹੋਣਾ ਵੀ।

ਇਹਨਾਂ ਹਾਲਤਾਂ ਵਿਚ ਅਮਰੀਕਾ ਤੋਂ ਏਸ਼ੀਆ ਤੱਕ ਜਾਂ ਫਿਰ ਪਾਕਿਸਤਾਨ ਤੋਂ ਪੱਛਮ ਤੱਕ ਹਰ ਥਾਂ ਇਹੋ ਚਰਚਾ ਚੱਲ ਰਹੀ ਹੈ ਕਿ ਤਾਲਿਬਾਨ ਇਸ ਦੇਸ਼ ਉੱਤੇ ਕਬਜ਼ਾ ਕਰ ਜਾਣਗੇ ਜਾਂ ਨਹੀਂ। ਹਮੇਸ਼ਾ ਆਸਵੰਦ ਅਖਵਾਉਣ ਦੇ ਕੁਝ ਸ਼ੌਕੀਨਾਂ ਨੂੰ ਪਾਸੇ ਰੱਖ ਲਿਆ ਜਾਵੇ ਤਾਂ ਹਕੀਕੀ ਗੱਲ ਕਰਨ ਵਾਲੇ ਲੱਗਭੱਗ ਸਾਰੇ ਵਿਸ਼ਲੇਸ਼ਣਕਾਰ ਹੁਣ ਇਹ ਮੰਨ ਕੇ ਚੱਲ ਰਹੇ ਹਨ ਕਿ ਅਜਿਹਾ ਵਾਪਰ ਸਕਦਾ ਹੈ। ਜੇ ਅਜਿਹਾ ਵਾਪਰ ਜਾਂਦਾ ਹੈ ਤਾਂ ਇਤਿਹਾਸ ਦੇ ਕਟਹਿਰੇ ਵਿਚ ਕਸੂਰਵਾਰ ਕੌਣ ਹੋਣਗੇ, ਇਹਦੀ ਨਿਸ਼ਾਨੇਦੇਹੀ ਵੀ ਹੁਣੇ ਤੋਂ ਹੋਣ ਲੱਗ ਪਈ ਹੈ ਤੇ ਇਹ ਬਾਹਰ ਹੀ ਨਹੀਂ, ਖ਼ੁਦ ਪਾਕਿਸਤਾਨ ਦੇ ਅੰਦਰੋਂ ਵੀ ਕੀਤੀ ਜਾਣ ਲੱਗੀ ਹੈ।



ਪਿਛਲੇ ਦਿਨੀਂ ਪਾਕਿਸਤਾਨ ਅੰਦਰ ਹੋਈਆਂ ਇਹੋ ਜਿਹੀਆਂ ਕੁਝ ਬਹਿਸਾਂ ਭਾਰਤੀ ਟੈਲੀਵਿਜ਼ਨਾਂ ਚੈਨਲਾਂ ਨੇ ਵੀ ਵਿਖਾਈਆਂ ਹਨ। ਇਕ ਮੌਕੇ ਇਕ ਭਾਸ਼ਣਕਾਰ ਨੇ ਪਾਕਿਸਤਾਨ ਦੇ ਹਾਲਾਤ ਬਾਰੇ ਅਮਰੀਕੀ ਹੁਕਮਰਾਨ ਦੀ ਫਿਕਰਮੰਦੀ ਦਾ ਬੜੀ ਉਚੇਚ ਨਾਲ ਜ਼ਿਕਰ ਕੀਤਾ। ਬਹੁਤੇ ਸਰੋਤੇ ਤਾਂ ਚੁੱਪ ਰਹੇ, ਪਰ ਇਕ ਜਣੇ ਨੇ ਉਠ ਕੇ ਪਰਖਚੇ ਲਾਹੁਣ ਦਾ ਰਾਹ ਫੜ ਲਿਆ। ਉਸਨੇ ਪਾਕਿਸਤਾਨ ਤੇ ਤਾਲਿਬਾਨ ਦੇ ਮੁੱਦੇ ਨੂੰ ਤਾਲਿਬਾਨ ਤੇ ਅਫਗਾਨਿਸਤਾਨ ਵਾਲੇ ਤਜਰਬੇ ਦੇ ਸ਼ੀਸ਼ੇ ਵਿਚ ਫਿੱਟ ਕੀਤਾ ਤੇ ਸੁਆਲ ਇਹ ਬਣਾ ਧਰਿਆ ਕਿ ਅਮਰੀਕਾ ਨੂੰ ਓਦੋਂ ਕਿਹੜਾ ਪਤਾ ਨਹੀਂ ਸੀ, ਪਰ ਉਸ ਨੇ ਓਦੋਂ ਕੁਝ ਨਹੀਂ ਕੀਤਾ। ਜੇ ਓਦੋਂ ਹੀ ਤਾਲਿਬਾਨ ਦੀ ਖ਼ਸਲਤ ਪਛਾਣ ਕੇ ਅਮਰੀਕੀ ਹਾਕਮਾਂ ਨੇ ਠੀਕ ਨੀਤੀ ਧਾਰਨ ਕੀਤੀ ਹੁੰਦੀ, ਪਾਕਿਸਤਾਨ ਦੇ ਲੋਕਾਂ ਨੂੰ ਉਹ ਦਿਨ ਨਹੀਂ ਸਨ ਦੇਖਣੇ ਪੈਣੇ, ਜਿਹੜੇ ਅੱਜ ਦੇਖਣੇ ਪੈ ਰਹੇ ਹਨ। ਉਸ ਵਕਤ ਅਮਰੀਕੀ ਸਰਕਾਰ ਤੇ ਉਸ ਦੇ ਹੱਥਾਂ ਵਿਚ ਖੇਡਦੀ ਪਾਕਿਸਤਾਨੀ ਹਕੂਮਤ ਵੀ ਉਨ੍ਹਾਂ ਸੱਪਾਂ ਦੇ ਸਿਰ ਪਲੋਸਦੀ ਰਹੀ, ਜਿਨ੍ਹਾਂ ਦੇ ਹੁਣ ਡੰਗ ਖਾਣੇ ਪੈ ਰਹੇ ਹਨ।

ਬਹਿਸ ਵਿਚ ਇਹ ਨੁਕਤਾ ਵੀ ਉੱਭਰਿਆ ਕਿ ਅਮਰੀਕੀ ਸਰਕਾਰਾਂ ਇਕ ਗਿਣੀ-ਮਿੱਥੀ ਨੀਤੀ ਅਧੀਨ ਇਹੋ ਜਿਹੀਆਂ ਚਾਲਾਂ ਚੱਲਦੀਆਂ ਹਨ ਤੇ ਸਾਡੇ ਮੁਲਕਾਂ ਨੂੰ ਉਨ੍ਹਾਂ ਦਾ ਨਤੀਜਾ ਭੁਗਤਣਾ ਪੈਂਦਾ ਹੈ। ਏਥੇ ਆ ਕੇ ਦੋ ਜਣਿਆਂ ਨੇ ਬਹਿਸ ਦਾ ਰੁਖ ਮੋੜਿਆ। ਇਕ ਨੇ ਇਹ ਕਿਹਾ ਕਿ ਅਮਰੀਕੀ ਹਕੂਮਤਾਂ ਆਪਣੇ ਦੇਸ਼ ਦੇ ਹਿੱਤ ਵਿਚ ਜੋ ਵੀ ਠੀਕ ਸਮਝਦੀਆਂ ਹਨ, ਉਸਨੂੰ ਮੁੱਖ ਰੱਖ ਕੇ ਚਾਲ ਚੱਲਦੀਆਂ ਹਨ, ਨਿਕੰਮੇ ਤਾਂ ਸਾਡੇ ਲੀਡਰ ਹਨ, ਜਿਹੜੇ ਨਾ ਕੋਈ ਚਾਲ ਸਮਝਣ ਜੋਗੇ ਹਨ ਤੇ ਨਾ ਕੋਈ ਭਾਜੀ ਮੋੜਨ ਜੋਗੇ। ਦੂਜੇ ਸੱਜਣ ਨੇ ਸਾਰੀ ਗੱਲ ਇਹ ਕਹਿ ਕੇ ਪਲਟ ਦਿੱਤੀ ਕਿ ਅਮਰੀਕਾ ਤਾਂ ਫਾਇਦਾ ਲੈਂਦਾ ਹੈ, ਚਾਲਾਂ ਖ਼ੁਦ ਪਾਕਿਸਤਾਨ ਦੇ ਲੀਡਰ ਚੱਲਦੇ ਹਨ, ਫਰਕ ਸਿਰਫ ਇਹ ਹੈ ਕਿ ਅਮਰੀਕਾ ਆਪਣੇ ਮੁਲਕ ਨੂੰ ਇੱਕੀਵੀਂ ਸਦੀ ਤੋਂ ਬਾਈਵੀਂ ਵੱਲ ਲਿਜਾਣ ਦੀ ਨੀਤੀ 'ਤੇ ਚੱਲਦਾ ਹੈ ਜਦਕਿ ਪਾਕਿਸਤਾਨ ਦੇ ਹਾਕਮ ਇੱਕੀਵੀਂ ਸਦੀ ਵਿਚ ਖੜੇ ਕੇ ਬਾਬਰ ਦੇ ਵੇਲੇ ਦੀ ਸੋਲ੍ਹਵੀਂ ਸਦੀ ਵਲ ਵੇਖੀ ਜਾਂਦੇ ਹਨ। ਤੇ ਇਹੋ ਹੈ ਉਹ ਨੀਤੀ, ਜਿਸ ਕਾਰਨ ਬਾਹਰਲੇ ਦੁਸ਼ਮਣਾਂ ਦੀ ਲੋੜ ਨਹੀਂ, ਪਾਕਿਸਤਾਨ ਆਪਣੇ ਮਦੱਰਸਿਆਂ ਵਿਚ ਹੀ ਜਹਾਦੀ ਪੈਦਾ ਕਰਦਾ ਹੈ ਤੇ ਸਿਰਫ ਮਾਰਨਾ ਜਾਂ ਮਰ ਜਾਣਾ ਜਾਣਦੇ ਉਨ੍ਹਾਂ ਜਨੂੰਨੀਆਂ ਨੂੰ ਉਨ੍ਹਾਂ ਦੇ ਕੱਟੜਪੰਥੀ ਆਗੂ ਜੋ ਵੀ ਆਖਦੇ ਹਨ, ਉਹ ਕਰੀ ਜਾਂਦੇ ਹਨ।

ਸਾਡੀ ਸਮਝ ਵਿਚ ਇਹ ਗੱਲ ਹਕੀਕੀ ਹੈ। ਪਾਕਿਸਤਾਨ ਦੇ ਹੁਕਮਰਾਨਾਂ ਨੇ ਆਪਣੀਆਂ ਨੀਤੀਆਂ ਤੇ ਵਧੀਕੀਆਂ ਨੂੰ ਜਾਇਜ਼ ਠਹਿਰਾਉਣ ਲਈ ਹਮੇਸ਼ਾ ਅੱਲਾ ਅਤੇ ਇਸਲਾਮ ਦੇ ਨਾਂਅ ਦੀ ਦੁਰਵਰਤੋਂ ਕੀਤੀ ਹੈ। ਇਕ ਮੌਕਾ ਸੀ, ਜਦੋਂ ਜਨਰਲ ਜ਼ੀਆ ਉਲ ਹੱਕ ਵਰਗੇ ਜਾਬਰ ਤਾਨਾਸ਼ਾਹ ਵਿਰੁੱਧ ਜਨਤਕ ਰੋਸ ਦੀ ਲਹਿਰ ਤਕੜੀ ਹੋਣ ਲੱਗੀ ਤਾਂ ਉਸਨੇ ਕੱਟੜਪੰਥੀ ਜਮਾਤ-ਇ-ਇਸਲਾਮੀ ਨਾਲ ਨੇੜਲੇ ਸੰਬੰਧ ਬਣਾ ਲਏ ਸਨ। ਜਮਾਤ-ਇ-ਇਸਲਾਮੀ ਦੇ ਇਕ ਸਮਾਗਮ ਵਿਚ ਜਨਰਲ ਜ਼ੀਆ ਦੇ ਕਹਿਣ ਉੱਤੇ ਜਦੋਂ 19 ਰਿਟਾਇਰਡ ਫੌਜੀ ਜਰਨੈਲ ਪਹਿਲੀ ਵਾਰੀ ਸ਼ਾਮਲ ਹੋਏ, 1991 ਦਾ ਉਹ ਸਮਾਗਮ ਪਾਕਿਸਤਾਨੀ ਰਾਜਨੀਤੀ ਤੇ ਪਾਕਿਸਤਾਨ ਦੇ ਸਮਾਜਕ ਹਾਲਤ ਵਿਚ ਇਕ ਇਤਿਹਾਸਕ ਮੋੜ ਬਣ ਗਿਆ ਸੀ। ਫਿਰ 1992 ਵਿਚ ਪਹਿਲੀ ਵਾਰੀ ਇੱਕ ਪੂਰੀ ਲੰਮੀ ਦਾੜ੍ਹੀ ਵਾਲੇ ਜਾਵੇਦ ਨਾਸਿਰ ਨੂੰ ਨਾ ਸਿਰਫ ਲੈਫਟੀਨੈਂਟ ਜਨਰਲ ਬਣਾਇਆ ਗਿਆ, ਸਗੋਂ ਆਈ ਐਸ ਆਈ ਦਾ ਮੁਖੀ ਵੀ ਬਣਾ ਦਿਤਾ ਗਿਆ ਤੇ ਇਹ ਕੰਮ ਨਵਾਜ਼ ਸ਼ਰੀਫ ਨੇ ਕੀਤਾ ਸੀ। ਉਸ ਪਿਛੋਂ ਨਾ ਸਿਰਫ ਸਾਬਕਾ ਜਰਨੈਲ ਹੀ, ਸਗੋਂ ਖੁਫੀਆ ਏਜੰਸੀ ਆਈ ਐਸ ਆਈ ਦੇ ਸੀਨੀਅਰ ਅਧਿਕਾਰੀ ਵੀ ਜਮਾਤ ਦੀਆਂ ਕੱਟੜਪੰਥੀ ਸਰਗਰਮੀਆਂ ਨਾਲ ਜੁੜਨ ਲਗ ਪਏ ਸਨ। ਓਦੋਂ ਤੱਕ ਹਾਲੇ ਤਾਲਿਬਾਨ ਜੰਮੇ ਵੀ ਨਹੀਂ ਸਨ ਤੇ ਅਫਗਾਨਿਸਤਾਨ ਵਿਚ ਰੂਸੀ ਫੌਜ ਨਾਲ ਮੋਰਚਾ ਮੁਜਾਹਦੀਨ ਦਾ ਲੱਗਾ ਹੋਇਆ ਸੀ। ਮੁਜਾਹਦੀਨ ਨੇ ਜਦੋਂ ਸੋਵੀਅਤ ਰੂਸ ਟੁੱਟਣ ਪਿਛੋਂ ਅਫਗਾਨਿਸਤਾਨ ਉੱਤੇ ਕਬਜ਼ਾ ਜਾ ਕੀਤਾ, ਉਹ ਪਾਕਿਸਤਾਨੀ ਹਾਕਮਾਂ ਦੇ ਕਰਿੰਦੇ ਜਾਂ ਨਾਇਬ ਸੂਬੇਦਾਰ ਬਣ ਕੇ ਚੱਲਣ ਨੂੰ ਤਿਆਰ ਨਹੀਂ ਸਨ ਹੋਏ। ਇਸ ਕਰਕੇ ਉਨ੍ਹਾਂ ਦੇ ਗੋਡੇ ਲਵਾਉਣ ਦੀ ਨੀਤੀ ਅਧੀਨ ਸੋਲ੍ਹਾਂ ਸਤਾਰ੍ਹਵੀਂ ਸਦੀ ਦੇ ਮੁਲਖਈਆ ਲਸ਼ਕਰਾਂ ਵਰਗਾ ਤਾਲਿਬਾਨ ਦਾ ਨਵਾਂ ਟਿੱਡੀ ਦਲ ਪਾਕਿਸਤਾਨ ਦੀਆਂ ਬੇਨਜ਼ੀਰ ਤੇ ਨਵਾਜ਼ ਸ਼ਰੀਫ ਸਰਕਾਰਾਂ ਦੀ ਦੇਖ ਰੇਖ ਹੇਠ ਹੀ ਤਿਆਰ ਹੋਇਆ ਸੀ। ਉਸ ਲਸ਼ਕਰ ਵਲੋਂ ਕਾਬਲ ਉੱਤੇ ਕਬਜ਼ੇ ਤੱਕ ਹੀ ਨਹੀਂ, ਓਥੇ ਬੈਠਕੇ ਅਲਕਾਇਦਾ ਤਿਆਰ ਕਰਨ ਤੱਕ ਵੀ ਪਾਕਿਸਤਾਨ ਦੀ ਹਕੂਮਤ ਦੀ ਉਸ ਨਾਲ ਪੂਰੀ ਸਾਂਝ ਰਹੀ ਸੀ। ਇਹੋ ਸਾਂਝ ਸੀ, ਜਿਸ ਦੇ ਅਧੀਨ ਪਾਕਿਸਤਾਨ ਅੰਦਰ ਸਰਗਰਮ ਦਹਿਸ਼ਤਗਰਦਾਂ ਦੇ ਭਾਰਤੀ ਜੇਲ੍ਹ ਵਿਚ ਬੰਦ ਆਗੂਆਂ ਨੂੰ ਛੁਡਾਉਣ ਲਈ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਕੰਧਾਰ ਲਿਜਾਇਆ ਗਿਆ ਸੀ। ਕੰਧਾਰ ਦੇ ਹਵਾਈ ਅੱਡੇ ਉੱਤੇ ਪਹਿਰੇਦਾਰੀ ਤਾਲਿਬਾਨ ਫੌਜੀਆਂ ਦੀ ਸੀ, ਪਰ ਸੌਦੇਬਾਜ਼ੀ ਪਾਕਿਸਤਾਨ ਤੋਂ ਆਏ ਆਈ ਐਸ ਆਈ ਦੇ ਅਧਿਕਾਰੀ ਖ਼ੁਦ ਕਰਦੇ ਰਹੇ ਸਨ। ਓਦੋਂ ਕਿਸੇ ਨੇ ਇਹ ਖ਼ਿਆਲ ਹੀ ਨਾ ਕੀਤਾ ਕਿ ਹੱਥਾਂ ਦੀਆਂ ਦਿੱਤੀਆਂ ਗੰਢਾਂ ਕਿਸੇ ਦਿਨ ਦੰਦਾਂ ਨਾਲ ਵੀ ਖੋਲ੍ਹਣੀਆਂ ਪੈ ਸਕਦੀਆਂ ਹਨ।

ਹੁਣ ਜਦੋਂ ਪਾਕਿਸਤਾਨ ਹਕੂਮਤ ਚਲਾ ਰਹੇ ਲੀਡਰਾਂ ਦੀ ਹਾਲਤ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਰਗੀ ਬਣੀ ਹੋਈ ਹੈ, ਓਦੋਂ ਵੀ ਉਹ ਸੁਰ ਤੇ ਸੇਧ ਵਲੋਂ ਇਕ ਰਾਏ ਨਹੀਂ ਹਨ। ਕੁਝ ਤਾਂ ਇਹ ਸਮਝਦੇ ਹਨ ਕਿ ਸਿਰਫ ਤੇ ਸਿਰਫ ਅਮਰੀਕੀ ਫੌਜ ਦੀ ਮਦਦ ਨਾਲ ਹੀ ਇਸ ਖ਼ਤਰੇ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਦੂਜੇ ਇਹ ਸਮਝਦੇ ਹਨ ਕਿ ਅਮਰੀਕੀ ਮਦਦ ਨੇ ਪਹਿਲਾਂ ਹੀ ਬਥੇਰੇ ਪੁਆੜੇ ਪਾ ਰੱਖੇ ਹਨ, ਹੁਣ ਤਾਲਿਬਾਨ ਨਾਲ ਲੜਨ ਬਹਾਨੇ ਜੇ ਅਮਰੀਕੀ ਫੌਜ ਆ ਗਈ, ਇਰਾਕ ਵਾਂਗ ਏਥੇ ਵੀ 'ਅੱਗ ਲੈਣ ਆਈ, ਘਰ ਵਾਲੀ ਬਣ ਬੈਠੀ' ਦਾ ਮੁਹਾਵਰਾ ਸੱਚਾ ਸਾਬਤ ਹੋ ਜਾਵੇਗਾ। ਉਹ ਅਮਰੀਕੀ ਸਰਕਾਰ ਵਲੋਂ ਸ਼ਰਤਾਂ ਲਾ ਕੇ ਭੇਜੀ ਜਾ ਰਹੀ ਡਾਲਰਾਂ ਦੀ ਪੰਡ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਤੀਜੇ ਉਹ ਹਨ, ਜਿਹੜੇ ਉੱਪਰੋਂ ਤਾਂ ਸਰਕਾਰ ਦੇ ਨਾਲ ਹਨ, ਪਰ ਅੰਦਰੋਂ ਇਹ ਮੰਨ ਕੇ ਚੱਲਦੇ ਹਨ ਕਿ ਤਾਲਿਬਾਨ ਦਾ ਰਸਤਾ ਰੋਕਣ ਦਾ ਹੁਣ ਕੋਈ ਫਾਇਦਾ ਨਹੀਂ, ਸਗੋਂ ਜਦੋਂ ਉਨ੍ਹਾਂ ਨੇ ਮੁਲਕ ਸਾਂਭ ਹੀ ਲੈਣਾ ਹੈ ਤਾਂ ਅਗਾਊਂ ਸੰਪਰਕ ਪੈਦਾ ਕੀਤੇ ਜਾਣੇ ਚਾਹੀਦੇ ਹਨ, ਤਾਂ ਕਿ ਉਨ੍ਹਾਂ ਦੇ ਰਾਜ ਵਿਚ ਵੀ ਸੌਖੀ ਗੁਜ਼ਰ ਬਸਰ ਹੁੰਦੀ ਰਹੇ। ਇਹਨਾਂ ਵਿਚੋਂ ਪਹਿਲਾ ਰੁਝਾਨ ਬੇ ਗੈਰਤਾ ਹੈ ਦੂਜਾ ਖੋਖਲਾ ਤੇ ਤੀਜਾ ਆਤਮ ਘਾਤੀ। ਸਮੱਸਿਆ ਦੀ ਸਭ ਤੋਂ ਵੱਡੀ ਜੜ੍ਹ ਹੀ ਇਹ ਹੈ ਕਿ ਪਾਕਿਸਤਾਨ ਜਿੱਥੇ ਜਾ ਖੜੋਤਾ ਹੈ, ਓਥੋਂ ਰਾਹ ਤਾਂ ਕਈ ਨਿਕਲਦੇ ਹਨ, ਤਣ-ਪੱਤਣ ਲਾਉਣ ਵਾਲਾ ਕੋਈ ਵੀ ਨਹੀਂ।

ਤਦ ਫਿਰ ਹੋਵੇਗਾ ਕੀ? ਕਦੇ ਲਿਬਨਾਨ ਖ਼ੁਸ਼ਹਾਲ ਮੁਲਕ ਹੁੰਦਾ ਸੀ, ਫਿਰ ਖਸਤਾ ਹਾਲ ਹੋ ਗਿਆ। ਇਰਾਕ ਵੀ ਸੋਹਣਾ ਵੱਸਦਾ ਸੀ, ਹੁਣ ਖੰਡਰਾਂ ਦਾ ਖੇਤਰ ਬਣਿਆ ਪਿਆ ਹੈ। ਅਫਗਾਨਿਸਤਾਨ ਦੀ ਹਾਲਤ ਵੀ ਜੇ ਬਾਹਲੀ ਚੰਗੀ ਨਹੀਂ ਤਾਂ ਗੁਜ਼ਾਰੇ ਜੋਗੀ ਹੈਸੀਅਤ ਜ਼ਰੂਰ ਹੈ ਸੀ, ਹੁਣ ਉਹ ਕਿਸੇ ਗਿਣਤੀ ਵਿਚ ਹੀ ਨਹੀਂ ਰਹਿ ਗਿਆ। ਉਨ੍ਹਾਂ ਤੋਂ ਪਿੱਛੋਂ ਅਗਲਾ ਨਿਸ਼ਾਨਾ ਪਾਕਿਸਤਾਨ ਬਣਿਆ ਲੱਭਦਾ ਹੈ। ਜੇ ਓਥੇ ਵੀ ਉਹੋ ਕੁਝ ਹੋ ਗਿਆ, ਜੋ ਅਫਗਾਨਿਸਤਾਨ ਅੰਦਰ ਹੋ ਚੁੱਕਾ ਹੈ ਤਾਂ ਖਤਰਾ ਉਸ ਤੋਂ ਭਾਰਤ ਦੀ ਸਲਾਮਤੀ ਲਈ ਵੀ ਹੈ। ਸਾਨੂੰ ਦੁੱਖ ਹੈ ਪਾਕਿਸਤਾਨ ਦੇ ਹਾਲਾਤ ਉੱਤੇ ਤੇ ਹਮਦਰਦੀਆਂ ਹਨ ਪਾਕਿਸਤਾਨ ਦੇ ਲੋਕਾਂ ਨਾਲ, ਪਰ ਹੁਣ ਸਿਰਫ ਇਹਨਾਂ ਜਜ਼ਬਾਤ ਦਾ ਹੀ ਨਹੀਂ, ਇਸ ਤੋਂ ਅਗਲੀ ਉਹ ਗੱਲ ਆਪਣੇ ਮੁਲਕ ਬਾਰੇ ਸੋਚਣ ਦਾ ਸਮਾਂ ਵੀ ਆ ਚੁੱਕਾ ਹੈ, ਜਿਹੜੀ ਕਦੇ ਇਕਬਾਲ ਨੇ ਕਹੀ ਸੀ-

ਵਕਤ ਕੀ ਫਿਕਰ ਕਰ ਨਾਦਾਂ,  
ਕਿਆਮਤ ਆਨੇ ਵਾਲੀ ਹੈ,  
ਤੇਰੀ ਬਰਬਾਦੀਓਂ ਕੇ  
ਮਸ਼ਵਰੇ ਹੈਂ ਆਸਮਾਨੋਂ ਮੇਂ।

## ਭਾਰਤ 'ਚ ਪੁਲਿਸ ਨੂੰ ਲੈ ਕੇ ਗੈਰ ਯਕੀਨੀ ਅਤੇ ਡਰ ਵਾਲਾ ਮਾਹੌਲ-ਇਕ ਰਿਪੋਰਟ

**ਨਵੀਂ ਦਿੱਲੀ:** ਆਪਣੀ ਤਾਜ਼ਾ ਰਿਪੋਰਟ 'ਚ ਇਕ ਕੌਮਾਂਤਰੀ ਮਨੁੱਖੀ ਅਧਿਕਾਰ ਨਿਗਰਾਨੀ ਸੰਸਥਾ ਨੇ ਦੋਸ਼ ਲਗਾਇਆ ਹੈ ਕਿ ਦਹਾਕਿਆਂ ਤੋਂ ਵਿਤਕਰੇ ਭਰੇ ਪੁਲਸ ਵਿਵਸਥਾ ਦੇ ਨਤੀਜੇ ਵਜੋਂ ਭਾਰਤ ਭਰ ਵਿਚ ਪੁਲਸ ਨੂੰ ਲੈ ਕੇ ਜਨਤਾ ਵਿਚ ਬੇਮਿਸਾਲ ਪੱਧਰ ਦੀ ਗੈਰ ਯਕੀਨੀ ਅਤੇ ਡਰ ਪਾਇਆ ਜਾ ਰਿਹਾ ਹੈ। ਭਾਰਤੀ ਪੁਲਸ ਦੇ ਕੰਮਕਾਜ 'ਤੇ ਆਪਣੀ ਰਿਪੋਰਟ ਵਿਚ ਅਮਰੀਕਾ ਦੇ ਦੇ ਹਿਊਮਨ ਰਾਈਟ ਵਾਚ ਨਾਂ ਦੇ ਸੰਗਠਨ ਨੇ ਕਿਹਾ ਹੈ ਕਿ ਮੌਜੂਦਾ ਪ੍ਰਣਾਲੀ ਵਿਚ ਸਿਰਫ ਸ਼ਕਤੀਸ਼ਾਲੀ ਸੰਪਰਕ ਵਾਲੇ ਲੋਕ ਹੀ ਪੁਲਸ ਸਹਾਇਤਾ ਹਾਸਲ ਕਰਨ ਦੇ ਆਸਵੰਦ ਹੁੰਦੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਹਾਕਿਆਂ ਦੀ ਵਿਤਕਰੇਭਰੀ ਪੁਲਸ ਵਿਵਸਥਾ, ਸ਼ਿਕਾਇਤ ਦਰਜ ਕਰਨ ਵਿਚ ਸਿਆਸੀ ਦਖਲਅੰਦਾਜ਼ੀ ਭਰਿਆ ਇਨਕਾਰ, ਮਨਮਾਨੀ ਹਿਰਾਸਤ ਅਤੇ ਤੰਗ ਪ੍ਰੇਸ਼ਾਨ ਕਰਨ ਦਾ ਰੁਝਾਨ ਹੈ ਅਤੇ ਹੱਤਿਆਵਾਂ ਦੇ ਮਾਮਲੇ ਜੋ ਕਈ ਵਾਰੀ ਕੌਮੀ ਅਤੇ ਸੂਬਾਈ ਸਿਆਸੀ ਆਗੂਆਂ ਦੇ ਕਹਿਣ 'ਤੇ ਹੁੰਦੇ ਹਨ, ਉਨ੍ਹਾਂ ਦੇ ਨਤੀਜੇ ਵਜੋਂ ਜਨਤਾ ਵਿਚ ਪੁਲਸ ਪ੍ਰਤੀ ਬੇਮਿਸਾਲ ਪੱਧਰ 'ਤੇ ਅਵਿਸ਼ਵਾਸ ਤੇ ਡਰ ਵਧਿਆ ਹੈ।

ਐਚ.ਆਰ.ਡਬਲਿਯੂ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਭਾਰਤ ਵਿਚ ਸਭ ਪੱਧਰਾਂ 'ਤੇ ਪੁਲਸ ਕਹਿੰਦੀ ਹੈ ਕਿ ਜੇ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਸਿਆਸੀ ਸੰਪਰਕ ਰੱਖਣ ਵਾਲੇ ਲੋਕਾਂ ਵਿਰੁਧ ਕੰਮ ਕਰਦੀ ਹੈ ਤਾਂ ਉਨ੍ਹਾਂ ਨੂੰ ਝਿੜਕਾਂ ਪੈਣ ਜਾਂ ਸਜ਼ਾ ਦਿੱਤੇ ਜਾਣ ਦਾ ਡਰ ਰਹਿੰਦਾ ਹੈ। ਰਿਪੋਰਟ ਹੋਰ ਕਹਿੰਦੀ ਹੈ ਕਿ ਪੱਖਪਾਤ ਭਰੇ ਸਭਿਆਚਾਰ 'ਚ ਸਿਰਫ ਪ੍ਰਭਾਵਸ਼ਾਲੀ ਸੰਪਰਕਾਂ ਵਾਲੇ ਵਿਅਕਤੀਆਂ ਨੂੰ ਇਹ ਭਰੋਸਾ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਪੁਲਸ ਦੀ ਮਦਦ ਮਿਲੇਗੀ। ਇਸ ਵਿਚ ਕਿਹਾ ਗਿਆ ਹੈ ਕਿ ਰਾਜ ਦੇ ਸਥਾਨਕ ਸਿਆਸੀ ਆਗੂ ਰੈਗੂਲਰ ਤੌਰ 'ਤੇ ਪੁਲਿਸ ਅਧਿਕਾਰੀਆਂ 'ਤੇ ਆਪਣੇ ਨਾਲ ਸੰਪਰਕ ਰੱਖਣ ਵਾਲੇ ਲੋਕਾਂ ਵਿਰੁਧ ਜਾਂਚ ਵਾਪਸ ਲੈਣ ਅਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਕਹਿੰਦੇ ਰਹਿੰਦੇ ਹਨ।

## ਗੋਆ 'ਚ ਧਮਾਕਾ, ਸਾਧਵੀ ਪ੍ਰਗਿਆ ਦੇ 2 ਸਾਥੀ ਜ਼ਖ਼ਮੀ

**ਪਣਜੀ:** ਬਡਗਾਮ ਸ਼ਹਿਰ ਵਿਚ ਇਕ ਰੁਝੇਵਿਆਂ ਭਰੇ ਮਾਰਗ 'ਤੇ ਸਕੂਟਰ ਵਿਚ ਰੱਖੇ ਧਮਾਕਾਖੇਜ਼ ਪਦਾਰਥ ਦੇ ਫਟ ਜਾਣ ਨਾਲ ਮਾਲੇਗਾਓਂ ਧਮਾਕੇ ਦੀ ਦੋਸ਼ੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਨਾਲ ਜੁੜੇ ਹਿੰਦੂ ਸੰਗਠਨ ਦੇ 2 ਮੈਂਬਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪੁਲਿਸ ਨੇ ਕਿਹਾ ਕਿ ਰਾਤ ਸਾਢੇ 9 ਵਜੇ ਹੋਏ ਧਮਾਕੇ ਵਿਚ 3 ਮੋਟਰ-ਗੱਡੀਆਂ ਵੀ ਸੜ ਕੇ ਸੁਆਹ ਹੋ ਗਈਆਂ। ਧਮਾਕਾਖੇਜ਼ ਸਮੱਗਰੀ ਵਾਲੇ ਸਕੂਟਰ ਨੂੰ ਸ਼ਹਿਰ ਦੇ ਵਿਚਾਲੇ ਸਥਿਤ ਗਰੇਸ ਗਿਰਜਾਘਰ ਦੇ ਪਿੱਛੇ ਪਾਰਕ ਕੀਤਾ ਗਿਆ ਸੀ। ਜ਼ਖ਼ਮੀਆਂ ਦੀ ਪਛਾਣ ਸਨਾਤਨ ਸੰਗਠਨ ਨਾਲ ਜੁੜੇ ਮੇਲਗੁੰਡਾ ਪਾਟਿਲ ਅਤੇ ਯੋਗੇਸ਼ ਨਾਇਕ ਦੇ ਰੂਪ ਵਿਚ ਹੋਈ ਹੈ। ਪੁਲਸ ਸੁਪਰਡੈਂਟ ਆਤਮਾ ਰਾਮ ਦੇਸ਼ਪਾਂਡੇ ਨੇ ਕਿਹਾ ਕਿ ਘਟਨਾ ਦੇ ਬਾਅਦ ਗੋਆ ਵਿਚ ਰੈਡ ਅਲਰਟ ਜਾਰੀ ਕਰ ਦਿਤਾ ਗਿਆ ਹੈ।

ਦੂਸਰੇ ਪਾਸੇ ਸ਼ਿਲਾਂਗ ਵਿਚ ਪੁਲਿਸ ਨੇ ਇਕ ਲੁੱਟੀ ਹੋਈ ਕਾਰ ਵਿਚੋਂ 15 ਜਿਲੇਟਿਨ ਦੀਆਂ ਛੜਾਂ ਦੀ ਜਾਣਕਾਰੀ ਪੁਲਿਸ ਨੂੰ ਖੋਜੀ ਕੁੱਤਿਆਂ ਦੀ ਸਹਾਇਤਾ ਨਾਲ ਮਿਲੀ।

## ਬੂਟਾ ਸਿੰਘ ਚੀਮਾ ਅਕਾਲੀ ਦਲ (ਬ) ਇਕਾਈ ਦੇ ਮੀਤ ਪ੍ਰਧਾਨ ਬਣੇ

ਨਿਊ ਯਾਰਕ: ਸ੍ਰੀ ਬੂਟਾ ਸਿੰਘ ਚੀਮਾ ਨੂੰ ਅਕਾਲੀ ਦਲ (ਬਾਦਲ) ਦੇ ਐਨ ਆਰ ਆਈ ਵਿੰਗ ਦੀ ਅਮਰੀਕਾ ਇਕਾਈ ਵਿਚ ਨਿਊ ਯਾਰਕ ਲਈ ਮੀਤ ਪ੍ਰਧਾਨ ਬਣਾਇਆ ਗਿਆ ਹੈ। ਇਸ ਸਬੰਧੀ ਫੈਸਲਾ ਪਿਛਲੇ ਦਿਨੀਂ ਨਿਊ ਯਾਰਕ ਅਕਾਲੀ ਦਲ (ਬ) ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਹ ਜਾਣਕਾਰੀ ਪਾਰਟੀ ਦੀ ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਸ. ਕਰਨੈਲ ਸਿੰਘ ਬਾਠ ਨੇ ਇਕ ਬਿਆਨ ਵਿਚ ਦਿੱਤੀ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਸ਼ੈਰੀ ਦੀ ਡਾਇਰੀ ਅਤੇ ਸੰਵੇਦਨਸ਼ੀਲਤਾ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਸ਼ੈਰੀ ਸੰਧੂ ਦਾ ਫੋਨ ਆਇਆ ਤਾਂ ਉਸ ਨੇ ਬੜੇ ਚਾਅ ਨਾਲ ਦੱਸਿਆ ਕਿ ਆਉਣ ਵਾਲੇ ਹਫਤੇ 10 ਦਿਨਾਂ 'ਚ ਉਹ ਚੰਡੀਗੜ੍ਹ ਪਹੁੰਚ ਰਹੇ ਹਨ। ਕੱਲ੍ਹ ਉਸਦੇ ਬੇਟੇ ਨੇ ਸੀਟਾਂ ਓ.ਕੇ. ਕਰਵਾ ਆਉਣੀਆਂ ਨੇ। ਉਸਦੇ ਗੱਲ ਕਰਨ ਦੇ ਢੰਗ ਤੋਂ ਸਹਿਜੇ ਹੀ ਉਸਦੀ ਖੁਸ਼ੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਉਸ ਨੇ ਦੱਸਿਆ ਕਿ ਭੁੱਲਰ ਤੇ ਸਰਾਂ ਨੂੰ ਵੀ ਲੱਗਭੱਗ ਤਿਆਰ ਕਰ ਹੀ ਲਿਆ ਹੈ। ਜੇ ਉਨ੍ਹਾਂ ਦੀਆਂ ਪਤਨੀਆਂ ਨੇ ਬਹੁਤ ਜ਼ਿਆਦਾ ਰੋਕ ਟੋਕ ਨਾ ਕੀਤੀ ਤਾਂ ਮਹੀਨੇ, ਡੇਢ ਮਹੀਨੇ ਤੱਕ ਉਹ ਵੀ ਚੰਡੀਗੜ੍ਹ ਪਹੁੰਚ ਹੀ ਜਾਣਗੇ, ਫਿਲਹਾਲ ਤਾਂ ਇਹ ਹੀ ਜਾਪਦਾ ਹੈ। ਫਿਰ ਕਹਿਣ ਲੱਗਾ, ਪਰ ਉਨ੍ਹਾਂ ਦੇ ਘਰੋਂ ਮਨਮੀਤ ਨੂੰ ਉਲਾਂਭੇ ਵੀ ਆਉਣ ਲੱਗ ਪਏ ਨੇ ਕਿ ਸ਼ੈਰੀ ਨੇ ਤਾਂ ਆਪਣੀ ਕਬੀਲਦਾਰੀ ਨਬੇੜ ਲਈ ਹੈ ਅਤੇ ਹੁਣ ਉਸਨੇ ਚੰਡੀਗੜ੍ਹ ਦੀਆਂ ਮਹਿਫਲਾਂ ਦੀਆਂ ਧੂਣੀਆਂ ਸੇਕਣ ਦੀਆਂ ਗੱਲਾਂ ਕਰ ਕਰ ਕੇ ਭੁੱਲਰ ਅਤੇ ਹਰਮੀਤ ਸਰਾਂ ਦਾ ਚੰਡੀਗੜ੍ਹ ਜਾਣ ਦਾ ਸੌ ਫੀਸਦੀ ਮੂਡ ਬਣਾ ਦਿੱਤਾ ਹੈ ਜਿਸ ਨਾਲ ਉਨ੍ਹਾਂ ਦੇ ਪਰਿਵਾਰਕ ਸਕੈਜੂਅਲ ਉਲਟੇ-ਪੁਲਟੇ ਹੋ ਜਾਣੇ ਹਨ। ਰਮਣੀਕ ਕਹਿੰਦੀ ਹੈ ਕਿ ਉਸਨੂੰ ਪਤਾ ਹੈ ਜਦੋਂ ਇਹ ਤਿੰਨੋਂ ਜਮ੍ਹਾਂ ਬਾਜਵਾ ਹੋ ਗਏ ਤਾਂ ਇਨ੍ਹਾਂ ਘੱਟੋ ਘੱਟ ਦੋ ਮਹੀਨੇ ਵਾਪਸ ਨਹੀਂ ਆਉਣਾ।

ਸ਼ੈਰੀ ਕਹਿਣ ਲੱਗਾ ਜਦੋਂ ਪਤਾ ਹੈ ਕਿ ਬੱਚੇ ਸਕੂਲ ਕਾਲਜ ਜਾਈ ਜਾਂਦੇ ਹਨ ਤੇ ਗਰੋਸਰੀ ਤੇ ਅਪਾਰਟਮੈਂਟਾਂ ਦੇ ਕਰਾਏ ਦਾ ਖਰਚ ਚੱਲੀ ਜਾਂਦਾ ਹੈ ਫਿਰ ਇਸ ਮੌਸਮ 'ਚ ਚੰਡੀਗੜ੍ਹ ਛੱਡ ਕੇ ਕੈਲੀਫੋਰਨੀਆਂ ਹੱਡ ਰਗੜਾਉਣ ਆਉਣ ਨੂੰ ਕੀਹਦਾ ਜੀਅ ਕਰਦਾ ਐ। ਪਰ ਉਸ ਕਿਹਾ ਕਿ ਉਨ੍ਹਾਂ ਬਹਾਨਾ ਇਹ ਘੜਿਆ ਐ ਕਿ ਸਾਰੀ ਉਮਰ ਕਮਾਈ ਕਰਕੇ ਚੰਡੀਗੜ੍ਹ 'ਚ ਬਣਾਈਆਂ ਕੋਠੀਆਂ ਅਮਰੀਕਾ ਦੇ 8-10 ਡਾਲਰ ਪ੍ਰਤੀ ਘੰਟੇ ਲਈ ਖਰਾਬ ਥੋੜਾ ਹੋਣ ਦੇਣੀਆਂ ਹਨ। ਸਾਲ, ਛਿਮਾਹੀ ਥੋੜ੍ਹੀ ਬਹੁਤੀ ਹੱਥ-ਫੇਰੀ ਹੁੰਦੀ ਰਹੇ ਤਾਂ ਹੀ ਮਕਾਨ ਬਚਦੇ ਨੇ। ਬੱਚੇ ਸੈਟ ਕਰਕੇ ਆਖਿਰ ਤਾਂ ਇਨ੍ਹਾਂ 'ਚ ਹੀ ਆ ਕੇ ਰਹਿਣਾ ਐ। ਫਿਰ ਆਪ ਹੀ ਹੱਸ ਕੇ ਕਹਿਣ ਲੱਗਾ ਇਹ ਕਿਸਨੂੰ ਪਤਾ ਹੈ ਕਿ ਰਹਿਣ ਵੇਲੇ ਅਮਰੀਕਾ ਵਸੇ ਬੰਦੇ ਨੇ ਆਪ ਰਹਿਣਾ ਵੀ ਹੈ ਕਿ ਨਹੀਂ। ਪਰ ਇਸ ਬਹਾਨੇ ਸਾਲ ਦੋ ਸਾਲ ਬਾਅਦ ਇਸ ਖਲਜਗਣ 'ਚੋਂ ਉਨ੍ਹਾਂ ਨੂੰ ਮਹੀਨੇ ਦੋ ਮਹੀਨੇ ਦੀ ਰਾਹਤ ਮਿਲ ਜਾਂਦੀ ਹੈ। ਨਾਲੇ ਉਥੇ ਜਾ ਕੇ ਹੁਣ ਪੀ.ਜੀ.ਆਈ. 'ਚੋਂ ਆਪਣੇ ਗੋਡਿਆਂ ਤੇ ਬਲੈਡ-ਪ੍ਰੈਸ਼ਰ ਦਾ ਇਲਾਜ ਕਰਵਾ ਲੈਣਗੇ। ਇਥੇ ਤਾਂ ਇੰਸ਼ੋਰੈਂਸ ਨਾ ਹੋਣ ਕਰਕੇ ਐਵੇਂ ਪੇਨ-ਕਿਲਰ ਖਾ ਖਾ ਕੇ ਟਾਈਮ ਕੱਢੀ ਜਾਂਦੇ ਨੇ। ਮੈਂ ਕਿਹਾ ਜੇ ਚੰਡੀਗੜ੍ਹ ਜਾ ਕੇ ਗੋਡੇ ਵੀ ਦਰਦ ਕਰਨੋਂ ਹਟ ਗਏ ਤੇ ਬਲੱਡ ਪ੍ਰੈਸ਼ਰ ਵੀ ਨਾਰਮਲ ਹੋ ਗਿਆ ਜਿਹੜਾ ਕਿ ਹੋ ਹੀ ਜਾਣਾ ਹੈ, ਸ਼ੈਰੀ ਕਹਿਣ ਲੱਗਾ, "ਫਿਰ ਸਾਲ ਸਾਲ ਦੀ ਦਵਾਈ ਪੱਲੇ ਬੰਨ੍ਹ ਕੇ ਭੇਜ ਦਿਆਂਗੇ।" ਡਾਕਟਰ ਨੂੰ ਦੱਸ ਦਿਆਂਗੇ ਕਿ ਆਮ ਲੋਕਾਂ ਨੂੰ ਮੌਸਮਾਂ ਦੇ ਬਦਲਣ ਨਾਲ ਬਿਮਾਰੀ ਹਟਦੀ ਜਾਂ ਲਗਦੀ ਹੈ ਪਰ ਸਾਡੇ ਇਨ੍ਹਾਂ ਦੋ ਮਰੀਜਾਂ ਨੂੰ ਧਰਤੀ ਦਾ ਪਾਸਾ ਬਦਲਣ ਨਾਲ ਇਉਂ ਹੁੰਦਾ ਹੈ। ਇਨ੍ਹਾਂ 'ਤੇ ਰਿਸਰਚ ਵੀ ਹੋ ਸਕਦੀ ਹੈ। ਹੱਸਦਾ ਹੋਇਆ ਇਹ ਕਹਿਕੇ ਫੋਨ ਬੰਦ ਕਰਨ ਲਈ ਕਹਿੰਦਾ ਹੈ ਕਿ ਅਗਲਾ ਫੋਨ ਚੰਡੀਗੜ੍ਹ ਤੋਂ ਹੀ ਕਰੇਗਾ। ਇਸ ਫੋਨ ਆਉਣ ਤੋਂ ਹਫਤਾ ਬਾਅਦ ਉਸਦੀ ਡਾਇਰੀ ਦੇ ਹੇਠ ਲਿਖੇ ਵਰਕੇ ਡਾਕ ਰਾਹੀਂ ਪਹੁੰਚੇ ਸਨ। ਜੋ ਪਾਠਕਾਂ ਦੀ ਨਜ਼ਰ ਹਨ।

**(1)**

ਸਾਡੇ ਭਾਰਤ ਪਰਤਣ ਤੋਂ ਪਹਿਲਾਂ ਸਾਡੇ ਬੱਚਿਆਂ ਨੇ ਗੁਰਦੁਆਰਾ ਸਾਹਿਬ 'ਚ ਲੰਗਰ ਦੀ ਸੇਵਾ ਕਰਾਉਣ ਦਾ ਪ੍ਰੋਗਰਾਮ ਬਣਾਇਆ ਹੈ। ਇਹ ਉਨ੍ਹਾਂ ਨੇ ਅਸਲ 'ਚ ਮੇਰੀ ਪਤਨੀ ਦੇ ਕਹਿਣ 'ਤੇ ਹੀ ਕੀਤਾ ਹੈ। ਜਿਸ ਤਰ੍ਹਾਂ ਆਮ ਹੁੰਦਾ ਹੈ ਕਿ ਲੰਗਰ ਤੋਂ ਇਕ ਦਿਨ ਪਹਿਲਾਂ ਗੁਰਦੁਆਰਾ ਸਾਹਿਬ 'ਚ ਹੀ ਔਰਤਾਂ ਸ਼ਾਮ ਨੂੰ ਲੰਗਰ ਦੀ ਤਿਆਰੀ ਕਰਦੀਆਂ ਹਨ। ਸੋ, ਇਸ ਸਬੰਧ 'ਚ ਅਸੀਂ ਵੀ ਭਾਵ ਮੈਂ, ਮੇਰਾ ਬੇਟਾ ਅਤੇ ਦਾਮਾਦ ਵੀ ਗੁਰਦੁਆਰੇ ਆਏ ਹੋਏ ਹਾਂ। ਸਾਡੇ ਨਾਲ ਆਈਆਂ ਲੇਡੀਜ਼ ਕੱਲ੍ਹ ਹੋਣ ਵਾਲੇ ਲੰਗਰ ਦੇ ਪ੍ਰਬੰਧ 'ਚ ਲੱਗ ਜਾਂਦੀਆਂ ਹਨ ਅਤੇ ਅਸੀਂ ਤਿੰਨੋਂ ਜਣੇ ਸ਼ਾਮ ਦੀ ਚਲ ਰਹੀ ਕਥਾ ਸੁਣਨ ਬੈਠ ਜਾਂਦੇ ਹਾਂ। ਕਥਾਵਾਚਕ ਸੰਗਤਾਂ ਨੂੰ ਦਸ ਰਿਹਾ ਹੈ ਕਿ ਜਦੋਂ ਉਹ ਗੁਰਦੁਆਰਾ ਸਾਹਿਬ ਆ ਕੇ ਗੁਰੂ ਗ੍ਰੰਥ ਸਾਹਿਬ ਸਾਹਮਣੇ ਮੱਥਾ ਟੇਕਦੇ ਹਨ ਤਾਂ ਇਸਦਾ ਅਰਥ ਹੈ ਕਿ ਤੁਸੀਂ ਪ੍ਰਤਿਗਿਆ ਲੈਂਦੇ ਹੋ ਕਿ ਤੁਸੀਂ ਇਸ ਪਵਿੱਤਰ ਗ੍ਰੰਥ 'ਚ ਗੁਰੂ ਸਾਹਿਬਾਨ ਵਲੋਂ ਅੰਕਿਤ ਨਿਯਮਾਂ ਦੀ ਪੂਰਨ ਤੌਰ 'ਤੇ ਪਾਲਣਾ ਕਰੋਗੇ। ਸੋ ਤੁਹਾਨੂੰ ਘਰ ਪਹੁੰਚ ਕੇ ਆਪਣਾ ਲੇਖਾ ਜੋਖਾ ਆਪ ਹੀ ਕਰਨਾ ਚਾਹੀਦਾ ਹੈ। ਕੀ ਤੁਸੀਂ ਆਪਣੇ ਅਮਲੀ ਜੀਵਨ 'ਚ ਇਹ ਪ੍ਰਤਿਗਿਆ ਪੂਰੀ ਕਰਦੇ ਹੋ ਕਿ ਨਹੀਂ? ਭਾਵ ਨਿੰਦਿਆਂ, ਚੁਗਲੀ, ਈਰਖਾ, ਝੂਠ ਅਤੇ ਕੂੜ ਕਮਾਈ ਤੋਂ ਦੂਰ ਰਹਿੰਦੇ ਹੋ ਕਿ ਨਹੀਂ? ਅਤੇ ਆਪਣੇ ਜੀਵਨ 'ਚ ਸੱਚੀ ਕਿਰਤ ਅਤੇ ਵੰਡ ਛੱਕਣ ਦੇ ਸਿਧਾਂਤ ਨੂੰ ਅਪਨਾਏ ਹੋਏ ਹੋ ਜਾਂ ਨਹੀਂ। ਜੇਕਰ ਤੁਸੀਂ ਰੋਜ਼ ਗੁਰਦੁਆਰਾ ਸਾਹਿਬ ਵੀ ਆਉਂਦੇ ਹੋ ਭਾਵੇਂ ਉਹ ਪ੍ਰਬੰਧਕ ਹਨ ਜਾਂ ਸਾਧਾਰਣ ਸੰਗਤ ਅਤੇ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਨਿਯਮਾਂ ਨੂੰ ਵੀ ਆਪਣੀ ਅਗਲੀ ਜ਼ਿੰਦਗੀ 'ਚ ਲਾਗੂ ਨਹੀਂ ਕਰਦੇ ਤਾਂ ਤੁਸੀਂ ਉਸ ਮਨੁੱਖ ਸਮਾਨ ਹੋ ਜੋ ਕਿਸੇ ਬੁਰੇ ਕੰਮ ਜਾਂ ਨਸ਼ੇ ਤੋਂ ਰੋਜ਼ ਤੌਬਾ ਤਾਂ ਕਰਦਾ ਹੈ ਪਰ ਰੋਜ਼ ਹੀ ਉਸ ਤੌਬਾ ਜਾਂ ਪ੍ਰਤਿਗਿਆ ਨੂੰ ਤੋੜਦਾ ਹੈ।

ਮੈਂ ਆਪਣੇ ਬੇਟੇ ਤੇ ਦਾਮਾਦ ਨੂੰ ਦੱਸਦਾ ਹਾਂ ਕਿ ਕਥਾ-ਵਾਚਕ ਕਿੰਨੀ ਸੱਚੀ ਤੇ ਵਿਗਿਆਨਕ ਗੱਲ ਕਰ ਰਿਹਾ ਹੈ ਅਤੇ ਫਿਰ ਆਪਣੇ ਬੇਟੇ, ਜੋ ਇਸ ਛੋਟੇ ਜਿਹੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦਾ ਸਾਧਾਰਣ ਜਿਹਾ ਮੈਂਬਰ ਵੀ ਹੈ, ਨੂੰ ਪੁੱਛਦਾ ਹਾਂ ਕਿ ਕਥਾ-ਵਾਚਕ ਵਲੋਂ ਕਹੀ ਗੱਲ 'ਤੇ ਬੰਦੇ ਲਈ ਪੂਰਾ ਉਤਰਣਾ ਕਿੰਨਾ 'ਚ ਪ੍ਰੈਕਟੀਕਲ ਹੈ ਤੇ ਕਿੰਨਾ ਕੁ ਮੁਸ਼ਕਿਲ। ਕਿਉਂਕਿ ਮੈਂ ਤਾਂ ਇਕ ਨਾਸਤਿਕ ਬੰਦਾ ਹਾਂ, ਤਾਂ ਮੇਰਾ ਬੇਟਾ ਸਵਾਲ ਦੇ ਜਵਾਬ ਨੂੰ ਇੰਨਾ ਗੋਲਮੋਲ ਕਰ ਦਿੰਦਾ ਹੈ ਕਿ ਮੈਨੂੰ ਕੁਝ ਵੀ ਪਤਾ ਨਹੀਂ ਲਗਦਾ ਕਿ ਉਹ ਕਹਿਣਾ ਕੀ ਚਾਹੁੰਦਾ ਹੈ। ਇੰਨੇ ਨੂੰ ਸਾਨੂੰ ਲੰਗਰ ਦੀ ਤਿਆਰੀ ਕਰ ਰਹੀਆਂ ਕੁੜੀਆਂ ਵਲੋਂ ਕਿਸੇ ਸਟੋਰ ਤੋਂ ਕੁਝ ਲਿਆਉਣ ਦਾ ਹੁਕਮ ਆਉਂਦਾ ਹੈ ਅਤੇ ਅਸੀਂ ਤਿੰਨੋਂ ਉਠ ਕੇ ਪਾਰਕਿੰਗ ਵਲ ਤੁਰ ਪੈਂਦੇ ਹਾਂ। ਪਾਰਕਿੰਗ 'ਚ ਸਾਨੂੰ ਇਸ 40-50 ਸਾਲ ਦੇ ਲਗਭਗ ਪੰਜਾਬਣ ਔਰਤ ਮਿਲਦੀ ਹੈ ਜਿਸਨੇ ਕਾਫੀ ਗਹਿਣਾ-ਗੱਟਾ ਪਾਇਆ ਹੋਇਆ ਤੇ ਆਪਣੇ ਹਿਸਾਬ ਨਾਲ ਤਾਂ ਪੂਰੀ ਮੇਕ-ਅੱਪ ਵੀ ਕੀਤੀ ਹੋਈ ਹੈ। ਇਹ ਔਰਤ ਮੇਰੇ ਬੱਚਿਆਂ ਦੇ ਜਾਣੂ ਪਰਿਵਾਰ ਦੀ ਹੈ ਜੋ ਉਸ ਦੇ ਲੰਗਰ ਦੀ ਤਿਆਰੀ 'ਚ ਹੱਥ ਵਟਾ ਕੇ ਵਾਪਸ ਜਾ ਰਹੀ ਹੈ। ਮੇਰਾ ਬੇਟਾ ਤੇ ਦਾਮਾਦ ਇਸਨੂੰ ਆਂਟੀ ਕਹਿੰਦੇ ਹਨ ਤੇ ਮੇਰੀ ਜਾਣ-ਪਹਿਚਾਣ ਕਰਵਾਉਂਦੇ ਹਨ ਕਿ ਇਹ ਬੜੀ ਮਿਹਨਤੀ ਔਰਤ ਹੈ। 20-25 ਸਾਲ ਪਹਿਲਾਂ ਆਈ ਹੈ ਅਨਪੜ੍ਹ ਹੋਣ ਦੇ ਬਾਵਜੂਦ ਇਨ੍ਹਾਂ ਨੇ ਦੋ ਸਟੋਰ ਬਣਾਏ ਹਨ ਪਰ ਉਹ ਔਰਤ ਇੰਨੀ ਉਲਝੀ ਹੋਈ ਹੈ ਕਿ ਕਦੇ ਵਾਲ ਖੁਰਕਦੀ ਹੈ ਤੇ ਕਦੇ ਜ਼ੁਕਾਮ ਲੱਗਾ ਹੋਣ ਕਰਕੇ ਨੱਕ ਸਤਾਰਿਆਂ ਵਾਲੀ ਚੁੰਨੀ ਨਾਲ ਹੀ ਪੂੰਝਦੀ ਹੈ। ਉਹ ਆਪਣੀ ਤਾਰੀਫ ਤੇ ਸਟੋਰਾਂ ਦੀ ਗੱਲ ਸੁਣ ਕੇ ਅੰਦਰੋਂ ਖੁਸ਼ ਦਿਸਦੀ ਅਤੇ ਦੱਸਦੀ ਹੈ ਕਿ ਕੱਲ ਦੇ ਲੰਗਰ ਦਾ ਕਾਫੀ ਕੰਮ ਹੋ ਗਿਆ। ਆਟਾ ਗੁੰਨਿਆ ਗਿਆ ਹੈ ਸਬਜ਼ੀ ਚੀਰੀ ਹੋਈ ਹੈ। 'ਸਟੋਰ ਤੇ ਜਾਣ ਦੀ ਕਾਹਲ ਹੈ' ਕਹਿਕੇ ਉਹ ਆਪਣੀ ਕਾਰ 'ਚ ਬੈਠ ਜਾਂਦੀ ਹੈ। ਅਸੀਂ ਵੀ ਕਾਰ 'ਚ ਬੈਠ ਕੇ ਸਟੋਰ ਤੋਂ ਕੁਝ ਸਾਮਾਨ ਲਿਆਉਣ ਲਈ ਚੱਲ ਪੈਂਦੇ ਹਾਂ ਤੇ ਮੈਨੂੰ ਕਿਸੇ ਪੰਜਾਬੀ ਔਰਤ ਬਾਰੇ ਕਵੀ ਵਜ਼ੀਦ ਦੀਆਂ ਕਹੀਆਂ ਇਹ ਸਤਰਾਂ ਯਾਦ ਆ ਰਹੀਆਂ ਹਨ।

ਕੁੱਢਰ ਨਾਰ ਦੀ ਕੁੱਢਰ ਚਾਲ
ਆਏ ਪ੍ਰਾਹੁਣੇ ਤੇ ਕੁੱਟੇ ਬਾਲ
ਨੱਕ ਪੂੰਝਦੀ ਉਤਲੇ ਨਾਲ,
ਗੁੰਨੇ ਆਟਾ ਤੇ ਖੁਰਕੇ ਵਾਲ।

**(2)**

ਮੇਰੀ ਤੇ ਮੇਰੀ ਪਤਨੀ ਦੀ ਇੰਡੀਆ ਜਾਣ ਦੀ ਤਿਆਰੀ ਹੋ ਰਹੀ ਹੈ ਅਤੇ ਆਦਤਨ ਮੈਂ ਕੁਝ ਜਿਆਦਾ ਹੀ ਖੁਸ਼ ਹਾਂ। ਮੇਰੀ ਇਸ ਖੁਸ਼ੀ ਅਤੇ ਉਤਸੁਕਤਾ ਦਾ ਮੇਰੇ ਬੋਲਣ-ਚਾਲਣ, ਉਠਣ ਬੈਠਣ ਤੇ ਗੱਲ-ਬਾਤ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਾਨੂੰ ਕਈ ਘਰਾਂ ਤੋਂ ਖਾਣੇ ਦੇ ਸੱਦੇ ਆ ਰਹੇ ਹਨ ਜੋ ਅਸੀਂ ਕਬੂਲ ਕਰੀ ਜਾਂਦੇ ਅਤੇ ਹਾਜ਼ਰੀ ਵੀ ਲਾਈ ਜਾਂਦੇ ਹਾਂ। ਸ਼ਾਮ ਨੂੰ ਬੈਠਦੇ ਹਾਂ ਤਾਂ ਮੈਂ ਚੰਡੀਗੜ੍ਹ, ਉਥੇ ਦੇ ਰਿਟਾਇਰ ਸਾਥੀਆਂ ਅਤੇ ਚੰਡੀਗੜ੍ਹ ਦੀਆਂ ਤਾਰੀਫਾਂ ਇਉਂ ਕਰਦਾ ਹਾਂ ਜਿਵੇਂ ਹੁਣੇ ਉੱਡ ਕੇ ਚੰਡੀਗੜ੍ਹ ਪਹੁੰਚ ਜਾਣਾ ਚਾਹੁੰਦਾ ਹੋਵਾਂ। ਇਸਦੇ ਉਲਟ ਮੇਰੀ ਪਤਨੀ ਮਨਮੀਤ ਇਸ ਸਬੰਧ 'ਚ ਬੜੀ ਸਹਿਜ ਹੈ। ਕਦੇ ਮੈਨੂੰ ਲਗਦਾ ਹੈ ਸ਼ਾਇਦ ਪੰਜ ਮਹੀਨੇ ਧੀਆਂ ਪੁੱਤਰਾਂ 'ਚ ਰਹਿ ਕੇ ਇਸਨੂੰ ਚੰਡੀਗੜ੍ਹ ਤੇ ਨਿਊ ਯਾਰਕ 'ਚ ਕੋਈ ਫਰਕ ਹੀ ਨਹੀਂ ਲੱਗਦਾ। ਦੋ ਦਿਨ ਸਾਡੀ ਰਵਾਨਗੀ ਤੋਂ ਪਹਿਲਾਂ ਉਹ ਇਕ ਰਾਤ ਮੈਨੂੰ ਕਹਿਣ ਲੱਗੀ, "ਚੰਡੀਗੜ੍ਹ ਜਾਣ ਦੀ ਖੁਸ਼ੀ 'ਚ ਐਵੇਂ ਨਿਆਣਿਆਂ ਵਾਂਗ ਨੱਚੀ-ਟੱਪੀ ਜਾਣਾ ਚੰਗਾ ਨਹੀਂ ਲਗਦਾ। ਸਾਡੇ ਬੱਚਿਆਂ ਨੇ ਮਹਿਸੂਸ ਕਰਨਾ ਐ ਕਿ ਖ਼ਬਰੇ ਉਨ੍ਹਾਂ ਤੋਂ ਮਾਂ ਪਿਉ ਦੀ ਆਓ ਭਗਤ ਕਰਨ 'ਚ ਕੋਈ ਘਾਟ ਰਹਿ ਗਈ ਜਿਹੜਾ ਉਨ੍ਹਾਂ ਦਾ ਪਿਓ ਨਿਊ ਯਾਰਕੋਂ ਨਿਕਲਣ ਲਈ ਇੰਨਾ ਕਾਹਲਾ ਹੈ। ਤੁਹਾਨੂੰ ਪਤਾ ਐ ਉਹ ਵਿਚਾਰੇ ਚੇਤੰਨ ਤੌਰ 'ਤੇ ਹਰ ਵੇਲੇ ਉਹ ਹੀ ਸਭ ਕੁਝ ਕਰਦੇ ਨੇ ਜੋ ਸਾਨੂੰ ਚੰਗਾ ਲਗਦਾ ਐ। ਪੰਜਾਂ ਮਹੀਨਿਆਂ ਤੋਂ ਬੈਡ-ਟੀ ਤੋਂ ਲੈ ਕੇ ਡਿਨਰ ਤੱਕ ਦੋਵਾਂ ਘਰਾਂ 'ਚ ਜਿਥੇ ਵੀ ਅਸੀਂ ਹੋਈਏ, ਉਹ ਹੀ ਕੁਝ ਬਣਦਾ ਹੈ ਜੋ ਸਾਨੂੰ ਪਸੰਦ ਹੈ। ਹਰ ਛੁੱਟੀ ਵਾਲੇ ਦਿਨ ਸਾਡੇ ਹਿਸਾਬ ਨਾਲ ਆਪਣਾ ਪ੍ਰੋਗਰਾਮ ਬਣਾਉਂਦੇ ਨੇ। ਇਥੇ 50-50 ਸਾਲ ਪਹਿਲਾਂ ਆਏ ਲੋਕਾਂ ਨੇ ਅਮਰੀਕਾ ਅਤੇ ਕੈਨੇਡਾ ਦੇ ਉਹ ਥਾਂ 'ਤੇ ਫੰਕਸ਼ਨ ਨਹੀਂ ਦੇਖੇ ਜਿਹੜੇ ਸਾਨੂੰ ਸਾਡੇ ਇਨ੍ਹਾਂ ਬੱਚਿਆਂ ਨੇ ਪੰਜ ਸਾਲਾਂ ਦੀਆਂ ਪੰਜ-ਪੰਜ ਮਹੀਨਿਆਂ ਦੀਆਂ ਫੇਰੀਆਂ 'ਚ ਦਿਖਾ ਦਿੱਤੇ ਨੇ। ਰੱਬ ਦਾ ਸ਼ੁਕਰ ਐਂ ਚੰਗੀਆਂ ਜਾਬਾਂ ਤੇ ਚੰਗੀਆਂ ਤਨਖਾਹਾਂ ਨੇ ਇਨ੍ਹਾਂ ਚਾਰਾਂ ਦੀਆਂ। ਸਾਡੇ ਲਈ ਛੁੱਟੀਆਂ ਇਉਂ ਸਾਂਭ-ਸਾਂਭ ਰਖਦੇ ਨੇ ਜਿਵੇਂ ਨਿਆਣਿਆਂ ਨੂੰ ਮਾਂ। ਸਾਡੇ ਵਾਂਗ ਨਹੀਂ ਕਿ ਘਰੋਂ ਫੋਨ ਕਰ ਦਿਓ ਕਿ ਮੈਂ ਚਾਰ ਦਿਨ ਨਹੀਂ ਆਉਣਾ ਹੋ ਸਕੇ ਤਾਂ ਹਾਜ਼ਰੀ ਲਾਈ ਜਾਇਓ ਨਹੀਂ ਤਾਂ ਸੀ-ਲੀਵ। ਮੈਨੂੰ ਵੀ ਚੰਡੀਗੜ੍ਹ ਜਾਣ ਦਾ ਬਹੁਤ ਚਾਅ ਹੈ। ਜੇ ਮੈਂ ਵੀ ਇਸ ਖੁਸ਼ੀ 'ਚ ਝੱਲੀ ਹੋਈ ਫਿਰਾਂ ਤਾਂ ਬੱਚੇ ਵਿਚਾਰੇ ਕੀ ਸੋਚਣਗੇ। ਹੁਣ ਬਾਕੀ ਰਹਿੰਦੇ ਦੋ ਦਿਨ ਇੰਜ ਸ਼ੋਅ ਕਰਨਾ ਕਿ ਜਿਵੇਂ ਤੁਹਾਡਾ ਇਥੋਂ ਜਾਣ ਨੂੰ ਜੀਅ ਹੀ ਨਹੀਂ ਕਰਦਾ। ਇਹੋ ਢੰਗ ਹੈ ਆਪਣੇ ਧੀਆਂ-ਪੁੱਤਰਾਂ ਤੋਂ ਕਦਰ ਕਰਵਾਉਣ ਦਾ ਤੇ ਉਨ੍ਹਾਂ ਨੂੰ ਪਿਆਰ ਦੇਣ ਦਾ।"

ਦੂਸਰਿਆਂ ਦੀਆਂ ਭਾਵਨਾਵਾਂ ਪ੍ਰਤੀ ਉਸਦੀ ਇਸ ਤਰ੍ਹਾਂ ਦੀ ਸੰਵੇਦਨਸ਼ੀਲਤਾ 'ਤੇ ਮੈਨੂੰ ਖੁਸ਼ੀ ਵੀ ਹੁੰਦੀ ਹੈ ਤੇ ਰਸ਼ਕ ਵੀ। ਪਰ ਨਾਲ ਹੀ ਮੈਨੂੰ ਆਪਣੀ ਇਸ ਬੇਧਿਆਨੀ ਜੋ ਮੈਂ ਅਕਸਰ ਕਰ ਜਾਂਦਾ ਹਾਂ, 'ਤੇ ਅਫਸੋਸ ਵੀ ਹੁੰਦਾ ਹੈ। ਮੈਂ ਸਮਝਦਾ ਹਾਂ ਸੂਖਮ-ਸਲੀਕਾ ਅਤੇ ਸੰਵੇਦਨਸ਼ੀਲਤਾ ਵਰਗੇ ਅਹਿਸਾਸ ਅਸੀਂ ਕੁਝ ਹੱਦ ਤੱਕ ਆਪਣੇ ਵਿਰਸੇ 'ਚੋਂ ਗ੍ਰਹਿਣ ਕਰਦੇ ਹਾਂ ਫਿਰ ਉਨ੍ਹਾਂ ਦਾ ਵਿਕਸਤ ਹੋਣਾ ਜਾਂ ਨਾ ਹੋਣਾ ਸਾਡੀਆਂ ਆਪਣੀਆਂ ਤੇ ਬਾਹਰੀ ਹਾਲਤਾਂ 'ਤੇ ਨਿਰਭਰ ਕਰਦਾ ਹੈ। ਸਾਡੇ ਦੋਵਾਂ ਦੇ ਸਲੀਕੇ ਅਤੇ ਸੂਖਮਤਾ ਵਿਚਲਾ ਪਾੜਾ ਸ਼ਾਇਦ ਇਸ ਕਰਕੇ ਹੋਵੇ ਕਿ ਮੇਰੀ ਪਤਨੀ ਭਾਪਿਆਂ ਦੀ ਕੁੜੀ ਐ, ਮੈਂ ਨਿਰੋਲ ਜਗੀਰੂ ਜੱਟਾਂ ਦਾ ਮੁੰਡਾ ਹਾਂ। ਹੁਣ ਵਾਲੀ ਪੀੜ੍ਹੀ ਦਾ ਤਾਂ ਮੈਨੂੰ ਪਤਾ ਨਹੀਂ ਪਰ ਮੇਰੇ ਵਾਲੇ ਮਾਲਵੇ ਦੇ ਇਲਾਕੇ 'ਚ ਮੇਰੀ ਤੇ ਮੈਥੋਂ ਪਹਿਲੀਆਂ ਪੀੜ੍ਹੀਆਂ 'ਚ ਆਮ ਤੌਰ 'ਤੇ ਰਿਸ਼ਤਿਆਂ 'ਚ ਝਲਕਦੀ ਹੋਈ ਐਸੀ ਸੁਖਮਤਾ ਤੇ ਸੰਵੇਦਨਸ਼ੀਲਤਾ ਮੈਂ ਨਹੀਂ ਦੇਖੀ ਤੇ ਖਾਸ ਤੌਰ 'ਤੇ ਸਾਡੀਆਂ ਜੱਟੀਆਂ 'ਚ ਭਾਵੇਂ ਇਕ ਅਦਿਖ ਮੋਹ ਅਤੇ ਇਮਾਨਦਾਰੀ ਦੀ ਕੋਈ ਕਮੀ ਨਹੀਂ ਸੀ। ਮੇਰੇ ਯਾਦ ਹੈ ਮੇਰੇ ਦਾਦਾ ਜੀ ਸਾਡੇ ਸ਼ਹਿਰ 'ਚ ਵਪਾਰੀਆਂ ਨੂੰ ਪੈਸਾ ਟਕਾ ਵਿਆਜ਼ 'ਤੇ ਦਿੰਦੇ ਹੁੰਦੇ ਸਨ ਅਤੇ ਮੇਰੇ ਪਿਤਾ ਜੀ ਸ਼ਹਿਰ ਤੋਂ 15 ਕੁ ਮੀਲ 'ਤੇ ਖੇਤੀ ਦੀ ਨਿਗਰਾਨੀ ਕਰਦੇ ਸਨ। ਦਾਦਾ ਜੀ ਦਾ ਰਿਕਸ਼ਾ ਸਹੀ ਦਸ ਵਜੇ ਗੇਟ 'ਤੇ ਆ ਜਾਂਦਾ ਤੇ ਉਹ ਸਾਫ ਸਾਫ ਚਿੱਟੇ ਬਸਤਰ ਪਹਿਨੀ ਹੱਥ 'ਚ ਖੂੰਡਾ ਲੈ ਤਿਆਰ ਹੁੰਦੇ। 9 ਵਜੇ ਵਰਾਂਡੇ 'ਚ ਜਦੋਂ ਉਨ੍ਹਾਂ ਦੀ ਰੋਟੀ ਆਉਂਦੀ ਤਾਂ ਨਾਲ ਹੀ ਮੇਰੇ ਦਾਦੀ ਜੀ ਆ ਕੇ ਸਾਹਮਣੇ ਬੈਠ ਜਾਂਦੇ ਜੋ ਬੜੇ ਕਰੂਰ ਢੰਗ ਨਾਲ ਰੋਜ਼ ਤਕਰੀਬਨ ਇਕੋ ਹੀ ਗੱਲ ਕਰਦੇ।

"ਪਹਿਨ-ਪੱਚਰ ਕੇ ਰੋਜ਼ ਬਾਜ਼ਾਰ ਨੂੰ ਤੁਰ ਜਾਨੈ, ਕਦੇ ਪਿੰਡ ਜਾ ਕੇ ਘਰ-ਬਾਰ, ਜ਼ਮੀਨ-ਜਾਇਦਾਦ ਦੀ ਸਾਰ ਵੀ ਲੈ ਲਿਆ ਕਰ। ਇਹ ਸਫੈਦ ਪੋਸ਼ੀਆਂ ਉਸੇ ਜਾਇਦਾਦ ਦੇ ਸਿਰ 'ਤੇ ਹਨ ਤੈਨੂੰ ਮੈਂ ਦੱਸਾਂ। ਹਰਨਾਮ ਕੁਰ ਆਈ ਸੀ, ਦੱਸਦੀ ਸੀ ਚਾਰ-ਚੁਫੇਰਿਓਂ ਲੋਕ ਵੱਟਾਂ ਵੱਢ ਕੇ ਜ਼ਮੀਨ ਰੋਕੀ ਜਾਂਦੇ ਨੇ। ਘਰ 'ਚ ਪਤਾ ਨੀ ਕੌਣ ਬਿਠਾ ਰੱਖਿਆ ਐ, ਦਸਦੇ ਆ ਨਰਕ ਬਣਾ ਰੱਖਿਆ। ਉਹੀ ਗੁੜ੍ਹਤੀ ਪੁੱਤ ਨੂੰ ਦੇ ਰੱਖੀ ਆ। ਉਹ ਸਾਰਾ ਦਿਨ ਲੀਡਰੀ 'ਚ ਬੰਬੂਕਾਟ 'ਤੇ ਤੇਲ ਫੂਕਦਾ ਫਿਰਦੈ।"

ਉਹ ਬੋਲੀ ਜਾਂਦੀ ਤੇ ਦਾਦਾ ਜੀ ਚੁੱਪ ਚਾਪ ਰੋਟੀ ਖਾਈ ਜਾਂਦੇ। ਜਦੋਂ ਰਿਕਸ਼ਾ ਆ ਜਾਂਦਾ ਤਾਂ ਉਹ ਦਾਦਾ ਜੀ ਨਾਲ ਗੇਟ ਤੱਕ ਬੋਲਦੀ ਜਾਂਦੀ, "ਮੇਰੇ ਸਿਰ ਦੀਆਂ ਠੀਕਰੀਆਂ ਫੁੱਟ ਗਈਆਂ ਪਰ ਜੈਲਦਾਰਾ ਤੇਰੇ ਕੰਨ ਤੇ ਜੂੰ ਨਾ ਸਰਕੀ।"

ਉਨ੍ਹਾਂ ਰਕਸ਼ੇ 'ਚ ਬੈਠਦਿਆਂ ਇਹ ਹੀ ਕਹਿਣਾ, "ਭਲੀਏ ਮਾਣਸੇ ਤੂੰ ਸਿਰ ਦੀਆਂ ਠੀਕਰੀਆਂ ਆਪ ਹੀ ਭੰਨਦੀ ਐਂ। ਸਭ ਜ਼ਮੀਨ, ਘਰ-ਬਾਰ ਠੀਕ ਠਾਕ ਐ। ਤੂੰ ਆਰਾਮ ਨਾਲ ਬੈਠਿਆ ਕਰ।"

ਇਸੇ ਤਰ੍ਹਾਂ ਮੇਰੇ ਮਾਤਾ ਜੀ ਦੇ ਸੁਭਾਅ 'ਚ ਸਾਡੇ ਮਾਲਵੇ ਦੀਆਂ ਜੱਟੀਆਂ ਵਾਲੀ ਅੱਖੜਤਾ ਸੀ। ਖਾਸ ਕਰਕੇ ਜਦੋਂ ਉਹ ਮੇਰੇ ਪਿਤਾ ਜੀ ਨਾਲ ਕੋਈ ਰਾਏ-ਮਸ਼ਵਰਾ ਕਰਦੇ ਜਾਂ ਸੁਝਾਅ ਦਿੰਦੇ ਤਾਂ ਕਈ ਵਾਰ ਇਉਂ ਲੱਗਦਾ ਸੀ ਜਿਵੇਂ ਹੁਣੇ ਲੜ ਕੇ ਮੇਰੇ ਨਾਨਕੇ ਚਲੇ ਜਾਣਗੇ। ਜੇ ਦਾਦਾ ਜੀ ਸਹੀ 10 ਵਜੇ ਜਾ ਕੇ ਬਾਜ਼ਾਰ 'ਚ ਸਹੀ ਤਿੰਨ ਵਜੇ ਵਾਪਸ ਆ ਜਾਂਦੇ ਸਨ ਤਾਂ ਪਿਤਾ ਜੀ ਖੇਤ ਤਾਂ ਕਦੇ ਕਦੇ ਜਾਂਦੇ ਪਰ ਗਰਮੀ 'ਚ ਸਹੀ ਸੱਤ ਵਜੇ ਅਤੇ ਸਰਦੀ 'ਚ ਸਹੀ ਪੰਜ ਵਜੇ ਮੋਟਰ ਸਾਈਕਲ 'ਤੇ ਬਾਜ਼ਾਰ ਜ਼ਰੂਰ ਜਾਂਦੇ ਅਤੇ ਜਾਂਦਿਆਂ ਨੂੰ ਆਪਣੇ ਜ਼ਮਾਨੇ ਦੀ ਮਿਡਲ ਪਾਸ ਮੇਰੇ ਮਾਤਾ ਜੀ ਉਨ੍ਹਾਂ ਨੂੰ ਬਾਜ਼ਾਰੋਂ ਸਮਾਨ ਮੰਗਵਾਉਣ ਦੀ ਲਿਸਟ ਵੀ ਜ਼ਰੂਰ ਦਿੰਦੇ ਅਤੇ ਮੱਤਾਂ ਵੀ ਢੇਰ ਸਾਰੀਆਂ ਦਿੰਦੇ। ਅਕਸਰ ਉਸਦੀ ਸ਼ਿਕਾਇਤ ਇਕੋ ਤਰ੍ਹਾਂ ਦੀ ਹੁੰਦੀ। ਪਿਤਾ ਜੀ ਨੇ ਜਾਣ ਲਈ ਮੋਟਰ ਸਾਈਕਲ ਸਾਫ ਕਰਦੇ ਹੋਣਾਂ ਤਾਂ ਮਾਤਾ ਜੀ ਨੇ ਹੱਥ ਵਿਚਲੀ ਲਿਸਟ ਉਨ੍ਹਾਂ ਦੇ ਬੋਝੇ 'ਚ ਇਉਂ ਪਾਉਣੀ ਜਿਵੇਂ ਨਿਊਯਾਰਕ 'ਚ ਕਬੱਡੀ ਵਾਲੇ ਪੰਜਾਬੀ ਮੁੰਡੇ ਧੱਫਾ ਮਾਰਦੇ ਨੇ ਅਤੇ ਫਿਰ ਕਹਿਣਾ ਸ਼ੁਰੂ ਕਰਨਾ, "ਇਹ ਸਾਮਾਨ




## ਰੰਗ-ਬੇਰੰਗ

ਆਪ ਚੁਣ ਕੇ ਲਿਆਇਆ ਜੇ। ਉਥੇ ਜਾ ਕੇ ਢਾਕਾਂ 'ਤੇ ਹੱਥ ਧਰ ਕੇ ਖੜੇ ਹੋ ਜਾਂਦੇ ਹੋ ਤੇ ਲਾਲਾ ਜੋ ਮਰਜੀ ਗੰਦ ਪਿੱਲ ਦੇ ਕੇ ਸਰਦਾਰ ਹੁਣਾਂ ਨੂੰ ਘਰ ਤੋਰ ਦਿੰਦਾ ਏ। ਪਰਸੋਂ ਜਿਹੜੇ ਨਿੰਬੂ ਲਿਆਂਦੇ ਨੇ ਜੇ ਕਹੋ ਤਾਂ ਵਿਖਾਵਾਂ ਲਿਆ ਕੇ। ਉਨ੍ਹਾਂ ਦੀ ਸ਼ਕੰਜਵੀ ਤਾਂ ਬਣਨੀ ਕੀ ਐ, ਅਚਾਰ ਵੀ ਨਹੀਂ ਪੈਂਦਾ। ਨਾਲੇ ਵਿਚ ਵਿਸਕੀ ਦੀ ਬੋਤਲ ਨਾ ਟੁੰਗੀ ਲਿਆਇਆ ਜੇ। ਫਿਰ ਸਾਰੇ ਟੱਬਰ ਨੂੰ 12-12 ਵਜੇ ਤੱਕ ਆਪਣੀ ਬਹਾਦਰੀ ਅਤੇ ਪਹੁੰਚ ਦੇ ਕਿਸੇ ਸੁਣਾਈ ਜਾਂਦੇ ਓ। ਅਸੀਂ ਸਵੇਰੇ ਉਠ ਕੇ ਘਰਦੇ ਸੌ ਕੰਮ ਕਰਨੇ ਹੁੰਦੇ ਨੇ।"

ਪਿਤਾ ਜੀ ਦਾਦਾ ਜੀ ਵਾਂਗ ਚੁੱਪ ਚਾਪ ਸੁਣੀ ਜਾਂਦੇ ਤੇ ਜਦੋਂ ਮੋਟਰ ਸਾਈਕਲ ਸਾਫ ਹੋ ਜਾਂਦਾ ਤੇ ਸਟਾਰਟ ਕਰਕੇ ਉਪਰ ਬਹਿ ਜਾਂਦੇ ਤਾਂ ਮਾਤਾ ਜੀ ਨੂੰ ਆਪਣੀ ਸੁਣਵਾਈ ਨਾ ਹੋਣ ਤੇ ਹੋਰ ਗੁੱਸਾ ਆਉਂਦਾ ਤੇ ਕਹਿੰਦੇ, "ਮੈਂ ਜੇ ਤੁਹਾਡੇ ਨਾਲ ਨਾ ਵਿਆਹੀ ਹੁੰਦੀ ਤਾਂ ਉਸਤਾਨੀ ਲੱਗੀ ਹੋਣਾ ਸੀ।" ਪਿਤਾ ਜੀ ਹੱਸ ਕੇ ਕਹਿੰਦੇ, "ਉਸਤਾਨੀਆਂ ਵਿਆਹ ਨਹੀਂ ਕਰਵਾਂਦੀਆਂ?"

"ਕਰਵਾਂਦੀਆਂ ਨੇ, ਪਰ ਅਫਸਰਾਂ ਨਾਲ ਨਾਂ ਕਿ ਤੁਹਾਡੇ ਵਰਗੇ ਵਿਹਲੇ ਲੀਡਰਾਂ ਨਾਲ।" ਮਾਤਾ ਜੀ ਚਿੜ੍ਹ ਕੇ ਕਹਿੰਦੇ।

"ਮੂਰਖੇ, ਅਫਸਰ ਤਾਂ ਸਾਡਾ ਲੀਡਰਾਂ ਦਾ ਪਾਣੀ ਭਰਦੇ ਐ"। ਪਿਤਾ ਜੀ ਇਹ ਕਹਿ ਕੇ ਤੇ ਜ਼ਰਾ ਹੱਸ ਕੇ ਬਾਜ਼ਾਰ ਚਲੇ ਜਾਂਦੇ।

ਇਸੇ ਤਰ੍ਹਾਂ ਜਦੋਂ ਮੇਰਾ ਵਿਆਹ ਹੋਇਆ ਤਾਂ ਪਿਤਾ ਜੀ ਅਤੇ ਦਾਦਾ ਜੀ ਦੀ ਸਵੀਕ੍ਰਿਤ ਦੇ ਬਾਵਜੂਦ ਮੇਰੇ ਮਾਤਾ ਜੀ ਨੇ ਮਨਮੀਤ ਨੂੰ ਮਨੋ ਸਵੀਕਾਰ ਨਾ ਕੀਤਾ ਤੇ ਮੌਕਾ ਲੱਗਣ 'ਤੇ ਕੋਈ ਨਾ ਕੋਈ ਵਿਅੰਗ ਜ਼ਰੂਰ ਕਸਦੀ। ਉਸਨੂੰ ਮਹਿਸੂਸ ਹੁੰਦਾ ਸੀ ਇਹ ਭਾਪਿਆਂ ਦੀ ਕੁੜੀ ਮੈਕਮੋਹਨ ਲਾਈਨ ਪਾਰ ਕਰਕੇ ਧਿੰਗੋਜ਼ੋਰੀ ਉਸਦੇ ਘਰ ਦੀ ਨੂੰਹ ਬਣ ਬੈਠੀ ਏ। ਉਸਨੇ ਪੂਰਾ ਸਾਲ ਉਸਨੂੰ ਨਾਂ ਲੈ ਕੇ ਨਹੀਂ ਬੁਲਾਇਆ ਬਸ 'ਤੂੰ' ਜਾਂ 'ਬਹੂ' ਵਗੈਰਾ ਨਾਲ ਹੀ ਸਾਰਦੀ ਰਹੀ। ਅਸੀਂ ਇਕ ਦਿਨ ਵਾਸਤੇ ਪੰਦਰੀਂ ਦਿਨੀਂ ਆਉਂਦੇ ਸਾਂ। ਇਕ ਦਿਨ ਮਾਤਾ ਜੀ ਬੋਲੇ, "ਬਹੂ, ਪਾਣੀ ਦਾ ਇਕ ਗਿਲਾਸ ਦੇ ਕੇ ਜਾਈਂ ਬਾਹਰ।" ਤਾਂ ਮਾਤਾ ਜੀ ਝੱਟ ਬੋਲੇ- "ਬਹੂ ਆਉਂਦੀ ਐ ਕਿ ਪਈ ਐਂ, ਮੈਂ ਪਾਣੀ ਆਪੇ ਲੈ ਲਵਾਂ।"

ਮਨਮੀਤ ਨੂੰ ਸਮਝ ਆ ਗਈ ਤੇ ਹੱਸ ਕੇ ਕਹਿਣ ਲੱਗੀ, "ਨਹੀਂ ਮਾਤਾ ਜੀ, ਪਾਣੀ ਲੈ ਕੇ ਆਉਂਦੀ ਪਈ ਆਂ।" ਪਰ ਜਦੋਂ ਤਿੰਨ ਚਾਰਾਂ ਸਾਲਾਂ ਬਾਅਦ ਪਿਤਾ ਜੀ ਤੇ ਮਾਤਾ ਜੀ ਸਾਡੇ ਕੋਲ ਚੰਡੀਗੜ੍ਹ ਆ ਗਏ ਮਾਤਾ ਦੋ ਮਹੀਨਿਆਂ 'ਚ ਮਨਮੀਤ 'ਤੇ ਇੰਨਾ ਫਿਦਾ ਹੋਈ ਕਿ ਯੂਨੀਵਰਸਿਟੀ ਦੇ ਦਿਨਾਂ 'ਚ ਮੈਂ ਵੀ ਨਹੀਂ ਹੋਇਆ ਹੋਣਾ। ਫਿਰ ਇਕ ਦਿਨ ਮੈਂ ਵੀ ਆਪਣੇ ਮਾਤਾ ਜੀ ਨੂੰ ਉਹ ਹੀ ਸਵਾਲ ਪੁਛਿਆ ਜੋ ਉਹ ਵਿਆਹ ਤੋਂ ਪਹਿਲਾਂ ਅਕਸਰ ਮੈਨੂੰ ਝਿੜਕ ਕੇ ਪੁਛਦੇ ਹੁੰਦੇ ਸਨ- "ਮਾਤਾ ਜੀ ਇਸ ਕੁੜੀ ਨੇ ਤੁਹਾਨੂੰ ਐਸਾ ਕੀ ਸੁੰਘਾ ਦਿੱਤਾ ਹੈ ਜੋ ਤੁਸੀਂ ਦਿਨ ਰਾਤ ਅਤੇ ਹਰ ਇਕ ਕੋਲ ਇਸਦੇ ਗੁਣਗਾਣ ਹੀ ਕਰਦੇ ਰਹਿੰਦੇ ਹੋ।"

ਉਹ ਸਮਝ ਜਾਂਦੇ ਹਨ ਅਤੇ ਹੱਸ ਕੇ ਮਨਮੀਤ ਨੂੰ ਬੁੱਕਲ 'ਚ ਲੈ ਲੈਂਦੇ ਹਨ। ਇਸ ਸਬੰਧ 'ਚ ਮੈਨੂੰ ਗੁਰਮੁਖ ਸਿੰਘ ਮੁਸਾਫਿਰ ਦੀ ਗੱਲ ਯਾਦ ਆਉਂਦੀ ਐ। ਉਹ ਭਾਪਾ ਸੀ ਅਤੇ ਦਾਹੜੀ ਅਕਾਲੀਆਂ ਵਾਂਗ ਖੁੱਲ੍ਹੀ ਰਖਦਾ ਸੀ ਤੇ ਚਿੱਟੀ ਪੱਗ ਕਾਂਗਰਸੀਆਂ ਵਾਲੀ ਬੰਨ ਕੇ ਰੱਖਦਾ ਸੀ। ਜਦੋਂ ਉਹ ਕੁਝ ਸਮੇਂ ਲਈ ਪੰਜਾਬ ਦਾ ਚੀਫ ਮਨਿਸਟਰ ਬਣਿਆ ਤਾਂ ਲੁਧਿਆਣੇ ਦਾ ਇੱਕ ਪੁਰਾਣਾ ਜੱਟ ਕਾਂਗਰਸੀ ਲੀਡਰ ਪੁੱਛਣ ਲੱਗਾ, "ਮੁਸਾਫਰ ਸਾਹਿਬ ਤੁਹਾਡਾ ਦਾਅ ਕਿਵੇਂ ਲੱਗ ਗਿਆ।" ਤਾਂ ਮੁਸਾਫਿਰ ਸਾਹਿਬ ਕਹਿਣ ਲੱਗੇ ਇਹ ਸਭ ਤੁਹਾਡੀਆਂ ਈ ਮੇਹਰਬਾਨੀਆਂ ਨੇ।" ਉਸਦੇ ਵੇਰਵੇ ਨਾਲ ਪੁੱਛਣ ਤੇ ਕਹਿਣ ਲੱਗੇ, "ਤੁਹਾਨੂੰ ਪਤਾ ਐ ਕਿ ਪੰਜਾਬ 'ਚ ਬਹੁਤੀ ਵਸੋਂ ਸਿੱਖਾਂ ਦੀ ਹੈ ਅਤੇ ਅੱਗੇ ਸਿੱਖਾਂ 'ਚੋਂ ਬਹੁਤੀ ਵਸੋਂ ਜੱਟਾਂ ਦੀ ਹੈ। ਕੈਰੋਂ ਸਾਹਿਬ ਨੂੰ ਇਸੇ ਹਿਸਾਬ ਨਾਲ ਹੀ ਨਹਿਰੂ ਨੇ ਪੰਜਾਬ ਦਾ ਚੀਫ ਮਨਿਸਟਸਰ ਬਣਾਇਆ ਸੀ ਪਰ ਉਸਨੇ ਹਮੇਸ਼ਾ ਮੁਲਾਜ਼ਮਾਂ ਨਾਲ ਜੇ ਗੱਲ ਕੀਤੀ ਤਾਂ ਡਾਂਗ ਨਾਲ ਤੇ ਹਾਈ ਕਮਾਂਡ ਨੂੰ ਜੇ ਕਦੇ ਮਿਲਿਆ ਤਾਂ ਜ਼ਿੱਦੀ ਅਤੇ ਮੁੱਛ ਵੱਟ ਜੱਟ ਵਾਂਗ। ਹੁਣ ਹਾਈਕਮਾਂਡ ਕੋਲ ਪਹਿਲੀ ਗਲਤੀ ਸੁਧਾਰਨ ਦਾ ਸਮਾਂ ਸੀ। ਸੋ ਉਨ੍ਹਾਂ ਨੂੰ ਐਸਾ ਚੀਫ ਮਨਿਸਟਰ ਚਾਹੀਦਾ ਸੀ ਜੋ ਲੱਗਦਾ ਪੂਰਾ ਸਿੱਖ ਤੇ ਜੱਟ ਹੋਵੇ ਪਰ ਅਸਲ 'ਚ ਸਿਰਫ ਸਿੱਖ ਹੋਵੇ ਤੇ ਬਸ ਮੇਰੇ ਦਾਅ ਲੱਗ ਗਿਆ।"

**ਗੱਲੀਂ-ਬਾਤੀਂ**



ਐਸ. ਅਸ਼ੋਕ ਭੌਰਾ

ਫੋਨ: 925-752-8025

# ਉਨ੍ਹਾਂ ਕੀ ਜੋਗ ਪਾਵਣਾ ਜਿਨ੍ਹਾਂ ਮੰਗ ਕੇ ਬਿਗਾਨਿਆਂ ਦਾ ਖਾਧਾ

*ਕਹਿੰਦੇ ਨੇ ਕਲਮ, ਕਦਮ ਤੇ ਕਸਮ ਸੋਚ ਕੇ ਚੁਕਣੀ ਚਾਹੀਦੀ ਹੈ ਤੇ ਜਿਨ੍ਹਾਂ ਨੇ ਇਹ ਚੁੱਕਣ ਵਿਚ ਗਲਤੀ ਜਾਂ ਗੁਸਤਾਖ਼ੀ ਕੀਤੀ ਹੈ ਉਨ੍ਹਾਂ ਨੂੰ ਦੰਦਾਂ ਦੇ ਡਾਕਟਰ ਕੋਲ ਜੁਬਾੜੇ ਦਾ ਇਲਾਜ ਕਰਾਉਣ ਦੀ ਕਾਹਲੀ ਵੀ ਕਰਨੀ ਪਈ ਹੈ। ਸਰੀਰਕ ਦਿੱਖ ਵਿਚ ਕਈ ਮੋਨੇ ਹਨ, ਕਈ ਵਾਲਾਂ ਵਾਲੇ, ਕਈ ਟੋਪੀ ਪਹਿਨਦੇ ਹਨ, ਕਈ ਦਸਤਾਰ, ਕਈ ਚਿੱਟੇ ਪਹਿਨਦੇ ਨੇ, ਕਈ ਰੰਗ-ਬਰੰਗੇ, ਕਈਆਂ ਦੇ ਕਾਲੇ ਨੇ, ਕਈਆਂ ਦੇ ਬੱਗੇ ਹੋ ਗਏ ਨੇ, ਕਈ ਜਵਾਨ ਨੇ, ਕਈ ਬੁੱਢੇ ਨੇ, ਕਈ ਬੁਢਾਪੇ ਵਾਲੇ ਮੋੜ 'ਤੇ ਹਨ ਅਤੇ ਸਮੇਂ ਦੇ ਗਾਰਡ ਦੀ ਸੀਟੀ ਸੁਣਨ ਲਈ ਗੋਡਿਆਂ ਭਾਰ ਹੋ ਗਏ ਹਨ। ਬੰਦਾ ਅਸਲ ਵਿਚ ਬਹੁਰੂਪੀਆ ਹੈ। ਜ਼ਰਾ ਇਕਾਗਰ ਚਿੱਤ ਕਰਕੇ ਵੇਖੋ ਬੰਦਾ ਬਚਪਨ ਵਿਚ ਹੋਰ ਹੁੰਦਾ ਹੈ, ਜਵਾਨੀ ਵਿਚ ਹੋਰ, ਮਾਂ ਨਾਲ ਹੋਰ, ਧੀ ਨਾਲ ਹੋਰ, ਪੁੱਤ ਨਾਲ ਹੋਰ, ਜਵਾਈ ਨਾਲ ਹੋਰ, ਦੋਹਤਿਆਂ-ਪੋਤਰਿਆਂ ਨਾਲ ਹੋਰ, ਪਤਨੀ ਨਾਲ ਹੋਰ, ਪ੍ਰੇਮਿਕਾ ਨਾਲ ਹੋਰ, ਦਿਨ ਨੂੰ ਹੋਰ, ਰਾਤ ਨੂੰ ਹੋਰ, ਸੋਫੀ ਹੋਰ, ਪੀਤੀ 'ਚ ਹੋਰ, ਅੰਦਰੋਂ ਹੋਰ, ਬਾਹਰੋ ਹੋਰ, ਸ਼ਰੀਫ਼ਾਂ ਨਾਲ ਹੋਰ ਤੇ ਲੁੱਚਿਆਂ ਨਾਲ ਹੋਰ। ਕਈ ਗੁੱਸੇ 'ਚ ਚੰਡਾਲ, ਸਿਆਣਪ ਵਿਚ ਸਾਧ ਹੁੰਦੇ ਹਨ। ਕੋਈ ਵੀ ਇਹ ਗੱਲ ਬਾਂਹ ਖੜ੍ਹੀ ਕਰਕੇ ਨਹੀਂ ਕਹਿ ਸਕਦਾ ਕਿ ਮੈਂ ਇਸ ਦੌਰ ਵਿਚੋਂ ਨਹੀਂ ਗੁਜਰਿਆ। ਇਹ ਹੋਰ ਹੋਰ ਹੁੰਦਿਆਂ ਹੀ ਸਥਿਤੀ ਫੇਰ ਚੱਕ ਲੋ, ਚੱਕ ਲੋ, ਜਾਂ ਲੈ ਚਲੋ ਲੈ ਚਲੋ ਵਾਲੀ ਬਣ ਜਾਂਦੀ ਹੈ। ਇਸੇ ਕਰਕੇ ਜੀਵਨ ਫਿਲਾਸਫੀ ਨੂੰ ਸਮਝਣ ਵਾਲੇ ਕਹਿੰਦੇ ਹਨ: 'ਬੇ ਬੰਦਿਆਂ ਤੇਰੇ ਨੇ ਕਰਮ ਮਾੜੇ, ਵਾਂਗ ਕੁੱਕੜਾਂ ਰੂੜੀਆਂ ਫੋਲਦਾ ਤੂੰ। ਭਲਾ ਬੁੱਝ ਖਾਂ ਵਿਚ ਹੈ ਕੌਣ ਤੇਰੇ? ਆਪੇ 'ਵਾਜ਼ ਮਾਰੇਂ ਆਪੇਂ ਬੋਲਦਾ ਤੂੰ।' ਕਈ ਪੈਸਾ ਨਾ ਹੋਣ ਕਰਕੇ ਦੁਖੀ ਨੇ, ਕਈ ਪੈਸੇ ਕਰਕੇ, ਕੋਈ ਬਿਮਾਰੀ ਤੋਂ ਦੁਖੀ ਹੈ, ਕੋਈ ਗਰੀਬੀ ਤੋਂ, ਕੋਈ ਧੀ ਤੋਂ, ਕੋਈ ਪੁੱਤ ਤੋਂ। ਕੋਈ ਗੋਡਿਆਂ 'ਚ ਮੂੰਹ ਦੇ ਕੇ ਉਦਾਸੀ ਦੇ ਅੱਥਰੂ ਸੁੱਟੀ ਜਾਂਦਾ, ਵਿਆਹ ਤਾਂ ਪਛੜ ਕੇ ਕਰਵਾਇਆ ਹੀ ਸੀ ਤਲਾਕ ਪਹਿਲਾਂ ਹੀ ਹੋ ਗਿਆ। ਜਿਨ੍ਹਾਂ ਨੇ ਵੱਡੀਆਂ ਭਾਬੀਆਂ ਨੂੰ ਮਾਵਾਂ ਨਹੀਂ ਸਮਝਿਆ ਉਹ ਚਰਿੱਤਰ ਦੀ ਫੋਕੀ ਤਸਵੀਰ ਵਾਹੁਣ ਵਾਲੇ ਅਣਜਾਣ ਪੇਂਟਰ ਹੀ ਹੋ ਸਕਦੇ ਨੇ। ਮਹਾਨ ਤੇ ਵੱਡੇ ਬਣਨ ਦੇ ਚੱਕਰ ਵਿਚ ਮਨੁੱਖ ਨੇ ਕਾਹਲੀ 'ਚ ਗੱਡੀ ਚੜ੍ਹਨ ਵਾਂਗ ਗੋਡੇ ਭਨਾ ਲਏ ਨੇ। ਸਾਨੂੰ ਆਪਣੀਆਂ ਥੋੜ੍ਹਾਂ, ਕਮਜ਼ੋਰੀਆਂ ਅਤੇ ਮਾੜੀਆਂ ਆਦਤਾਂ ਦਾ ਅਹਿਸਾਸ ਹੈ ਪਰ ਦੁਖੀ ਹੋਰ ਇਸ ਕਰਕੇ ਹੋਈ ਜਾਂਦੇ ਹਾਂ ਕਿ ਗਿਆਨ ਦੇਣ ਵਾਲਾ ਕੋਈ ਬ੍ਰਹਮ ਗਿਆਨੀ ਨਹੀਂ ਟੱਕਰ ਰਿਹਾ। ਜੇ ਪਤੀ-ਪਤਨੀ ਇਕ ਦੂਜੇ ਤੋਂ ਓਹਲਾ ਰੱਖਣ ਲੱਗ ਪੈਣ ਤਾਂ ਭਾਂਡਿਆਂ ਦੇ ਖੜਕਣ ਦੀਆਂ ਆਵਾਜ਼ਾਂ ਘੰਟੇ-ਘੰਟੇ ਪਿਛੋਂ ਵੀ ਸੁਣੀਆਂ ਜਾ ਸਕਦੀਆਂ ਹਨ। ਜਦੋਂ ਮਹਾਤਮਾ ਬੁੱਧ ਬਣਨ ਦੇ ਸੁਪਨੇ ਵਿਚ ਹੱਥ ਕੰਸ ਨਾਲ ਮਿਲਾਓਗੇ ਤਾਂ ਜ਼ਿੰਦਗੀ ਲੰਮੀਆਂ ਬਾਹਵਾਂ ਕਰਕੇ ਆਖੇਗੀ ਇਧਰ ਨੂੰ ਆ ਬਚੂ, ਮੈਂ ਦੱਸਦੀ ਆਂ।*

ਜ਼ਿੰਦਗੀ ਨੂੰ ਸੂਲਾਂ ਦੀ ਸੇਜ ਸਮਝਣ ਵਾਲੇ ਇਕ ਮਨੁੱਖ ਨੇ ਦੂਜੇ ਨੂੰ ਪੁੱਛਿਆ ਮੈਂ ਆਪਣੇ ਆਪ ਤੋਂ ਖੌਰੇ ਇੰਨਾ ਕਿਉਂ ਅੱਕ ਗਿਆ ਹਾਂ। ਦੂਜੇ ਦਾ ਜਵਾਬ ਸੀ ਇਸ ਕਰਕੇ ਕਿ ਤੂੰ ਕਿੱਕਰ ਹੇਠ ਬਹਿ ਕੇ ਬੋਹੜ ਦੀ ਛਾਂ ਭਾਲ ਰਿਹੈਂ। ਜੀਵਨ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਦੇ ਰੰਗ ਗੂੜ੍ਹੇ ਹੋ ਕੇ ਉਭਰਦੇ ਨੇ। ਮਨੁੱਖ ਹੈਰਾਨ, ਪ੍ਰੇਸ਼ਾਨ ਤੇ ਬੇਚੈਨ ਇਸ ਕਰਕੇ ਹੋ ਰਿਹਾ ਹੈ ਕਿ ਲਾਲਸਾਵਾਂ ਦੀ ਚਾਦਰ ਵੱਡੀ ਹੋਈ ਜਾਂਦੀ ਹੈ ਤੇ ਉਹ ਆਪ ਸੁੰਗੜਦਾ ਜਾ ਰਿਹਾ ਹੈ। ਗੁੱਸੇ ਦੇ ਵਧਣ ਦੀਆਂ ਨਿਸ਼ਾਨੀਆਂ ਹੀ ਨੇ ਕਿ ਡਾਕਟਰਾਂ ਕੋਲ ਜਾਣ ਵਾਲੇ ਬਹੁਤੇ ਮਰੀਜ਼ਾਂ ਵਿਚ ਹਾਈ ਬਲੱਡ ਪ੍ਰੈਸ਼ਰ ਦੇ ਲੱਛਣ ਮਿਲ ਰਹੇ ਨੇ। ਕਿਉਂਕਿ ਹੰਕਾਰ ਸਿਰ ਹੀ ਭੰਨਦਾ ਹੈ ਤੇ ਪੈਰਾਂ ਨੂੰ ਕੁਝ ਨਹੀਂ ਕਹਿੰਦਾ। ਬ੍ਰਹਮ ਗਿਆਨੀਆਂ ਕੋਲ ਜਿਊਂਦੇ ਰਹਿਣ ਜੋਗਾ ਖੂਨ ਤਾਂ ਲੋੜੀਂਦੀ ਮਾਤਰਾ ਵਿਚ ਸੀ ਪਰ ਨਿਮਰਤਾ, ਸਾਦਗੀ ਤੇ ਸਹਿਣਸ਼ੀਲਤਾ ਦੀ ਸੰਜੀਵਨੀ ਬੂਟੀ, ਕੋਲ ਹੋਣ ਕਰਕੇ ਇਹ ਉਬਲਦਾ ਨਹੀਂ ਸੀ। ਗੁੱਸੇ ਨੇ ਘਰ ਨਹੀਂ ਟੱਬਰ ਗਾਲ ਸੁੱਟੇ ਨੇ। ਜ਼ਿੰਦਗੀ ਭਰ ਤਲਾਕ ਲਈ ਅਕੇਵੇਂ ਵਾਲਾ ਮੁਕੱਦਮਾ ਲੜ ਰਿਹਾ ਮਨੁੱਖ ਫਿਰ ਗੁੱਸਾ ਥੁੱਕ ਦਿਓ ਦਾ ਉਪਦੇਸ਼ ਦੇਣ ਲੱਗ ਪੈਂਦਾ ਹੈ। ਅਸਲ ਵਿਚ ਗੁੱਸਾ ਜਾਂ ਕ੍ਰੋਧ ਬੜੇ ਮਾੜੇ ਜਜ਼ਬੇ ਹਨ। ਭਾਈ ਗੁਰਦਾਸ ਜੀ ਨੇ ਲਿਖਿਆ ਹੈ 'ਕਾਮ ਕ੍ਰੋਧ ਕਾਇਆ ਕੋ ਗਲੈ, ਜਿਉ ਕੰਚਨ ਸੁਹਾਗਾ ਢਲੈ'। ਯਾਨਿ ਕਿ ਜਿਵੇਂ ਸੁਹਾਗਾ ਕੱਚ ਨੂੰ ਢਾਲ ਸੁੱਟਦਾ ਹੈ ਇਵੇਂ ਇਹ ਦੋ ਮਾਰੂ ਪ੍ਰਵਿਰਤੀਆਂ ਚੰਗੇ ਭਲੇ ਦੇ ਪੱਲੇ ਕੱਖ ਨਹੀਂ ਛਡਦੀਆਂ। ਕਿਉਂਕਿ ਗੁੱਸੇ ਵਿਚ ਆਇਆ ਮਨੁੱਖ ਮੂੰਹ ਆਲੇ ਜਿੱਡਾ ਅੱਡ ਲੈਂਦਾ ਹੈ ਤੇ ਦਿਲ ਤੇ ਦਿਮਾਗ ਨੂੰ ਹੈਵਾਨੀਅਤ ਦਾ ਰੋਪੜੀ ਜਿੰਦਾ ਲਾ ਕੇ ਚਾਬੀ ਆਪੇ ਦਰਿਆ ਵਿਚ ਸੁੱਟ ਆਉਂਦਾ ਹੈ। ਜੇ ਧਰਮ ਤੇ ਇਤਿਹਾਸ ਦੀ ਪੈੜ ਵਿਚ ਗੁੱਸੇ ਦੇ ਕਾਰੇ ਵੇਖਣੇ ਹਨ ਤਾਂ ਕਦੇ ਖਿਆਲ ਨਹੀਂ ਆਇਆ ਕਿ ਕਾਲ ਪਾਵੇ ਨਾਲ ਬੰਨ੍ਹਣ ਦਾ ਭਰਮ ਪਾਲਣ ਵਾਲਾ ਰਾਵਣ ਜੇ ਗੁੱਸੇ 'ਚ ਨਾ ਆਉਂਦਾ ਜਾਂ ਸੱਦਾਮ ਹੁਸੈਨ ਵਾਂਗ ਨਾ ਤੀਂਘੜਦਾ ਤਾਂ ਨਾ ਲੰਕਾ ਢਹਿ ਢੇਰੀ ਹੋਣੀ ਸੀ ਤੇ ਨਾ ਸਵਾ ਲੱਖ ਪੂਤ ਸਮੇਤ ਅਮਰੀਕਾ ਹੱਥੋਂ ਇਰਾਕ, ਤਾਲਿਬਾਨ ਅਤੇ ਅਲਕਾਇਦਾ ਦੇ ਗੁੱਸੇ ਤੇ ਕ੍ਰੋਧ ਨੇ ਅਫਗਾਨਿਸਤਾਨ ਵਿਚ ਲੱਗੀਆਂ ਅੱਗਾਂ ਦਾ ਧੂੰਆ ਉਡਾਉਣਾ ਸੀ। ਸ਼ਕੁਨੀ ਮਾਮਾ ਸ਼ੈਤਾਨ ਨਾ ਹੁੰਦਾ, ਜੂਆ ਖੇਡਣ ਦੀ ਆਦਤ ਨਾ ਹੁੰਦੀ ਤੇ ਦਰਯੋਧਨ ਨੂੰ ਗੁੱਸਾ ਨਾ ਆਉਂਦਾ ਤਾਂ ਸਿਆਣੇ ਬੰਦਿਆਂ ਨੇ ਮੂਰਖ ਲੋਕਾਂ ਦੀ ਕਹਾਣੀ ਮਹਾਂਭਾਰਤ ਨੂੰ ਜਨਮ ਕਿਥੋਂ ਦੇਣਾ ਸੀ। ਜਰਮਨੀ ਨੂੰ ਇਕ ਵਾਰ ਗੁੱਸੇ ਕਰਕੇ ਤਬਾਹ ਹੋਣਾ ਪਿਆ। ਜਦੋਂ ਯਹੂਦੀਆਂ ਨੂੰ ਗੈਸ ਚੈਂਬਰਾਂ 'ਚ ਤੁੰਨ ਕੇ ਭੁੰਨ ਦਿੱਤਾ ਗਿਆ ਸੀ। ਔਰੰਗਜ਼ੇਬ ਹਕੂਮਤ ਦੇ ਨਸ਼ੇ 'ਚ ਪਾਪੀ ਤੇ ਕ੍ਰੋਧੀ ਨਾ ਬਣਦਾ ਤਾਂ ਉਹਦੀ ਕਬਰ ਉੱਤੇ ਦੀਵਾ ਜਗਾਉਣ ਲਈ ਮੌਲਵੀਆਂ ਨੂੰ ਤੇਲ ਮੰਗਣ ਲਈ ਹੱਥ ਨਹੀਂ ਅਡਣੇ ਪੈਣੇ ਸਨ। ਕਿਉਂਕਿ ਜੇ ਹਾਰਨ ਦਾ ਜੇਰਾ ਨਾ ਹੋਵੇ ਤਾਂ ਇਕ ਮੋਢੇ ਉੱਤੇ ਹੰਕਾਰ ਤੇ ਦੂਜੇ ਉੱਤੇ ਕ੍ਰੋਧ ਸਵਾਰ ਹੋ ਜਾਂਦਾ ਹੈ। ਜਫ਼ਰ ਦਾ ਇਕ ਸ਼ੇਅਰ ਹੈ:

> ਜ਼ਫ਼ਰ ਆਦਮੀ ਉਸਕੋ ਨਾ ਜਾਨੀਏਗਾ,
> ਖ਼ਾ ਹੋ ਜੋ ਰਹੀਮੈ ਜਕਾ।
> ਜਿਸੇ ਐਸ਼ ਮੇਂ ਯਾਦ ਖ਼ੁਦਾ ਨਾ ਰਹੀ
> ਉਸੇ ਤੈਸ਼ ਮੇਂ ਖੌਫ ਖ਼ੁਦਾ ਨਾ ਰਹਾ।

ਤੇ ਗੁਰਬਾਣੀ ਇਸ ਗੱਲ ਨੂੰ ਹੋਰ ਢੰਗ ਨਾਲ ਬਿਆਨਦੀ ਹੈ:

> ਦੁਖ ਮੇ ਸਿਮਰਨ ਹਰਿ ਕਰੇ
> ਸੁੱਖ ਮੇ ਕਰੇ ਨਾ ਕੋਇ।
> ਜੋ ਸੁੱਖ ਮੇ ਸਿਮਰਨ ਕਰੇ
> ਦੁਖ ਕਾਹੇ ਕੋ ਹੋਇ।

ਜਿਹੜੇ ਇਹ ਮੱਤ ਦਿੰਦੇ ਹਨ ਕਿ ਗੁੱਸਾ ਥੁੱਕ ਦਿਓ, ਚੰਗੀ ਗੱਲ ਹੈ ਪਰ ਜਿਹੜਾ ਇਸ ਬਿਮਾਰੀ ਨਾਲ ਲੋਹੇ ਵਾਂਗ ਲਾਲ ਹੋਇਆ ਪਿਆ ਹੋਵੇ ਉਹਦੇ ਮੂੰਹ 'ਚ ਥੁੱਕ ਨਹੀਂ ਜ਼ਹਿਰ ਹੁੰਦੀ ਹੈ, ਉਹਨੂੰ ਉਹ ਉੱਗਲਦਾ ਹੈ। ਸਿਆਣੇ ਕਹਿੰਦੇ ਨੇ ਜੇ ਹਾਕਮ ਕ੍ਰੋਧੀ ਹੋ ਜਾਵੇ ਤਾਂ ਪਲ ਵਿਚ ਬਗਾਵਤ ਦਾ ਲਾਵਾ ਉੱਠਣ ਦੀ ਸੰਭਾਵਨਾਵਾਂ ਵੱਡੀ ਪੱਧਰ ਉਤੇ ਹੁੰਦੀਆਂ ਹਨ। ਇਕ ਯੂਨਾਨੀ ਲੋਕ-ਕਥਾ ਹੈ ਕਿ ਰਾਜਾ ਕ੍ਰੋਧੀ ਬੜਾ ਹੋ ਗਿਆ। ਅਪੀਲਾਂ, ਦਲੀਲਾਂ ਸੁਣਨ ਵਾਲੇ ਬੂਹੇ ਉਸਨੇ ਬੰਦ ਕਰ ਦਿੱਤੇ ਸਨ। ਉਹ ਨਿੱਕੀਆਂ ਨਿੱਕੀਆਂ ਗੁਸਤਾਖੀਆਂ ਜਾਂ ਗਲਤੀਆਂ ਉੱਤੇ ਸ਼ਰੀਫਾਂ ਦਾ ਸਿਰ ਲਾਹੁਣ ਲੱਗ ਪਿਆ ਸੀ। ਬਗਾਵਤ ਉੱਠਣ ਦੇ ਡਰੋਂ ਆਪਣੀ ਸੁਰਖਿਆ ਪੁੱਤਰਾਂ ਤੇ ਭਰਾਵਾਂ ਦੇ ਹਵਾਲੇ ਕਰ ਦਿੱਤੀ ਸੀ। ਪਰ ਦੁਖੀ ਹੋਏ ਉਸਦੇ ਅਹਿਲਕਾਰਾਂ ਨੇ ਮਾਨਸਿਕ ਪੀੜ ਨਾਲ ਉਹਦੀ ਅਜਿਹੀ ਹੱਤਿਆ ਕੀਤੀ ਕਿ ਰਾਜਭਾਗ ਨਰਕ ਤੋਂ ਸਵਰਗ ਬਣ ਗਿਆ। ਨਾ ਗੋਲੀ ਚਲੀ, ਨਾ ਬੰਬ ਫਟਿਆ ਤੇ ਧਮਾਕਾ ਸਿਆਣਪ ਦਾ ਹੋਇਆ ਸੀ। ਇਵੇਂ:

ਕਿ ਇਕ ਦਿਨ ਅਹਿਲਕਾਰਾਂ ਨੇ ਘੋੜਿਆਂ ਵਿਚ ਬਾਂਦਰ ਲਿਆ ਕੇ ਬੰਨ੍ਹ ਦਿੱਤਾ। ਬਾਦਸ਼ਾਹ ਕੋਲੋਂ ਲੰਘਣ ਲੱਗਾ ਇਹ ਵੇਖ ਕੇ ਗੁੱਸੇ ਨਾਲ ਅੱਗ ਭੰਬੂਕਾ ਹੋ ਗਿਆ। 'ਇਹ ਘੋੜਿਆਂ 'ਚ ਬਾਂਦਰ ਕਿਉਂ ਬੰਨਿਆ ਹੈ?' 'ਮਹਾਰਾਜ ਬਾਂਦਰ ਨਹੀਂ ਇਹ ਵੀ ਘੋੜਾ ਈ ਹੈ। ਲੱਗਦਾ ਤੁਹਾਨੂੰ ਦਿਸਣ ਘੱਟ ਲੱਗ ਪਿਆ ਜਾਂ ਦਿਮਾਗ 'ਚ ਫ਼ਰਕ ਪੈ ਗਿਆ ਹੈ।' ਬਣਾਈ ਜੁਗਤ ਵਾਂਗ ਇਹ ਇਕ ਨਹੀਂ ਦੋ ਨਹੀਂ, ਉਹ ਜਿਹਨੂੰ ਵੀ ਪੁਛੇ ਇਹੋ ਜੁਆਬ ਮਿਲੇ। ਰਾਜੇ ਦੀ ਮਤ ਗਈ ਟਿਕਾਣਿਓਂ, ਕਿ ਇਹ ਘੋੜਾ ਹੀ ਹੋਣਾ ਹੈ ਸਾਰੇ ਜੁ ਆਖਦੇ ਨੇ। ਮੈਨੂੰ ਹੀ ਭੁਲੇਖਾ ਪੈ ਗਿਆ ਲੱਗਦਾ। ਉਹ ਸਾਰੀ ਰਾਤ ਨਾ ਸੁੱਤਾ ਤੇ ਅਗਲੇ ਦਿਨ ਨਵੀਂ ਵਿਉਂਤ ਦਾ ਚੰਨ ਚੜ੍ਹ ਪਿਆ। ਉਨ੍ਹਾਂ ਹੀ ਅਹਿਲਕਾਰਾਂ ਨੇ ਆਪਣੇ ਵਿਚ ਪਾਟੇ ਕਪੜਿਆਂ ਵਾਲਾ ਇਕ ਲਿਬੜਿਆ ਤਿਬੜਿਆ ਮੰਗਤਾ ਹੱਥ ਵਿਚ ਠੂਠਾ ਫੜੀ ਲਿਆ ਖੜਾ ਕੀਤਾ। ਜਦ ਬਾਦਸ਼ਾਹ ਉਧਰੋਂ ਲੰਘਣ ਲੱਗਾ ਤਾਂ ਫਿਰ ਗੁੱਸੇ ਵਿਚ ਪਾਟਣ ਨੂੰ ਕਰੇ। ਮਾੜੇ ਬੰਬ ਦੇ ਪਾਟਣ ਵਾਂਗ ਕੜਾਕ ਦੇ ਕੇ ਬੋਲਿਆ, "ਇਹ ਸੰਤਰੀਆਂ ਵਿਚ ਮੰਗਤਾ ਕਿਉਂ ਖੜਾ, ਗੰਦਾ-ਮੰਦਾ? ਜੁਆਬ ਫਿਰ ਉਹੀ ਸੀ, 'ਜਨਾਬ ਲਗਦਾ ਤੁਸੀਂ ਮੰਗਤੇ ਬਣ ਜਾਣਾ। ਕਿਉਂਕਿ ਇਹ ਤਾਂ ਆਪਣਾ ਫਜ਼ਲਦੀਨ ਸਿਪਾਹੀ ਏ ਸਭ ਤੋਂ ਵਫ਼ਾਦਾਰ। ਇਨੇ ਖ਼ੂਬਸੂਰਤ ਇਹਨੇ ਕੱਪੜੇ ਪਾਏ ਹੋਏ ਨੇ। ਇਹ ਕੋਈ ਮੰਗਤਾ ਨਹੀਂ।' ਤੇ ਫਿਰ ਹਰ ਕਿਸੇ ਦਾ ਇਹੋ ਜੁਆਬ ਸੀ। ਬਾਦਸ਼ਾਹ ਦੀ ਮਾਨਸਿਕ ਸਥਿਤੀ ਹਿਲ ਗਈ ਤੇ ਉਹ ਉਥੋਂ ਹੀ ਆਪਣੇ ਮਹਿਲਾਂ ਦੇ ਉਪਰਲੇ ਚੁਬਾਰੇ ਵਿਚ ਅੰਦਰ ਵੜ ਕੇ ਕੁੰਡੀ ਬੰਦ ਕਰਕੇ ਸ਼ਾਂਤ ਹੋਣ ਦੇ ਯਤਨ ਕਰਨ ਲੱਗਾ ਪਰ ਅਗਲੀ ਸਵੇਰ ਖ਼ਬਰ ਸੀ ਫਾਹਾ ਲੈ ਕੇ ਬਾਦਸ਼ਾਹ ਨੇ ਆਤਮ ਹੱਤਿਆ ਕਰ ਲਈ। ਕਤਲਾਂ ਦੇ ਮੁਕੱਦਮਿਆਂ ਤੋਂ ਲੈ ਕੇ ਹਕੂਮਤਾਂ ਤੱਕ ਵੇਖ ਲਿਓ ਕ੍ਰੋਧ ਦਾ ਆਖ਼ਰੀ ਨਤੀਜ਼ਾ ਵੇਖਣ ਤੇ ਸੁਣਨ ਵਾਲਾ ਨਹੀਂ ਹੁੰਦਾ। ਨਸ਼ੇ ਦੇ ਜ਼ੋਰ ਵਿਚ ਪਤੀ ਦੇ ਗੁੱਸੇ ਵਿਚ ਧੌਲ ਧੱਫਾ ਹੋ ਕੇ ਹੱਟੀ ਪਤਨੀ ਰੋਟੀ ਟੁੱਕ ਕਰਨ ਵਾਲੇ ਓਟੇ ਦੇ ਸਹਾਰੇ ਬੈਠੀ ਰਹੀ ਤੇ ਉਸ ਕੰਸ ਦਾ ਪਾਰਾ ਜਦੋਂ ਉਤਰਿਆ ਤਾਂ ਪਿਆਰ ਦਾ ਹੇਜ਼ ਜਤਾਉਂਦਾ ਪੁੱਛਣ ਲੱਗਾ ਭਾਗਵਾਨੇ ਅੱਜ ਕੀ ਬਣਾਇਆ ਹੈ। ਨਿੰਬੂ ਵਾਂਗ ਨੁਚੱੜੀ ਤੇ ਛੱਲੀਆਂ ਵਿਚਲੇ ਗੁੱਲਾਂ ਵਾਂਗ ਝਾੜੀ ਝੰਬੀ ਦਾ ਜੁਆਬ ਪਤਾ ਕੀ ਸੀ? ਧਿਆਨ ਨਾਲ ਸੁਣਿਓ, " ਤੇਰੀ ਜੁੱਤੀ 'ਚ ਹਟਕੋਰਿਆਂ ਦੇ ਤੜਕੇ ਤੇ ਹੰਝੂਆਂ ਦੇ ਘਿਓ 'ਚ ਤੇਰੀ ਖੋਪਰੀ ਦਾ ਕੀਮਾ ਆਪਣੇ ਮਾੜੇ ਮੁਕੱਦਰਾਂ ਦੇ ਮਿਰਚ ਮਸਾਲੇ ਨਾਲ ਦਰਦ ਦੀਆਂ ਪਾਥੀਆਂ ਤੇ ਪੀੜਾਂ ਦੀ ਅੱਗ ਨਾਲ ਮਜਬੂਰੀ ਦੇ ਭਾਂਡੇ 'ਚ ਰਿੰਨ ਕੇ ਹੱਟੀ ਹਾਂ, ਆਹ ਸਧਰਾਂ ਦੀ ਗੜ੍ਹਬੀ 'ਚ ਮੇਰੇ ਤਨ ਦਾ ਖ਼ੂਨ ਨੁੱਚੜਿਆ ਪਿਆ ਏ, ਝੁਲਸ ਲੈ"। ਤੇ ਉਹ ਬੇਸ਼ਰਮ ਤੌੜੀ 'ਚ ਕੜਛੀ ਮਾਰਦਾ ਹੀ-ਹੀ ਕਰਕੇ ਢਿੱਡ ਭਰਨ ਲੱਗ ਪਿਆ ਜਿਵੇਂ ਕੋਈ ਭੁਖਾ ਸ਼ੇਰ ਖ਼ੂਨ ਨਾਲ ਲਿਬੜਿਆ ਜਬਾੜਾ ਲੈ ਕੇ ਠੰਢੇ ਮਿੱਠੇ ਜਲ ਦੀ ਛਬੀਲ 'ਤੇ ਆਣ ਖੜਾ ਹੋਇਆ ਹੋਵੇ। ਜੇ ਮਰਦ ਦੇ ਕ੍ਰੋਧ ਦਾ ਕਿਆਸ ਕਰਨਾ ਹੋਇਆ ਤਾਂ ਚਰਿੱਤਰਹੀਣ ਪਤੀ ਦੇ ਤਲਾਕ ਦਾ ਮੁਕੱਦਮਾ ਝਗੜ ਰਹੀ ਪਤਨੀ ਨੂੰ ਪੁੱਛਿਓ ਫਿਰ ਉਹ ਦੱਸ ਦੇਵੇਗੀ ਕਿ ਨਾਂ ਤਾਂ ਭਲੇ ਮਾਣਸ ਦਾ ਗੰਗਾਰਾਮ ਹੈ ਪਰ ਬੁੱਧੀ ਹਰਨਾਕਸ਼ ਵਰਗੀ ਹੈ। ਜੇ ਉਹਨੂੰ ਬਹੁਤਾ ਹੇਜ਼ ਜਤਾਉਣ ਲੱਗ ਪਵੇ, ਮਾੜੀ ਗਜ਼ਲ ਦੇ ਚੰਗੇ ਸ਼ੇਅਰ ਵਾਂਗ ਪਿਆਰ ਦੀ ਤਾੜੀ ਵਜਾਉਣ ਦਾ ਬਹਾਨਾ ਕਰੇ ਤਾਂ ਆਪਣਾ ਹੋਣ ਦਾ ਭਰਮ ਨਾ ਕਰਿਓ, ਕਿਉਂਕਿ ਸੁਆਰਥ ਦਾ ਟੁੱਟਾ ਕਟੋਰਾ ਉਸ ਕਮਲ਼ੇ ਦੇ ਸਿਰ ਉਤੇ ਵੀ ਟਿਕਿਆ ਹੋ ਸਕਦਾ ਹੈ। ਦੁਨੀਆਂ ਦੀ ਕਦੇ ਇੰਦਰਜਾਲ ਬੁਣਨ ਦੀ ਆਦਤ ਗਈ ਨਹੀਂ। ਜੇ ਤੁਸੀਂ ਭੁੱਖੇ ਹੋਵੋ ਤਾਂ ਤੁਹਾਨੂੰ ਕੋਈ ਖੀਰ ਖੁਆਉਣ ਦੀ ਪੇਸ਼ਕਸ਼ ਕਰੇ ਤਾਂ ਤੁਸੀਂ ਉਸਦੇ ਹਿੱਸੇ ਦੀ ਖਾਣ ਲਈ ਵੀ ਜੀਭ ਗਿੱਠ ਭਰ ਦੰਦਾਂ ਤੋਂ ਬਾਹਰ ਕਰੀ ਰਖਣੀ ਹੈ। ਤੇ ਜੇ ਕੋਈ ਜ਼ਹਿਰ ਦੀ ਪੁੜੀ ਦੇਵੇ ਤਾਂ ਇਹੋ ਕਹਿਣਾ ਹੈ, "ਤੂੰ ਹੀ ਖਾ ਲੈ" ਪਰ ਇਸਦੇ ਉਲਟ ਓਸ਼ੋ ਨੇ ਆਪਣੀ ਜਪੁਜੀ ਸਾਹਿਬ ਵਾਲੀ ਪੁਸਤਕ, "ਏਕ ਓਂਕਾਰ ਸਤਿਨਾਮ" ਵਿਚ ਇਕ ਘਟਨਾ ਖ਼ੂਬ ਚੰਗੇ ਢੰਗ ਨਾਲ ਪੇਸ਼ ਕੀਤੀ ਹੈ। ਉਹਨੇ ਲਿਖਿਆ ਹੈ ਕਿ ਇਕ ਅਕਬਰ ਵਰਗਾ ਬਾਦਸ਼ਾਹ ਬੀਰਵਲ ਵਰਗੇ ਵਜ਼ੀਰ ਨੂੰ ਹਰ ਗੱਲ ਉੱਤੇ ਖੁਸ਼ ਰੱਖਣ ਦਾ ਯਤਨ ਕਰਦਾ ਸੀ। ਬਾਦਸ਼ਾਹ ਵਿਚ ਚੰਗੀ ਜਾਂ ਮਾੜੀ ਗੱਲ ਇਹ ਸੀ ਕਿ ਉਹ ਸ਼ਿਕਾਰ ਖੇਡਣ ਦਾ ਬੜਾ ਸ਼ੌਕੀਨ ਸੀ। ਇਕ ਵਾਰ ਉਹ ਦੋਵੇਂ ਜਣੇ ਜੰਗਲ ਵਿਚ ਸ਼ਿਕਾਰ ਖੇਡਣ ਲਈ ਚਲੇ ਗਏ। ਰਾਤ ਪੈ ਗਈ ਪਰ ਕੋਈ ਸ਼ਿਕਾਰ ਹੱਥ ਨਾ ਲੱਗਾ। ਦੋਵੇਂ ਭੁੱਖ ਨਾਲ ਵਿਲਕਣ ਲੱਗੇ, ਅਚਾਨਕ ਰਾਜੇ ਨੂੰ ਇਕ ਫਲ ਲੱਭਾ ਤੇ ਦੋਵਾਂ ਨੇ ਅੱਧਾ-ਅੱਧਾ ਛਕਣ ਦਾ ਮਨ ਬਣਾ ਲਿਆ। ਵਜ਼ੀਰ ਕਹਿਣ ਲੱਗਾ ਮਹਾਰਾਜ ਪਹਿਲਾਂ ਮੈਂ ਖਾਵਾਂਗਾ। ਪਤਾ ਨਹੀਂ ਇਹ ਕੌੜਾ ਹੋਵੇਗਾ ਜਾਂ ਮਿੱਠਾ? ਤੇ ਉਸਨੇ ਆਪਣੇ ਹਿੱਸੇ ਦਾ ਅੱਧਾ ਫਲ ਲੈ ਕੇ ਫਟਾ ਫਟ ਖਾ ਲਿਆ ਤੇ ਪ੍ਰਤੀਕ੍ਰਿਆ ਜ਼ਾਹਿਰ ਕੀਤੀ, 'ਜਨਾਬ ਫ਼ਲ ਕਿਆ ਸੁਆਦ ਹੈ ਜੇ ਆਪਣੇ ਹਿੱਸੇ 'ਚੋਂ ਵੀ ਅੱਧਾ ਦੇ ਦਿਓ ਤਾਂ ਕਿਆ ਬਾਤਾਂ।' ਰਾਜਾ ਉਹਦੀ ਗੱਲ ਨਹੀਂ ਮੋੜਦਾ ਸੀ ਉਹਨੇ ਅੱਧੇ 'ਚੋਂ ਵੀ ਉਹਨੂੰ ਅੱਧਾ ਦੇ ਦਿੱਤਾ। ਤੇ ਉਹਦੇ ਕੋਲ ਚੌਥਾ ਹਿੱਸਾ ਬਚ ਗਿਆ। ਵਜ਼ੀਰ ਉਹ ਵੀ ਖਾ ਕੇ ਕਹਿਣ ਲੱਗਾ , "ਮਹਾਰਾਜ ਹਾਲੇ ਤ੍ਰਿਸ਼ਨਾ ਪੂਰੀ ਨਹੀਂ ਹੋਈ ਜੇ ਇਹਦੇ 'ਚੋਂ ਵੀ ਅੱਧਾ ਦੇ ਦਿਓ ਤਾਂ ਗੱਲ ਬਣ ਜਾਵੇਗੀ।' ਤੇ ਬਾਦਸ਼ਾਹ ਨੇ ਆਪਣੇ ਚੌਥੇ ਹਿਸੇ ਚੋਂ ਵੀ ਅੱਧਾ ਕੱਟ ਕੇ ਦੇ ਦਿੱਤਾ। ਵਜ਼ੀਰ ਉਹ ਵੀ ਅੱਧਾ ਅੰਦਰ ਲੰਘਾ ਕੇ ਬੋਲਿਆ, 'ਮਹਾਰਾਜ ਜੇ ਬੁਰਾ ਨਾ ਮਨਾਓ ਤਾਂ ਆਹ ਵੀ ਦੇ ਦਿਓ, ਮੇਰਾ ਢਿੱਡ ਭਰ ਜਾਏਗਾ!' ਬਾਦਸ਼ਾਹ ਬੜਾ ਹੈਰਾਨ ਹੋਇਆ ਕਿ ਇਹ ਬੰਦਾ ਕਿ ਚਰਖਾ। ਇੰਨੇ ਲਾਲਚੀ ਗੇੜੇ ਦੇਣ ਲੱਗ ਪਿਆ ਕਿ ਮੈਨੂੰ ਭੁੱਖ ਦੀ ਪਰੀਖਿਆ 'ਚ ਪਾ ਕੇ ਆਪ ਸੁਆਦ ਲਈ ਜਾਂਦਾ ਹੈ। ਤੇ ਬਾਦਸ਼ਾਹ ਨੇ ਜਦੋਂ ਉਸ ਫ਼ਲ ਦਾ ਅੱਠਵਾਂ ਹਿੱਸਾ ਮੂੰਹ 'ਚ ਪਾਇਆ ਤੇ ਨਾਲ ਹੀ ਔਹ ਥੁੱਕ ਮਾਰਿਆ। ਫਲ ਵਿਹੁ ਵਰਗਾ ਕੌੜਾ ਸੀ। ਉਹਨੇ ਵਜ਼ੀਰ ਨੂੰ ਪੁੱਛਿਆ ਤੂੰ ਆਹੰਦਾ ਸੀ ਤ੍ਰਿਸ਼ਨਾ ਨਹੀਂ ਪੂਰੀ ਹੋਈ, ਮੇਰੀ ਭੁੱਖ ਮਿੱਟ ਜਾਊ, ਫਲ ਬੜਾ ਮਿੱਠਾ। ਪਰ ਇਹ ਤਾਂ ਨਿਰੀ ਜ਼ਹਿਰ ਏ। ਇਹਦਾ ਤੂੰ ਕੀ ਸੁਆਦ ਲੈ ਰਿਹਾ ਸੀ? ਗੱਲ ਦਰਅਸਲ ਇਹ ਸੀ ਕਿ ਮੈਨੂੰ ਤੁਸੀਂ ਸਾਰੀ ਉਮਰ ਮਿੱਠੇ ਫਲ ਹੀ ਦਿੱਤੇ ਨੇ ਤੇ ਮੈਂ ਨਹੀਂ ਚਾਹੁੰਦਾ ਸੀ ਕਿ ਇਹ ਕੌੜਾ ਫਲ ਤੁਸੀਂ ਖਾਵੋ। ਇਹ ਵੀ ਮੈਂ ਹੀ ਖਾ ਲੈਣਾ ਚਾਹੁੰਦਾ ਸੀ। ਤੇ ਵਜ਼ੀਰ ਦਾ ਉਤਰ ਸੁਣ ਕੇ ਦੋਵੇਂ ਜਣੇ ਕ੍ਰਿਸ਼ਨ ਸੁਦਾਮੇ ਵਾਂਗ ਬਗਲਗੀਰ ਹੋ ਗਏ। ਲੋਕ ਹੱਸਦੇ ਮਜਬੂਰੀਆਂ, ਲਾਚਾਰੀਆਂ ਤੇ ਕਮਜ਼ੋਰੀਆਂ ਉੱਤੇ ਹਨ। ਗਰੀਬ ਦਾ ਲਿਬਾਸ, ਝੁੱਗੀ ਤੇ ਖਾਣਾ ਮਹਿਲਾਂ ਵਾਲਿਆਂ ਲਈ ਹਾਸੇ-ਮਖੌਲ ਦੀਆਂ ਤਿੰਨ ਵੰਨਗੀਆਂ ਹਨ। ਵੱਡਿਆਂ ਤੇ ਉੱਚਿਆਂ ਅਮੀਰਾਂ ਅੱਗੇ ਲੋਕ ਝੁੱਕ-ਝੁੱਕ ਕੇ ਸਲਾਮਾਂ ਹੀ ਨਹੀਂ ਕਰਦੇ, ਲੰਮੇ ਪੈ ਕੇ ਡੰਡੌਤ-ਬੰਧਨਾ ਕਰਦੇ ਹਨ। ਅਮੀਰਾਂ ਲਈ ਜਿਹੜਾ ਰੱਬ ਹੁੰਦਾ, ਗਰੀਬਾਂ ਲਈ ਉਹੀ ਘਸੁੰਨ! ਕੁਝ ਕਾਵਿ ਸਤਰਾਂ ਪੜ੍ਹਦੇ ਹਾਂ:

> ਬੜੇ ਔਲੀਏ ਗੁਰੂ ਤੇ ਪੀਰ ਆਏ,
> ਚਲਦੇ ਰਹੇ ਨੇ ਪਾਪ ਤੇ ਪੁੰਨ ਮੀਆਂ।
> ਭਗਵੇਂ ਬਾਣਿਆਂ ਹੇਠ
> ਗਈਆਂ ਲੁਕ ਬਦੀਆਂ,
> ਭੋਲੇ, ਸਾਧਾਂ ਨੇ ਦਿੱਤੇ ਪਰੁੰਨ ਮੀਆਂ।
> ਲੁੱਟਣ ਲੱਗ ਪਏ ਹੱਥੀਂ ਕੁਹਾਰ ਡੋਲੀ,
> ਨਹੀਂ ਵੇਖਦੇ ਜੁੰਨ-ਕਜੁੰਨ ਮੀਆਂ।
> ਇਹੋ ਭੇਦ ਨਹੀਂ ਹਾਲੇ ਤੀਕਰ ਪਾ ਹੋਇਆ,
> ਹੁੰਦਾ ਰੱਬ ਕਿ ਨੇੜੇ ਘਸੁੰਨ ਮੀਆਂ।

ਕੀੜੀ ਵੀ ਇਕ ਜਾਨਵਰ ਹੀ ਹੈ। ਉਹ ਦਿਮਾਗ ਨਾਲ ਮਿੱਠਾ ਖਾਣਾ ਲੱਭ ਕੇ ਦਿਲ ਨਾਲ ਦੂਜੀਆਂ ਨੂੰ ਆਵਾਜ਼ਾਂ ਮਾਰਦੀ ਹੈ। ਆ ਜੋ ਛੱਕ ਲੋ, ਭੁੱਖੇ ਬੰਦਿਆਂ ਤੋਂ ਚੋਰੀ, ਰੱਬ ਦਾ ਲੰਗਰ। ਕਿਉਂਕਿ ਉਨ੍ਹਾਂ ਨੇ ਕਿਹੜਾ ਆਪ ਲਾਹੁਣੀਆਂ ਪਕਾਉਣੀਆਂ ਹੁੰਦੀਆਂ ਨੇ। ਪਰ ਰੱਬ ਦਾ ਕਮਾਲ ਦੇਖੋ ਕਿ ਮਾੜਕੂ ਜਿਹੇ ਸਰੀਰ ਵਾਲੀ ਕੀੜੀ 20 ਤੋਂ 18 ਬੱਚਿਆਂ ਨੂੰ ਇਕੋ ਵੇਲੇ ਜਨਮ ਦੇ ਜਾਂਦੀ ਹੈ। ਇਸੇ ਲਈ ਦਿਨਾਂ 'ਚ ਹੀ ਕੀੜੀਆਂ ਤੇ ਕਾਢਿਆਂ ਦੇ ਭੌਣ ਬਣ ਜਾਂਦੇ ਨੇ। ਜੰਗਲ ਦੀ ਇਕ ਭੂਰੀ ਕੀੜੀ ਮਾੜੇ ਪ੍ਰੇਮੀ ਵਾਂਗ ਭੱਜ ਕੇ ਦੂਜੀ ਦੇ ਗੱਲ ਲੱਗ ਕੇ ਬੋਲੀ, "ਹਾਏ ਮੈਂ ਮਰ ਗਈ ਨਖੱਟੀਏ ਔਹ ਵੇਖ ਹਾਥੀ ਤੁਰਿਆ ਆਉਂਦਾ। ਦੂਜੀ ਨੇ ਦਲੇਰੀ ਨਾਲ ਜੁਆਬ ਦਿੱਤਾ, "ਫੋਟ ਖਸਮਾਂ ਨੂੰ ਖਾਣੀ ਡਰ ਗਈ? ਹੌਸਲਾ ਰੱਖ ਉਹ ਇਕੱਲਾ ਆਪਾਂ ਦੋ ਜਣੀਆਂ"। ਭਾਵੇਂ ਕੀੜੀ ਹੱਥੋਂ ਲੜ ਕੇ ਮਰਨ ਵਾਲੇ ਹਾਥੀ ਦਾ ਕਾਰਨ ਸਿਹਤ ਵਿਗਿਆਨ ਜਾਣਦੀ ਹੈ ਪਰ ਉਨ੍ਹਾਂ ਦੇ ਬੁਲੰਦ ਹੌਸਲੇ ਨੇ ਹਾਥੀ ਹਾਲੇ ਤੀਕਰ ਡਰਾਇਆ ਹੋਇਆ।

ਮੀਂਹ ਨਾ ਪਵੇ ਤਾਂ ਪ੍ਰਾਂਤਾਂ, ਦੇਸ਼ਾਂ ਤੇ ਧਰਮਾਂ-ਮਜ਼੍ਹਬਾਂ ਦੇ ਇੰਦਰ ਦੇਵਤੇ ਨੂੰ ਮਨਾਉਣ ਦੇ ਆਪਣੇ ਨੁਸਖੇ ਤੇ ਢੰਗ ਹਨ। ਪਰ ਆਪਣੇ ਪਿੰਡ ਵਿਚ ਆਮ ਤੌਰ 'ਤੇ ਗੁੱਡੀ ਫੂੱਕਣ ਦਾ ਰਿਵਾਜ਼ ਹੈ। ਕਦੇ ਇਹ ਕਿਉਂ ਨਹੀਂ ਸੋਚਿਆ ਕਿ ਗੁੱਡੀ ਹੀ ਵਿਚਾਰੀ ਕਿਉਂ ਫੂਕ ਹੁੰਦੀ ਹੈ ਗੁੱਡਾ ਕਿਉਂ ਨਹੀਂ? ਇਸ ਭੇਦ ਵਿਚ ਵੜਨ ਦਾ ਯਤਨ ਕੋਈ ਨਹੀਂ ਕਰਦਾ। ਇਹਨੂੰ ਮਿਥਿਹਾਸਕ ਘਟਨਾ ਕਹਿ ਲਵੋ ਜਾਂ ਕੋਈ ਦੰਦ-ਕਥਾ ਪਰ ਗੱਲ ਇਉਂ ਹੈ ਕਿ ਜਦੋਂ ਸਤੀ-ਪ੍ਰਥਾ ਦਾ ਕੋਹੜ ਮਨੁੱਖ ਦੀ ਅਗਿਆਨਤਾ ਨਾਲ ਧਰਮ ਦੀ ਪਕੜ 'ਚ ਆ ਗਿਆ ਸੀ ਉਦੋਂ ਹੀ ਇਹ ਗੱਲ ਤੁਰ ਪਈ ਜਿਹੜੀ ਬਾਅਦ 'ਚ ਗੁੱਡੀ ਫੂਕਣ ਨਾਲ ਜੁੜ ਗਈ। ਜਦੋਂ ਲਾੜੇ ਤੋਂ ਬਿਨਾ ਲਾੜੀ ਦਾ ਕੋਈ ਹੋਰ ਮੂੰਹ ਵੇਖ ਲਵੇ ਤਾਂ ਪਾਪ ਸੀ ਉਦੋਂ। ਇਕ ਗਰੀਬ ਦੀ ਧੀ ਵਿਆਹ ਤੋਂ ਪਹਿਲਾਂ ਉਚਿਆਂ ਦੇ ਕਾਕੇ ਨਾਲ 'ਰੋਡੇ ਜਲਾਲੀ' ਵਾਂਗ ਪਿਆਰ ਤੇ ਸਰੀਰ ਦੇ ਤਾਣੇ-ਬਾਣੇ 'ਚ ਉਲਝ ਗਈ। ਗੱਲ ਖਿਲਰਦੀ ਖਿਲਰਦੀ ਚਹੁੰ ਪਾਸੀਂ ਚਲੇ ਗਈ। ਗੱਲ 'ਤੇ ਮਿੱਟੀ ਪੈ ਗਈ ਸੀ ਪਰ ਜਦੋਂ ਲੰਬੀ ਔੜ ਲਗ ਗਈ ਤਾਂ ਉਚਿਆਂ ਨੇ ਅਖੌਤੀ ਪਖੰਡੀਆਂ ਨੂੰ ਪੁਛਿਆ, "ਮੀਂਹ ਕਿਉਂ ਨਹੀਂ ਪੈਂਦਾ, ਇੰਦਰ ਦੇਵਤਾ ਗੁੱਸੇ ਵਿਚ ਕਿਉਂ ਹੈ?" ਉਤਰ ਮਿਲਿਆ, "ਜਨਾਬ ਧਰਤੀ 'ਤੇ ਅਨਰਥ ਹੋ ਚੁੱਕਾ ਹੈ। ਕੁੜੀ ਕੁਆਰੀ ਨੇ ਜਤ-ਸਤ ਭੰਗ ਕਰ ਲਿਆ।" ਇਸ ਪਾਪ ਦਾ ਨਾਸ਼ ਕਰਨਾ ਪਊ। ਤੇ ਪਾਪੀਆਂ ਦੇ ਕਾਫ਼ਲੇ ਨੇ ਜਬਰੀ ਚੁੱਕ ਕੇ ਉਸ ਵਿਚਾਰੀ ਦਾ ਫਾਹਾ ਵੱਢ'ਤਾ। ਤੇ ਉਹ ਗੁੱਡੀ ਹਾਲੇ ਤੀਕਰ ਲੀਰਾਂ ਦਾ ਖਿਡਾਉਣਾ ਬਣਾ ਕੇ ਇਸ ਕਰਕੇ ਫੂਕੀ ਜਾ ਰਹੀ ਹੈ ਕਿ ਸ਼ਾਇਦ ਉਦੋਂ ਰੱਬ ਤੋਂ ਗਲਤੀ ਨਾਲ ਭਰਵੇਂ ਮੀਂਹ ਦਾ ਛਿੱਟਾ ਦੇ ਦਿੱਤਾ ਗਿਆ ਹੋਵੇ। ਨਕਲੀ ਮਕਾਣਾਂ ਬਣ ਕੇ, 'ਹਾਏ-ਹਾਏ ਨੀ ਗੁੱਡੀਏ' ਕਰਨ ਵਾਲੀਆਂ ਬੀਬੀਆਂ ਨਹੀਂ ਜਾਣਦੀਆਂ, ਰੱਬ ਚਿੜ੍ਹ ਕੇ ਮੀਂਹ ਪਾ ਦਿੰਦਾ ਹੋਵੇਗਾ ਤਾਂ ਕਿ ਗੱਲ ਉੱਤੇ ਢੱਕਣ ਟਿੱਕਿਆ ਰਹੇ। ਗੱਲ ਜ਼ਿੰਦਗੀ ਤੇ ਗੁੱਸੇ ਤੋਂ ਕੀਤੀ ਸੀ ਪਤਾ ਨਹੀਂ ਲਗਦਾ ਕਿ ਕਿਧਰੋਂ ਘੁੰਮਾ ਕੇ ਕਿਧਰ ਨੂੰ ਮੋੜ ਕੱਟ ਲਈਏ ਕਿਉਂਕਿ ਸਾਰੇ ਰਾਹਾਂ 'ਚ ਫੁੱਲਾਂ, ਕੰਡਿਆਂ ਦੀ ਗਿਣਤੀ ਵਧ ਗਈ ਲਗਦੀ ਹੈ। ਹੁਣੇ ਦੀਵਾਲੀ, ਦੁਸ਼ਹਿਰਾ ਮਨਾ ਕੇ ਹਟੇ ਹਾਂ ਪਰ ਜ਼ਿੰਦਗੀ ਦਾ ਤਰਕ ਸੰਤ ਰਾਮ ਉਦਾਸੀ ਹੋਰ ਤਰ੍ਹਾਂ ਦੱਸਦਾ ਹੁੰਦਾ ਸੀ:

> ਐਵੇਂ ਕਾਗਜ਼ਾਂ ਦੇ ਰਾਵਣਾ ਨੂੰ ਸਾੜ ਕੀ ਬਣੇ
> ਤੀਰ ਤੀਲਾਂ ਦੇ ਕਮਾਨ ਵਿਚ ਚਾੜ ਕੀ ਬਣੇ
> ਕੋਈ ਉੱਠੇ ਹਨੂਮਾਨ ਕਰੇ ਯੁੱਧ ਦਾ ਐਲਾਨ
> ਮੂਹਰੇ ਆਉਣ ਵਾਲੇ ਸਾਗਰਾਂ ਦੀ
> ਹਿੱਕ ਪਾੜੀਏ
> ਏਸ ਯੁੱਗ ਦੇ ਰਾਵਣਾਂ ਦੀ ਹਿੱਕ ਪਾੜੀਏ
> ਜਾਂ
> ਮਾਲਾ ਵਿਚ ਕਰਾਮਾਤ ਨਾ
> ਨਵੇਂ ਯੁੱਗ ਦੇ ਲੋਕ ਇਹ ਆਹੰਦੇ
> ਕਰਾਮਾਤ ਕਾਮਿਆਂ ਦੀ
> ਜਿਹੜੇ ਮਿੱਟੀ ਵਿਚੋਂ ਸੋਨਾ ਨੇ ਉਗਾਉਂਦੇ
> ਉਨ੍ਹਾਂ ਨੇ ਕੀ ਜੋਗ ਪਾਲਣਾ
> ਜਿਨ੍ਹਾਂ ਮੰਗ ਕੇ ਬੇਗਾਨਿਆਂ ਦਾ ਖਾਧਾ
> ਛੇੜ ਕੇ ਭਰਿੰਡ ਰੰਗੀਆਂ,
> ਕਿਥੇ ਜਾਏਂਗਾ ਬੂਬਨਿਆ ਸਾਧਾ...।

ਪੈਸਾ ਅੱਜ ਕੱਲ੍ਹ ਉਨ੍ਹਾਂ ਕੋਲ ਹੀ ਹੈ ਜਿਨ੍ਹਾਂ ਨੇ ਮੁਰਦਿਆਂ ਦੀਆਂ ਕਬਰਾਂ ਵੀ ਛਾਣ ਮਾਰੀਆਂ ਨੇ। ਪਟਿਆਲੇ ਦਾ 22 ਨੰਬਰ ਫਾਟਕ ਮਸ਼ਹੂਰ ਹੈ। ਬਾਰਾਂਦਰੀ ਵੀ, ਰਾਜਿਆਂ-ਮਹਾਰਾਜਿਆਂ ਦੇ ਮਹੱਲ ਵੀ, ਪਰ ਇਸ ਸ਼ਹਿਰ ਬਾਰੇ ਇਕ ਬੋਲੀ ਹੈ- "ਜਿੰਦ ਮਾਹੀ ਜੇ ਚਲਿਓਂ ਪਟਿਆਲੇ, ਉਥੋਂ ਲਿਆਵੀਂ ਰੇਸ਼ਮੀ ਨਾਲੇ।" ਸੋਚਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੀਆਂ ਕਿਹੜੀਆਂ ਫੈਕਟਰੀਆਂ ਲੱਗੀਆਂ ਹੋਈਆਂ ਸਨ। ਜਿਨ੍ਹਾਂ ਨੂੰ ਇਕ ਤੋਂ ਵਧ ਔਰਤਾਂ ਨਾਲ ਰਹਿਣ ਦੀ ਮਾੜੀ ਆਦਤ ਪਈ, ਉਨ੍ਹਾਂ ਨੇ ਹੀ ਰੇਸ਼ਮੀ ਨਾਲਿਆਂ ਦੀ ਮਹੱਤਤਾ ਦਰਸਾ ਕੇ ਕੁਝ ਲੋਕਾਂ ਨੂੰ ਨਾਲੇ ਬੁਣਨ ਦਾ ਚੰਗਾ ਰੋਜ਼ਗਾਰ ਦਿੱਤਾ। ਵੱਡੇ ਲੋਕ ਉਦੋਂ ਰੇਸ਼ਮੀ ਨਾਲੇ ਤੋਹਫਿਆਂ ਵਾਂਗ ਪੇਸ਼ ਕਰਨ ਲੱਗੇ ਸਨ। ਵਿਚਲੇ ਅਰਥ ਆਪ ਹੀ ਕੱਢ ਲਿਓ। ਇਕ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਨੂੰ ਪਿਆਰ ਨਾਲ ਪੁਛਿਆ, "ਮੈਂ ਤੇਰਾ ਨਾਂ ਸ਼ਕੁੰਤਲਾ ਰਖ ਲਵਾਂ"। "ਨਾਂ ਭਾਵੇਂ ਪਿਆਰਿਆ ਸਵਿਤਰੀ ਰੱਖ, ਪਰ ਮੈਨੂੰ ਆਪਣੀ ਕਹਿ"। ਪ੍ਰੇਮਿਕਾ ਦਾ ਜੁਆਬ ਸੁਣ ਕੇ ਪ੍ਰੇਮੀ ਦੇ ਸਿਕੜੀ ਚੜ੍ਹ ਗਈ। ਇਵੇਂ ਜ਼ਿੰਦਗੀ ਨੂੰ ਆਪਣੀ ਸਮਝ ਕੇ ਸੁਖਾਲੀ ਬਣਾਉਣ ਦਾ ਯਤਨ ਕਰੋਗੇ ਤਾਂ ਕਹਿਣਾ ਨਹੀਂ ਪਵੇਗਾ ਕਿ ਇਹਦੇ ਤੋਂ ਅੱਕ ਗਏ ਹਾਂ।"

**ਖਾਲਸਾ ਪੰਥ**

# ਪਾਕਿਸਤਾਨ ਵਿਚਲੇ ਗੁਰੂਧਾਮਾਂ ਦੇ ਪ੍ਰਬੰਧ ਬਾਰੇ ਸੱਚਾਈ

ਹਰਜਾਪ ਸਿੰਘ ਔਜਲਾ*



*ਹਰਜਾਪ ਸਿੰਘ ਔਜਲਾ*

ਪਹਿਲੀ ਸੰਸਾਰ ਜੰਗ ਦੇ ਤੁਰਤ ਪਿਛੋਂ ਬਰਤਾਨਵੀ ਹਕੂਮਤ ਹੇਠਲੇ ਭਾਰਤ ਦੇ ਸਿੱਖਾਂ ਨੂੰ ਆਪਣੇ ਗੁਰੂਧਾਮ ਮਹੰਤਾਂ ਦੇ ਨਾਪਾਕ ਕਬਜ਼ੇ ਵਿਚੋਂ ਛੁਡਾਉਣ ਲਈ ਵੱਡੀ ਜੱਦੋ ਜਹਿਦ ਕਰਨੀ ਪਈ। ਸਿੱਖ ਭਾਈਚਾਰੇ ਦੇ ਵਿਰਸੇ ਅਤੇ ਦੌਲਤ ਨੂੰ ਜੋਕਾਂ ਵਾਂਗ ਚੰਬੜੇ ਹੋਏ ਇਹ ਮਹੰਤ ਉਸ ਸਮੇਂ ਦੇ ਸੰਯੁਕਤ ਭਾਰਤ ਵਿਚ ਬਰਤਾਨਵੀ ਹੁਕਮਰਾਨਾਂ ਦੇ ਪਿੱਠੂ ਬਣੇ ਹੋਏ ਸਨ। ਉਨ੍ਹਾਂ ਦਿਨਾਂ ਦੇ ਸਿੱਖ ਆਪਣੇ ਧਾਰਮਿਕ ਅਕੀਦੇ ਵਿਚ ਬਹੁਤ ਪੱਕੇ ਸਨ ਅਤੇ ਉਂਜ ਵੀ ਨਿਰਸਵਾਰਥ ਸਨ। ਉਹ ਆਪਣੇ ਪੰਥ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਰਹਿੰਦੇ।

ਆਪਣੇ ਗੁਰਧਾਮਾਂ ਅਤੇ ਵਿਰਸੇ ਨੂੰ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਸਿੱਖ ਪੰਥ ਨੂੰ ਬਰਤਾਨਵੀ ਹਕੂਮਤ ਅਤੇ ਖਾਸ ਕਰ ਪੁਲਿਸ ਨਾਲ ਲੰਮੀ ਲੜਾਈ ਲੜਨੀ ਪਈ। ਸਿੰਘ ਸਭਾ ਲਹਿਰ ਦੇ ਵੱਖ ਵੱਖ ਪੜਾਵਾਂ ਦੌਰਾਨ ਹਜ਼ਾਰਾਂ ਸ਼ਰਧਾਵਾਨ ਸਿੱਖਾਂ ਨੂੰ ਅਮਨਮਈ ਸੰਘਰਸ਼ ਕਰਦਿਆਂ ਗ੍ਰਿਫਤਾਰੀਆਂ ਦੇਣੀਆਂ ਪਈਆਂ। ਸਿੰਘ ਸਭਾ ਲਹਿਰ ਦੌਰਾਨ ਜੈਤੋ, ਗੁਰੂ ਕਾ ਬਾਗ ਅਤੇ ਨਨਕਾਣਾ ਸਾਹਿਬ ਜਿਹੇ ਵੱਡੇ ਮੋਰਚੇ ਲੱਗੇ ਜਿਨ੍ਹਾਂ ਦੌਰਾਨ ਸਿੱਖਾਂ ਦਾ ਕੁਰਬਾਨੀ ਦਾ ਜਜ਼ਬਾ ਦੇਖਣਯੋਗ ਸੀ। ਦਰਜਨਾਂ ਸਿੱਖਾਂ ਦੀ ਸ਼ਹੀਦੀ ਅਤੇ ਹਜ਼ਾਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਅਖੀਰ ਬਰਤਾਨਵੀ ਹਕੂਮਤ ਨੂੰ ਝੁਕਣਾ ਪਿਆ ਅਤੇ ਗੁਰਦੁਆਰਾ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਦੀ ਸੰਸਥਾ 1925 ਵਿਚ ਬਣਾਉਣੀ ਪਈ। ਸਿੱਖਾਂ ਦੀ ਇਸ ਸਿਰਮੌਰ ਜਥੇਬੰਦੀ ਦਾ ਹੈਡਕੁਆਰਟਰ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਨਵੇਂ ਬਣੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬਣਾਇਆ ਗਿਆ।

ਕਿਉਂਕਿ ਬਹੁਤੇ ਇਤਿਹਾਸਕ ਸਿੱਖ ਗੁਰਧਾਮ ਰਿਆਸਤ ਪੰਜਾਬ ਅਤੇ ਸੂਬਾ ਸਰਹੱਦ ਅੰਦਰ ਹੀ ਪੈਂਦੇ ਸਨ, ਇਸ ਲਈ ਇਨ੍ਹਾਂ ਸੂਬਿਆਂ ਅੰਦਰ ਇਤਿਹਾਸਕ ਅਹਿਮੀਅਤ ਵਾਲੇ ਸਾਰੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੋੜੇ ਗਏ। ਪੰਜਾਬ ਦੇ ਪਹਾੜੀ ਇਲਾਕਿਆਂ, ਜੋ ਕਿ ਹੁਣ ਹਿਮਾਚਲ ਪ੍ਰਦੇਸ਼ ਦਾ ਹਿੱਸਾ ਹਨ, ਵਿਚ ਵੀ ਕਈ ਗੁਰੂਧਾਮ ਸਨ। ਹੁਣ ਵਾਲੇ ਹਰਿਆਣਾ ਰਾਜ ਵਿਚ ਵੀ ਕਈ ਇਤਿਹਾਸਕ ਸਿੱਖ ਗੁਰੂਧਾਮ ਹਨ। ਸੂਬਾ ਸਰਹੱਦ ਵਿਚ ਸਭ ਤੋਂ ਵੱਡਾ ਇਤਿਹਾਸਿਕ ਗੁਰਦੁਆਰਾ ਪੇਸ਼ਾਵਰ ਨਜ਼ਦੀਕ ਹਸਨ ਅਬਦਾਲ ਵਿਚ ਗੁਰਦੁਆਰਾ ਪੰਜਾ ਸਾਹਿਬ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਇਤਿਹਾਸਕ ਸਿੱਖ ਗੁਰਧਾਮਾਂ ਦਾ ਪ੍ਰਬੰਧ ਸੇਵਾ ਦੇ ਸਹੀ ਅਰਥਾਂ ਵਿਚ ਚਲਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰ ਕੁਰਬਾਨੀਆਂ ਦੇ ਮਹਾਨ ਵਿਰਸੇ ਵਾਲੀ ਸਿੰਘ ਸਭਾ ਲਹਿਰ ਵਿਚੋਂ ਆਏ ਅਤੇ ਉਹ ਸੱਚਮੁੱਚ ਹੀ ਇਨ੍ਹਾਂ ਇਤਿਹਾਸਕ ਗੁਰਧਾਮਾਂ ਦੀ ਸੇਵਾ ਪ੍ਰਤੀ ਨਿਸ਼ਠਾਵਾਨ ਸਨ। 1947 ਤੋਂ ਪਹਿਲਾਂ ਦੇ ਸਮੇਂ ਦੌਰਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਵੀ ਮਹਾਰਾਜਿਆਂ ਅਤੇ ਸਿੱਖ ਮਿਸਲਾਂ ਦੇ ਮੁਖੀਆਂ ਸਮੇਤ ਬਹੁਤ ਸਾਰੇ ਦੌਲਤਵਾਨ ਸਿੱਖਾਂ ਨੇ ਇਨ੍ਹਾਂ ਇਤਿਹਾਸਕ ਗੁਰੂਧਾਮਾਂ ਦੇ ਨਾਂ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਲੁਆਈ। ਇਕੱਲੇ ਨਨਕਾਣਾ ਸਾਹਿਬ ਵਿਚ ਹੀ ਸਿੱਖਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਕੋਈ 22 ਹਜ਼ਾਰ ਏਕੜ ਜ਼ਮੀਨ ਲੁਆਈ ਗਈ।

ਫਿਰ 1947 ਦੀ ਵੰਡ ਵਾਲੀ ਅਸਮਾਨੀ ਬਿਜਲੀ ਪੰਜਾਬ ਉਤੇ ਡਿਗੀ। ਭਾਰਤ ਨੂੰ ਬਰਤਾਨਵੀ ਗੁਲਾਮੀ ਤੋਂ ਆਜ਼ਾਦੀ ਮਿਲੀ ਪਰ ਇਸ ਆਜ਼ਾਦੀ ਦਾ ਕੋਝਾ ਰੂਪ ਵੀ ਸੀ। ਹਿੰਦੁਸਤਾਨ ਨੂੰ ਹਿੰਦੁਸਤਾਨ ਅਤੇ ਪਾਕਿਸਤਾਨ ਨਾਂ ਦੇ ਦੋ ਆਜ਼ਾਦ ਖੁਦਮੁਖਤਾਰ ਮੁਲਕਾਂ ਵਿਚ ਵੰਡ ਦਿਤਾ ਗਿਆ। ਬਹੁਤੀਆਂ ਰਿਆਸਤਾਂ ਸਾਲਮ ਦੀਆਂ ਸਾਲਮ ਹਿੰਦੁਸਤਾਨ ਜਾਂ ਪਾਕਿਸਤਾਨ ਨਾਲ ਰਲਾ ਦਿੱਤੀਆਂ ਗਈਆਂ ਪਰ ਬੰਗਾਲ ਅਤੇ ਪੰਜਾਬ- ਦੋ ਰਿਆਸਤਾਂ ਵੰਡ ਦੀ ਲਕੀਰ ਮਾਰ ਕੇ ਇਨ੍ਹਾਂ ਦੋਹਾਂ ਮੁਲਕਾਂ ਵਿਚ ਰਲਾਈਆਂ ਗਈਆਂ। 60 ਫੀਸਦ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ ਜਦੋਂਕਿ ਬਾਕੀ ਦਾ 40 ਫੀਸਦ ਭਾਰਤ ਦੇ। ਅਣਵੰਡੇ ਪੰਜਾਬ ਵਿਚ ਸਿੱਖ ਘੱਟ ਗਿਣਤੀ ਦੀ ਆਬਾਦੀ ਕੋਈ ਸੱਠ ਲੱਖ ਦੇ ਕਰੀਬ ਸੀ। ਇਸ ਵਿਚੋਂ ਕੋਈ ਤੀਹ ਲੱਖ ਸਿੱਖ ਭਾਰਤ ਦੇ ਪਾਕਿਸਤਾਨੀ ਹਿੱਸੇ ਵਿਚ ਵੱਸਦੇ ਸਨ ਅਤੇ ਬਾਕੀ ਭਾਰਤ ਵਾਲੇ ਪੰਜਾਬ ਵਿਚ।

ਪਾਕਿਸਤਾਨ ਵਿਚ ਰਹਿ ਗਏ ਸਿੱਖਾਂ ਅਤੇ ਹਿੰਦੂਆਂ ਦੀ ਨਿਹਾਇਤ ਜ਼ਾਬਰਾਨਾ ਨਸਲਕੁਸ਼ੀ ਹੋਈ। ਕੋਈ ਪੰਜ ਲੱਖ ਸਿੱਖ ਕਤਲ ਕਰ ਦਿੱਤੇ ਗਏ ਅਤੇ ਬਾਕੀ ਦੀ ਸਿੱਖ ਵਸੋਂ ਆਪਣੇ ਵੱਸਦੇ ਰਸਦੇ ਘਰ-ਬਾਰ ਛੱਡ ਕੇ ਖਾਲੀ ਹੱਥੀਂ ਘਰੋਂ ਬੇਘਰ ਹੋਣ ਲਈ ਮਜਬੂਰ ਹੋ ਗਈ। ਆਪਣੇ ਬਾਨੀ ਦੇ ਜਨਮ ਸਥਾਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਵਿਛੜਨ ਦਾ ਸਿੱਖ ਭਾਈਚਾਏ ਲਈ ਇਹ ਇਕ ਬਹੁਤ ਹੀ ਦੁੱਖਦਾਈ ਸਮਾਂ ਸੀ।

ਜ਼ੁਲਮ ਦੀ ਹਨੇਰੀ ਏਡੀ ਕਹਿਰਵਾਨ ਸੀ ਕਿ ਨਿਹਾਇਤ ਨਿਸ਼ਠਾਵਾਨ ਸਿੱਖਾਂ ਨੂੰ ਵੀ ਆਪਣੇ ਜ਼ਾਹਰਾ ਜ਼ਹੂਰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਂਭ ਸੰਭਾਲ ਨਨਕਾਣਾ ਸਾਹਿਬ ਵਿਚ ਵੱਸਦੇ ਗੈਰ ਸਿੱਖਾਂ ਦੇ ਰਹਿਮੋ ਕਰਮ ਉਤੇ ਛੱਡ ਕੇ ਬੰਦੂਕ ਦੀ ਨੋਕ ਉਤੇ ਭੱਜਣਾ ਪਿਆ। ਕੁਝ ਗ੍ਰੰਥੀਆਂ ਅਤੇ ਰਾਗੀ ਸਿੰਘਾਂ ਸਮੇਤ ਕਈ ਬਹਾਦਰ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਨ ਤੇ ਸ਼ਾਨ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਸਮਾਂ ਏਡਾ ਜ਼ਾਲਮ ਸੀ ਕਿ ਦੋ ਸਦੀਆਂ ਵਿਚ ਪਹਿਲੀ ਵਾਰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ ਕੁਝ ਹੋਰ ਅਹਿਮ ਗੁਰੂਧਾਮਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸੁਖਆਸਨ ਕਈ ਮਹੀਨਿਆਂ ਤੱਕ ਬਾਕਾਇਦਾ ਨਾ ਹੋ ਸਕਿਆ। ਕਈ ਖੁਦਾਵੰਦ ਮੁਸਲਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹਿਫਾਜ਼ਤ ਨਾਲ ਆਪਣੇ ਘਰ ਲੈ ਗਏ ਜਿਥੇ ਉਨ੍ਹਾਂ ਕਈ ਮਹੀਨੇ ਰੱਖੀਆਂ।

ਕਿਉਂਕਿ 1947 ਤੋਂ ਬਾਅਦ ਪਾਕਿਸਤਾਨ ਵਿਚ ਕੋਈ ਨਿੱਤਨੇਮੀ ਗੁਰ ਸਿੱਖ ਨਹੀਂ ਸੀ ਬਚਿਆ ਇਸ ਲਈ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵਿਚਾਲੇ ਇਕ ਸਮਝੌਤੇ ਤਹਿਤ ਇਤਿਹਾਸਕ ਸਿੱਖ ਗੁਰਧਾਮਾਂ ਦੇ ਨਿੱਤਨੇਮ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਆਪਣੀ ਤਰਫੋਂ 1948 ਤੋਂ ਬਾਅਦ ਨਿੱਤਨੇਮ ਦੀਆਂ ਰਸਮਾਂ ਵਾਸਤੇ ਗ੍ਰੰਥੀ ਸਿੱਖ ਭੇਜਦੀ ਆਈ ਹੈ ਪਰ ਇਨ੍ਹਾਂ ਗ੍ਰੰਥੀ ਸਿੰਘਾਂ ਦੀ ਗਿਣਤੀ ਬਹੁਤ ਹੀ ਥੋੜ੍ਹੀ ਸੀ। ਉਨ੍ਹਾਂ ਨੂੰ ਅਲੱਗ ਥਲੱਗ ਰਹਿਣਾ ਪੈਂਦਾ ਅਤੇ ਉਨ੍ਹਾਂ ਉਤੇ ਦੁਸ਼ਮਣ ਦੇ ਸੂਹੀਏ ਹੋਣ ਦਾ ਸ਼ੱਕ ਕੀਤਾ ਜਾਂਦਾ। ਕਈ ਵਾਰ ਸੀ ਆਈ ਡੀ ਵਾਲਿਆਂ ਨੇ ਉਨ੍ਹਾਂ ਨੂੰ ਚੁੱਕਿਆ ਅਤੇ ਪੁੱਛਗਿੱਛ ਦੌਰਾਨ ਵੱਡਾ ਤਸ਼ੱਦਦ ਕੀਤਾ। ਆਪਣੀ ਡਿਊਟੀ ਦਾ ਸਮਾਂ ਭੁਗਤਾਉਣ ਉਪਰੰਤ ਅੰਮ੍ਰਿਤਸਰ ਵਾਪਸੀ ਉਤੇ ਉਹ ਜ਼ੁਲਮ ਅਤੇ ਜ਼ਬਰ ਦੀਆਂ ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਕਹਾਣੀਆਂ ਦੱਸਦੇ ਆਏ ਹਨ। ਕਈ ਤਾਂ ਆਪਣੀ ਨਿਯੁਕਤੀ ਦਾ ਸਮਾਂ ਵੀ ਪੂਰਾ ਨਾ ਕਰ ਸਕੇ ਅਤੇ ਬੇਇਜ਼ਤੀ ਨਾ ਸਹਾਰਦਿਆਂ ਪਰਤ ਆਏ।

1960ਵਿਆਂ ਵਿਚ ਜਨਰਲ ਅਯੂਬ ਖਾਨ ਦੀ ਤਾਨਾਸ਼ਾਹੀ ਦੇ ਸਮੇਂ ਦੌਰਾਨ ਇਕ ਵਾਰ ਪਾਕਿਸਤਾਨੀ ਹਕੂਮਤ ਨੇ ਪੂਰਬੀ ਪੰਜਾਬ ਤੋਂ ਗ੍ਰੰਥੀ ਲਿਆਉਣ ਦੀ ਨਮੋਸ਼ੀ ਤੋਂ ਬਚਣ ਦਾ ਫੈਸਲਾ ਕਰਦਿਆਂ ਖੁਦ ਆਪਣੇ ਗ੍ਰੰਥੀ ਭਰਤੀ ਕਰਨ ਦਾ ਨਿਰਣਾ ਲਿਆ। ਲੰਮੀ ਖੋਜ ਪੜਤਾਲ ਤੋਂ ਬਾਅਦ ਉਨ੍ਹਾਂ ਨੇ ਇਕ ਵਿਅਕਤੀ ਨੂੰ ਲੱਭ ਲਿਆ ਜੋ ਅਸਲ ਵਿਚ ਸਿੱਖ ਸੀ ਪਰ 1947 ਦੀ ਜ਼ੁਲਮੀ ਹਨੇਰੀ ਸਮੇਂ ਇਸਲਾਮ ਕਬੂਲ ਕਰ ਗਿਆ ਸੀ। ਹਕੂਮਤ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਝੱਟ ਪੱਟ ਮੁੜ ਤੋਂ ਸਿੱਖ ਸਜ ਜਾਵੇ। ਹਰੀ ਸਿੰਘ ਨਾਂ ਦਾ ਇਹ ਵਿਅਕਤੀ, ਜਿਸ ਦਾ ਇਕ ਮੁਸਲਿਮ ਔਰਤ ਨਾਲ ਨਿਕਾਹ ਹੋ ਚੁੱਕਾ ਸੀ, ਗ੍ਰੰਥੀ ਬਣ ਗਿਆ। ਲੋੜ ਪੈਣ 'ਤੇ ਉਸ ਨੂੰ ਕਦੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਕਦੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਅਤੇ ਕਦੇ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਲੈਜਾਇਆ ਜਾਂਦਾ। ਖਾਸ ਮੌਕਿਆਂ ਉਤੇ ਰੇਡੀਓ ਪਾਕਿਸਤਾਨ ਲਾਹੌਰ ਤੋਂ ਪ੍ਰਸਾਰਿਤ ਕੀਤੀ ਜਾਣ ਵਾਲੀ ਉਸ ਦੀ ਤਕਰੀਰ ਗਿਆਨੀ ਉਬੈਦ-ਉਲਾ ਵਲੋਂ ਤਿਆਰ ਕੀਤੀ ਹੋਈ ਹੁੰਦੀ ਜਿਸ ਨੂੰ ਸਿੱਖ ਫਲਸਫੇ ਅਤੇ ਸਿੱਖ ਗ੍ਰੰਥਾਂ ਦਾ ਡੂੰਘਾ ਗਿਆਨ ਸੀ।

ਮੇਰੇ ਸਵਰਗਵਾਸੀ ਪਿਤਾ ਸ. ਸੁਚੇਤ ਸਿੰਘ 1966 ਅਤੇ 1969 ਵਿਚ ਦੋ ਦਫਾ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨਾਂ ਨੂੰ ਗਏ। 1969 ਵਿਚ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੀ ਯਾਤਰਾ ਮੌਕੇ ਮੈਂ ਵੀ ਉਨ੍ਹਾਂ ਦੇ ਨਾਲ ਸਾਂ। ਪਾਕਿਸਤਾਨ ਵਿਚ ਜੋ ਅਸੀਂ ਦੇਖਿਆ, ਤਰਸਯੋਗ ਸੀ। ਪਾਕਿਸਤਾਨ ਵਿਚਲੇ ਇਤਿਹਾਸਕ ਗੁਰਧਾਮਾਂ ਦੀ ਕੋਈ ਬਾਕਾਇਦਾ ਮੁਰੰਮਤ ਜਾਂ ਸਾਂਭ ਸੰਭਾਲ ਨਹੀਂ ਸੀ ਹੁੰਦੀ। ਪਾਕਿਸਤਾਨ ਸਰਕਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਗੁਰਦੁਆਰਿਆਂ ਦੀ ਮਲਕੀਅਤ ਹੇਠਲੀ ਹਜ਼ਾਰਾਂ ਏਕੜ ਜ਼ਮੀਨ ਵਿਰਸੇ ਵਿਚ ਮਿਲੀ ਪਰ ਇਨ੍ਹਾਂ ਜ਼ਮੀਨਾਂ ਤੋਂ ਹੋਣ ਵਾਲੀ ਆਮਦਨ ਉਨ੍ਹਾਂ ਗੁਰਧਾਮਾਂ ਉਤੇ ਘੱਟ ਵੱਧ ਹੀ ਖਰਚੀ ਜਾਂਦੀ ਜਿਨ੍ਹਾਂ ਦੇ ਨਾਂ ਇਹ ਜ਼ਮੀਨ ਲੱਗੀ ਹੋਈ ਸੀ। ਜ਼ਮੀਨ ਦੇ ਕਈ ਟੁਕੜੇ ਹਕੂਮਤ ਦੇ ਪਿੱਠੂਆਂ ਨੂੰ ਸੌ ਤੋਂ ਪੰਜ ਸੌ ਰੁਪਏ ਦੇ ਮਾਮੂਲੀ ਠੇਕੇ ਉਤੇ ਦਿੱਤੇ ਹੋਏ ਸਨ। ਜਦੋਂ ਕਦੀ ਵੀ ਕੋਈ ਯਾਤਰੂ ਜਥਾ ਪਾਕਿਸਤਾਨ ਜਾਂਦਾ ਤਾਂ ਗੁਰਦੁਆਰਿਆਂ ਦੇ ਅੰਦਰ ਤੇ ਬਾਹਰ ਸਫੇਦੀ ਕਰਵਾ ਦਿੱਤੀ ਜਾਂਦੀ। ਜਥੇ ਦੀ ਯਾਤਰਾ ਖਤਮ ਹੋਣ ਉਪਰੰਤ ਸਾਂਭ ਸੰਭਾਲ ਦਾ ਕੋਈ ਹੋਰ ਕੰਮ ਅਗਲੇ ਸਾਲ ਤੱਕ ਬਿਲਕੁਲ ਨਾ ਕੀਤਾ ਜਾਂਦਾ।

1969 ਦੀ ਆਪਣੀ ਗੁਰਧਾਮ ਯਾਤਰਾ ਦੌਰਾਨ ਅਸੀਂ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਲਾਹੌਰ ਦੇ ਦਰਸ਼ਨਾਂ ਦੌਰਾਨ ਦੇਖਿਆ ਕਿ ਗੁਰੂ ਦਰਬਾਰ ਦੇ ਦਰਵਾਜ਼ੇ ਉਤੇ ਤਾਲਾ ਲੱਗਿਆ ਹੋਇਆ ਹੈ। ਡਿਊਟੀ ਉਤੇ ਤਾਇਨਾਤ ਕੁਝ ਪਹਿਰੇਦਾਰਾਂ ਨੇ ਸਾਡੀ ਮੌਜੂਦਗੀ ਵਿਚ ਇਹ ਤਾਲਾ ਖੋਲ੍ਹਿਆ। ਅੰਦਰ ਜਾ ਕੇ ਅਸੀਂ ਦੇਖਿਆ ਕਿ ਛੱਤ ਉਤੇ ਸਾਲ ਭਰ ਤੋਂ ਧੂੜ ਵਿਚ ਅੱਟੀ ਉਹੀ ਚਾਨਣੀ ਲੱਗੀ ਹੋਈ ਹੈ। ਕਬੂਤਰਾਂ ਨੇ ਗੁਰੂ ਦਰਬਾਰ ਅੰਦਰ ਆਪਣੇ ਆਲ੍ਹਣੇ ਪਾਏ ਹੋਏ ਸਨ ਅਤੇ ਉਹ ਸਾਡੇ ਸਿਰਾਂ ਉਤੋਂ ਦੀ ਪ੍ਰਕਾਸ਼ ਅਸਥਾਨ ਉਤੇ ਇਧਰ ਉਧਰ ਉਡਾਰੀਆਂ ਮਾਰ ਰਹੇ ਸਨ। ਕਈ ਚਾਨਣੀ ਉਤੇ ਬੈਠੇ ਸਨ। ਫਰਸ਼ ਉਤੇ ਥਾਂ ਥਾਂ ਕਬੂਤਰਾਂ ਦੀਆਂ ਬਿੱਠਾਂ ਡਿੱਗੀਆਂ ਹੋਈਆਂ ਸਨ। ਇਕ ਕਬੂਤਰ ਜੋ ਸ਼ਾਇਦ ਕਿਸੇ ਜੰਗਲੀ ਬਿੱਲੀ ਦੇ ਪੰਜੇ ਹੇਠ ਆ ਗਿਆ ਸੀ, ਉਸ ਦਾ ਖੂਨ ਅਤੇ ਖੰਭ ਚੁਫੇਰੀਂ ਖਿਲਰੇ ਹੋਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਜਥਾ ਪਾਣੀ ਦੀਆਂ ਬਾਲਟੀਆਂ ਭਰ ਭਰ ਲਿਆ ਰਿਹਾ ਸੀ ਤੇ ਫਰਸ਼ ਨੂੰ ਧੋ ਰਿਹਾ ਸੀ। ਕਰਾਚੀ ਤੋਂ ਆਏ ਸਿੰਧੀ ਸ਼ਰਧਾਲੂ (ਗੁਰੂ ਨਾਨਕ ਦੇ ਸ਼ਰਧਾਲੂ ਹਿੰਦੂ ਜਾਂ ਸਹਿਜਧਾਰੀ ਸਿੱਖ) ਸਾਬਣ ਅਤੇ ਕੱਪੜੇ ਧੋਣ ਵਾਲੇ ਸੋਡੇ ਨਾਲ ਫਰਸ਼ ਨੂੰ ਸਾਫ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਰਹੇ ਸਨ। ਫਰਸ਼ ਨੂੰ ਧੋਣ ਤੋਂ ਪਹਿਲਾਂ ਯਾਤਰਾ 'ਤੇ ਆਏ ਸ਼ਰਧਾਲੂਆਂ ਨੇ ਪੁਰਾਣੀ ਚਾਨਣੀ ਉਤਾਰੀ ਅਤੇ ਨਵੀਂ ਚਾਨਣੀ ਚੜ੍ਹਾਈ ਪਰ ਸਾਰੀ ਇਮਾਰਤ ਉਤੇ ਸਫੇਦੀ ਪਹਿਲਾਂ ਹੀ ਕੀਤੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਗੁਰੂ ਦੀ ਪੂਰੀ ਮਾਣ ਮਰਿਆਦਾ ਨਾਲ ਕੀਤਾ। ਇਹ ਹਾਲਤ ਹੈ 1960ਵਿਆਂ ਦੇ ਸਮੇਂ ਦੀ। ਮੈਂ ਇਨ੍ਹਾਂ ਦੁਖਦਾਇਕ ਤੱਥਾਂ ਦਾ ਭੋਗ ਨਹੀਂ ਸੀ ਪਾਉਣਾ ਚਾਹੁੰਦਾ ਪਰ ਸੱਚ ਕਿਹਾ ਜਾਣਾ ਚਾਹੀਦਾ ਹੈ ਅਤੇ ਇਸ ਲੇਖ ਰਾਹੀਂ ਕਿਹਾ ਜਾ ਰਿਹਾ ਹੈ।

ਜਥੇ ਦੇ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਗਏ ਆਗੂ, ਜੋ ਕੁਝ ਉਨ੍ਹਾਂ ਦੇਖਿਆ ਸੀ, ਉਸ ਬਾਰੇ ਆਪਣੀ ਨਾਰਾਜ਼ਗੀ ਅੰਦਰੇ ਅੰਦਰ ਜਾਹਰ ਕਰ ਰਹੇ ਸਨ ਪਰ ਕਿਸੇ ਵਿਚ ਵੀ ਸੱਚ ਨੂੰ ਸੱਚ ਕਹਿਣ ਦੀ ਜੁਅਰਤ ਨਹੀਂ ਸੀ। ਮੇਰੇ ਪਿਤਾ ਜੀ ਬੜਬੋਲੇ ਸਨ ਪਰ ਉਹ ਜਥੇ ਦੇ ਆਗੂ ਨਹੀਂ ਸਨ ਅਤੇ ਪ੍ਰੋਟੋਕੋਲ ਉਨ੍ਹਾਂ ਨੂੰ ਇਸ ਮਸਲੇ 'ਤੇ ਮੂੰਹ ਖੋਲ੍ਹਣ ਦੀ ਇਜਾਜ਼ਤ ਨਹੀਂ ਸੀ ਦਿੰਦਾ।

1971 ਦੀ ਬੰਗਲਾਦੇਸ਼ ਵਾਲੀ ਜੰਗ ਦੌਰਾਨ ਹਾਲਾਤ ਹੋਰ ਵੀ ਵਿਗੜ ਗਏ। ਕੁਝ ਅਰਸੇ ਤੱਕ ਪਾਕਿਸਤਾਨ ਸਰਕਾਰ ਗੁਰਧਾਮਾਂ ਦੀ ਯਾਤਰਾ ਕਰਨ ਦੇ ਚਾਹਵਾਨ ਭਾਰਤੀ ਸ਼ਰਧਾਲੂਆਂ ਨੂੰ ਨਿਰਉਤਸ਼ਾਹਿਤ ਕਰਦੀ ਰਹੀ। ਅਫਗਾਨਿਸਤਾਨ ਤੋਂ ਯਾਤਰੂਆਂ ਦੀ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੀ ਯਾਤਰਾ ਕਰਨ ਲਈ ਹੌਸਲਾ ਅਫਜ਼ਾਈ ਕੀਤੀ ਜਾਂਦੀ ਪਰ ਜਦੋਂ ਜਨਰਲ ਜ਼ਿਆ-ਉਲ-ਹੱਕ ਨੇ ਇਕ ਫੌਜੀ ਤਾਨਾਸ਼ਾਹ ਵਜੋਂ ਹਕੂਮਤ ਸੰਭਾਲੀ ਤਾਂ ਉਸ ਨੇ ਮਹਿਸੂਸ ਕੀਤਾ ਕਿ ਪਾਕਿਸਤਾਨ ਵਿਚ ਵਿਸ਼ਵ ਨੂੰ ਦਿਖਾਉਣ ਲਈ ਕੋਈ ਖਾਸ ਮੁਸਲਿਮ ਸਥਾਨ ਨਹੀਂ ਹਨ, ਸੋ ਉਸ ਨੇ ਦੁਨੀਆਂ ਦੇ ਲੋਕਾਂ ਨੂੰ ਸੈਲਾਨੀ ਵਜੋਂ ਆਕ੍ਰਸ਼ਿਤ ਕਰਨ ਲਈ ਸਿੱਖ ਗੁਰਧਾਮਾਂ ਨੂੰ ਪੇਸ਼ ਕਰਨ ਦਾ ਵਿਚਾਰ ਬਣਾਇਆ। ਇਕ ਬਜ਼ੁਰਗ ਸਿੱਖ ਅਤੇ ਖਾਲਿਸਤਾਨੀ ਆਗੂ ਸ. ਗੰਗਾ ਸਿੰਘ ਢਿੱਲੋਂ ਜ਼ਿਆ-ਉਲ-ਹੱਕ ਦੇ ਸਕੂਲ ਵਿਚ ਪੜ੍ਹਨ ਦੇ ਜ਼ਮਾਨੇ ਤੋਂ ਜਾਣੂੰ ਸਨ। ਸ. ਗੰਗਾ ਸਿੰਘ ਢਿੱਲੋਂ ਦੀ ਮਾਹਿਰਾਨਾ ਰਾਏ ਹਾਸਲ ਕਰਨ ਲਈ ਜਨਰਲ ਜ਼ਿਆ ਨੇ ਸ. ਢਿੱਲੋਂ ਨੂੰ ਨਨਕਾਣਾ ਸਾਹਿਬ ਟਰਸਟ ਦਾ ਚੇਅਰਮੈਨ ਥਾਪ ਦਿੱਤਾ। ਮੈਨੂੰ ਇਹ ਨਹੀਂ ਪਤਾ ਕਿ ਜਨਰਲ ਜ਼ਿਆ ਨੇ ਸ. ਢਿੱਲੋਂ ਤੋਂ ਕਿੰਨੀ ਕੁ ਰਾਏ ਲੈਣੀ ਚਾਹੀ ਅਤੇ ਕਿੰਨੀ ਕੁ ਰਾਏ ਉਸ ਨੂੰ ਮਿਲੀ ਪਰ ਇਕ ਗੱਲ ਜ਼ਰੂਰ ਹੈ ਕਿ ਜਿੰਨੀ ਵਾਰ ਵੀ ਸ. ਗੰਗਾ ਸਿੰਘ ਪਾਕਿਸਤਾਨ ਗਏ ਉਨ੍ਹਾਂ ਦਾ ਇਕ ਆਦਰਯੋਗ ਮਹਿਮਾਨ ਵਜੋਂ ਇਸਤਕਬਾਲ ਕੀਤਾ ਗਿਆ।

ਅਸਲ ਤਬਦੀਲੀ 1984 ਦੌਰਾਨ ਅਤੇ ਉਸ ਤੋਂ ਬਾਅਦ ਆਈ। ਸ੍ਰੀ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਦੇ ਹਮਲੇ ਤੋਂ ਬਾਅਦ ਵਿਦੇਸ਼ਾਂ ਵਿਚ ਰਹਿੰਦੇ ਕਈ ਸਿੱਖ ਆਗੂਆਂ, ਜਿਨ੍ਹਾਂ ਨੇ ਕਈ ਯੂਰਪੀ ਅਤੇ ਅਮਰੀਕੀ ਦੇਸ਼ਾਂ ਵਿਚ ਭਾਰਤੀ ਸਿਫਾਰਤਖਾਨਿਆਂ ਅੱਗੇ ਮੁਜਾਹਰੇ ਕੀਤੇ, ਦੇ ਨਾਂ ਭਾਰਤ ਸਰਕਾਰ ਵਲੋਂ ਕਾਲੀ ਸੂਚੀ ਵਿਚ ਦਰਜ ਕਰ ਦਿੱਤੇ ਗਏ। ਜਦੋਂ ਭਾਰਤ ਸਰਕਾਰ ਨੇ ਕੁਝ ਸਿੱਖ ਆਗੂਆਂ ਲਈ ਆਪਣੇ ਦਰਵਾਜ਼ੇ ਬੰਦ ਕਰ ਦਿੱਤੇ ਤਾਂ ਪਾਕਿਸਤਾਨ ਸਰਕਾਰ ਨੇ ਵਿਦੇਸ਼ਾਂ ਵਿਚ ਵੱਸਦੇ ਹਰ ਹਾਰੀ ਸਾਰੀ ਸਿੱਖ ਲਈ ਆਪਣੇ ਦਰਵਾਜ਼ੇ ਚੌੜ ਚਪੱਟ ਖੋਲ੍ਹ ਦਿੱਤੇ।

ਭਾਵੇਂ ਇਹ ਜਨਰਲ ਅਯੂਬ ਖਾਨ ਸੀ, ਭਾਵੇਂ ਜਨਰਲ ਯਾਹੀਆ ਖਾਨ ਅਤੇ ਭਾਵੇਂ ਜਨਰਲ ਜ਼ਿਆ-ਉਲ-ਹੱਕ ਜਾਂ ਫਿਰ ਕੋਈ ਸਿਵਲੀਅਨ ਪ੍ਰਧਾਨ ਮੰਤਰੀ, ਕੋਈ ਵੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਨਾਂ ਲੱਗੀ ਜ਼ਮੀਨ ਦੀ ਆਮਦਨ ਪਾਕਿਸਤਾਨ ਵਿਚਲੇ ਇਤਿਹਾਸਕ ਸਿੱਖ ਗੁਰਧਾਮਾਂ ਉਤੇ ਖਰਚ ਨਹੀਂ ਕਰਨਾ ਚਾਹੁੰਦਾ। ਪਰ ਜਿਉਂ ਹੀ ਪਾਕਿਸਤਾਨ ਨੇ ਵਿਦੇਸ਼ਾਂ ਖਾਸ ਕਰ ਯੂਰਪ ਅਤੇ ਅਮਰੀਕਾ ਵਿਚ ਵੱਸਦੇ ਸਿੱਖਾਂ ਲਈ ਆਪਣੇ ਦਰਵਾਜ਼ੇ ਖੋਲ੍ਹੇ ਪੌਂਡਾਂ, ਮਾਰਕਾਂ, ਫਰੈਂਕਾਂ, ਡਾਲਰਾਂ ਅਤੇ ਲੀਰਿਆਂ ਦੇ ਰੂਪ ਵਿਚ ਪੈਸਾ ਪਾਕਿਸਤਾਨ ਵਿਚ ਵਹਿਣ ਲੱਗਾ। ਕਿਸੇ ਨੂੰ ਇਹ ਪਤਾ ਨਹੀਂ ਕਿ ਵਿਦੇਸ਼ੀ ਸਿੱਕੇ ਦੇ ਰੂਪ ਵਿਚ ਆਉਣ ਵਾਲਾ ਇਹ ਪੈਸਾ ਕਿਧਰ ਜਾਂਦਾ ਹੈ। ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਲੇਖੇ ਖਾਤੇ ਸਹੀ ਅਰਥਾਂ ਵਿਚ ਆਡਿਟ ਨਹੀਂ ਕੀਤੇ ਜਾਂਦੇ। ਨਾ ਸਿਰਫ ਇਨ੍ਹਾਂ ਹੀ ਤਿੰਨ ਵੱਡੇ ਗੁਰਦੁਆਰਿਆਂ, ਬਲਕਿ ਪਾਕਿਸਤਾਨ ਵਿਚਲੇ ਹੋਰ ਵੀ ਕਈ ਛੋਟੇ ਗੁਰਧਾਮਾਂ ਦੀ ਕਾਰਸੇਵਾ ਵੱਡੇ ਪੱਧਰ ਉਤੇ ਚੱਲ ਰਹੀ ਹੈ। ਭਾਰਤ ਤੋਂ ਆਏ ਕਾਰਸੇਵਾ ਵਾਲੇ ਬਾਬੇ ਕਈ ਗੁਰੂਧਾਮਾਂ ਦੀ ਮੁਰੰਮਤ ਅਤੇ ਮੁੜ ਉਸਾਰੀ ਕਰਵਾ ਰਹੇ ਹਨ। ਇਨ੍ਹਾਂ ਵਿਚ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਅਤੇ ਗੁਰਦੁਆਰਾ ਚੂਨਾ ਮੰਡੀ ਲਾਹੌਰ, ਗੁਰਦੁਆਰਾ ਕਰਤਾਰਪੁਰ ਸਾਹਿਬ ਵੀ ਸ਼ਾਮਲ ਹਨ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਹਯਾਤੀ ਦੇ ਛੇਕੜਲੇ 17 ਸਾਲ ਗੁਜ਼ਾਰੇ ਅਤੇ ਜਿਥੇ ਉਹ ਜੋਤੀ ਜੋਤਿ ਸਮਾਏ। ਉਸਾਰੀ ਦੇ ਇਨ੍ਹਾਂ ਕਾਰਜਾਂ ਲਈ ਸਾਰਾ ਪੈਸਾ, ਲੇਬਰ ਅਤੇ ਸਾਮਾਨ ਭਾਰਤ ਤੋਂ ਆ ਰਿਹਾ ਹੈ। ਪਾਕਿਸਤਾਨ ਸਰਕਾਰ ਸ਼ਾਇਦ ਥੋੜ੍ਹੀ ਜਿਹੀ ਰਕਮ ਸਾਂਭ ਸੰਭਾਲ ਦੇ ਕੰਮ ਵਿਚ ਖਰਚ ਕਰ ਰਹੀ ਹੈ। ਪਾਕਿਸਤਾਨ ਸਰਕਾਰ ਸਮੇਂ ਸਮੇਂ 'ਤੇ ਪਾਕਿਸਤਾਨ ਵਿਚ ਰਹਿੰਦੇ ਛੋਟੇ ਜਿਹੇ ਸਿੱਖ ਭਾਈਚਾਰੇ ਵਿਚੋਂ ਬੰਦੇ ਲੈ ਕੇ ਇਕ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ

*(ਬਾਕੀ ਅਗਲੇ ਸਫੇ 'ਤੇ)*



*ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ*



*ਗੁਰਦੁਆਰਾ ਡੇਰਾ ਸਾਹਿਬ, ਪਾਕਿਸਤਾਨ*

# ਵਰਤਮਾਨ ਯੁਗ ਦੀਆਂ ਮਾਡਰਨ ਸਿੱਖ ਬੀਬੀਆਂ ਦੀ ਸਿੱਖੀ

**ਬਲਜੀਤ ਕੌਰ**

ਇਸ ਮਸ਼ੀਨੀ ਯੁੱਗ ਵਿਚ ਜਿਥੇ ਮਰਦ ਨੇ ਅੰਤਾਂ ਦੀ ਤਰੱਕੀ ਕੀਤੀ ਹੈ, ਉਥੇ ਔਰਤ ਵੀ ਹਰ ਕੰਮ ਵਿਚ ਮਰਦ ਦੇ ਬਰਾਬਰ ਖੜ੍ਹੀ ਹੈ। ਸਰਕਾਰੀ ਜਾਂ ਪ੍ਰਾਈਵੇਟ ਅਦਾਰਿਆਂ, ਸਭ ਥਾਂ ਔਰਤਾਂ ਬਰਾਬਰ ਕੰਮ ਕਰ ਰਹੀਆਂ ਹਨ। ਔਰਤ ਜਨਨੀ ਹੈ ਇਸ ਦਾ ਸਤਿਕਾਰ ਹੋਣਾ ਵੀ ਚਾਹੀਦਾ ਹੈ। ਉਸ ਨੂੰ ਬਰਾਬਰੀ ਮਿਲਣੀ ਚਾਹੀਦੀ ਹੈ। ਪਰ ਕੀ ਉਹ ਇਸ ਬਰਾਬਰੀ ਦੀ ਕਦਰ ਪਾ ਰਹੀ ਹੈ? ਇਹ ਇਕ ਸਵਾਲ ਹੈ ਜਿਸ ਦਾ ਮੈਂ ਇਥੇ ਜ਼ਿਕਰ ਕਰਨ ਲੱਗੀ ਹਾਂ।

ਹਰ ਸਾਲ ਗੁਰਦਵਾਰਿਆਂ ਵਿਚ ਪੁਰਾਤਨ ਸਿੰਘਣੀਆਂ ਦੀ ਕੁਰਬਾਨੀ ਨੂੰ ਮੁੱਖ ਰੱਖ ਕੇ ਅਜੋਕੇ ਸਮੇਂ ਦੀਆਂ ਬੀਬੀਆਂ ਲਈ ਇਹ ਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਵੀ ਮਨਾਇਆ ਗਿਆ। ਸਿਰੋਪਾਓ ਦੇ ਸਨਮਾਨ ਵੀ ਕੀਤਾ ਗਿਆ। ਬੜੀ ਚੰਗੀ ਗੱਲ ਹੈ ਉਨ੍ਹਾਂ ਲਈ ਜੋ ਸੱਚ ਦੇ ਮਾਰਗ ਉਤੇ ਚਲ ਕੇ ਦਿਖਾਉਣ। ਹਉਮੈ ਵਾਲੇ ਰੋਗ ਤੋਂ ਦੂਰ ਹੋ ਕੇ ਬਈ ਮੈਂ ਸੰਗਤ ਲਈ ਵਧੀਆ ਪਕਵਾਨ ਬਣਾਉਂਦੀ ਹਾਂ, ਐਨੀ ਸੇਵਾ ਕਰਦੀ ਆਂ, ਲੋਕ ਮੈਨੂੰ ਫ਼ਤਹਿ ਬੁਲਾ ਕੇ ਲੰਘਦੇ ਨੇ, ਮੈਨੂੰ ਬਹੁਤ ਚੰਗਾ ਚੰਗਾ ਕਹਿ ਰਹੇ ਨੇ, ਮੇਰਾ ਪਹਿਰਾਵਾ ਵੀ ਸਿੰਘਣੀਆਂ ਵਾਲਾ ਹੈ, ਵਾਕਿਆ ਹੀ ਜੇ ਇਹ ਗੁਣ ਕਿਸੇ ਮਾਈ ਬੀਬੀ ਵਿਚ ਹਨ ਬੜੇ ਮਾਣ ਵਾਲੀ ਗੱਲ ਹੈ। ਪਰ ਦੇਖਣ ਵਿਚ ਤਾਂ ਇਹੋ ਹੀ ਆਇਆ ਹੈ ਕਿ ਜਿਸ ਗੁਰੂ ਘਰ ਵਿਚ ਇਹ ਦਿਨ ਮਨਾਇਆ ਗਿਆ ਉਥੇ ਤਾਂ ਸਿਰੋਪਾਓ ਦੀ ਚੋਣ ਪਿਛੇ ਮਾਈਆਂ ਆਪਸ ਵਿਚ ਝਗੜਦੀਆਂ ਦੇਖੀਆਂ ਗਈਆਂ। ਫਲਾਣੀ ਨੂੰ ਕਿਉਂ ਦਿੱਤਾ, ਮੈਨੂੰ ਨਹੀਂ ਦਿੱਤਾ, ਮੈਂ ਐਨੀ ਸੇਵਾ ਕਰਦੀ ਆਂ, ਐਨੇ ਸਾਲਾਂ ਤੋਂ। ਇਹ ਰਹੀ ਸਿੱਧੀ ਜਿਹੀ ਗੱਲ। ਅਗੇ ਖਾਸ ਵਾਰਤਾ ਪਹਿਰਾਵੇ ਬਾਰੇ, ਜੋ ਸਾਨੂੰ ਸਿੰਘਣੀਆਂ ਨੂੰ ਸਾਡੇ ਗੁਰੂ ਜੀ ਨੇ ਸਾਨੂੰ ਬਖਸ਼ਿਆ ਹੈ। ਗੁਰੂ ਦਰਬਾਰ ਅੰਦਰ ਆਉਣ ਵਾਲੀਆਂ ਕਿੰਨੀਆਂ ਬੀਬੀਆਂ ਹਨ ਜੋ ਇਸ ਹੁਕਮ ਉਤੇ ਪਹਿਰਾ ਦੇ ਰਹੀਆਂ ਹਨ? ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਨਾਰੀ ਨੂੰ ਬਹੁਤ ਉੱਚਾ ਰੁਤਬਾ ਦਿਤਾ। ਘਰ ਦੀ ਚਾਰ ਦੀਵਾਰੀ ਅੰਦਰ ਦੁੱਖ, ਕਸ਼ਟ ਝੱਲ ਰਹੀ ਔਰਤ ਨੂੰ ਮਾਣ ਬਖਸ਼ਿਆ। ਅਜੋਕੇ ਯੁੱਗ ਦੀ ਨਾਰੀ ਨੇ ਇਸ ਆਜ਼ਾਦੀ ਦਾ ਜਿੰਨਾ ਫਾਇਦਾ ਉਠਾਇਆ, ਉਸ ਤੋਂ ਵਧ ਨੁਕਸਾਨ ਖੁਦ ਆਪਣਾ ਕੀਤਾ ਜਾਂ ਅੱਗੇ ਨੂੰ ਕਰ ਰਹੀ ਹੈ। ਕਿਸੇ ਕੰਮ ਵਿਚ ਇਕ ਅੱਧ ਔਰਤ ਨੇ ਮਾਅਰਕਾ ਮਾਰ ਲਿਆ, ਅਖਬਾਰਾਂ ਦੀ ਸੁਰਖ਼ੀ ਬਣ ਜਾਂਦੈ, ਪਰ ਬਰਬਾਦੀ ਦੀ ਲੀਹ ਉਤੇ ਚੱਲਣ ਵਾਲੀਆਂ ਕਿੰਨੀਆਂ ਹਨ? ਇਸ ਬਾਰੇ ਸ਼ਾਇਦ ਕੋਈ ਟਾਂਵਾਂ ਟਾਂਵਾਂ ਹੀ ਜਾਣਦਾ ਹੋਵੇਗਾ। ਜ਼ਿੰਦਗੀ ਦੇ ਹਰ ਖੇਤਰ 'ਚ ਔਰਤਾਂ ਬਰਾਬਰ ਕੰਮ ਕਰ ਰਹੀਆਂ ਹਨ, ਟਰੱਕ-ਬੱਸਾਂ ਚਲਾਉਣ ਤੋਂ ਲੈ ਕੇ ਪਾਇਲਟ ਬਣਨ ਤੱਕ। ਪਰ ਇਕ ਕੰਮ ਵਿਚ ਔਰਤ ਨੇ ਮਰਦ ਨੂੰ ਪਛਾੜ ਦਿੱਤਾ ਹੈ। ਐਨਾ ਪਿਛੇ ਕਰ ਦਿਤੈ ਕਿ ਆਉਣ ਵਾਲੇ ਸਮੇਂ ਵਿਚ ਵੀ ਮਰਦ, ਔਰਤ ਦੇ ਬਰਾਬਰ ਨਹੀਂ ਹੋ ਸਕੇਗਾ। ਉਹ ਕੰਮ ਹੈ ਨਵੇਂ ਨਵੇਂ ਫੈਸ਼ਨ ਕਰਕੇ ਸਰੀਰ ਉਤੇ ਘਟ ਤੋਂ ਘਟ ਕਪੜੇ ਪਾ ਕੇ ਸਰੀਰ ਨੂੰ ਅੱਧ ਨੰਗਾ ਕਰਕੇ ਦਿਖਾਉਣਾ।

ਸਾਡੇ ਕਲਚਰ ਵਿਚ ਅਜਿਹਾ ਕਰਨਾ ਭਾਵੇਂ ਮਨ੍ਹਾਂ ਹੈ ਪਰ ਫੇਰ ਵੀ 50% ਪੰਜਾਬੀ ਔਰਤਾਂ, ਆਪ ਅਤੇ ਆਪਣੀਆਂ ਜਵਾਨ ਹੋ ਰਹੀਆਂ ਧੀਆਂ ਨੂੰ ਏਸ ਕੰਮ ਲਈ ਉਤਸ਼ਾਹਿਤ ਕਰਦੀਆਂ ਹਨ। ਆਪਾਂ ਸਭ ਦੇਖਦੇ ਹਾਂ, ਪੰਜਾਂ ਵਿਚੋਂ ਤਿੰਨ ਦੀ ਬਿਰਤੀ ਜ਼ਰੂਰ ਅਜਿਹੀ ਹੈ ਬਈ ਕਿਵੇਂ ਨਾ ਕਿਵੇਂ ਸਰੀਰਕ ਪ੍ਰਦਰਸ਼ਨ ਕੀਤਾ ਜਾਵੇ। ਇਕ ਉਹ ਹਨ ਜੋ ਸਿੱਧਾ ਹੀ ਦਿਸਦੈ ਬਹੁਤ ਨਿੱਕੇ ਨਿੱਕੇ ਕਪੜੇ ਤਨ 'ਤੇ ਪਾਏ ਹਨ। ਦੂਜੀ ਕਿਸਮ ਦੀਆਂ ਉਹ ਹਨ ਜਿਨ੍ਹਾਂ ਨੇ ਸੂਟ ਪਹਿਨ ਕੇ ਵੀ ਦਿਖਾਵਾ ਹੀ ਕੀਤਾ ਹੁੰਦੈ। ਇਹ ਹਾਲ ਮੇਰੀਆਂ ਅੱਧਖੜ੍ਹ ਭੈਣਾਂ, ਪੰਤਾਲੀ, ਪੰਜਾਹ ਤੋਂ ਲੈ ਕੇ ਸੱਠ, ਪੈਂਹਠ ਤਕ ਪੋਤੇ, ਪੋਤੀਆਂ, ਦੋਹਤਿਆਂ, ਜਵਾਈਆਂ ਤੇ ਨੂੰਹਾਂ ਵਾਲੀਆਂ ਕਰ ਰਹੀਆਂ ਹਨ। ਉਹ ਵੀ ਅਜਿਹੇ ਧਰਮ ਅਸਥਾਨ ਅੰਦਰ, ਜਿਥੇ ਅਸੀਂ ਆਪਣੇ



ਗੁਰੂ ਜੀ ਦੇ ਦਰਸ਼ਨ ਪਰਸਨ ਜਾਂਦੇ ਹਾਂ। ਕੀ ਅਜਿਹਾ ਕਰਨ ਲਈ ਗੁਰਦੁਆਰੇ ਹੀ ਰਹਿ ਗਏ ਹਨ? ਇਨ੍ਹਾਂ ਬਾਹਰਲੇ ਦੇਸ਼ਾਂ ਵਿਚ ਤਾਂ ਕਿਸੇ ਨੂੰ ਕੋਈ ਰੋਕ ਟੋਕ ਨਹੀਂ, ਭਾਵੇਂ ਨੰਗੇ ਘੁੰਮਦੇ ਫਿਰੋ ਕੋਈ ਕੁਝ ਨਹੀਂ ਕਹੇਗਾ। ਇਨ੍ਹਾਂ ਦਾ ਤਾਂ ਸਭਿਆਚਾਰ ਹੀ ਵੱਖਰਾ ਹੈ। ਵਿਆਹ ਪਾਰਟੀਆਂ 'ਤੇ ਅਜਿਹਾ ਸਾਰਾ ਕੁਝ ਕੀਤਾ ਹੀ ਜਾਂਦੈ। ਸਭ ਨੇ ਪੂਰਾ ਜ਼ੋਰ ਤਾਣ ਲਗਾਇਆ ਹੁੰਦੈ, ਉਥੇ ਕੋਈ ਰੋਕ ਟੋਕ ਕਿਸੇ ਨੇ ਕਿਉਂ ਕਰਨੀ ਹੈ। ਖੁਸ਼ੀਆਂ ਸ਼ਗਨਾਂ ਵਾਲੇ ਦਿਹਾੜੇ ਜੋ ਹੁੰਦੇ ਹਨ, ਜਿਵੇਂ ਮਰਜ਼ੀ ਕੋਈ ਨੰਗਾ ਆਵੇ ਜਾਂ ਢਕਿਆ, ਬਾਕੀ ਵਿਆਹ, ਪਾਰਟੀ ਜਾਂ ਕਿਸੇ ਵੀ ਫੰਕਸ਼ਨ ਉਤੇ ਇਕ ਦੂਜੇ ਨੂੰ ਦੇਖਣ ਦਾ ਵਕਤ ਕਿਥੇ। ਸਭ ਆਪਣੇ ਆਪ ਵਿਚ ਮਸਤ ਹੁੰਦੇ ਹਨ। ਭਾਵ ਪੂਰੀ ਖੁਲ੍ਹ ਹੈ ਬਾਹਰਲੇ ਦੇਸ਼ਾਂ ਤੋਂ ਲੈ ਕੇ ਇੰਡੀਆ ਤਕ ਵੀ ਇਹੋ ਸਾਰਾ ਕੁਝ ਪਹੁੰਚ ਗਿਆ। ਬਾਕੀ ਕੰਮਾਂ ਵਿਚ ਭਾਵੇਂ ਬਹੁਤ ਪਿੱਛੇ ਹਨ ਪਰ ਫੈਸ਼ਨ ਵਿਚ ਪਹਿਲੇ ਨੰਬਰ 'ਤੇ ਹਨ। ਕਦੇ ਦੇਖਿਐ ਕੋਈ ਮਰਦ ਗੁਰਦੁਆਰੇ ਬਿਨਾ ਕੱਪੜੇ ਤੋਂ ਆਇਆ ਹੋਵੇ? ਜੇ ਕੋਈ ਕਦੀ ਨਿੱਕਰ ਵਿਚ ਵੀ ਆ ਜਾਵੇ ਤਾਂ ਉਸ ਨੂੰ ਜ਼ਰੂਰ ਕੋਈ ਨਾ ਕੋਈ ਟੋਕ ਦਿੰਦਾ ਹੈ। ਬੀਬੀਆਂ ਵਲੋਂ ਅਜਿਹਾ ਕਿਉਂ ਕੀਤਾ ਜਾ ਰਿਹੈ? ਗੱਲ ਪਹਿਰਾਵੇ 'ਤੇ ਚਲ ਰਹੀ ਐ। ਜਿਵੇਂ ਗੁਰੂ-ਦਰਬਾਰ ਅੰਦਰ ਜਾਣ ਵਕਤ ਸਿਰਫ ਸਿਰ ਢਕਣਾ ਜ਼ਰੂਰੀ ਹੈ, ਕੀ ਬਾਕੀ ਪਹਿਰਾਵਾ ਜਿਵੇਂ ਮਰਜੀ ਪਾਰਦਰਸ਼ੀ ਹੋਵੇ? ਕਈ ਵਿਚਾਰੀਆਂ, ਜਿਨ੍ਹਾਂ ਚੁੰਨੀ ਕਦੇ ਲਈ ਨਹੀਂ, ਅਚਾਨਕ ਸਿਰ ਤੋਂ ਚੁੰਨੀ ਸਰਕ ਜਾਂਦੀ ਹੈ, ਦੇਖਿਆ ਜਾਵੇ ਸ਼ਰਧਾ ਉਨ੍ਹਾਂ ਵਿਚ ਸਿੰਘਣੀਆਂ ਨਾਲੋਂ ਵੀ ਵਧ ਹੈ। ਇਸੇ ਤਰ੍ਹਾਂ ਜਿਸ ਪਹਿਰਾਵੇ ਦੀ ਸਾਨੂੰ ਸਿੰਘਣੀਆਂ ਨੂੰ ਬਖਸ਼ਿਸ਼ ਹੈ, ਕਈਆਂ ਨੇ ਉਸਦੀ ਨਕਲ ਜ਼ਰੂਰ ਕੀਤੀ ਹੁੰਦੀ ਐ, ਪਰ ਮਕਸਦ ਨਹੀਂ ਸਮਝਿਆ ਜਾਂਦਾ। ਜਿਵੇਂ ਦਸਤਾਰ ਬੰਨ੍ਹ ਕੇ ਸਿਰ, ਕੇਸਾਂ ਨੂੰ ਕਵਰ ਕਰਨਾ ਪੂਰੀ ਤਰ੍ਹਾਂ, ਕਪੜੇ ਭੜਕੀਲੇ, ਚਮਕੀਲੇ ਤੇ ਜੈਂਪਰ ਐਨਾ ਬੇ-ਢੰਗਾ ਹੁੰਦੈ ਕਿ ਕੀ ਕਿਹਾ ਜਾਵੇ ਅਜਿਹੀ ਸਿੰਘਣੀ ਨੂੰ? ਇਹ ਤਾਂ ਸਮਝ ਤੋਂ ਵੀ ਬਾਹਰ ਹੈ। ਵਧੀਆ ਕਪੜਾ ਪਾਉਣ ਲਈ ਸਭ ਦਾ ਦਿਲ ਕਰਦੈ, ਪਾਉਣਾ ਵੀ ਚਾਹੀਦੈ। ਆਪਣੇ ਵਿੱਤ ਮੁਤਾਬਿਕ ਸਿਲਾਈ ਦਾ ਖਿਆਲ ਰੱਖ ਕੇ ਬਣਵਾਇਆ ਜਾਵੇ, ਘਟੀਆ ਫੈਸ਼ਨ ਤੋਂ ਪਰੇ। ਅਜਿਹਾ ਫੈਸ਼ਨ ਵੀ ਕੀ ਜੋ ਦੇਖਦਿਆਂ ਸਾਰ ਸ਼ਰਮਸਾਰ ਹੋਣਾ ਪਵੇ। ਉਹ ਵੀ ਗੁਰੂ ਦਰਬਾਰ ਅੰਦਰ ਜਿਥੇ ਅਸੀਂ ਆਪਣੇ ਦੁੱਖ ਦੂਰ ਕਰਨ, ਮਨ ਦੀ ਸ਼ਾਂਤੀ ਲਈ ਜਾਂਦੇ ਹਾਂ। ਤਰ੍ਹਾਂ ਤਰ੍ਹਾਂ ਦਾ ਫੈਸ਼ਨ ਧਰਮ ਅਸਥਾਨ 'ਤੇ ਹੀ ਦਿਖਾਉਣਾ ਹੁੰਦੈ? ਜਿਵੇਂ ਉਥੇ ਕੋਈ ਕੰਪੀਟੀਸ਼ਨ ਹੋ ਰਿਹਾ ਹੋਵੇ।

ਇਕ ਗੱਲੋਂ ਇਹ ਭੈਣਾਂ ਬੀਬੀਆਂ ਵੀ ਵਿਚਾਰੀਆਂ ਸੱਚੀਆਂ ਹਨ, ਵਿਆਹ ਪਾਰਟੀਆਂ ਵਿਚ ਕੌਣ ਦੇਖਦਾ ਹੈ? ਇਕ ਤੋਂ ਵਧ ਕੇ ਇਕ ਹੁੰਦਾ ਹੈ ਸਭ ਕੋਈ। ਵਾਰ ਵਾਰ ਚੁੰਨੀ ਨੂੰ ਹੱਥ ਪਾਉਣਾ ਜਾਣ ਬੁੱਝ ਕੇ, ਕਿ ਚੁੰਨੀ ਸਿਰ ਤੋਂ ਨਾ ਲਹਿ ਜਾਵੇ, ਜੈਂਪਰ ਵਿਚੋਂ ਭਾਵੇਂ ਅੱਧ ਨੰਗੇ ਹੋ ਜਾਵੋ, ਕੋਈ ਫਰਕ ਨਹੀਂ। ਗੱਲ ਉਨ੍ਹਾਂ ਸ਼ਰਧਾਵਾਨਾਂ ਦੀ ਹੈ ਜਿਨ੍ਹਾਂ ਨੇ ਆਪਣਾ ਪੱਕਾ ਟਾਈਮ ਗੁਰੂ-ਦਰਬਾਰ ਅੰਦਰ ਆਉਣ ਦਾ ਰੱਖਿਆ ਹੋਇਐ। ਟਾਈਮ ਵੀ ਉਹ ਜਦੋਂ ਸਾਰਾ ਦਰਬਾਰ ਹਾਲ ਸੰਗਤ ਨਾਲ ਭਰਿਆ ਹੁੰਦੈ। ਯਾਨਿ ਉਸੇ ਵਕਤ ਅਜਿਹੇ ਜੈਂਪਰ ਪਾ ਕੇ ਆਉਣ ਦਾ ਮਕਸਦ ਸ਼ਾਂਤ, ਅੰਤਰ ਧਿਆਨ ਹੋ ਬੈਠੀ ਸੰਗਤ ਦਾ ਧਿਆਨ ਆਪਣੇ ਵਲ ਖਿਚਣਾ ਹੀ ਹੁੰਦਾ ਹੈ। ਅਣਜਾਣੇ ਹੀ ਅੱਖਾਂ ਉਧਰ ਚਲੀਆਂ ਜਾਂਦੀਆਂ ਨੇ ਸੁਭਾਵਿਕ ਹੀ। ਕਿੰਨਾ ਕੁ ਕੋਈ ਆਪਣੀਆਂ ਨਿਗਾਹਾਂ ਨੂੰ ਰੋਕ ਸਕੇਗਾ। ਗੁਰਬਾਣੀ ਸੁਣ ਰਹੀ ਸੰਗਤ ਵਿਚ ਅਚਾਨਕ ਆ ਕੇ ਫੈਸ਼ਨ ਦਾ ਨਜ਼ਾਰਾ ਦੇਣ ਲਗ ਜਾਣ ਦਾ ਮਨੋਰਥ ਇਹੀ ਹੁੰਦੈ ਕਿ ਲੋਕ ਗੁਰੂ ਨੂੰ ਛੱਡ ਕੇ ਮੇਰੇ ਵਲ ਦੇਖਣ। ਪੰਜਾਹਵੇਂ ਵਿਚ ਆ ਕੇ ਪੋਤੇ, ਦੋਹਤਿਆਂ ਵਾਲੀਆਂ ਖੁਦ ਆਪਣੇ ਆਪ ਤੋਂ ਜਾਣੂ ਹੋਣਗੀਆਂ। ਸ਼ਾਇਦ ਉਹ ਇਹੋ ਹੀ ਦੱਸਣਾ ਚਾਹੁੰਦੀਆਂ ਹਨ, 'ਅਜੇ ਤੋ ਮੈਂ ਜਵਾਨ ਹੂੰ।' ਜੈਂਪਰ ਅਜਿਹਾ ਪਾ ਕੇ ਆਉਣਗੀਆਂ ਜਿਸਦਾ ਗਲਾ ਅੱਧੀ ਕਮਰ ਤੱਕ ਵੱਢਿਆ ਹੁੰਦੈ ਅਤੇ ਬਾਹਵਾਂ ਸਿਰਫ ਚਾਰ, ਪੰਜ ਇੰਚ ਦੀਆਂ। ਦੁਪੱਟਾ ਸਾਰਾ ਇਕੱਠਾ ਕਰਕੇ ਅੱਗੇ, ਪਿਛਿਓਂ ਜੈਂਪਰ ਦਾ ਡਿਜ਼ਾਈਨ ਦਿਖਾਉਣ ਵਾਲੀਆਂ ਇਨ੍ਹਾਂ ਸ਼ਰਧਾਲੂ ਭੈਣਾਂ ਨੂੰ ਕੀ ਇਹ ਵਿਚਾਰ ਨਹੀਂ ਆਉਂਦੀ ਅਸੀਂ ਕੀ ਢੰਗ ਅਪਨਾਏ ਹੋਏ ਨੇ?

ਇਥੇ ਹੀ ਬਸ ਨਹੀਂ ਪੰਜ ਵਿਚੋਂ ਦੋ ਨੇ, ਮੱਥਾ ਟੇਕਣ ਤੋਂ ਲੈ ਕੇ ਪਰਿਕਰਮਾ ਕਰਨ ਤਕ ਰਹਿੰਦੀ ਕਸਰ ਪੂਰੀ ਕਰਨੀ ਹੁੰਦੀ ਹੈ, ਸਟਾਈਲ ਨਾਲ ਮੱਥਾ ਟੇਕਣਾ, ਫੇਰ ਪਰਿਕਰਮਾ ਕਰਦੇ ਸਮੇਂ ਐਕਟਿੰਗ ਜਿਹੀ ਕਰਨੀ, ਪਰਿਕਰਮਾ ਦਾ ਭਾਵਅਰਥ ਨਾ ਜਾਣਦੇ ਹੋਏ ਰੀਸ ਕਰਨੀ, ਭਾਵੇਂ ਸਾਰੀਆਂ ਨਹੀਂ, ਫੇਰ ਕਿਤੇ ਜਾ ਕੇ ਬੈਠਣਾ। ਹਰ ਵਾਰ ਦੀ ਤਰ੍ਹਾਂ ਨਜ਼ਾਰਾ ਜਿਹਾ ਦੇ ਕੇ ਬੈਠੀਆਂ ਨਾਲ ਬਾਹਾਂ ਕੱਢ ਕੇ ਗਲੇ ਮਿਲਣਾ। ਖੂਬ ਬਨਾਉਟੀ ਜਿਹਾ ਹੱਸ ਕੇ ਸਭ ਨੂੰ ਦਿਖਾ ਕੇ ਸਭ ਤੋਂ ਮੂਹਰਲੀਆਂ ਪੰਕਤੀਆਂ ਵਿਚ ਬੈਠਣਾ। ਇਹ ਹਮੇਸ਼ਾ ਦਾ ਕਰਮ ਹੈ ਪੱਕਾ ਹੀ। ਫੇਰ ਬੈਠ ਕੇ ਵੀ ਸ਼ਾਂਤੀ ਨਹੀਂ। ਵਧੀਆ ਧੁਨ ਵਿਚ ਇਲਾਹੀ ਬਾਣੀ ਦਾ ਕੀਰਤਨ ਚਲ ਰਿਹਾ ਹੁੰਦੈ, ਸ਼ਬਦ ਸਕਰੀਨ ਉਤੇ ਆ ਹੀ ਜਾਂਦੈ, ਸਿਰ ਹਿੱਲਣ ਦੇ ਨਾਲ ਨਾਲ ਅੱਖਾਂ ਖੜ੍ਹੀਆਂ ਵਲ ਵਾਰ ਵਾਰ ਜਾ ਰਹੀਆਂ ਨੇ। ਉਹ ਮੇਰੀਆਂ ਅਣਜਾਣ ਜਾਂ ਬਹੁਤ ਸਮਝਦਾਰ ਭੈਣਾਂ ਨੂੰ ਨਹੀਂ ਪਤਾ ਅਸੀਂ ਸਭ ਤੋਂ ਅੱਗੇ ਬੈਠੀਆਂ ਇਹ ਇਕ ਨਾਟਕ ਜਿਹਾ ਕਰ ਰਹੀਆਂ ਹਾਂ। ਬੀਬੀਆਂ ਨੇ ਮੱਥਾ ਟੇਕਣਾ ਜਾਂ ਪਰਿਕਰਮਾ ਕਰਨੀ ਫੈਸ਼ਨ ਬਣਾ ਲਿਐ, ਇਸ ਫੈਸ਼ਨ ਵਿਚ ਆਪਣੀਆਂ ਧੀਆਂ ਨੂੰ ਸ਼ਾਮਲ ਕਰ ਲਿਐ, ਬੱਚੀਆਂ ਨਾਦਾਨ ਹੁੰਦੀਆਂ ਨੇ ਉਮਰ ਵੀਹ ਸਾਲਾਂ ਤੋਂ ਹੇਠ ਹੈ, ਅਜਿਹੀ ਮਾਂ ਆਪਣੀ ਧੀ ਨੂੰ ਕੀ ਸਿੱਖਿਆ ਦੇ ਸਕਦੀ ਹੈ?

ਅਜਿਹਾ ਲਿਖਣ 'ਤੇ ਮੇਰੇ ਉਤੇ ਸਵਾਲ ਵੀ ਉੱਠ ਸਕਦੇ ਹਨ ਕਿ ਇਉਂ ਲਿਖਦੀ ਨੂੰ ਸ਼ਰਮ ਨਹੀਂ ਆਈ ਜਾਂ ਕੀ ਤੂੰ ਗੁਰੂ ਘਰ ਇਹੋ ਕੁਝ ਦੇਖਣ ਜਾਂਦੀ ਹੈਂ? ਦੱਸ ਦੇਵਾਂ ਕਿ ਮੈਂ ਦੇਖਣ ਤਾਂ ਨਹੀਂ ਜਾਂਦੀ ਪਰ ਖਾਹ-ਮ-ਖਾਹ ਮਜ਼ਬੂਰਨ ਸਾਹਮਣੇ ਦਿਖਾਇਆ ਜਾ ਰਿਹੈ। ਐਨੀ ਪਹੁੰਚੀ ਹਸਤੀ ਕੋਈ ਟਾਂਵੀਂ ਹੋਵੇਗੀ ਜੋ ਨਾ ਦੇਖੇ। ਇਸ ਬਾਰੇ ਗੁਰਬਾਣੀ ਵਿਚੋਂ ਸੇਧ ਦੇ ਕੇ ਕਿੰਨੇ ਹੀ ਮਹਾਂਪੁਰਸ਼ ਚਲੇ ਗਏ ਜਿਨ੍ਹਾਂ ਉਤੇ ਅਸਰ ਨਹੀਂ ਹੋਇਆ। ਅੱਗੋਂ ਹੋਣਾ ਵੀ ਨਹੀਂ। ਸਵਾਲ ਇਹ ਉਠਦਾ ਹੈ ਅੱਜ ਦੀ ਮਾਂ ਆਪਣੀ ਧੀ ਨੂੰ ਦੁਨਿਆਵੀ ਪੜ੍ਹਾਈ ਜਾਂ ਤਰੱਕੀ ਦੇ ਨਾਲ ਨਾਲ, ਇਹ ਕਿਹੜੀ ਪੜ੍ਹਾਈ ਸਿੱਖਿਆ ਕਰਵਾ ਰਹੀ ਹੈ ਜੋ ਹੋਰ ਅਗੋਂ ਦੋ ਚਾਰ ਜਿਨ੍ਹਾਂ ਨਾਲ ਉਸਦਾ ਉਠਣ, ਬੈਠਣ ਹੈ ਉਹ ਸੁਭਾਵਿਕ ਹੀ ਉਹੋ ਕੁਝ ਗ੍ਰਹਿਣ ਕਰਨਗੀਆਂ।

ਇਨ੍ਹਾਂ ਦੇਸ਼ਾਂ ਵਿਚ ਬੱਚੇ ਵੈਸੇ ਹੀ ਵਸ ਵਿਚ

## ਤੁਹਾਡੀ ਗੱਲ

ਕਰਨੇ ਮੁਸ਼ਕਿਲ ਹਨ। ਜਿਸ ਮਾਂ ਦਾ ਰੋਲ ਅਜਿਹਾ ਹੈ, ਉਸਦੀ ਧੀ ਕਿਵੇਂ ਠੀਕ ਰਹਿ ਸਕੇਗੀ। ਦੂਜੀ ਤਰਫ ਉਸੇ ਗੁਰਦੁਆਰੇ ਅੰਦਰ ਆਉਣ ਵਾਲੀਆਂ ਜਿਨ੍ਹਾਂ ਨੇ ਜ਼ੋਬ ਵੀ ਛੱਡੀ ਹੋਈ ਹੈ। ਉਹ ਮਾਵਾਂ ਖੁਦ ਵੀ ਠੀਕ ਢੰਗ ਨਾਲ ਗੁਰੂ-ਦਰਬਾਰ ਅੰਦਰ ਅੰਤ੍ਰੀਵ ਸ਼ਰਧਾ ਸਹਿਤ ਆ ਕੇ ਹਾਜ਼ਰੀ ਲਾਉਂਦੀਆਂ ਹਨ, ਉਨ੍ਹਾਂ ਦੇ ਬੱਚੇ-ਬੱਚੀਆਂ ਵੀ।

ਕਿਉਂ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ? ਕਈਆਂ ਦੇ ਮੂੰਹੋਂ ਸੁਣਿਐ ਇਥੇ ਕੁਝ ਨਹੀਂ ਕਹਿਣਾ, ਪਾਪ ਲਗੇਗਾ। ਕਈ ਕਹਿ ਦੇਣਗੇ, 'ਅਸੀਂ ਕੀ ਲੈਣਾ ਜੋ ਮਰਜ਼ੀ ਕੋਈ ਕਰਦਾ ਫਿਰੇ।' ਗੁਰਬਾਣੀ ਵਿਚ ਸਿਖਿਆ ਤਾਂ ਇਹੋ ਹੈ ਨਾ ਕਿਸੇ ਤੋਂ ਡਰੋ ਨਾ ਹੀ ਡਰਾਉ। ਜੇ ਤੁਸੀਂ ਗੁਰੂ ਨੂੰ ਪਿਆਰ ਕਰਨ ਵਾਲੇ ਅਤੇ ਗੁਰੂ ਉਤੇ ਭਰੋਸਾ ਰੱਖਣ ਵਾਲੇ ਸਿੱਖ ਹੋ। ਕੀ ਫੇਰ ਤੁਸੀਂ ਗੁਰੂ ਦੀ ਹੋ ਰਹੀ ਬੇ-ਅਦਬੀ ਸਹਿ ਸਕੋਗੇ? ਬਿਲਕੁਲ ਨਹੀਂ। ਔਰਤ ਨੂੰ ਤਾਂ ਕਿਸੇ ਕਹਿਣਾ ਹੀ ਨਹੀਂ ਪਾਪ ਲਗੇਗਾ। ਵੀਰ ਭਾਈ ਕੋਈ ਅਜਿਹੀ ਜੁਰਅਤ ਕਰ ਹੀ ਨਹੀਂ ਸਕਦਾ ਜੋ ਬੀਬੀਆਂ ਦੇ ਵਿਰੋਧ ਵਿਚ ਹੋਵੇ। ਭਾਈ ਵਿਚਾਰੇ ਅੱਖਾਂ ਹੀ ਮੀਚ ਲੈਂਦੇ ਹਨ ਅਜਿਹੀ ਹਰਕਤ ਨੂੰ ਦੇਖ ਕੇ। ਅੱਵਲ ਤਾਂ ਕੋਈ ਕਹਿੰਦਾ ਨਹੀਂ ਜੇ ਆਖ ਵੀ ਦੇਵੇ ਅਗੋਂ ਜੁਆਬ ਇਹੋ ਮਿਲੇਗਾ ਕੀ ਤੂੰ ਤੀਵੀਆਂ ਵਲ ਹੀ ਦੇਖਦਾ ਹੈਂ, ਹੋਰ ਨਾ ਜਾਣੇ ਕਿੰਨੀਆਂ ਗਾਲ੍ਹਾਂ ਖਾਣੀਆਂ ਪੈਣ ਵਿਚਾਰੇ ਭਾਈ ਨੂੰ। ਗੁਰਦਵਾਰਿਆਂ ਜਾਂ ਕਈ ਥਾਵਾਂ ਉਤੇ ਅਬਲਾ ਕਹਿ ਕੇ ਪੁਕਾਰਿਆ ਜਾਂਦੈ। ਅਬਲਾ ਉਥੇ ਹੈ ਜਿਥੇ ਮਾਸੂਮ ਬੱਚੀ ਜਾਂ ਕਿਸੇ ਬੇਸਹਾਰਾ ਨਾਲ ਦੁਰ ਵਿਵਹਾਰ ਹੁੰਦੈ। ਬਾਕੀ ਵਾਲ ਰੰਗਣ ਦਾ ਰੋਗ ਹਰ ਔਰਤ ਨੂੰ ਲੱਗ ਚੁੱਕਿਐ, ਕੋਈ ਕੋਈ ਬਚੀ ਹੈ। ਆਖਿਰ ਕਦ ਤਕ ਇਹ ਬੁਢਾਪੇ ਤੋਂ ਬਚਦੀ ਰਹੇਗੀ। ਮੂੰਹ ਦਾ ਮਾਸ ਲਟਕ ਰਿਹੈ ਭਾਵੇਂ, ਢਕਣ ਦੀ ਪੂਰੀ ਵਾਹ ਲਾ ਕੇ ਉਹ ਫੇਰ ਵੀ ਦਿੱਸ ਜਾਂਦੈ। ਲੱਤਾਂ ਘਸੀਟ ਘਸੀਟ ਚਲ ਹੁੰਦੈ ਪਰ ਕਾਲਾ ਰੰਗ ਜ਼ਰੂਰੀ ਲਾਉਣੈ। ਸੋ ਅਖੀਰ ਵਿਚ ਇਹੋ ਆਖਾਂਗੀ, ਭੈਣੋਂ ਚਾਲੀ ਤੋਂ ਬਾਅਦ ਤਾਂ ਕੋਈ ਖਾਹਿਸ਼ ਰਹਿੰਦੀ ਹੀ ਨਹੀਂ। ਸਹੀ ਰਸਤੇ ਉਤੇ ਚਲਕੇ ਆਪਣੀਆਂ ਬੱਚੀਆਂ ਨੂੰ ਸੰਭਾਲਿਆ ਜਾਵੇ।

## ਕਾਵਿ-ਮੰਚ

### ਡੇਰਾਵਾਦ ਦਾ ਯੁੱਗ

ਡੇਰਾਵਾਦ ਦਾ ਯੁੱਗ ਆਇਆ
ਡੇਰਾ ਬਣਾਓ ਦੋਸਤੋ!
ਬੜੇ ਪੈਸੇ ਮੁਫ਼ਤ ਦੇ
ਕੋਈ ਚਾਲ ਚਲਾਓ ਦੋਸਤੋ।
ਲੋਕਾਂ ਨੂੰ ਮਗਰ ਲਾਉਣਾ
ਕੋਈ ਢੰਗ ਅਜਿਹਾ ਸੋਚੀਏ
ਅੰਧ-ਵਿਸ਼ਵਾਸ 'ਸੱਚ' ਵਰਗਾ
ਐਸਾ ਬਣਾਓ ਦੋਸਤੋ!
ਅਸਲੀ-ਨਕਲੀ ਫੋਟੋ ਬਣਾਓ
ਦੇਹ ਸਾਰੀ ਗੁਰੂ ਦੀ,
ਫਿਰ ਆਪ ਹੀ ਪਹਿਲਾਂ ਉਸ ਦੀ
ਪੂਜਾ ਕਰਾਓ ਦੋਸਤੋ!
ਚੇਲਿਆਂ ਨੂੰ ਹੁਕਮ ਕਰ ਦਿਓ
ਨਾ ਉੱਚੀ ਆਵਾਜ਼ੇ ਬੋਲਣਾ-
ਛੁਪੇ ਹੋਏ ਸੱਪ ਨੂੰ
ਅੰਦਰੋਂ ਬੁਲਾਓ ਦੋਸਤੋ
ਫਿਰ ਘੁੱਗ ਵੱਸਦੀ ਮਾਨਵਤਾ 'ਤੇ
ਡੰਗ ਚਲਾਓ ਦੋਸਤੋ!

### ਜਿਊਂਦੀ ਜਾਗਦੀ ਤਸਵੀਰ

ਮੇਰੇ ਖਿਆਲ ਵਿਚ
ਮੇਰੇ ਸਵਾਲ ਵਿਚ
ਵਰਤਮਾਨ ਹੀ ਅਸਲ-
ਜੀਵਨ ਦਰਪਣ ਏ...
ਜਿਸ ਵਿਚ ਜਿਊਂਦੀ ਜਾਗਦੀ
ਤਸਵੀਰ ਕ੍ਰਿਆਸ਼ੀਲ ਏ...
ਜੋ ਮਿਲਿਆ ਏ ਜੀਵਨ
ਖੁਸ਼-ਖੁਸ਼ ਬਸਰ ਕਰੋ!
ਹਰ ਇਕ ਦੇ ਦੁੱਖ-ਸੁੱਖ
ਨੂੰ ਸਾਂਝੇ ਕਰੋ...!
ਵਧ ਤੋਂ ਵਧ ਸਭ ਨਾਲ
ਪਿਆਰ ਸਤਿਕਾਰ ਕਰੋ
ਇਹੋ ਜੀਵਨ ਇਹੋ ਖੁਸ਼ੀ
ਇਹੋ ਰੂਹ ਨਾਲ ਰੂਹ ਰਾਜ਼ੀ ਏ।

*ਹਿੰਮਤ ਸਿੰਘ 'ਹਿੰਮਤ'*
*ਹੇਵਰਡ, ਕੈਲੀਫੋਰਨੀਆ*
*ਫੋਨ:510-881-8951*

## ਪਾਕਿਸਤਾਨ ਵਿਚਲੇ ਗੁਰੂਧਾਮਾਂ ਦੇ ਪ੍ਰਬੰਧ ਬਾਰੇ ਸੱਚਾਈ

ਕਰਦੀ ਆਈ ਹੈ ਪਰ ਇਹ ਕਮੇਟੀ ਇਕ ਨਾਮਨਿਹਾਦ ਕਾਗਜ਼ੀ ਕਮੇਟੀ ਹੀ ਹੈ। ਜਦੋਂ ਕਦੀ ਵੀ ਉਤਸ਼ਾਹ ਵਿਚ ਆਇਆ ਇਸ ਕਮੇਟੀ ਦਾ ਕੋਈ ਪ੍ਰਧਾਨ ਕੋਈ ਨਿੱਗਰ ਕੰਮ ਕਰਨਾ ਚਾਹੁੰਦਾ ਹੈ ਤਾਂ ਸਾਰੀ ਕਮੇਟੀ ਭੰਗ ਕਰ ਦਿੱਤੀ ਜਾਂਦੀ ਹੈ। ਪਾਕਿਸਤਾਨ ਦੇ ਸਿੱਖਾਂ ਦੀ ਆਪਣੇ ਹੀ ਗੁਰਧਾਮਾਂ ਦੀ ਸੇਵਾ ਸੰਭਾਲ ਵਿਚ ਬੱਸ ਏਨੀ ਕੁ ਹੀ ਚੱਲਦੀ ਹੈ।


ਕੁਝ ਸਾਲ ਪਹਿਲਾਂ ਦੀ ਗੱਲ ਹੈ ਆਪਣੇ ਚਲਾਣੇ ਤੋਂ ਕੁਝ ਮਹੀਨੇ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਮਰੀਕਾ ਆਏ, ਨਨਕਾਣਾ ਸਾਹਿਬ ਤੋਂ ਕੁਝ ਮੁਸਲਮਾਨ ਉਨ੍ਹਾਂ ਨੂੰ ਮਿਲਣ ਪਹੁੰਚੇ ਜਿਨ੍ਹਾਂ ਦਾ ਮੂਲ ਮਨੋਰਥ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਲੱਗੀ ਕੁਝ ਜ਼ਮੀਨ ਹੜੱਪਣਾ ਸੀ। ਉਹ ਲੋਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਇਕ ਮੁਖਤਿਆਰਨਾਮਾ ਆਮ ਚਾਹੁੰਦੇ ਸਨ ਜਿਸ ਨੂੰ ਵਰਤ ਕੇ ਉਹ ਸ਼੍ਰੋਮਣੀ ਕਮੇਟੀ ਨੂੰ ਕੁਝ ਰਕਮ ਦੇ ਕੇ ਕੁਝ ਜ਼ਮੀਨ ਉਤੇ ਕਬਜ਼ਾ ਕਰ ਸਕਣ। ਜਥੇਦਾਰ ਟੌਹੜਾ ਅਜਿਹੀਆਂ ਚਾਲਾਂ ਤੋਂ ਬਾਖਬਰ ਸਨ। ਉਹ ਉਨ੍ਹਾਂ ਦੀ ਕਿਸੇ ਵੀ ਤਜਵੀਜ਼ ਲਈ ਰਾਜ਼ੀ ਨਾ ਹੋਏ। ਜਿਹੜੀ ਗੱਲ ਦਾ ਜਥੇਦਾਰ ਟੌਹੜਾ ਨੇ ਇੰਕਸ਼ਾਫ ਕੀਤਾ ਉਹ ਬੜੀ ਹੈਰਾਨਕੁਨ ਸੀ। ਉਨ੍ਹਾਂ ਮੈਨੂੰ ਦੱਸਿਆ ਕਿ ਪਾਕਿਸਤਾਨ ਵਿਚ ਕਈ ਪਹੁੰਚ ਵਾਲੇ ਲੋਕ ਨਨਕਾਣਾ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਏਕੜ ਜ਼ਮੀਨ ਪਹਿਲਾਂ ਹੀ ਹਥਿਆ ਚੁਕੇ ਹਨ।

ਹੁਣ ਲਾਹੌਰ ਛਾਉਣੀ ਦੇ ਨਜ਼ਦੀਕ ਪਾਕਿਸਤਾਨੀ ਫੌਜੀ ਅਫਸਰਾਂ ਵਾਸਤੇ ਬਣਾਈ ਜਾ ਰਹੀ ਇਕ ਆਲੀਸ਼ਾਨ ਕਾਲੋਨੀ ਵਾਸਤੇ ਗੁਰਦੁਆਰਾ ਸਾਹਿਬ ਦੀ ਕੁਝ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ। ਇਹ ਪਹਿਲੀ ਦਫਾ ਨਹੀਂ ਹੈ ਕਿ ਪਾਕਿਸਤਾਨ ਵਿਚ ਅਜਿਹਾ ਕੁਝ ਹੋ ਰਿਹਾ ਹੈ। ਕੌਣ ਜਾਣਦਾ ਹੈ ਕਿ ਪਾਕਿਸਤਾਨ ਵਿਚ ਇਸ ਤਰ੍ਹਾਂ ਨਾਲ ਕਿੰਨੀ ਵਾਰ ਜ਼ਮੀਨ ਹਥਿਆਈ ਗਈ ਹੈ? ਵਿਸ਼ਵ ਭਰ ਵਿਚ ਵੱਸੇ ਸਿੱਖ ਭਾਈਚਾਰੇ ਨੂੰ ਇਸ ਕਾਰਸਤਾਨੀ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ ਪਰ ਰਸਮੀ ਰੋਸ ਪ੍ਰਗਟਾਵਿਆਂ ਤੋਂ ਬਿਨਾ ਅਸੀਂ ਕਿਸੇ ਅਜਿਹੇ ਮੁਲਕ ਦੇ ਮਾਮਲੇ ਵਿਚ ਸ਼ਾਇਦ ਬਹੁਤਾ ਕੁਝ ਨਹੀਂ ਕਰ ਸਕਦੇ ਜਿਥੇ ਤਾਕਤਵਰ ਲਈ ਕੋਈ ਕਾਇਦਾ ਕਾਨੂੰਨ ਨਹੀਂ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਾਕਿਸਤਾਨ ਵਿਚਲੇ ਇਤਿਹਾਸਕ ਸਿੱਖ ਗੁਰਧਾਮਾਂ ਦੀ ਸਾਂਭ ਸੰਭਾਲ ਅਤੇ ਇਸ ਦੇ ਪ੍ਰਬੰਧ ਵਿਚ ਕੋਈ ਭੂਮਿਕਾ ਨਿਭਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਸ਼੍ਰੋਮਣੀ ਕਮੇਟੀ ਨਾਲ ਰਵਾਇਤੀ ਤੌਰ 'ਤੇ ਵਿਰੋਧ ਦਾ ਰਿਸ਼ਤਾ ਬਣਾਈ ਰਖਦੀ ਹੈ ਅਤੇ ਜਿਸ ਨੂੰ ਪਾਕਿਸਤਾਨ ਵਿਚਲੀ ਸਿੱਖ ਜਾਇਦਾਦ ਉਤੇ ਕੋਈ ਵਿਧਾਨਿਕ ਅਖਤਿਆਰ ਹਾਸਲ ਨਹੀਂ ਹੈ, ਉਸ ਨੂੰ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਧਾਮਾਂ ਦੀ ਕਾਰ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ ਅਤੇ ਇਹੋ ਹੈ ਪਾਕਿਸਤਾਨ ਵਿਚਲੇ ਇਤਿਹਾਸਕ ਸਿੱਖ ਗੁਰਧਾਮਾਂ ਦੀ ਹਾਲਤ।

*e-mail:harjapaujla@gmail.com

# ਬੜਾ ਰੰਗਲਾ ਮਨੁੱਖ ਸੀ ਸੋਭਾ ਸਿੰਘ



ਸੋਭਾ ਸਿੰਘ

ਬਲਵੰਤ ਗਾਰਗੀ

ਮੈਂ ਸੋਭਾ ਸਿੰਘ ਨੂੰ ਸਭ ਤੋਂ ਪਹਿਲਾਂ 1944 ਵਿਚ ਪ੍ਰੀਤ ਨਗਰ ਵਿਚ ਮਿਲਿਆ। ਉਸ ਦਾ ਸਟੂਡੀਓ ਲੋਕ ਕਲਾ ਦੇ ਨਮੂਨਿਆਂ ਨਾਲ ਸਜਿਆ ਹੋਇਆ ਸੀ। ਕੰਧ ਉਤੇ ਤਸਵੀਰਾਂ, ਫ਼ਰਸ਼ ਉਤੇ ਖੱਦੀ ਦੀਆਂ ਚਟਾਈਆਂ। ਸੋਭਾ ਸਿੰਘ ਪੇਂਡੂ ਪਾਤਰਾਂ ਦੇ ਟੋਟਕੇ ਮਸਾਲੇ ਲਾ ਲਾ ਕੇ ਸੁਣਾਉਂਦਾ।

ਇਕ ਦਿਨ ਮੈਂ ਸੋਭਾ ਸਿੰਘ ਕੋਲ ਗਿਆ। ਉਹ ਅੱਧਨੰਗੀ ਸੋਹਣੀ ਪੇਟਿੰਗ ਨੂੰ ਬੁਰਸ਼ ਨਾਲ ਠੀਕ ਕਰ ਰਿਹਾ ਸੀ। ਸੋਹਣੀ ਦੀਆਂ ਭਰਵੀਆਂ ਛਾਤੀਆਂ ਬਾਰੀਕ ਗਿੱਲੇ ਦੁਪੱਟੇ ਵਿਚੋਂ ਨਜ਼ਰ ਆ ਰਹੀਆਂ ਸਨ। ਝਨਾਂ ਵਿਚੋਂ ਨਿਕਲ ਰਿਹਾ ਸੋਹਣੀ ਤੇ ਮਹੀਂਵਾਲ ਦਾ ਜੋੜਾ। ਸੋਹਣੀ ਦੀ ਨੰਗੀ ਬਾਂਹ, ਕਲਾਈ ਉਤੇ ਚੂੜੀਆਂ ਤੇ ਹੱਥ ਵਿਚ ਸ਼ਗਨਾਂ ਵਾਲਾ ਘੜਾ।

ਸੋਭਾ ਸਿੰਘ ਬੁਰਸ਼ ਨਾਲ ਸੋਹਣੀ ਦੀਆਂ ਸੁਡੌਲ ਛਾਤੀਆਂ ਉਤੇ ਪਾਣੀ ਤੁਪਕੇ ਪੇਂਟ ਕਰ ਰਿਹਾ ਸੀ। ਮੈਂ ਆਖਿਆ, ''ਇਸ ਦੀਆਂ ਛਾਤੀਆਂ ਖ਼ੂਬਸੂਰਤ ਹਨ। ਪਾਣੀ ਦੇ ਤੁਪਕੇ ਪੇਂਟ ਕਰਨ ਨਾਲ ਸ਼ਾਇਦ ਇਹ ਖ਼ਰਾਬ ਹੋ ਜਾਣ।''

ਉਹ ਆਖਣ ਲੱਗਾ, ''ਦਰਿਆ ਤੋਂ ਬਾਹਰ ਨਿਕਲਦੀ ਸੋਹਣੀ ਦੇ ਵਾਲ ਤੇ ਜਿਸਮ ਦੇ ਕੱਪੜੇ ਸੁੱਕੇ ਨਜ਼ਰ ਨਹੀਂ ਆਉਣੇ ਚਾਹੀਦੇ। ਪਾਣੀ ਦੇ ਕੁਝ ਤੁਪਕੇ ਉਸਦੇ ਭਿੱਜੇ ਭਿੱਜੇ ਹੁਸਨ ਨੂੰ ਹੋਰ ਚਮਕਾਉਣਗੇ...ਮੈਂ ਹਰ ਵਾਲ, ਕਪੜੇ ਦਾ ਹਰ ਵੱਟ ਤੇ ਜਿਸਮ ਦੇ ਹਰ ਰੰਗ ਨੂੰ ਪੇਂਟ ਕਰਦਾ ਹਾਂ। ਛਾਵਾਂ ਤੇ ਧੁੱਪਾਂ ਨੂੰ, ਤੇ ਇਨ੍ਹਾਂ ਦੇ ਮਿਲੇ-ਜੁਲੇ ਰੰਗਾਂ ਨੂੰ। ਦਰੱਖ਼ਤਾਂ ਦੀਆਂ ਜੜ੍ਹਾਂ ਨੂੰ, ਉਨ੍ਹਾਂ ਦੀਆਂ ਛੋਹਾਂ ਨੂੰ, ਉਨ੍ਹਾਂ ਦੇ ਪਤਲੇ ਖਰ੍ਹਵੇ ਸੱਕਾਂ ਨੂੰ, ਝੂਮਦੇ ਪੱਤਿਆਂ ਨੂੰ-ਮੈਨੂੰ ਇਨ੍ਹਾਂ ਸਭਨਾਂ ਦਾ ਗਿਆਨ ਹੈ।''

ਸੋਭਾ ਸਿੰਘ ਅਕਸਰ ਨੰਗੇ ਜਿਸਮ ਦੀ ਖ਼ੂਬਸੂਰਤੀ ਬਾਰੇ ਗੱਲਾਂ ਕਰਦਾ, ਔਰਤ ਦੇ ਹੁਸਨ ਬਾਰੇ, ਉਸ ਦੀ ਲੱਜਿਆ ਤੇ ਸ਼ਰਮੀਲੀ ਅਦਾ ਬਾਰੇ। ਉਹ ਆਖਦਾ, ''ਔਰਤ ਆਦਮੀ ਨਾਲੋਂ ਜ਼ਿਆਦਾ ਗੂੜ੍ਹ ਹੈ। ਇਸਦੇ ਜਿਸਮ ਵਲ ਦੇਖੋ। ਇਸ ਦੇ ਅੰਗ ਕਿੰਨੇ ਭੇਦ-ਭਰੇ ਹਨ, ਗੁੱਝੇ, ਲੁਕੇ ਹੋਏ। ਹਰ ਅੰਗ ਵਲ ਖਾਂਦਾ ਹੋਇਆ ਇਕ ਦੂਜੇ ਵਿਚ ਗੁਆਚ ਜਾਂਦਾ ਹੈ। ਔਰਤ ਹਰ ਚੀਜ਼ ਲੁਕੋ ਕੇ ਰੱਖਦੀ ਹੈ। ਕੁਦਰਤ ਦਾ ਰਹੱਸ। ਆਦਮੀ ਦਲੇਰ ਹੈ, ਨਿੱਝਕ ਹੈ, ਸਿੱਧਾ, ਬਿਲਕੁਲ ਆਪਣੇ ਸਰੀਰ ਵਾਂਗ। ਸਾਡਾ ਸੁਭਾਅ ਵੀ ਸਾਡੇ ਸਰੀਰ ਮੁਤਾਬਿਕ ਬਣ ਜਾਂਦਾ ਹੈ। ਸਾਡਾ ਮਨ ਵੀ ਏਸੇ ਤਰ੍ਹਾਂ ਹੈ। ਔਰਤ ਦਾ ਮਨ ਵਧੇਰੇ ਗੁੱਝਾ ਹੁੰਦਾ ਹੈ, ਵਧੇਰੇ ਵਲੇਵੇਂਦਾਰ, ਵਧੇਰੇ ਵਚਿੱਤਰ।''

ਸੋਭਾ ਸਿੰਘ ਨਾਲ ਗੱਲਬਾਤ ਤੋਂ ਪ੍ਰੇਰਿਤ ਹੋ ਕੇ ਮੈਂ ਇਕ ਨਾਟਕ ਲਿਖਿਆ 'ਕਲਾਕਾਰ'। ਇਸਦਾ ਵਿਸ਼ਾ ਇਹ ਸੀ ਕਿ ਇਕ ਆਰਟਿਸਟ ਨਗਨ-ਚਿੱਤਰ ਬਣਾਉਂਦਾ ਹੈ। ਜਦੋਂ ਉਸ ਦੀ ਮਾਸੀ ਆਪਣੀ ਧੀ ਨਾਲ ਸਟੂਡੀਓ ਵਿਚ ਆਉਂਦੀ ਹੈ ਤਾਂ ਨੌਕਰ ਇਨ੍ਹਾਂ ਪੇਟਿੰਗਾਂ ਨੂੰ ਉਲਟਾ ਕਰਕੇ ਕੰਧ ਵਲ ਕਰ ਦੇਂਦਾ ਹੈ। (ਮੈਂ ਇਸ ਵਿਚ ਨੌਕਰ ਦਾ ਪਾਰਟ ਕੀਤਾ ਸੀ।) ਅਖ਼ੀਰ ਵਿਚ ਮਾਸੀ ਨਗਨ-ਚਿੱਤਰ ਦੇਖਦੀ ਹੈ ਤੇ ਗੁੱਸੇ ਹੁੰਦੀ ਹੈ ਤੇ ਆਪਣੀ ਧੀ ਨੂੰ ਲੈ ਕੇ ਇਸ ਲੁੱਚੇ ਕਲਾ-ਭਵਨ ਵਿਚੋਂ ਬਾਹਰ ਨਿਕਲ ਜਾਂਦੀ ਹੈ।

ਇਹ ਨਾਟਕ ਪ੍ਰੀਤ ਨਗਰ ਦੀ ਸਟੇਜ ਉਤੇ 1944 ਵਿਚ ਖੇਡਿਆ ਗਿਆ। ਸੋਭਾ ਸਿੰਘ ਨੇ ਇਸ ਵਿਚ ਕਲਾਕਾਰ ਦਾ ਪਾਰਟ ਕੀਤਾ। ਪ੍ਰੋਡਕਸ਼ਨ ਨੂੰ ਵਧੇਰੇ ਯਥਾਰਥਕ ਬਣਾਉਣ ਲਈ ਉਸਨੇ ਆਪਣੀਆਂ ਕਈ ਪੇਂਟਿੰਗਾਂ ਮੰਚ ਉਤੇ ਟੰਗ ਦਿੱਤੀਆਂ। ਸੋਭਾ ਸਿੰਘ ਲੰਙ ਮਾਰਦਾ ਹੋਇਆ ਦਾਖ਼ਿਲ ਹੋਇਆ। ਉਸਦੀ ਐਕਟਿੰਗ ਤੇ ਮਸਖ਼ਰੀ ਭਰੇ ਹਾਵ-ਭਾਵ ਨੇ ਲੋਕਾਂ ਦਾ ਮਨ ਮੋਹ ਲਿਆ। ਸਾਂਗਾਂ ਲਾਹੁਣ ਵਿਚ ਉਹ ਉਸਤਾਦ ਸੀ।

ਸੋਭਾ ਸਿੰਘ 29 ਨਵੰਬਰ 1901 ਨੂੰ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਚ ਪੈਦਾ ਹੋਇਆ। ਉਸਦੀ ਮਾਤਾ ਦਾ ਨਾਂ ਅੱਛਰਾਂ ਦੇਵੀ ਸੀ, ਪਿਤਾ ਦੇਵਾ ਸਿੰਘ ਫ਼ੌਜ ਵਿਚ ਸਰਵੇਖਕ ਸੀ। ਫ਼ੌਜ ਦੇ ਅੰਗਰੇਜ਼ ਅਫ਼ਸਰ ਜਦੋਂ ਵਾਪਿਸ ਵਲੈਤ ਪਰਤਦੇ ਤਾਂ ਆਪਣੀਆਂ ਚੀਜ਼ਾਂ ਵੇਚ ਜਾਂਦੇ। ਦੇਵਾ ਸਿੰਘ ਅੰਗਰੇਜ਼ ਅਫ਼ਸਰਾਂ ਕੋਲੋਂ ਪੇਂਟਿੰਗਾਂ ਦੀਆਂ ਕਿਤਾਬਾਂ ਤੇ ਪੁਰਾਣੀਆਂ ਮੂਰਤਾਂ ਖ਼ਰੀਦ ਲੈਂਦਾ। ਇਨ੍ਹਾਂ ਵਿਚੋਂ ਕੁਝ ਪੇਂਟਿੰਗਾਂ ਉਸਨੇ ਫ਼ਰੇਮ ਕਰਵਾ ਕੇ ਘਰ ਵਿਚ ਰੱਖੀਆਂ ਹੋਈਆਂ ਸਨ ਤੇ ਇਨ੍ਹਾਂ ਦੀ ਸ਼ੈਲੀ ਵਿਖੇ ਖ਼ੁਦ ਵੀ ਕੁਝ ਚਿੱਤਰ ਬਣਾਏ। ਉਸਨੇ ਗੁਰੂ ਨਾਨਕ ਦੇਵ ਦੇ ਪੁਰਾਣੇ ਚਿੱਤਰ ਵੀ ਇਕੱਠੇ ਕੀਤੇ ਜਿਨ੍ਹਾਂ ਵਿਚ ਕਾਂਗੜਾ ਦੇ ਲਘੂ ਚਿੱਤਰਾਂ ਤੇ ਰਾਜਪੂਤ ਪੇਂਟਿੰਗਾਂ ਵਾਂਗ ਪਾਤਰਾਂ ਦੇ ਨਕਸ਼ ਲਕੀਰੇ ਹੋਏ ਸਨ। ਨਿੱਕੇ ਹੁੰਦਿਆਂ ਸੋਭਾ ਸਿੰਘ ਆਪਣੇ ਬਾਪ ਨੂੰ ਰੇਖਾ ਚਿੱਤਰ ਬਣਾਉਂਦਿਆਂ ਦੇਖਦਾ ਤੇ ਘਰ ਦੀਆਂ ਕੰਧਾਂ ਤੇ ਲਕੜੀ ਦੀਆਂ ਅਲਮਾਰੀਆਂ ਉਤੇ ਘੀਚ ਮਚੋਲੇ ਵਾਹ ਦੇਂਦਾ।

ਬਚਪਨ ਵਿਚ ਸੋਭਾ ਸਿੰਘ ਬਹੁਤ ਫੁਰਤੀਲਾ ਸੀ। ਸੱਤ-ਅੱਠ ਸਾਲ ਦੀ ਉਮਰ ਵਿਚ ਇਕ ਵਾਰ ਉਹ ਲੱਕੜ ਦੇ ਫਾਟਕ ਉਤੇ ਚੜ੍ਹ ਕੇ ਆਪਣੇ ਦੋਸਤਾਂ ਨੂੰ ਕਲਾਬਾਜ਼ੀਆਂ ਦੇ ਜ਼ੌਹਰ ਦਿਖਾ ਰਿਹਾ ਸੀ। ਅਚਾਨਕ ਉਹ ਫਾਟਕ ਉਤੇ ਪੁੱਠਾ ਹੀ ਟੰਗਿਆ ਗਿਆ ਤੇ ਉਸ ਦੇ ਦੋਸਤ ਉਸਨੂੰ ਛੱਡ ਕੇ ਦੌੜ ਗਏ। ਗਲੀ ਦੇ ਲੋਕ ਇਕੱਠੇ ਹੋ ਗਏ। ਇਕ ਨੇ ਆਖਿਆ, ''ਔਹ ਦੇਖੋ ਫਾਟਕ ਉਤੇ ਸੋਭਾ ਸਿੰਘ ਪੁੱਠੀ ਛਾਲ ਮਾਰ ਕੇ ਲਟਕਿਆ ਪਿਆ ਹੈ।'' ਛੇਤੀ ਹੀ ਉਸ ਦਾ ਬਾਪ ਤੇ ਆਂਢੀ ਗੁਆਂਢੀ ਆ ਗਏ। ਉਨ੍ਹਾਂ ਨੇ ਉਸ ਨੂੰ ਫਾਟਕ ਤੋਂ ਹੇਠਾਂ ਲਾਹਿਆ। ਸੋਭਾ ਸਿੰਘ ਦੀ ਲੱਤ ਟੁੱਟ ਗਈ ਸੀ। ਡਾਕਟਰ ਨੇ ਦਵਾਈਆਂ ਦਿੱਤੀਆਂ ਤੇ ਲੱਤ ਨੂੰ ਪਲੱਸਤਰ ਲਾ ਕੇ ਪੱਟੀ ਬੰਨ੍ਹ ਦਿੱਤੀ। ਪਰ ਹੱਡੀ ਚੰਗੀ ਤਰ੍ਹਾਂ ਨਾ ਜੁੜੀ। ਨਤੀਜਾ ਇਹ ਹੋਇਆ ਕਿ ਸਾਰੀ ਉਮਰ ਲਈ ਸੋਭਾ ਸਿੰਘ ਦੀ ਲੱਤ ਵਿਚ ਕੱਜ ਪੈ ਗਿਆ।

ਉਹ ਆਖਦਾ ਸੀ, ''ਮੈਂ ਆਪਣੇ ਲੰਗੜੇਪਨ ਦੀ ਪਰਵਾਹ ਨਹੀਂ ਕਰਦਾ। ਲਾਰਡ ਬਾਇਰਨ ਵੀ ਤਾਂ ਲੰਗ ਮਾਰ ਕੇ ਤੁਰਦਾ ਸੀ। ਉਸ ਸਮੇਂ ਲੰਡਨ ਵਿਚ ਲਾਰਡ ਬਾਇਰਨ ਦੀ ਰੀਸੀਂ ਜ਼ਰਾ ਕੁ ਲੰਗ ਮਾਰ ਕੇ ਤੁਰਨ ਦਾ ਫ਼ੈਸ਼ਨ ਚਲ ਪਿਆ ਸੀ। ਲੰਗ ਮਾਰਨ ਦੇ ਬਾਵਜੂਦ ਮੈਂ ਫ਼ੌਜ ਦੇ ਸਰੀਰਕ ਟੈਸਟ ਪਾਸ ਕੀਤੇ ਤੇ ਅੱਧੀ ਦੁਨੀਆਂ ਗਾਹ ਮਾਰੀ। ਮੈਂ ਬੁੱਢਾ ਹੋ ਗਿਆ ਹਾਂ। ਮਾਸ ਸੁੰਗੜ ਗਿਆ ਹੈ ਤੇ ਪੈਰ ਦੀ ਹੱਡੀ ਬਾਹਰ ਨੂੰ ਵੱਧ ਗਈ ਹੈ। ਮੇਰੇ ਪੈਰ ਦੀ ਸ਼ਕਲ ਵਿਗੜ ਗਈ ਹੈ। ਹੁਣ ਮੈਨੂੰ ਮਦਦ ਦੀ ਲੋੜ ਹੈ।''

ਸੋਭਾ ਸਿੰਘ ਛੇਵੀਂ ਜਮਾਤ ਤੀਕ ਆਪਣੇ ਪਿੰਡ ਦੇ ਸਕੂਲ ਵਿਚ ਪੜ੍ਹਿਆ। ਫਿਰ ਉਹ ਅੰਮ੍ਰਿਤਸਰ ਆ ਗਿਆ ਤੇ ਕਈ ਸਾਲ ਆਪਣੀ ਭੈਣ ਕੋਲ ਰਿਹਾ। ਗਲੀਆਂ-ਮੁਹੱਲਿਆਂ ਤੇ ਬਾਜ਼ਾਰਾਂ ਦੇ ਜੀਵਨ ਗਿਆਨ ਨੂੰ ਆਪਣੇ ਅੰਦਰ ਰਮਾਇਆ ਅਤੇ ਇਸ ਸ਼ਹਿਰ ਦਾ ਧਾਰਮਿਕ ਵਾਤਾਵਰਣ ਗ੍ਰਹਿਣ ਕੀਤਾ। ਉਹ ਫਿਤਰਤਨ ਕਟਾਖ਼ਸ਼ ਤੇ ਹਾਜ਼ਰ ਜੁਆਬੀ ਵਿਚ ਮਾਹਿਰ ਸੀ। ਉਸਦੀ ਤਬੀਅਤ ਹਮੇਸ਼ਾਂ ਸਰੀਰਕ ਰੂਪ ਨੂੰ ਪਿਆਰ ਕਰਦੀ ਸੀ, ਪਰ ਇਹ ਸਭ ਕੁਝ ਅਤਿ ਸੂਖ਼ਮ ਤੇ ਸੰਵੇਦਨਸ਼ੀਲ ਸੀ।

1919 ਵਿਚ ਉਹ ਡਰਾਫ਼ਟਸਮੈਨ ਦੇ ਤੌਰ ਤੇ ਇਰਾਕ ਗਿਆ। ਉਥੇ ਉਹ ਬਹੁਤ ਸਾਰੇ ਅੰਗ੍ਰੇਜ਼ਾਂ ਨੂੰ ਮਿਲਿਆ ਜਿਨ੍ਹਾਂ ਤੋਂ ਉਸਨੇ ਚਿਤਰ ਕਲਾ ਦੇ ਰੂਪ, ਪਰਿਲੇਖ-ਚਿਤਰ ਤੇ ਰੇਖਾਵਾਂ ਦੇ ਨਿਯਮ ਗ੍ਰਹਿਣ ਕੀਤੇ। ਕਈ ਮਸ਼ਹੂਰ ਯੂਰੋਪੀਅਨ ਚਿਤਰਕਾਰਾਂ ਦੀਆਂ ਪੇਂਟਿੰਗਾਂ ਉਤੇ ਕਿਤਾਬਾਂ ਪੜ੍ਹੀਆਂ ਤੇ ਆਪਣੀ ਕਲਾ ਨੂੰ ਪੁਖ਼ਤਾ ਕੀਤਾ।

ਵਾਪਿਸ ਆ ਕੇ ਉਹ ਕੁਝ ਸਮੇਂ ਲਈ ਅੰਮ੍ਰਿਤਸਰ ਰਿਹਾ ਜਿਥੇ ਉਸਦੇ ਬਚਪਨ ਦੇ ਦੋਸਤ ਨਾਨਕ ਸਿੰਘ ਨਾਵਲਿਸਟ ਨਾਲ ਡੂੰਘਾ ਸੰਪਰਕ ਹੋਇਆ। ਫ਼ਿਰ ਉਹ ਲਾਹੌਰ ਚਲਾ ਗਿਆ। ਉਥੇ ਉਸਨੇ ਆਪਣਾ ਸਟੂਡੀਓ ਸਥਾਪਿਤ ਕੀਤਾ ਤੇ ਕੰਮ ਕਰਨ ਲੱਗਾ। ਰੇਖਾ,ਰੂਪ ਅਤੇ ਉਰਦੂ, ਹਿੰਦੀ ਤੇ ਪੰਜਾਬੀ ਵਿਚ ਉਸ ਨੇ ਕਲਾਤਮਕ ਖ਼ੁਸ਼ਨਵੀਸੀ ਵਾਲੇ ਉਤਮ ਡੀਜ਼ਾਇਨ ਬਣਾਏ। ਉਹ ਉਸ ਸਮੇਂ ਦਾ ਮਸ਼ਹੂਰ ਕਮਰਸ਼ੀਅਲ ਆਰਟਿਸਟ ਮੰਨਿਆ ਜਾਣ ਲੱਗਾ।

ਉਸਨੇ ਕਿਤਾਬਾਂ ਦੇ ਜੈਕਟ-ਕਵਰ ਬਣਾਏ ਅਤੇ ਰੇਲਵੇ ਤੇ ਡਾਕ-ਤਾਰ ਵਿਭਾਗ ਲਈ ਕੁਝ ਪ੍ਰਭਾਵਕਾਰੀ ਪੋਸਟਰ ਤਿਆਰ ਕੀਤੇ।

ਚੰਗੇਰੇ ਭਵਿੱਖ ਦੀ ਆਸ ਵਿਚ ਉਹ ਦਿੱਲੀ ਚਲਾ ਗਿਆ। 1937 ਵਿਚ ਉਸਨੇ ਗੁਰੂ ਨਾਨਕ ਦੇਵ ਜੀ ਦੀ ਹਰਮਨ ਪਿਆਰੀ ਤਸਵੀਰ ਬਣਾਈ 'ਨਾਮ ਖੁਮਾਰੀ ਨਾਨਕਾ'। ਇਸ ਵਿਚ ਗੁਰੂ ਨਾਨਕ ਪੀਲਾ ਚੋਗਾ ਪਾਈਂ, ਰੱਬੀ ਸਰੂਰ ਵਿਚ ਅੱਖਾਂ ਮੀਟੀ ਬੈਠੇ ਹਨ। ਸਿਰ ਉਤੇ ਸੰਤਾਂ ਵਰਗੀ ਦਸਤਾਰ ਤੇ ਹੱਥ ਵਿਚ ਮਾਲਾ। ਸੋਭਾ ਸਿੰਘ ਨੇ ਇਹ ਪੇਂਟਿੰਗ ਇਕ ਪਬਲਿਸ਼ਰ ਨੂੰ ਉੱਕੇ-ਪੁੱਕੇ ਮੁੱਲ ਉਤੇ ਵੇਚ ਦਿੱਤੀ। ਪਬਲਿਸ਼ਰ ਨੇ ਇਸ ਦੀਆਂ ਲੱਖਾਂ ਕਾਪੀਆਂ ਵੇਚ ਕੇ ਬਹੁਤ ਮੁਨਾਫ਼ਾ ਖੱਟਿਆ।

ਉਨ੍ਹੀਂ ਦਿਨੀਂ ਹੀ ਸੋਭਾ ਸਿੰਘ ਨੇ 'ਸੋਹਣੀ ਮਹੀਂਵਾਲ' ਬਣਾਈ ਜੋ ਉਸ ਦੀ ਮਸ਼ਹੂਰ ਪੇਂਟਿੰਗ ਹੈ। ਸ. ਗੁਰਬਖਸ਼ ਸਿੰਘ ਨੇ 1942 ਵਿਚ ਉਸਨੂੰ ਸੱਦਾ ਭੇਜਿਆ ਕਿ ਉਹ ਪ੍ਰੀਤ ਨਗਰ ਆ ਕੇ ਦੇਖੇ। ਗੁਰਬਖ਼ਸ਼ ਸਿੰਘ ਨੇ ਇਸ ਕਲਚਰਲ ਕਾਲੋਨੀ ਨੂੰ ਬੰਨ੍ਹਿਆ ਤੇ ਇਹ ਲੇਖਕਾਂ, ਪੇਂਟਰਾਂ, ਕਵੀਆਂ ਤੇ ਸਭਿਆਚਾਰਕ ਹਸਤੀਆਂ ਦਾ ਕੇਂਦਰ ਬਣ ਗਈ। ਸੋਭਾ ਸਿੰਘ 1943 ਦੇ ਕਰੀਬ ਇਥੇ ਆ ਕੇ ਰਹਿਣ ਲੱਗਾ ਤੇ ਉਸਨੇ ਆਪਣਾ ਸਟੂਡੀਓ ਖੋਲ੍ਹਿਆ ਜੋ ਨੌਜੁਆਨ ਲੇਖਕਾਂ, ਕਲਾ-ਪ੍ਰੇਮੀ ਕੁੜੀਆਂ ਤੇ ਦਰਸ਼ਕਾਂ ਦਾ ਯਾਤਰਾ ਸਥਾਨ ਬਣ ਗਿਆ।

ਇਥੇ ਉਸਨੇ ਬਹੁਤ ਸਾਰੇ ਦਿਲਚਸਪ ਜਲ-ਚਿੱਤਰ ਬਣਾਏ, 'ਤਿੰਨ ਸਤੰਬਰ'-ਇਸ ਵਿਚ ਹਜ਼ਰਤ ਈਸਾ ਮੋਢੇ ਉਤੇ ਭਾਰੀ ਸਲੀਬ ਚੁੱਕੀ ਇਸ ਦੇ ਬੋਝ ਥੱਲੇ ਝੁਕਿਆ, ਸਿਰ ਨੀਵਾਂ ਕਰੀ, ਤੁਰਿਆ ਜਾਂਦਾ ਹੈ। ਇਸ ਪੇਂਟਿੰਗ ਦਾ ਇਹ ਨਾਂ ਇਸ ਕਰਕੇ ਰਖਿਆ ਸੀ ਕਿਉਂਕਿ ਤਿੰਨ ਸਤੰਬਰ ਨੂੰ ਦੂਜਾ ਮਹਾਂਯੁੱਧ ਸ਼ੁਰੂ ਹੋਇਆ ਸੀ ਅਤੇ ਮਨੁੱਖਤਾ ਨੂੰ ਇਕ ਵਾਰ ਫਿਰ ਜ਼ੁਲਮ ਦੀ ਸਲੀਬ ਚੁੱਕਣੀ ਪਈ ਸੀ। ਇਕ ਹੋਰ ਵਿਅੰਗਮਈ ਚਿੱਤਰ ਸੀ, 'ਜਿੰਨਾ ਵੱਡਾ ਅਪਾਹਜ ਉਨਾਂ ਹੀ ਬਹੁਤਾ ਕਾਮਯਾਬ।' ਇਸ ਵਿਚ ਤਰ੍ਹਾਂ ਤਰ੍ਹਾਂ ਦੇ ਮੰਗਤਿਆਂ ਨੂੰ ਦਰਸਾਇਆ ਸੀ। ਕੋਈ ਅੰਨ੍ਹਾ, ਕੋਈ ਕੁੱਬਾ, ਕੋਈ ਲੰਗੜਾ। ਸਾਡੇ ਸਮਾਜ ਵਿਚ ਅਪਾਹਜ ਤੇ ਮੰਗਤੇ ਆਪਸ ਵਿਚ ਇਕ ਦੂਜੇ ਨੂੰ ਮਾਤ ਕਰਨ ਦੀ ਜਦੋ-ਜਹਿਦ ਕਰਦੇ ਹਨ। ਜਿਸ ਮੰਗਤੇ ਦੀਆਂ ਦੋਵੇਂ ਟੰਗਾਂ ਟੁੱਟੀਆਂ ਹੋਣ, ਉਹ ਉਸ ਮੰਗਤੇ ਤੋਂ ਵਧੇਰੇ ਕਾਮਯਾਬ ਹੋਵੇਗਾ ਜਿਸ ਦੀ ਸਿਰਫ਼ ਇਕ ਲੱਤ ਟੁੱਟੀ ਹੈ। ਸੋਭਾ ਸਿੰਘ ਨੇ ਡਾਰਵਿਨ ਦੇ ਸਿਧਾਂਤ ਦੀ ਖਿੱਲੀ ਉਡਾਈ ਸੀ। ਇਸ ਨੂੰ ਪੁਠਿਆਂ ਕਰ ਕੇ ਚੁਭਵੀਂ ਸਮਾਜਿਕ ਟਿੱਪਣੀ ਦਿੱਤੀ ਸੀ। ਇਹ ਦਰਸ਼ਨੀ ਕਲਾ ਵਿਚ ਬਲੈਕ ਹਿਊਮਰ ਦੀ ਮਿਸਾਲ ਸੀ।

ਇਸ ਸਮੇਂ ਦੀ ਇਕ ਹੋਰ ਮਸ਼ਹੂਰ ਪੇਂਟਿੰਗ ਸੀ। 'ਅੰਤਿਮ ਓਟ'। ਇਕ ਆਦਮੀ ਸਿਮਰਨੀ ਫੜੀ, ਡੂੰਘੇ ਚਿੰਤਨ ਵਿਚ ਬੈਠਾ ਹੈ। ਪਿਛੋਕੜ ਵਿਚ ਊਸ਼ਾ ਦੀ ਲਾਲੀ ਵਿਚ ਇਕ ਬੱਚਾ ਖੇਡ ਰਿਹਾ ਹੈ। ਮਨੁੱਖ ਦੇ ਵਿਗਸਣ ਦੇ ਭਿੰਨ-ਭਿੰਨ ਪੜਾਅ ਦਿਖਾਏ ਗਏ ਹਨ। ਕਿਵੇਂ ਉਹ ਮਿੱਤਰਾਂ ਦੀ ਦੋਸਤੀ, ਸੰਭੋਗ, ਸ਼ਰਾਬ ਤੇ ਲਾਲਸਾ ਵਿਚ ਡੁੱਬਿਆ ਹੋਇਆ ਅਖ਼ੀਰ ਤਸਬੀਹ ਫੜ ਲੈਂਦਾ ਹੈ। ਇਹ ਸਭ ਕੁਝ ਇਕ ਪ੍ਰਕਾਰ ਦੀ ਖੇਡ ਹੈ, ਇਕ ਪ੍ਰਕਾਰ ਦੀ 'ਓਟ', ਜੀਵਨ ਦੇ ਸੱਚ ਤੋਂ ਬਚਣ ਦੇ ਸਾਧਨ।

ਇਹ ਸਦ੍ਰਿਸ਼ਮੂਲਕ ਪੇਂਟਿੰਗਾਂ ਮਨੁੱਖ ਦੇ ਚਲਾਇਮਾਨ ਭੂਤ ਦੀਆਂ ਮੂਰਤਾਂ ਹਨ, ਰੰਗਾਂ ਦੇ ਯਥਾਰਤਕ ਚਿੱਤਰ, ਜਿਵੇਂ ਕਿਸੇ ਫ਼ਿਲਮ ਵਿਚ ਸੁਪਨਿਆਂ ਦਾ ਨਿਰੰਤਰ ਕ੍ਰਮ ਹੋਵੇ। ਸੋਭਾ ਸਿੰਘ ਨੇ ਮੈਨੂੰ ਦੱਸਿਆ, ''ਅਸੀਂ ਜ਼ਿੰਦਗੀ ਨੂੰ ਚੰਬੜੇ ਰਹਿਣ ਲਈ ਓਟਾਂ ਦੇ ਬਹਾਨੇ ਤੇ ਬਿੰਬ ਲੱਭਦੇ ਹਾਂ। ਜਿਸ ਰੱਬ ਦਾ ਅਸੀਂ ਤਸੱਵਰ ਕਰਦੇ ਹਾਂ, ਉਹ ਵੀ ਥਾਣੇਦਾਰ ਵਾਂਗ ਹੈ। ਉਹ ਸਾਡੇ 'ਤੇ ਨਜ਼ਰ ਰੱਖਦਾ ਹੈ, ਸਾਨੂੰ ਤਾੜਦਾ ਹੈ ਤੇ ਡਰਾਉਂਦਾ ਹੈ। ਸਭਨਾਂ ਦੇ ਵੱਖਰੇ ਵੱਖਰੇ ਰੱਬ ਹਨ। ਅਸੀਂ ਉਸਨੂੰ ਸਰਬ ਸਮਰਥ ਤੇ ਸਰਬ ਵਿਆਪਕ ਨਹੀਂ ਚਿਤਵਦੇ...ਸਾਨੂੰ ਚਾਹੀਦਾ ਹੈ ਆਪਣੀਆਂ ਲੱਤਾਂ ਦੀ ਮਾਲਿਸ਼ ਕਰਕੇ ਉਹਨਾਂ ਨੂੰ ਤਕੜਾ ਬਣਾਈਏ। ਤੁਰਨ ਲੱਗੇ ਮਜ਼ਬੂਤ ਲੱਤਾਂ ਦੀ ਲੋੜ ਹੈ, ਬਸਾਖੀਆਂ ਨਹੀਂ ਲੱਭਦੇ ਫਿਰਨਾ ਚਾਹੀਦਾ....ਸਾਨੂੰ ਆਪਣੇ ਆਪ 'ਤੇ ਭਰੋਸਾ ਹੋਣਾ ਚਾਹੀਦਾ ਹੈ, ਆਤਮ ਵਿਸ਼ਵਾਸ।''

ਆਤਮ ਵਿਸ਼ਵਾਸ ਦੀ ਇਹ ਧਾਰਣਾ ਸੋਭਾ ਸਿੰਘ ਦੇ ਸਮੁੱਚੇ ਜੀਵਨ ਦਾ ਵਿਸ਼ਾ ਰਹੀ ਹੈ।

ਉਸਨੇ ਆਖਿਆ, ''ਮੈਂ ਚਿੱਤਰ ਬਣਾਉਣ ਲੱਗਿਆ ਮਾਡਲ ਵਰਤਦਾ ਹਾਂ, ਪਰ ਇਹ ਸਿਰਫ਼ ਕਲਾਤਮਿਕ ਉਡਾਰੀ ਲਈ ਇਕ ਇਸ਼ਾਰਾ ਹੀ ਹੈ। ਇਨ੍ਹਾਂ ਚਿਤਰਾਂ ਵਿਚ ਮੈਂ ਖ਼ੂਬਸੂਰਤੀ, ਰੰਗ, ਸ਼ਿੱਦਤ ਤੇ ਜਜ਼ਬਾ ਅੰਦਰੋਂ ਭਰਦਾ ਹਾਂ। ਮੇਰੀ ਕਲਪਨਾ ਇਨ੍ਹਾਂ ਵਿਚ ਕੋਈ ਡੂੰਘਾ ਸੱਚ ਭਰ ਦੇਂਦੀ ਹੈ।''

ਉਹਨੀਂ ਦਿਨੀਂ ਪ੍ਰੀਤ ਨਗਰ ਵਿਚ ਇਕ ਇੰਜੀਨੀਅਰ ਦੀ ਧੀ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਉਥੇ ਆਈ। ਉਹ ਸੋਭਾ ਸਿੰਘ ਦਾ ਸਟੂਡੀਓ ਦੇਖਣ ਗਈ ਤੇ ਉਸਨੂੰ ਉਸਦੇ ਚਿਤਰ ਚੰਗੇ ਲਗੇ। ਸੋਭਾ ਸਿੰਘ ਨੇ ਉਸਦਾ ਪੋਰਟਰੇਟ ਬਣਾਉਣਾ ਮਨਜ਼ੂਰ ਕੀਤਾ। ਉਹ ਕਈ ਕਈ ਘੰਟੇ ਸਟੂਡੀਓ ਵਿਚ ਬੈਠੀ ਰਹਿੰਦੀ ਤੇ ਸੋਭਾ ਸਿੰਘ ਉਸਨੂੰ ਪੇਂਟ ਕਰਦਾ। ਜਦ ਇੰਜੀਨੀਅਰ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਲੋਹਾ ਲਾਖਾ ਹੋ ਗਿਆ। ਉਸਨੇ ਆਪਣੀ ਧੀ ਨੂੰ ਸਟੂਡਿਓ ਜਾਣ ਤੋਂ ਮਨ੍ਹਾਂ ਕਰ ਦਿੱਤਾ। ਸੋਭਾ ਸਿੰਘ ਨੇ ਪੋਰਟਰੇਟ ਤਿਆਰ ਕਰਕੇ ਉਸਦੇ ਘਰ ਭੇਜ ਦਿੱਤਾ। ਪੇਂਟਿੰਗ ਇਤਨੀ ਖ਼ੂਬਸੂਰਤ ਸੀ ਕਿ ਲੜਕੀ ਦਾ ਬਾਪ ਪੰਘਰ ਗਿਆ ਤੇ ਉਸ ਦੀ ਕਲਾ ਨੂੰ ਸਲਾਹੁਣ ਲਗਾ।

## ਸਫ਼ਰ ਜ਼ਿੰਦਗੀ ਦਾ

ਪਰ ਸੋਭਾ ਸਿੰਘ ਨੇ ਇਸ ਪਿਛੋਂ ਲੜਕੀ ਨੂੰ ਤੇ ਉਸ ਦੇ ਬਾਪ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ।

ਮੈਂ ਆਪਣਾ ਨਾਟਕ 'ਲੋਹਾ ਕੁੱਟ' ਖ਼ਤਮ ਕੀਤਾ ਸੀ। ਮੈਂ ਸੋਭਾ ਸਿੰਘ ਨੂੰ ਆਖਿਆ ਕਿ ਉਹ ਪੁਸਤਕ ਦਾ ਜੈਕਟ ਕਵਰ ਬਣਾ ਦੇਵੇ। ਉਸਨੇ ਝੱਟ ਬੁਰਸ਼ ਚੁਕਿਆ, ਕਾਲੀ ਸਿਆਹੀ ਵਿਚ ਡੁਬੋਇਆ ਅਤੇ ਗੁਰਮੁਖੀ ਅੱਖਰਾਂ ਵਿਚ 'ਲੋਹਾ ਕੁੱਟ' ਤੇ ਮੇਰਾ ਨਾਂ ਲਿਖ ਮਾਰਿਆ। ਲੋਹਾ ਕੁੱਟ ਮੋਟੇ ਅਖਰਾਂ ਵਿਚ ਖੁਣਿਆ ਹੋਇਆ ਸੀ-ਲੁਹਾਰ ਦੇ ਨਿਗਰ ਕਿੱਤੇ ਵਾਂਗ।

ਸੋਭਾ ਸਿੰਘ ਦੇ ਨਾਲ ਗੱਪਸ਼ੱਪ ਦੀਆਂ ਮਹਿਫ਼ਲਾਂ ਲਗਦੀਆਂ। ਇਨ੍ਹਾਂ ਮਹਿਫ਼ਲਾਂ ਵਿਚ ਅਸੀਂ ਪ੍ਰੀਤ ਨਗਰ ਦੇ ਚੌਧਰੀਆਂ ਦੀ ਸਮੀਖਿਆ ਕਰਦੇ। ਅਕਸਰ ਗੁਰਬਖ਼ਸ਼ ਸਿੰਘ ਦੇ ਫ਼ਲਸਫ਼ੇ, ਜੀਵਨ ਤੇ ਕਲਾਤਮਕ ਕੀਮਤਾਂ ਉਤੇ ਚੋਟ ਹੁੰਦੀ। ਸੋਭਾ ਸਿੰਘ ਨੂੰ ਸ਼ਿਕਾਇਤ ਸੀ ਕਿ ਗੁਰਬਖ਼ਸ਼ ਸਿੰਘ ਨੇ ਪ੍ਰੀਤ ਲੜੀ ਵਿਚ ਉਸ ਬਾਰੇ ਕੋਈ ਵੱਡਾ ਲੇਖ ਨਹੀਂ ਸੀ ਲਿਖਿਆ, ਨਾ ਹੀ ਉਸ ਦੀ ਚਿਤਰ ਕਲਾ ਦਾ ਚਰਚਾ ਕੀਤੀ ਸੀ। ਗੁਰਬਖ਼ਸ਼ ਸਿੰਘ ਸਮਝਦਾ ਸੀ ਕਿ ਉਸਨੇ ਸੋਭਾ ਸਿੰਘ ਨੂੰ ਪ੍ਰੀਤ ਨਗਰ ਵਿਚ ਸ਼ਰਨ ਦੇ ਕੇ ਉਸ ਤੇ ਮਿਹਰਬਾਨੀ ਕੀਤੀ ਹੈ। ਸੋਭਾ ਸਿੰਘ ਸਮਝਦਾ ਸੀ ਕਿ ਦਿੱਲੀ ਤੇ ਲਾਹੌਰ ਵਰਗੇ ਕਲਚਰਲ ਸੈਂਟਰ ਛੱਡ ਕੇ ਜੇ ਉਹ ਦੂਰ ਦਰਾਡੇ ਨਿੱਕੇ ਜਿਹੇ ਪ੍ਰੀਤ ਨਗਰ ਵਿਚ ਆ ਵਸਿਆ ਸੀ ਤਾਂ ਉਸਨੇ ਪ੍ਰੀਤ ਨਗਰ ਦੀ ਸ਼ਾਨ ਵਧਾਈ ਸੀ। ਗੁਰਬਖਸ਼ ਸਿੰਘ ਦੀ ਇਥੇ ਬਹੁਤ ਮਾਨਤਾ ਸੀ ਤੇ ਸਾਰੇ ਪ੍ਰੀਤ ਨਗਰੀਏ ਉਸਨੂੰ ਕਲਚਰਲ ਨੇਤਾ ਸਮਝਦੇ ਸਨ ਤੇ ਪੂਜਦੇ ਸਨ। ਗੁਰਬਖ਼ਸ਼ ਸਿੰਘ ਨੂੰ ਸੋਭਾ ਸਿੰਘ ਦਾ ਸਟੂਡਿਓ ਬਗ਼ਾਵਤ ਦਾ ਡੇਰਾ ਜਾਪਿਆ। ਕੁਝ ਮਹੀਨਿਆਂ ਪਿਛੋਂ ਦੋਹਾਂ ਵਿਚ ਤਕਰਾਰ ਹੋ ਗਿਆ। ਸੋਭਾ ਸਿੰਘ ਨੇ ਪ੍ਰੀਤ ਨਗਰ ਛੱਡ ਦਿੱਤਾ।

ਉਹ ਲਾਹੌਰ ਚਲਾ ਗਿਆ। ਉਸ ਕੋਲ ਬੇਸ਼ੁਮਾਰ ਪੇਂਟਿੰਗਾਂ ਸਨ ਤੇ ਉਨ੍ਹਾਂ ਨੂੰ ਥਾਂ-ਥਾਂ ਚੁਕੀ ਫਿਰਨਾ ਮੁਸ਼ਕਿਲ ਸੀ। ਸ਼ੇਖ਼ੂਪੁਰੇ ਵਿਚ ਉਸਦੇ ਦੋਸਤ ਦਾ ਇਕ ਰਿਸ਼ਤੇਦਾਰ ਸੀ, ਜਿਸ ਨੂੰ ਸੋਭਾ ਸਿੰਘ ਦੀ ਕਲਾ ਨਾਲ ਇਸ਼ਕ ਸੀ। ਉਸਨੇ ਆਖਿਆ ਕਿ ਸੋਭਾ ਸਿੰਘ ਇਨ੍ਹਾਂ ਪੇਂਟਿੰਗਾਂ ਨੂੰ ਸੰਭਾਲ ਕੇ ਰਖੇਗਾ। ਪਰ ਜਦੋਂ ਦੇਸ਼ ਦੀ ਵੰਡ ਹੋਈ ਤਾਂ ਇਹ



ਸੋਭਾ ਸਿੰਘ ਦੀ ਅਮਰ ਪੇਂਟਿਗ ਸੋਹਣੀ ਮਹੀਵਾਲ

ਸਾਰੀਆਂ ਪੇਂਟਿੰਗਾਂ ਪਾਕਿਸਤਾਨ ਰਹਿ ਗਈਆਂ।

ਉਸ ਦੀਆਂ ਗੁਆਚੀਆਂ ਪੇਂਟਿੰਗਾਂ ਵਿਚੋਂ 'ਸੋਹਣੀ ਮਹੀਂਵਾਲ' ਵੀ ਸ਼ੇਖੂਪੁਰੇ ਹੀ ਰਹਿ ਗਈ ਸੀ। ਪਰ ਸੋਭਾ ਸਿੰਘ ਨੂੰ ਇਸ ਪੇਂਟਿੰਗ ਦੀ ਇਕ-ਇਕ ਤਫ਼ਸੀਲ ਯਾਦ ਸੀ। ਉਸ ਬੁਰਸ਼ ਦੀ ਕਰਾਮਾਤ ਨਾਲ ਇਸ ਨੂੰ ਨਵੇਂ ਸਿਰਿਉਂ ਚਿਤਰਿਆ ਅਤੇ ਆਪਣੇ ਸਰਪ੍ਰਸਤ ਡਾ.ਐਮ.ਐਸ.ਰੰਧਾਵਾ ਦੀ ਸਹਾਇਤਾ ਨਾਲ ਉਸਨੂੰ ਵੇਚਿਆ।

ਉਹ ਕੰਮ ਦੀ ਭਾਲ ਵਿਚ ਬੰਬਈ ਚਲਾ ਗਿਆ। ਕੁਝ ਮਹੀਨੇ ਉਥੇ ਰਿਹਾ ਅਤੇ ਫ਼ਿਲਮਾਂ ਦੇ ਫੱਟੇ ਤੇ ਇਸ਼ਤਿਹਾਰ ਪੇਂਟ ਕਰਨ ਦਾ ਕੰਮ ਲੱਭ ਲਿਆ। ਇਤਨੇ ਵਿਚ ਉਸਨੂੰ ਡਾ. ਐਮ.ਐਸ.ਰੰਧਾਵਾ ਦੀ ਚਿੱਠੀ ਮਿਲੀ ਕਿ ਉਹ ਝਟਪਟ ਪੰਜਾਬ ਆ ਜਾਵੇ ਕਿਉਂਕਿ ਉਥੇ ਉਸ ਲਈ ਬਹੁਤ ਕੰਮ ਸੀ। ਸੋਭਾ ਸਿੰਘ ਆਪਣੇ ਦੋਸਤਾਂ ਤੇ ਸ਼ਾਗਿਰਦਾਂ ਨੂੰ ਦੱਸੇ ਬਿਨਾਂ ਗੱਡੀ ਵਿਚ ਬੈਠਾ ਤੇ ਪੰਜਾਬ ਆ ਗਿਆ।

ਉਸਨੇ ਫਿਰ 'ਸੋਹਣੀ ਮਹੀਂਵਾਲ' ਪੇਂਟ ਕੀਤੀ। ਤੀਜੀ ਵਾਰ ਤੇ ਇਸਨੂੰ ਡਾ. ਕਰਨ ਸਿੰਘ ਕੋਲ ਵੇਚ ਦਿੱਤਾ। ਛਾਪਣ ਦੇ ਅਧਿਕਾਰ ਆਪਣੇ ਕੋਲ ਹੀ ਰੱਖੇ। ਇਹ ਪੇਂਟਿੰਗ ਉਸਨੇ ਖੁਦ ਛਪਵਾਈ ਅਤੇ ਲੱਖਾਂ ਦੀ ਗਿਣਤੀ ਵਿਚ ਵੇਚੀ। ਭਾਰਤ ਤੇ ਬਿਦੇਸ਼ ਵਿਚ ਸੋਹਣੀ ਮਹੀਂਵਾਲ ਦੀ ਪੇਂਟਿੰਗ ਪੰਜਾਬੀ ਘਰਾਂ ਦੀ ਸੋਭਾ ਬਣ ਗਈ।

ਪੰਜਾਬੀ ਰੰਗਮੰਚ ਦੀ ਨੱਕੜਦਾਦੀ ਨੌਰ੍ਹਾ ਰਿਚਰਡਜ਼ ਅੰਦਰੇਟੇ ਤੋਂ ਪ੍ਰੀਤ ਨਗਰ ਆਉਂਦੀ ਹੁੰਦੀ ਸੀ। ਬਟਵਾਰੇ ਤੋਂ ਪਿਛੋਂ ਉਸਨੇ ਸੋਭਾ ਸਿੰਘ ਨੂੰ ਆਪਣੀ ਪਹਾੜੀ ਮਿਲਖ ਉਤੇ ਆ ਕੇ ਰਹਿਣ ਦਾ ਸੱਦਾ ਦਿੱਤਾ। ਉਹ ਅੰਦਰੇਟੇ ਚਲਾ ਗਿਆ ਜਿਥੇ ਉਸਨੇ ਇਕ ਸੁਹਣਾ ਘਰ ਬਣਾਇਆ ਅਤੇ ਬਹੁਤ ਸਾਰੇ ਚਿਤਰ ਪੇਂਟ ਕੀਤੇ ਜਿਨ੍ਹਾਂ ਵਿਚ 'ਕਾਂਗੜੇ ਦੀ ਦੁਲਹਨ', ਤੇ ਸਿੱਖ ਗੁਰੂ ਸ਼ਾਮਿਲ ਹਨ।

ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਰਪ੍ਰਸਤੀ ਹੇਠ ਟੈਗੋਰ ਸ਼ਤਾਬਦੀ ਸਮਾਰੋਹ ਦੀ ਕਲਚਰਲ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਕਲਾਕਾਰ, ਲੇਖਕ ਤੇ ਕਵੀ ਸ਼ਾਮਿਲ ਸਨ। ਸੋਭਾ ਸਿੰਘ ਵੀ ਇਸ ਮੀਟਿੰਗ ਵਿਚ ਮੌਜੂਦ ਸੀ। ਮੈਂ ਵੀ ਕਮੇਟੀ ਦਾ ਮੈਂਬਰ ਸਾਂ।

ਮੀਟਿੰਗ ਵਿਚ ਬੈਠਿਆਂ ਸੋਭਾ ਸਿੰਘ ਦੇ ਮੱਥੇ ਉਤੇ ਤਿਊੜੀ ਸੀ ਤੇ ਅੱਖਾਂ ਵਿਚ ਗੁੱਸਾ। ਉਹ ਬੋਲਿਆ, 'ਸਰਕਾਰ ਹਮੇਸ਼ਾਂ ਗ਼ਲਤ ਕਿਸਮ ਦੇ ਲੋਕਾਂ ਤੇ ਘਟੀਆ ਕਲਾਕਾਰਾਂ ਦੀ ਸਰਪ੍ਰਸਤੀ ਕਰਦੀ ਹੈ। ਚੰਗੇ ਕਲਾਕਾਰਾਂ ਦੀ ਇੱਜ਼ਤ ਉਨ੍ਹਾਂ ਦੀ ਮੌਤ ਪਿਛੋਂ ਹੀ ਹੁੰਦੀ ਹੈ। ਵਜ਼ੀਰਾਂ ਨੂੰ ਤਕਰੀਰਾਂ ਕਰਨ ਦਾ ਮੌਕਾ ਮਿਲ ਜਾਂਦਾ ਹੈ। ਚੰਗਾ ਆਰਟ ਉਦੋਂ ਪੈਦਾ ਹੁੰਦਾ ਹੈ ਜਦੋਂ ਆਰਟਿਸਟ ਮੁਸ਼ਕਿਲਾਂ ਵਿਚ ਦਿਨ ਕਟਦਾ ਹੈ। ਜਦ ਉਹ ਭੁੱਖਾ ਮਰਦਾ ਹੈ ਉਦੋਂ ਹੀ ਚੰਗਾ ਰਚਦਾ ਹੈ। ਸਰਕਾਰ ਕਿਉਂ ਇਨ੍ਹਾਂ ਨੂੰ ਪੁਚ ਪੁਚ ਕਰਦੀ ਹੈ? ਬੇਹਤਰ ਹੈ, ਇਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿਉ। ਨੱਬੇ ਫੀ ਸਦੀ ਆਰਟਿਸਟ ਜੇਲ੍ਹ ਦਾ ਨਾਂ ਸੁਣਦਿਆਂ ਹੀ ਦੌੜ ਜਾਣਗੇ। ਜਿਨ੍ਹਾਂ ਵਿਚ ਕੁਝ ਕਣੀ ਹੋਵੇਗੀ, ਉਹ ਆਪਦੇ ਆਪ ਨੂੰ ਆਰਟਿਸਟ ਕਹਿਣਗੇ।''

ਲੋਕ ਸੋਭਾ ਸਿੰਘ ਦੀਆਂ ਟਿੱਪਣੀਆਂ ਤੇ ਹੱਸੇ। ਸਾਰੇ ਸਮਝਦੇ ਸਨ ਕਿ ਉਹ ਮਜ਼ਾਕ ਕਰ ਰਿਹਾ ਹੈ ਪਰ ਸੋਭਾ ਸਿੰਘ ਨੂੰ ਉਸ ਮੀਟਿੰਗ ਵਿਚ ਆਏ ਕਲਾਕਾਰਾਂ ਅਤੇ ਸਾਹਿਤਕਾਰਾਂ ਉਤੇ ਗੁੱਸਾ ਸੀ। ਉਹ ਸਿਆਸਤਦਾਨਾਂ ਦੀ ਚਾਪਲੂਸੀ ਕਰ ਰਹੇ ਸਨ। ਉਸਨੇ ਆਖਿਆ, 'ਮੇਹਰਬਾਨੀ ਕਰਕੇ ਮੈਨੂੰ ਕਾਰ ਵਿਚ ਆਉਣ ਦਾ ਟੀ.ਏ. ਦੇ ਦਿਉ। ਮੈਂ ਇਸ ਉਮਰ ਵਿਚ ਅੰਦਰੇਟੇ ਤੋਂ ਇਸ ਸਰਕਾਰੀ ਦਫ਼ਤਰ ਤੀਕ ਲੰਙ ਮਾਰਦਾ ਹੋਇਆ ਨਹੀਂ ਆ ਸਕਦਾ।''

ਸੋਭਾ ਸਿੰਘ ਹਰ ਚੀਜ਼ ਉਤੇ ਟਕੋਰ ਲਾ ਸਕਦਾ ਸੀ-ਲੋਕਾਂ ਤੇ ਕਲਾਕਾਰਾਂ ਤੇ ਅਤੇ ਆਪਣੇ ਆਪ ਤੇ ਵੀ। ਜਦੋਂ ਉਸਦੀ ਬੀਵੀ ਦਾ ਦੇਹਾਂਤ ਹੋਇਆ ਤਾਂ ਇਕ ਦੋਸਤ ਅਫ਼ਸੋਸ ਕਰਨ ਗਿਆ। ਉਸਨੇ ਦੇਖਿਆ ਸੋਭਾ ਸਿੰਘ ਮਖ਼ਮਲੀ ਰਜਾਈ ਲਈ ਪਿਆ ਸੀ। ਖੱਦਰ ਦਾ ਅੰਦਰਸ ਉਪਰਲੇ ਪਾਸੇ ਤੇ ਮਖ਼ਮਲ ਵਾਲਾ ਪਾਸਾ ਹੇਠਾਂ। ਜਦੋਂ ਉਸਨੂੰ ਪੁੱਛਿਆ ਗਿਆ ਕਿ ਉਸਨੇ ਰਜਾਈ ਪੁੱਠੀ ਕਿਉਂ ਲਈ ਹੋਈ ਹੈ ਤਾਂ ਉਸਨੇ ਜੁਆਬ ਦਿੱਤਾ, ਮੇਰੀ ਬੀਵੀ ਨੇ ਮੈਨੂੰ ਕਦੇ ਵੀ ਮਖ਼ਮਲ ਵਾਲੇ ਪਾਸੇ ਛੂਹਣ ਨਹੀਂ ਸੀ ਦਿੱਤਾ, ਮਤਾਂ ਕਿਤੇ ਮੈਲਾ ਹੋ ਜਾਵੇ। ਮੇਰੇ ਜਿਸਮ ਨੂੰ ਹਮੇਸ਼ਾ ਖੁਰਦਰਾ ਪਾਸਾ ਹੀ ਚੁਭਦਾ ਰਿਹਾ। ਹੁਣ ਮੈਨੂੰ ਕੋਈ ਰੋਕਣ ਵਾਲਾ ਨਹੀਂ। ਮਖ਼ਮਲ ਦਾ ਮਜ਼ਾ ਲੈ ਰਿਹਾ ਹਾਂ।''

ਇਹ ਮਖੌਲ ਸੀ ਜਾਂ ਦਾਰਸ਼ਨਿਕ ਟਿੱਪਣੀ?

ਮੇਰੇ ਨਾਲ ਲੰਮੀ ਗਲਬਾਤ ਕਰਦਿਆਂ ਉਸ ਆਖਿਆ, ''ਬੇਹਤਰ ਹੈ ਇਨਸਾਨ ਚੰਗਾ ਬਣੇ ਤੇ ਦੁਨੀਆਂ ਵਿਚ ਚਾਨਣ ਸੁੱਟੇ। ਆਰਟ ਬਹੁਤ ਵੱਡਾ ਹਥਿਆਰ ਹੈ। ਸੁਆਲ ਹੈ ਕਿ ਇਸ ਨੂੰ ਕੌਣ ਵਰਤਦਾ ਹੈ। ਇਹ ਕਿਸ ਦੇ ਹੱਥ ਵਿਚ ਹੈ। ਬੰਦੂਕ ਵੀ ਤਾਂ ਹਥਿਆਰ ਹੈ। ਨਿਆਣੇ ਦੇ ਹੱਥ ਵਿਚ ਬੰਦੂਕ ਫੜਾ ਦਿਓ ਤਾਂ ਉਹ ਆਪਣੇ ਆਪ ਨੂੰ ਮਾਰ ਲਵੇਗਾ ਜਾਂ ਫਿਰ ਤੁਹਾਨੂੰ ਗੋਲੀ ਮਾਰ ਦੇਵੇਗਾ। ਕਿਸੇ ਡਾਕੂ ਦੇ ਹੱਥ ਵਿਚ ਹੋਵੇ ਤਾਂ ਉਹ ਤੁਹਾਨੂੰ ਲੁੱਟੇਗਾ। ਕਿਸੇ ਸੰਤ ਦੇ ਹੱਥ ਵਿਚ ਹੋਵੇ ਤਾਂ ਉਹ ਤੁਹਾਡੀ ਰੱਖਿਆ ਕਰੇਗਾ। ਬੰਦੂਕ ਦਾ ਕੋਈ ਕਸੂਰ ਨਹੀਂ। ਸੁਆਲ ਹੈ ਕਿ ਇਸਦਾ ਇਸਤੇਮਾਲ ਕੌਣ ਕਰਦਾ ਹੈ।''

ਉਹ ਹਮੇਸ਼ਾਂ ਮਨੁੱਖੀ ਹੋਣੀ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਵਿਚ ਰਿਹਾ। ਉਹ ਆਖਦਾ ''ਆਰਟਿਸਟ ਦਾ ਫ਼ਰਜ਼ ਹੈ ਕਿ ਸੰਸਾਰ ਨੂੰ ਖ਼ੂਬਸੂਰਤ ਬਣਾਉਣਾ, ਵਧੇਰੇ ਜਿਉਣਯੋਗ, ਵਧੇਰੇ ਸਿਹਤਮੰਦ। ਅਸੀਂ ਸਕਾਈ ਸਕਰੈਪਰ ਬਣਾ ਲਏ ਹਨ, ਆਸਮਾਨ ਦੇ ਨੇੜੇ ਪਹੁੰਚ ਗਏ ਹਾਂ, ਪਰ ਸਾਡਾ ਇਖ਼ਲਾਕ ਥੱਲੇ ਹੀ ਥੱਲੇ ਡਿਗਦਾ ਜਾਂਦਾ ਹੈ। ਅਸੀਂ ਟੈਕਨਾਲੋਜੀ ਨੂੰ ਜਿੱਤ ਲਿਆ ਹੈ, ਪਰ ਆਪਣੀ ਆਤਮਾ ਖੋ ਬੈਠੇ ਹਾਂ। ਜੇ ਹਰ ਕੋਈ ਆਪਣਾ ਆਪਣਾ ਦੀਵਾ ਜਗਾਵੇ ਤਾਂ ਭਾਵੇਂ ਦੀਵੇ ਦਾ ਚਾਨਣ ਮਸਾਂ ਤਿੰਨ ਫੁੱਟ ਤੇ ਹੋਵੇਗਾ, ਪਰ ਇਸ ਲਈ ਸਾਰੀ ਦੁਨੀਆਂ ਰੌਸ਼ਨ ਹੋ ਉਠੇਗੀ। ਅਸੀਂ ਖ਼ੁਦਗਰਜ਼ ਹਾਂ, ਹੰਕਾਰ ਨਾਲ ਭਰੇ ਹੋਏ। ਅਸੀਂ ਦੂਜਿਆਂ ਨੂੰ ਭੰਡ ਕੇ ਆਪਣਾ ਨਾਂ ਚਮਕਾਉਣਾ ਚਾਹੁੰਦੇ ਹਾਂ। ਇਹੋ ਸਾਡੀ ਤਬਾਹੀ ਦਾ ਕਾਰਣ ਹੈ। ਅਸੀਂ ਸਮੁੱਚੀ ਚੰਗਿਆਈ ਵਲ ਧਿਆਨ ਨਹੀਂ ਕਰਦੇ, ਸਾਨੂੰ ਹਮੇਸ਼ਾ ਆਪਣੀ ਹਉਮੈਂ ਦਾ ਖਿਆਲ ਰਹਿੰਦਾ ਹੈ ਅਤੇ ਇਸ ਦੀ ਪੂਰਤੀ ਦਾ।''

ਉਹ ਆਲੋਚਕਾਂ ਦੀ ਵੀ ਖ਼ਬਰ ਲੈਂਦਾ ਹੈ। ਉਹ ਆਖਦਾ, ''ਸਾਡੀ ਕਲਾ ਦੀਆਂ ਕਈ ਕਸਵੱਟੀਆਂ ਹਨ-ਪ੍ਰਗਤੀਵਾਦੀ ਕਲਾ, ਅਧੁਨਿਕ ਕਲਾ, ਇਨਕਲਾਬੀ ਕਲਾ। ਇਨ੍ਹਾਂ ਵੰਡੀਆਂ ਨੇ ਕਲਾ ਨੂੰ ਤਬਾਹ ਕਰ ਦਿੱਤਾ ਹੈ। ਅਸੀਂ ਹਰ ਵੇਲੇ ਆਪਣੀਆਂ ਕਸੱਵਟੀਆਂ ਬਦਲ ਰਹੇ ਹਾਂ।''

ਉਸਨੇ ਗੁਰੂ ਨਾਨਕ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਪੇਂਟਿੰਗ ਬਣਾਈ। ਇਸ ਚਿਤਰ ਵਿਚ ਗੁਰੂ ਨਾਨਕ ਦੇਵ ਦਸਤਾਰ ਸਜਾਈਂ ਆਸ਼ੀਰਵਾਦ ਦੇ ਰਹੇ ਹਨ।

ਸਿੰਧੀ ਭਾਈ ਚੇਲਾ ਰਾਮ ਕੀਰਤਨੀਆ ਨੇ ਸੋਭਾ ਸਿੰਘ ਕੋਲ ਸ਼ਿਕਾਇਤ ਕੀਤੀ, ''ਤੂੰ ਗੁਰੂ ਨਾਨਕ ਨੂੰ ਸਾਡੇ ਕੋਲੋਂ ਖੋਹ ਲਿਆ ਹੈ, ਇਹ ਪੇਂਟਿੰਗ ਐਸ.ਜੀ.ਪੀ.ਸੀ. ਲਈ ਬਣਾ ਕੇ।''

ਸੋਭਾ ਸਿੰਘ ਨੇ ਜੁਆਬ ਦਿੱਤਾ, 'ਗੁਰੂ ਨਾਨਕ ਨੂੰ ਕੋਈ ਕਿਵੇਂ ਖੋਹ ਸਕਦਾ ਹੈ? ਉਹ ਤਾਂ ਸਭ ਦਾ ਸਾਂਝਾ ਹੈ।'

ਭਾਈ ਚੇਲਾ ਰਾਮ ਨੇ ਆਖਿਆ, 'ਤੂੰ ਗੁਰੂ ਮਹਾਰਾਜ ਨੂੰ ਹਮੇਸ਼ਾਂ ਦਸਤਾਰ ਹੀ ਬੰਨ੍ਹਾਈ ਹੈ। ਸਾਡੀ ਇੱਛਾ ਹੈ ਕਿ ਅਸੀਂ ਗੁਰੂ ਮਹਾਰਾਜ ਨੂੰ ਟੋਪੀ ਪਹਿਨੇ ਹੋਏ ਉਨ੍ਹਾਂ ਦੇ ਦਰਸ਼ਨ ਕਰੀਏ।'

ਸੋਭਾ ਸਿੰਘ ਹੱਸਿਆ, ''ਤੁਸੀਂ ਦਸਤਾਰ ਤੇ ਟੋਪੀ ਦੇ ਫੇਰ ਵਿਚ ਪੈ ਗਏ। ਲਓ, ਮੈਂ ਤੁਹਾਡੇ ਲਈ ਗੁਰੂ ਮਹਾਰਾਜ ਨੂੰ ਸੇਹਲੀ ਟੋਪੀ ਪਹਿਨਾ ਦਿਆਂਗਾ।'' ਤੇ ਉਸਨੇ ਗੁਰੂ ਨੂੰ ਟੋਪੀ ਵਿਚ ਪੇਂਟ ਕਰ ਦਿੱਤਾ। ਅਸਲ ਵਿਚ ਇਹ ਤਿਬਤੀ ਟੋਪੀ ਸੀ। ਗੁਰੂ ਨਾਨਕ ਲ੍ਹਾਸਾ ਗਏ ਸਨ ਤੇ ਛੇ ਮਹੀਨੇ ਉਥੇ ਰਹੇ। ਇਨ੍ਹਾਂ ਨੂੰ ਸਿਰੋਪਾ ਭੇਟ ਕੀਤਾ ਗਿਆ। ਉਥੇ ਇਕ ਸਥਾਨਕ ਪੇਂਟਰ ਨੇ ਤਿਬਤੀ ਟੋਪੀ ਵਿਚ ਗੁਰੂ ਨਾਨਕ ਦੀ ਪੇਂਟਿੰਗ ਬਣਾਈ ਸੀ। ਸੋਭਾ ਸਿੰਘ ਨੂੰ ਉਥੋਂ ਹੀ ਪ੍ਰੇਰਨਾ ਮਿਲੀ।

ਭਾਈ ਚੇਲਾ ਰਾਮ ਖੁਸ਼ ਹੋ ਗਿਆ। ਪਰ ਕੁਝ ਕੱਟੜ ਅਕਾਲੀ ਨਾਰਾਜ਼ ਹੋ ਗਏ। ਸੋਭਾ ਸਿੰਘ ਆਖਣ ਲੱਗਾ, ''ਜੇ ਕੁਝ ਲੋਕ ਗੁਰੂ ਨਾਨਕ ਦੀ ਪੂਜਾ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਤੋਂ ਪ੍ਰੇਰਿਤ ਹੋਣਾ ਚਾਹੁੰਦੇ ਹਨ, ਤਾਂ ਮੈਂ ਗੁਰੂ ਨਾਨਕ ਨੂੰ ਕੋਈ ਵੀ ਪਹਿਰਾਵਾ ਪਹਿਨਾ ਸਕਦਾ ਹਾਂ। ਕੀ ਫ਼ਰਕ ਪੈਂਦਾ ਹੈ ਇਸ ਨਾਲ? ਗੁਰੂ ਨਾਨਕ ਨੇ ਆਪਣੇ ਆਪ ਨੂੰ ਸਥਾਨਕ ਲੋਕਾਂ ਨਾਲ ਜੋੜਨ ਲਈ ਕਈ ਪ੍ਰਕਾਰ ਦੇ ਵਸਤਰ ਪਹਿਨੇ ਸਨ।''

ਸੋਭਾ ਸਿੰਘ ਨੇ ਗੁਰੂ ਨਾਨਕ ਦੇਵ ਦਾ ਦ੍ਰਿਸ਼ਟੀ-ਮੂਲਕ ਸੰਕਲਪ ਦਿੱਤਾ ਹੈ। ਇਹ ਸੰਕਲਪ ਸਿੱਖਾਂ ਦੀਆਂ ਤਿੰਨ ਪੁਸ਼ਤਾਂ ਦੇ ਮਨਾਂ ਵਿਚ ਉਕਰਿਆ ਗਿਆ ਹੈ। ਇਹੋ ਚਿੱਤਰ ਗੁਰੂ ਨਾਨਕ ਦਾ ਸਥਾਈ ਤੇ ਪ੍ਰਮਾਣਿਕ ਬਿੰਬ ਬਣ ਗਿਆ ਹੈ। ਸੋਭਾ ਸਿੰਘ ਦੇ ਚਿੱਤਰ ਕੇਰਲਾ ਦੇ ਰਾਜਾ ਰਵੀ ਵਰਮਾ ਆਰਟਿਸਟ ਦੀ ਯਾਦ ਦਿਵਾਉਂਦੇ ਹਨ, ਜਿਸਨੇ ਇਸ ਸਦੀ ਦੇ ਆਰੰਭ ਵਿਚ ਭਗਵਾਨ ਕ੍ਰਿਸ਼ਨ ਤੇ ਹਿੰਦੂ ਦੇਵਤਿਆਂ ਦੇ ਰਾਂਗਲੇ ਚਿੱਤਰ ਬਣਾਏ ਤੇ ਇਨ੍ਹਾਂ ਤਸਵੀਰਾਂ ਤੇ ਕੈਲੰਡਰਾਂ ਨੂੰ ਸਾਰੇ ਭਾਰਤ ਵਿਚ ਮਕਬੂਲ ਕੀਤਾ। ਸੋਭਾ ਸਿੰਘ ਨੇ ਵੀ ਗੁਰੂ ਦਾ ਕਲਾਤਮਕ ਪ੍ਰਸਾਰਣ ਕੀਤਾ। ਉਸਨੇ ਪੰਜਾਬ ਦੇ ਇਸ਼ਕੀਆ ਕਿੱਸੇ ਵੀ ਚਿੱਤਰੇ। ਇਨ੍ਹਾਂ ਵਿਚੋਂ 'ਹੀਰ ਰਾਂਝਾ', 'ਸੱਸੀ ਪੁੰਨੂੰ', ਮਿਰਜ਼ਾ ਸਾਹਿਬਾਂ ਤੇ ਜਗਤ ਪ੍ਰਸਿੱਧ 'ਸੋਹਣੀ ਮਹੀਂਵਾਲ' ਨੇ ਸੋਭਾ ਸਿੰਘ ਨੂੰ ਪੰਜਾਬ ਦਾ ਮਹਿਬੂਬ ਪੇਂਟਰ ਬਣਾ ਦਿੱਤਾ।

ਇਕ ਧਾਰਮਿਕ ਸੰਸਥਾ ਨੇ ਉਸਨੂੰ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਬਣਾਉਣ ਲਈ ਆਖਿਆ ਅਤੇ ਦਸ ਹਜ਼ਾਰ ਰੁਪਏ ਦੀ ਪੇਸ਼ਕਸ਼ ਕੀਤੀ। ਇਹ ਪੇਸ਼ਕਸ਼ ਠੁਕਰਾਉਂਦਿਆਂ ਸੋਭਾ ਸਿੰਘ ਨੇ ਆਖਿਆ, ''ਤੁਹਾਨੂੰ ਪੇਂਟਿੰਗ ਦੇ ਛਾਪਣ ਦਾ ਕੀ ਪਤਾ? ਤੁਸੀਂ ਇਸ ਨੂੰ ਸਾਲਾਨਾ ਕੈਲੰਡਰਾਂ ਵਾਂਗ ਘਟੀਆ ਤਰੀਕੇ ਨਾਲ ਛਾਪੋਗੇ। ਸਸਤਾ ਕਾਗ਼ਜ਼, ਸਸਤੇ ਰੰਗ, ਸਸਤਾ ਪ੍ਰੈਸ। ਸਭ ਕੁਝ ਸਸਤਾ ਤੇ ਘਟੀਆ। ਇਹ ਦਸ ਹਜ਼ਾਰ ਰੁਪਿਆ ਆਪਣੀ ਗੋਲਕ ਵਿਚ ਰਖੋ। ਮੈਂ ਖ਼ੁਦ ਇਹ ਪੇਂਟਿੰਗ ਬਣਾਵਾਂਗਾ, ਆਪਣੇ ਲਈ ਤੇ ਲੋਕਾਂ ਲਈ।''

ਗੁਰੂ ਗੋਬਿੰਦ ਸਿੰਘ ਦੀ ਤਸਵੀਰ ਬਣਾਉਂਦਿਆਂ ਕਈ ਮਹੀਨੇ ਲਗ ਗਏ। ਉਸਨੇ ਇਸ ਦੇ ਸੰਕਲਪ, ਵਿਉਂਤ, ਬਾਰੀਕੀਆਂ ਤੇ ਰੰਗਾਂ ਉਤੇ ਬਹੁਤ ਮਿਹਨਤ ਕੀਤੀ। ਇਸ ਪੇਂਟਿੰਗ ਵਿਚ ਗੁਰੂ ਸੁਨਹਿਰੀ ਲਿਬਾਸ ਵਿਚ ਹੈ। ਸ਼ਾਹੀ ਜਲਾਲ ਤੇ ਆਤਮਿਕ ਭਾਵ। ਉਹ ਇਸ ਪੇਂਟਿੰਗ ਨੂੰ ਮਦਰਾਸ ਲੈ ਗਿਆ ਅਤੇ ਰੰਗਾਂ ਦੀ ਕਾਰਜਵਿਧੀ ਤੇ ਪ੍ਰਿੰਟਿੰਗ ਦੇ ਸਾਰਿਆਂ ਪੜਾਵਾਂ ਦੀ ਖ਼ੁਦ ਨਿਗਰਾਨੀ ਕੀਤੀ। ਇਸ ਪੇਂਟਿੰਗ ਦੀਆਂ ਵੀਹ



ਹਜ਼ਾਰ ਕਾਪੀਆਂ ਦਾ ਪਹਿਲਾ ਐਡੀਸ਼ਨ ਵਿਦੇਸ਼ ਵਿਚ ਗਿਆ। ਇਸ ਪਿਛੋਂ ਏਸੇ ਪੇਂਟਿੰਗ ਦੇ ਕਈ ਐਡੀਸ਼ਨ ਤੇ ਪ੍ਰਤੀਰੂਪ ਆਏ। ਤਕਰੀਬਨ ਹਰ ਸਿੱਖ ਘਰ ਵਿਚ, ਗੁਰਦੁਆਰੇ ਤੇ ਸੰਸਥਾ ਵਿਚ ਦਸਮੇ ਪਾਤਸ਼ਾਹ ਦੀ ਇਹ ਤਸਵੀਰ ਹੈ।

ਜੋ ਲੋਕ ਸੋਭਾ ਸਿੰਘ ਨੂੰ ਪੂਜਾ-ਪਾਠ ਕਰਨ ਵਾਲਾ ਦੇਵਤਾ ਸਮਝਦੇ ਹਨ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸੰਤ ਕਲਾਕਾਰ ਵਿਚ ਇਕ ਵੇਗ-ਮੱਤਾ ਇਨਸਾਨ ਸੁੱਤਾ ਪਿਆ ਸੀ। ਉਸ ਵਿਚ ਸੰਵੇਦਨਸ਼ੀਲਤਾ ਸੀ, ਆਨੰਦ ਮਾਣਨ ਦੀ ਤਪਦੀ ਰੀਝ। ਉਹ ਸਰੀਰਕ ਰੂਪ ਤੇ ਸੁੰਦਰਤਾ ਦਾ ਉਪਾਸ਼ਕ ਸੀ। ਇਕ ਅਜਿਹਾ ਸਮਾਜ ਵਿਦਰੋਹੀ, ਜਿਸ ਨੇ ਆਪਣੇ ਅੰਤਰੀਵ ਦੀ ਅਮੀਰੀ, ਦਗਦਾ ਜਜ਼ਬਾ, ਰੂਪ ਤੇ ਰੰਗ ਦਾ ਹੁਸਨ ਸ਼ਰਧਾਲੂ ਕਲਾ-ਜਗਤ ਨੂੰ ਬਖਸ਼ਿਆ।

ਮੈਨੂੰ ਪਤਾ ਲੱਗਾ ਕਿ ਸੋਭਾ ਸਿੰਘ ਪਦਮ ਸ਼੍ਰੀ ਐਵਾਰਡ ਲੈਣ ਲਈ ਦਿੱਲੀ ਆਇਆ ਹੋਇਆ ਸੀ। ਉਹ ਲੋਧੀ ਹੋਟਲ ਵਿਚ ਠਹਿਰਿਆ ਸੀ ਤੇ ਮੈਂ ਟੈਲੀਫੋਨ ਕਰਕੇ ਉਸ ਨੂੰ ਮਿਲਣ ਚਲਾ ਗਿਆ। ਸ਼ਾਮ ਦੇ ਚਾਰ ਵਜੇ ਸਨ।

ਮੈਂ ਉਸ ਦੇ ਕਮਰੇ ਵਿਚ ਦਾਖ਼ਲ ਹੋਇਆ ਤਾਂ ਦੇਖਿਆ ਕਿ ਉਹ ਨੀਵੇਂ ਪਲੰਘ ਉੱਤੇ ਘੂਕ ਸੁੱਤਾ ਪਿਆ ਸੀ। ਉਸ ਦੀ ਸ਼ਾਗਿਰਦ ਗੁਰਚਰਨ ਕੌਰ ਹੇਠਾਂ ਦਰੀ 'ਤੇ ਬੈਠੀ ਸੀ। ਗੁਰਚਰਨ ਕੌਰ ਆਖਣ ਲੱਗੀ, ''ਗੁਰੂ ਜੀ ਨੂੰ ਜਗਾ ਦੇਵਾਂ?'' ਮੈਂ ਉਂਗਲ ਬੁੱਲ੍ਹਾਂ 'ਤੇ ਰੱਖ ਕੇ ਮਨ੍ਹਾ ਕਰ ਦਿੱਤਾ।

ਮੈਂ ਸੋਭਾ ਸਿੰਘ ਨੂੰ ਪੰਦਰਾਂ ਸਾਲ ਪਿੱਛੋਂ ਦੇਖਿਆ ਸੀ। ਉਸ ਨਾਲ ਪ੍ਰੀਤ ਨਗਰ ਵਿਚ ਬਿਤਾਏ ਦਿਨਾਂ ਦੀ ਯਾਦ ਆ ਗਈ...ਹਾਸੇ, ਮਸ਼ਖ਼ਰੀਆਂ, ਕਲਾਤਮਕ ਚੋਟਾਂ, ਚਿੱਤਰ ਕਲਾ ਉਤੇ ਬਹਿਸਾਂ। ਜਜ਼ਬੇ ਦੀ ਰੌਅ ਨਾਲ ਸਭ ਕੁਝ ਮੇਰੇ ਜ਼ਿਹਨ ਵਿਚ ਘੁੰਮ ਗਿਆ।

ਥੋੜ੍ਹੀ ਦੇਰ ਪਿੱਛੋਂ ਸੋਭਾ ਸਿੰਘ ਜਾਗ ਪਿਆ ਤੇ ਉਸ ਨੇ ਆਪਣੀ ਐਨਕ ਮੰਗੀ। ਗੁਰਚਰਨ ਨੇ ਉਸ ਦੇ ਕੰਨ ਕੋਲ ਜਾ ਕੇ ਆਖਿਆ, ''ਬਲਵੰਤ ਗਾਰਗੀ ਤੁਹਾਨੂੰ ਮਿਲਣ ਆਏ ਹਨ।'' ਸੋਭਾ ਸਿੰਘ ਨੇ ਐਨਕ ਲਾਈ, ਮੇਰੇ ਵਲ ਦੇਖਿਆ ਤੇ ਮੁਸਕਰਾਇਆ। ਉਸ ਨੇ ਮੈਨੂੰ ਜੱਫੀ ਪਾਈ ਤਾਂ ਉਸ ਦੀਆਂ ਅੱਖਾਂ ਵਿਚ ਉਹੀ ਚਮਕ ਸੀ, ਉਹੀ ਤੇਜ਼ ਸਿਆਣਪ, ਉਹੀ ਖੇੜਾ। ਉਹ ਬੋਲਿਆ, ''ਤੂੰ ਆਪਣੇ ਮੂੰਹ 'ਤੇ ਲਾਊਡ ਸਪੀਕਰ ਫਿਟ ਕਰ ਲੈ, ਜਾਂ ਮੈਨੂੰ ਕੰਨਾਂ ਵਿਚ ਟੂਟੀ ਲਾ ਲੈਣ ਦੇਹ।''

ਮੈਂ ਉਸ ਨੂੰ ਦੱਸਿਆ ਕਿ ਮੈਂ ਉਸ ਦੀ ਕਲਾ ਤੇ ਉਸ ਦੀ ਜ਼ਿੰਦਗੀ ਬਾਰੇ ਇਕ ਲੰਮਾ ਲੇਖ ਲਿਖ ਰਿਹਾ ਸਾਂ। ਇਸ ਬਾਰੇ ਮੈਂ ਗੱਲ ਕਰਨ ਆਇਆ ਸਾਂ।

ਉਹ ਆਖਣ ਲੱਗਾ, ''ਇਕ ਗੱਲ ਸਾਫ਼ ਦੱਸ ਦੇਵਾਂ। ਜਦੋਂ ਕੋਈ ਲੇਖਕ ਮੇਰੀ ਇੰਟਰਵਿਊ ਕਰਦਾ ਹੈ ਤੇ ਮੇਰੇ ਬਾਰੇ ਲਿਖਦਾ ਹੈ ਤਾਂ ਉਹ ਕੁਝ ਨਾ ਕੁਝ ਮਸਾਲਾ ਆਪਣੇ ਕੋਲੋਂ ਵੀ ਨਾਲ ਜੋੜ ਦੇਂਦਾ ਹੈ। ਤੂੰ ਜੋ ਕੁਝ ਲਿਖੇਂਗਾ ਉਹ 'ਮੈਂ' ਨਹੀਂ ਹੋਵਾਂਗਾ, ਸਗੋਂ 'ਤੂੰ' ਤੇ ਮੈਂ ਹੋਵਾਂਗੇ। ਮੈਂ ਸਿਰਫ, 'ਮੈਂ' ਰਹਿਣਾ ਚਾਹੁੰਦਾ ਹਾਂ। ਖ਼ੁਦ ਆਪਣੀ ਜ਼ਿੰਦਗੀ ਬਾਰੇ ਲਿਖ ਰਿਹਾ ਹਾਂ, ਆਪਣੀ ਕਲਾ ਬਾਰੇ, ਆਪਣੇ ਸਿਧਾਂਤਾਂ ਬਾਰੇ ਤੇ ਆਤਮ-ਖੋਜ ਬਾਰੇ। ਜਿਵੇਂ ਮੈਨੂੰ ਔੜ੍ਹਦਾ ਜਾਵੇਗਾ, ਉਸੇ ਤਰ੍ਹਾਂ ਲਿਖਦਾ ਜਾਵਾਂਗਾ...। ਬਿਨਾਂ ਕਿਸੇ ਵਿਉਂਤ ਜਾਂ ਸਜਾਵਟ ਦੇ...ਮੇਰੇ ਅੱਧ ਬੁਣੇ ਖਿਆਲ, ਸੁਪਨੇ, ਬਚਪਨ ਦੀਆਂ ਯਾਦਾਂ, ਘਟਨਾਵਾਂ ਦਾ ਪ੍ਰਵਾਹ। ਮੈਟਾਫਿਜ਼ੀਕਲ ਤੇ ਰੀਅਲਿਸਟਿਕ ਇਮੇਜਜ਼ ਜੋ ਮੇਰੇ ਮੰਨ ਅੰਦਰ ਤਰਦੇ ਰਹਿੰਦੇ ਹਨ। ਇਹ ਨਿਰੋਲ 'ਮੈਂ' ਹੋਵਾਂਗਾ। ਤੂੰ ਮੇਰੇ ਬਾਰੇ ਕਿਵੇਂ ਲਿਖ ਸਕਦਾ ਹੈਂ?''

ਮੈਂ ਆਖਿਆ, ''ਜਦ ਮੈਂ ਤੇਰੇ ਬਾਰੇ ਲਿਖਾਂਗਾ ਤਾਂ ਇਹ ਤੇਰੇ ਤੇ ਤੇਰੀ ਕਲਾ ਬਾਰੇ ਮੇਰੇ ਦ੍ਰਿਸ਼ਟੀਕੋਣ ਤੋਂ ਦੇਖੀ ਤਸਵੀਰ ਹੋਵੇਗੀ। ਤੂੰ ਆਤਮਕਥਾ ਲਿਖ ਰਿਹਾ ਹੈਂ, ਪਰ ਲਿਖਣਾ ਵੀ ਇਕ ਮੁਸ਼ਕਿਲ ਆਰਟ ਹੈ। ਇਹ ਇਸੇ ਤਰ੍ਹਾਂ ਹੋਵੇਗਾ, ਜਿਵੇਂ ਮੈਂ ਆਪਣਾ ਸਵੈ-ਚਿੱਤਰ ਪੇਂਟ ਕਰਾਂ। ਨੱਕ ਕਿਤੇ ਹੋਵੇਗਾ ਤੇ ਕੰਨ ਕਿਤੇ।''

ਪਰ ਸੋਭਾ ਸਿੰਘ ਨੇ ਗੱਲ ਜਾਰੀ ਰੱਖੀ, ''ਪੇਂਟਰ ਹੋਣ ਦੇ ਨਾਤੇ ਮੈਨੂੰ ਪਤਾ ਹੈ ਕਿ ਜੇ ਤਿੰਨ ਆਦਮੀ ਇਕੋ ਵਸਤ ਪੇਂਟ ਕਰਨ ਤਾਂ ਤਿੰਨ ਵੱਖਰੇ-ਵੱਖਰੇ ਢੰਗ ਨਾਲ ਪੇਂਟ ਕਰਨਗੇ...ਵੱਖਰੇ ਦ੍ਰਿਸ਼ਟੀਕੋਣ, ਵੱਖਰੇ ਪਰਸਪੈਕਟਿਵ, ਵੱਖਰੀਆਂ ਰੌਸ਼ਨੀਆਂ, ਵੱਖਰੇ ਰੰਗ, ਵੱਖਰੇ ਪ੍ਰਛਾਵੇਂ। ਇਸ ਲਈ ਤੈਨੂੰ ਇੰਤਜ਼ਾਰ ਕਰਨਾ ਚਾਹੀਦਾ ਹੈ। ਮੈਂ ਆਪਣੇ ਬਾਰੇ ਲਿਖਾਂਗਾ ਤੇ ਫਿਰ ਜੋ ਮਰਜ਼ੀ ਹੈ ਇਹਦੇ ਵਿਚੋਂ ਲੈ ਲਵੀਂ। ਮੈਂ ਹਰ ਤਜ਼ਰਬੇ ਦਾ ਸਾਰ ਦੇਵਾਂਗਾ ਤੇ ਇਸ ਵਿਚੋਂ ਮਿਲੀ ਸਿੱਖਿਆ ਦੱਸਾਂਗਾ। ਮੇਰਾ ਮਨੋਰਥ ਹੈ ਕਿ ਜੀਵਨ ਖ਼ੂਬਸੂਰਤ ਹੋਵੇ। ਸਾਨੂੰ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਇਸ ਨੂੰ ਹੋਰ ਖ਼ੂਬਸੂਰਤ ਬਣਾਈਏ। ਹੋਰ ਈਮਾਨਦਾਰ, ਸ਼ੁੱਧ ਤੇ ਖ਼ੁਸ਼ਗਵਾਰ। ਮੈਨੂੰ ਆਰਟਿਸਟ ਹੋਣ ਦਾ ਹੰਕਾਰ ਨਹੀਂ। ਮੈਂ ਕੁਝ ਵੀ ਸਿੱਧ ਨਹੀਂ ਕਰਨਾ ਚਾਹੁੰਦਾ। ਜਦੋਂ ਹਉਮੈ ਨਿਕਲ ਜਾਂਦੀ ਹੈ ਤਾਂ ਕਲਾ ਵਧੇਰੇ ਈਮਾਨਦਾਰ ਹੋ ਜਾਂਦੀ ਹੈ। ਇਸ ਵਿਚ ਵਧੇਰੇ ਰਵਾਨੀ ਤੇ ਚਮਕ ਹੁੰਦੀ ਹੈ... ਸੋ ਮੈਂ ਆਪਣੀ ਸਵੈ-ਜੀਵਨੀ ਲਿਖਾਂਗਾ।''

ਗੁਰਚਰਨ ਨੇ ਚਾਹ ਲਿਆਂਦੀ ਤੇ ਅਸੀਂ ਇਸ ਦੇ ਘੁੱਟ ਭਰਨੇ ਸ਼ੁਰੂ ਕੀਤੇ। ਮੈਂ ਸੋਭਾ ਸਿੰਘ ਵਲ ਦੇਖਿਆ। ਉਸ ਦਾ ਚਿਹਰਾ ਪਤਲਾ ਹੋ ਗਿਆ ਸੀ। ਜਿਸਮ 'ਚੋਂ ਮਾਸ ਛਟ ਗਿਆ ਸੀ। ਰੇਸ਼ਮੀ ਕੁੜਤੇ ਵਿਚੋਂ ਉਸ ਦੀਆਂ ਪੱਸਲੀਆਂ ਨਜ਼ਰ ਆ ਰਹੀਆਂ ਸਨ। ਉਸ ਨੇ ਮੈਨੂੰ ਗੁਰੂ ਅਮਰਦਾਸ, ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੀਆਂ ਪੇਂਟਿੰਗਾਂ ਦੇ ਰੰਗਦਾਰ ਪ੍ਰਿੰਟ ਦਿਖਾਏ। ਅਸੀਂ ਇਨ੍ਹਾਂ ਦੀ ਛਪਾਈ, ਰੰਗ, ਸੁਧਾਈ, ਰਸਾਇਣਕ ਤੇ ਕਲਾਤਮਕ ਪੱਖਾਂ ਬਾਰੇ ਗੱਲਬਾਤ ਕੀਤੀ।

''ਅੱਜ ਕੱਲ੍ਹ ਕੀ ਪੇਂਟ ਕਰ ਰਹੇ ਹੋ?'' ਮੈਂ ਪੁੱਛਿਆ।

''ਬਹੁਤ ਸਾਰੇ ਵਿਸ਼ੇ ਤੇ ਰੂਪ ਮੇਰੇ ਜ਼ਿਹਨ ਵਿਚ ਉਮਡ ਰਹੇ ਹਨ। ਹੁਣੇ-ਹੁਣੇ ਮੈਂ ਦਸ਼ਮੇਸ਼ ਪਾਤਸ਼ਾਹ ਦੀ ਪੇਂਟਿੰਗ ਮੁਕਾਈ ਹੈ। ਇਸ ਵਿਚ ਮੈਂ ਦੋਵੇਂ ਚਿੰਨ੍ਹ ਵਰਤੇ ਹਨ-ਘੋੜਾ ਤੇ ਬਾਜ਼।''

ਗੁਰਚਰਨ ਕੌਰ ਪੇਂਟਿੰਗਾਂ ਦਾ ਬੰਡਲ ਲਿਆਈ। ਇਨ੍ਹਾਂ ਵਿਚੋਂ ਉਸ ਨੇ ਇਕ ਪੇਂਟਿੰਗ ਕੱਢ ਕੇ ਬਿਸਤਰੇ ਉੱਤੇ ਵਿਛਾ ਦਿੱਤੀ। ਇਹ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਸੀ...ਮਿਕਨਾਤੀਸੀ ਅੱਖਾਂ, ਸੁਨਹਿਰੀ ਦਸਤਾਰ, ਸੱਜੇ ਹੱਥ ਉਤੇ ਬਾਜ਼, ਤੇ ਖੱਬੇ ਪਾਸੇ ਘੋੜੇ ਦਾ ਸਿਰ। ਉਸ ਨੇ ਬੁੱਤ ਤਰਾਸ਼ੀ ਉਤੇ ਵੀ ਹੱਥ ਅਜ਼ਮਾਇਆ ਅਤੇ ਡਾ. ਐਮ.ਐਸ. ਰੰਧਾਵਾ, ਪ੍ਰਿਥਵੀ ਰਾਜ ਕਪੂਰ, ਨਿਰਮਲ ਚੰਦਰ ਦੇ ਬੁੱਤ ਬਣਾਏ।

ਉਹ ਪਸ਼ਮੀਨੇ ਦੀ ਚਾਦਰ ਗੋਡਿਆਂ ਉਤੇ ਲੈ ਕੇ ਬੋਲਿਆ, ''ਮੈਂ ਪੇਂਟਿੰਗ ਕਰਨ ਨਾਲੋਂ ਮਿੱਟੀ ਦੇ ਬੁੱਤ ਬਣਾਉਣਾ ਜ਼ਿਆਦਾ ਪਸੰਦ ਕਰਦਾ ਹਾਂ...ਜਦ ਮੈਂ ਮਿੱਟੀ ਪੱਥ ਕੇ ਬੁੱਤ ਘੜਦਾ ਹਾਂ ਤਾਂ ਮੈਨੂੰ ਕਿਸੇ ਪਰਸਪੈਕਟਿਵ ਜਾਂ ਪ੍ਰਛਾਵੇਂ ਜਾਂ ਰੰਗ ਜਾਂ ਰੇਖਾ ਦੀ ਚਿੰਤਾ ਨਹੀਂ ਹੁੰਦੀ। ਮੈਨੂੰ ਚਿੰਤਾ ਹੁੰਦੀ ਹੈ ਕੇਵਲ ਰੂਪ ਦੀ। ਮਨੁੱਖੀ ਧੜ ਨੂੰ ਹੀ ਲਵੋ। ਜੇ ਇਹ ਮੈਨੂੰ ਪਸੰਦ ਨਹੀਂ ਤਾਂ ਮੈਂ ਇਸ ਨੂੰ ਮਰੋੜ ਸਕਦਾ ਹਾਂ, ਤੇ ਸਹੀ ਰੂਪ ਘੜ ਸਕਦਾ ਹਾਂ। ਪੇਂਟਿੰਗ ਵਿਚ ਤੁਸੀਂ ਰੂਪ ਨਾਲ ਨਹੀਂ ਖੇਡ ਸਕਦੇ, ਪਰ ਪੱਥੀ ਹੋਈ ਮਿੱਟੀ ਨਾਲ ਖੇਡ ਸਕਦੇ ਹੋ। ਮੈਂ ਆਪਣੇ ਘੜੇ ਬੁੱਤਾਂ ਦੀ ਨਕਲ ਨਹੀਂ ਉਤਾਰ ਸਕਦਾ। ਬੁੱਤ ਨੂੰ ਪੇਂਟਿੰਗ ਵਾਂਗ ਪ੍ਰਿੰਟ ਕਰਕੇ ਇਸ ਦੀਆਂ ਕਾਪੀਆਂ ਨਹੀਂ ਤਿਆਰ ਕੀਤੀਆਂ ਜਾ ਸਕਦੀਆਂ। ਤਾਂਬੇ ਜਾਂ ਕਹਿੰ ਦੇ ਬੁੱਤ ਉਤੇ ਦਸ ਹਜ਼ਾਰ ਰੁਪਿਆ ਖ਼ਰਚ ਆ ਸਕਦਾ ਹੈ ਤੇ ਬੇਹੱਦ ਮਿਹਨਤ। ਕੋਈ ਵੀ ਏਨੇ ਪੈਸੇ ਖ਼ਰਚਣ ਲਈ ਤਿਆਰ ਨਹੀਂ ਹੋਵੇਗਾ। ਮੈਂ ਬਹੁਤ ਸਾਰੇ ਬੁੱਤ ਘੜੇ ਤੇ ਦੋਸਤਾਂ ਨੂੰ ਤੋਹਫੇ ਵਜੋਂ ਦੇ ਦਿੱਤੇ। ਇਨ੍ਹਾਂ ਨੂੰ ਆਪਣੀ ਖ਼ਾਤਿਰ ਹੀ ਘੜਿਆ ਸੀ, ਸਿਰਫ਼ ਆਪਣੀ ਖੁਸ਼ੀ ਖ਼ਾਤਿਰ। ਪੰਜਾਬ ਵਿਚ ਬੁੱਤ ਤਰਾਸ਼ੀ ਦੀ ਕੋਈ ਗੁੰਜਾਇਸ਼ ਨਹੀਂ, ਬਹੁਤ ਘੱਟ ਖ਼ਰੀਦਦਾਰ ਹਨ।''

ਉਹ ਕੁਝ ਦੇਰ ਚੁੱਪ ਰਿਹਾ ਤੇ ਨੀਝ ਗੱਡ ਕੇ ਮੈਨੂੰ ਦੇਖਦਾ ਰਿਹਾ। ਬੋਲਿਆ, ''ਬਲਵੰਤ, ਲੋਕ ਹਰ ਚੀਜ਼ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ...ਜ਼ਮੀਨ, ਔਰਤ, ਪੇਂਟਿੰਗਾਂ, ਜਾਇਦਾਦ...ਹਰ ਚੀਜ਼। ਉਨ੍ਹਾਂ ਨੂੰ ਖ਼ਬਤ ਹੈ ਕਬਜ਼ੇ ਦਾ। ਅਸੀਂ ਹੀਰਾ ਕਿਉਂ ਪਸੰਦ ਕਰਦੇ ਹਾਂ? ਇਸ ਨੂੰ ਪ੍ਰਾਪਤ ਕਰਕੇ, ਮੁੰਦਰੀ ਵਿਚ ਜੜਾ ਕੇ ਕਿਸੇ ਕਮਲੀ ਵਾਂਗ ਆਪਣੇ ਘਰ ਨੂੰ ਵੀ ਅੱਗ ਲਾ ਲੈਂਦੇ ਹਨ। ਆਪਣੀ ਦੌਲਤ ਦਾ ਦਿਖਾਵਾ ਕਰਨ ਦੀ ਸਾਨੂੰ ਬਿਮਾਰੀ ਹੈ। ਭਲਾ ਹੀਰੇ ਵਿਚ ਕੀ ਪਿਆ ਹੈ? ਸਵੇਰ ਵੇਲੇ ਫੁੱਲਾਂ 'ਤੇ ਪਏ ਤ੍ਰੇਲ ਦੇ ਤੁਪਕੇ ਨੂੰ ਦੇਖੋ। ਕਿਵੇਂ ਚਮਕਦਾ ਹੈ। ਹੀਰਿਆਂ ਤੋਂ ਵਧ ਖ਼ੂਬਸੂਰਤ। ਪਰ ਅਸੀਂ ਇਸ ਨੂੰ ਫੜ ਨਹੀਂ ਸਕਦੇ। ਇਸ ਨੂੰ ਮੁੰਦਰੀ ਵਿਚ ਨਹੀਂ ਜੜ ਸਕਦੇ। ਇਸ 'ਤੇ ਕਬਜ਼ਾ ਨਹੀਂ ਕਰ ਸਕਦੇ...ਸਾਡੀ ਕਸੌਟੀ ਬਦਲ ਗਈ ਹੈ, ਕਿਉਂਕਿ ਅਸੀਂ ਦੌਲਤ ਦੇ ਪੁਜਾਰੀ ਬਣ ਗਏ ਹਾਂ।''

ਉਹ ਥੋੜ੍ਹੀ ਦੇਰ ਰੁਕਿਆ ਤੇ ਆਖਣ ਲੱਗਾ, ''ਪਿਛਲੇ ਸਾਲ ਮੈਂ ਆਪਣੀ ਇਕ ਪੇਂਟਿੰਗ ਦੀ ਪ੍ਰਿੰਟਿੰਗ ਕਰਵਾਉਣ ਲਈ ਬੰਬਈ ਗਿਆ। ਉਥੇ ਆਪਣੇ ਦੋਸਤ ਰਾਜਿੰਦਰ ਸਿੰਘ ਬੇਦੀ ਨੂੰ ਮਿਲਿਆ। ਉਹ ਬੀਮਾਰ ਸੀ। ਜੁਆਨ ਪੁੱਤ ਦੀ ਮੌਤ ਪਿੱਛੋਂ ਉਹ ਟੁੱਟ ਗਿਆ ਸੀ। ਬਹੁਤ ਵਧੀਆ ਇਨਸਾਨ ਹੈ ਉਹ। ਮੈਨੂੰ ਆਖਣ ਲੱਗਾ, 'ਸੋਭਾ ਸਿੰਘ ਜੀ, ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਤੁਹਾਨੂੰ ਪਦਮ ਸ਼੍ਰੀ ਐਵਾਰਡ ਨਾਲ ਸਨਮਾਨੇ।' ਪਰ ਬਲਵੰਤ, ਮੈਂ ਪੁੱਛਦਾ ਹਾਂ, ਇਸ ਨਾਲ ਮੇਰੇ ਵਿਚ ਕੀ ਫਰਕ ਪੈ ਜਾਵੇਗਾ? ਕੀ ਮੇਰੇ ਕੰਨ ਲੰਮੇ ਹੋ ਜਾਣਗੇ? ਜਾਂ ਮੇਰੇ ਸਿਰ 'ਤੇ ਸਿੰਗ ਉੱਗ ਆਉਣਗੇ, ਜਾਂ ਮੇਰੇ ਪੂਛ ਲੱਗ ਜਾਵੇਗੀ? ਮੈਂ ਅੱਜ ਵੀ ਪੇਂਟਿੰਗ ਕਰਕੇ ਰੋਟੀ ਕਮਾਉਂਦਾ ਹਾਂ ਤੇ ਕੱਲ੍ਹ ਵੀ ਪੇਂਟਿੰਗ ਕਰਕੇ ਹੀ ਰੋਟੀ ਕਮਾਉਂਦਾ ਰਹਾਂਗਾ।''

ਥੋੜ੍ਹੀ ਦੇਰ ਸੋਚ ਕੇ ਬੋਲਿਆ, ''ਕੱਲ੍ਹ ਮੈਂ ਪਦਮ ਸ਼੍ਰੀ ਲੈਣ ਲਈ ਰਾਸ਼ਟਰਪਤੀ ਭਵਨ ਦੇ ਵੱਡੇ ਹਾਲ ਗਿਆ। ਉਥੇ ਦੇਖਿਆ ਕਿ ਕੁਝ ਅਜਿਹੇ ਲੋਕ ਵੀ ਸਨਮਾਨ ਲੈਣ ਆਏ ਸਨ ਤੇ ਜੋ ਏਨੇ ਬੁੱਢੇ ਸਨ ਕਿ ਉਨ੍ਹਾਂ ਦੇ ਮਿੱਤਰ ਜਾਂ ਕੋਈ ਪੁੱਤ ਪੋਤਾ ਉਨ੍ਹਾਂ ਨੂੰ ਸਹਾਰਾ ਦੇ ਕੇ ਹੌਲੀ ਹੌਲੀ ਤੋਰਦੇ ਰਾਸ਼ਟਰਪਤੀ ਕੋਲ ਲੈ ਗਏ। ਕੁਝ ਲੋਕ ਇਕ ਦੋ ਮਹੀਨੇ ਪਹਿਲਾਂ ਹੀ ਚਲਾਣਾ ਕਰ ਗਏ ਸਨ ਤੇ ਉਨ੍ਹਾਂ ਦੀ ਵਿਧਵਾ ਪਤਨੀ ਜਾਂ ਪੁੱਤ ਇਹ ਸਨਮਾਨ ਫੜਨ ਲਈ ਆਏ ਸਨ। ਮੇਰੇ ਕੋਲ ਇਕ ਨੌਜੁਆਨ ਬੈਠਾ ਹੋਇਆ ਸੀ, ਮਸਾਂ ਪੱਚੀ ਕੁ ਸਾਲ ਦਾ। ਮੈਂ ਉਸ ਨੂੰ ਪੁੱਛਿਆ, ਕਿ ਉਸ ਨੇ ਕੀ ਅਜਿਹਾ ਅਨੋਖਾ ਕੰਮ ਕੀਤਾ ਹੈ ਕਿ ਉਸ ਨੂੰ ਪਦਮ ਸ਼੍ਰੀ ਮਿਲ ਰਿਹਾ ਸੀ। ਉਸ ਨੇ ਦੱਸਿਆ ਕਿ ਉਹ ਗੋਲਾ ਸੁੱਟਣ ਦਾ ਪਹਿਲਵਾਨ ਸੀ। ਅਸੀਂ ਦੋਵੇਂ ਇਕੋ ਕਤਾਰ ਵਿਚ ਖੜ੍ਹੇ ਸਾਂ। ਉਸ ਨੇ ਗੋਲਾ ਸੁੱਟ ਸੁਟ ਆਪਣੇ ਡੌਲੇ ਕਮਾਏ ਸਨ ਤੇ ਮੈਂ ਪਿਛਲੇ ਸੱਤਰ ਸਾਲ ਤੋਂ ਪੇਂਟ ਕਰਦਾ ਕਰਦਾ ਬੁੱਢਾ ਹੋ ਗਿਆ ਸਾਂ ਤੇ ਮੇਰਾ ਕੁੱਬ ਨਿਕਲ ਗਿਆ ਸੀ। ਇਹ ਬਹੁਤ ਵੱਡਾ ਮਜ਼ਾਕ ਸੀ।'' ਇਹ ਆਖ ਕੇ ਉਹ ਚੁੱਪ ਹੋ ਗਿਆ। ਅਗਲੇ ਦਿਨ ਉਹ ਵਾਪਸ ਅੰਦਰੇਟੇ ਚਲਾ ਗਿਆ। ਉਹ ਆਖਿਰੀ ਉਮਰ ਤੀਕ ਅੰਦਰੇਟੇ ਹੀ ਰਿਹਾ।

## ਭੁੱਲ ਦੀ ਸੋਧ

ਪਿਛਲੇ ਅੰਕ ਵਿਚ ਛਪੇ ਉਰਦੂ ਕਹਾਣੀਕਾਰ ਰਾਹੀ ਮਾਸੂਮ ਰਜ਼ਾ ਬਾਰੇ ਲੇਖ ਦੇ ਲੇਖਕ ਪ੍ਰੋ. ਕੰਵਰਪਾਲ ਸਿੰਘ ਅਤੇ ਤਰਜ਼ਮਾਕਾਰ ਸ਼੍ਰੀ ਕੇਹਰ ਸ਼ਰੀਫ ਹਨ। ਇਹ ਜਾਣਕਾਰੀ ਛਪਣੋਂ ਰਹਿ ਗਈ ਸੀ।

# ਦਿਲ ਦਰਵਾਜ਼ਾ ਰੱਬ ਦਾ

ਅਸਲੀ ਕਹਾਣੀ

**ਨਿਰਮਲ ਅਰਪਨ**

'ਵਗ ਵਾਏ ਪਰ ਸੁਆਰਥ ਭਰੀਏ' ਜਦ ਗੁਣ-ਗੁਣਾਉਂਦਾ ਹਾਂ ਤਾਂ ਅਲੀ ਮੁਹੰਮਦ ਦੀ ਆਵਾਜ਼ ਮੇਰੀ ਆਵਾਜ਼ ਨਾਲ ਆ ਰਲਦੀ ਹੈ...'ਦਿਲ ਦਰਵਾਜ਼ਾ ਰੱਬ ਦਾ...।'

ਅਲੀ ਮੁਹੰਮਦ ਨਾ ਕੋਈ ਪੀਰ ਹੈ ਨਾ ਕਿਸੇ ਮਜ਼ਾਰ ਦਾ ਮਜ਼ਾਵਰ। ਨਾ ਉਸ ਦੀ ਆਵਾਜ਼ ਵਿਚ ਰਾਜਨੀਤੀ ਹੈ, ਨਾ ਅੱਖਾਂ ਵਿਚ ਕੁੜੱਤਣ। ਉਹ ਕੋਈ ਖ਼ੂਬਸੂਰਤ ਚਿਹਰੇ ਦਾ ਮਾਲਕ ਨਹੀਂ, ਨਾ ਪਿੰਜਰੇ ਪਿਆ ਪਰਿੰਦਾ, ਜੋ ਆਪਣੀ ਖਾਧ-ਖ਼ੁਰਾਕ ਤੋਂ ਤਰਸਦਾ ਹੋਵੇ। ਪਰ ਉਹ ਕੋਈ ਆਮ ਇਨਸਾਨ ਨਹੀਂ, 'ਦਿਲ ਦਰਵਾਜ਼ਾ ਰੱਬ ਦਾ' ਇਹੋ ਆਵਾਜ਼ ਉਸਦੀ ਹਮਸਫ਼ਰ ਹੈ ਤੇ ਇਹੋ ਉਸਦੀ ਰੂਹ ਦਾ ਹਥਿਆਰ। ਅਲੀ ਮੁਹੰਮਦ ਨੂੰ ਮੈਂ ਕਈ ਵਾਰ 'ਤਾਇਆ' ਕਹਿ ਕੇ ਉਸਦਾ ਨਹੀਂ ਸਗੋਂ ਆਪਣਾ ਹੀ ਸਨਮਾਨ ਕਰਦਾ ਹਾਂ।

ਹੁਣ ਉਹ ਕੋਈ ਅੰਮ੍ਰਿਤਸਰੀ ਮੁੰਡੂ ਨਹੀਂ, ਜਿਸ ਨੂੰ ਚਾਚਾ ਜਵਾਹਰ ਸਿੰਘ ਆਪਣੇ ਘਰਾਟਾਂ 'ਤੇ ਲੈ ਆਇਆ ਸੀ।

ਬੀਤੇ ਦੀਆਂ ਪਰਤਾਂ ਤੋਂ ਸਮੇਂ ਦੀ ਗਰਦ ਝਾੜ ਕੇ ਉਸਦੇ ਚਿਹਰੇ ਵਲ ਵੇਖਦਾ ਹਾਂ। ਘਰ ਦੀ ਫੁੱਟ ਨੇ ਉਸ ਨਾਲ ਜੱਗੋਂ ਤੇਰ੍ਹਵੀਂ ਕੀਤੀ ਹੈ। ਮਸਤ ਮੌਲਾ ਮੁੰਡਾ। ਬਚਪਨ ਦੇ ਨਿੱਕੇ-ਨਿੱਕੇ ਸੁਪਨੇ, ਨੰਗੀ ਅੱਖ ਵਿਚ ਪਰੋ ਕੇ ਘਰੋਂ ਨਿਕਲ ਤੁਰਿਆ। ਕਿਸ ਨਾਗਣ ਨੇ ਡੰਗ ਨਿਹੋਰਾ ਮਾਰਿਆ, ਪੁੱਤ ਨੂੰ ਘਰ ਦੀ ਛਾਂ ਨਾ ਪੁੱਗੀ। ਦਰ-ਬ-ਦਰ ਭਟਕਦਾ ਚੁਘਾਵਾਂ ਤੋਂ ਲੋਪੋਕੇ ਤੇ ਮੁੜ ਢਾਬ ਬਸਤੀ ਰਾਮ 'ਚ ਆ ਡੇਰਾ ਲਾਇਆ।

ਕੁਝ ਸਮਾਂ ਮੇਰੇ ਚਾਚਾ ਜੀ ਨਾਲ ਕੱਟ ਕੇ ਹੀ ਮੇਰੇ ਬਾਬੇ ਦਾ ਅਲਕ-ਵਛੇਰਾ ਬਣ ਕੇ ਉਹਦੀਆਂ ਅੱਖਾਂ ਅੱਗੇ ਆਪਣੀ ਸ਼ਾਨ ਵਿਖਾਉਂਦਾ ਰਿਹਾ। ਸਾਰੇ ਘਰ ਵਿਚ ਮਮਤਾ ਦੀ ਮੂਰਤ ਮਾਂ ਮੇਰੀ ਨੇ ਉਸਨੂੰ ਕੁੱਖ ਵਰਗੀ ਛਾਂ ਦਿੱਤੀ। ਜੀਅ ਭਰ ਕੇ ਉਹਦਾ ਮਸਤਕ ਚੁੰਮਿਆ। ਲਾਡਾਂ, ਲਹੂਰਾਂ ਦਾ ਇਹ ਸਿਲਸਿਲਾ ਮਾਂ ਦੀ ਮੌਤ ਤੱਕ ਜਾਰੀ ਰਿਹਾ।

ਸਾਡੇ ਘਰ ਵਿਚ ਕਿਸੇ ਨੇ ਅਲੀ ਨੂੰ ਨੌਕਰ ਨਹੀਂ ਸਮਝਿਆ। ਸਗੋਂ ਉਸਦੀ ਹਰ ਅੜੀ ਨੂੰ ਖਿੜੇ ਮੱਥੇ ਜੀ ਆਇਆਂ ਕਿਹਾ। ਮੇਰੇ ਬਾਬਾ ਜੀ ਨੇ ਕਦੀ ਉਸਨੂੰ ਉਦਾਸ ਨਹੀਂ ਸੀ ਹੋਣ ਦਿੱਤਾ। ਜੇ ਇਹ ਗੱਲ ਨਾ ਹੁੰਦੀ ਤਾਂ ਇਹ ਕਿਵੇਂ ਹੋ ਸਕਦਾ ਸੀ ਕਿ ਬਾਬਾ ਜੀ ਦੀ ਮੌਤ ਤੋਂ ਪਿੱਛੋਂ ਉਹ ਮੇਰੇ ਪਿਤਾ ਜੀ ਨੂੰ ਇਹ ਆਖਣ ਦਾ ਹੀਆ ਕਰਦਾ, ''ਬਿੱਲਾ ਸਿਆਂ! ਕਰ ਕੇ ਮੇਰਾ ਹਿਸਾਬ ਕਿਤਾਬ... ਦੇ ਦੇ ਛੁੱਟੀਆਂ। ਉਹ ਮਰ ਗਿਆ ਜਿਹੜਾ ਸਾਨੂੰ ਰੱਖਦਾ ਸੀ। ਤੂੰ ਨਹੀਂ ਮੈਨੂੰ ਰੱਖ ਸਕਦਾ...।''

ਮੈਨੂੰ ਯਾਦ ਨੇ ਪਿਤਾ ਜੀ ਦੇ ਬੋਲ, ਮੱਲਾ! ਇਕ ਮਹੀਨਾ ਤਾਂ ਕੱਟ ਮੇਰੇ ਨਾਲ ਵੀ...ਮੈਨੂੰ ਮੌਕਾ ਤਾਂ ਦੇ ਉਏ ਯਾਰਾ...ਬੰਦਾ ਬਣ, ਬੰਦੇ ਦਾ ਪੁੱਤ ਬਣ।''

ਤੇ ਅਲੀ ਮੁਹੰਮਦ ਆਪ ਦੱਸਦਾ ਹੁੰਦਾ ਹੈ ਕਿ ਬਿੱਲਾ ਸਿੰਘ ਨੇ ਕੀਲ ਲਿਆ ਮੈਨੂੰ ਆਪਣੀ ਬੀਨ ਵਜਾ ਕੇ, ਕੱਢ ਛੱਡੇ ਮੇਰੇ ਜ਼ਹਿਰੀਲੇ ਦੰਦ। ਜਿਵੇਂ ਕੋਈ ਮਾਂਦਰੀ ਕਰਦਾ ਹੈ ਸੱਪ ਨਾਲ ਆਪਣਾ ਹਿਸਾਬ-ਕਿਤਾਬ। ਮੈਂ ਵੀ ਉਸੇ ਬਿੱਲਾ ਸਿੰਘ ਦਾ ਪੁੱਤਰ ਹਾਂ। ਕਦੀ ਅਲੀ ਨੂੰ ਨੌਕਰ ਨਹੀਂ ਸਮਝਿਆ, ਘਰ ਦਾ ਮਾਲਕ ਸਮਝਿਆ ਹੈ। ਉਸਦੇ ਸਾਹਮਣੇ ਕਦੇ ਉੱਚਾ ਨਹੀਂ ਬੋਲਿਆ। ਮੈਂ ਉਸਨੂੰ ਕਲ੍ਹ ਵੀ ਵੇਖਿਆ ਹੈ ਤੇ ਅੱਜ ਵੀ ਵੇਖ ਰਿਹਾ ਹਾਂ। ਸਾਡੇ ਕੋਲੇ ਦਾ ਡਿੱਪੂ ਹੀ ਉਸ ਦਾ ਚੌਕ ਚੁਰਾਹਾ ਹੈ, ਜਿੱਥੇ ਉਹ ਸਾਰਾ ਦਿਨ ਆਪਣੇ ਬੋਲਾਂ ਦੀ ਕਸਤੂਰੀ ਸੰਗ ਨਹਾਉਂਦਾ ਹੈ। ਬੋਲਾਂ ਨੂੰ ਹੀ ਲਿਪਦਾ। ਬੋਲਾਂ ਨੂੰ ਹੀ ਰੁਸ਼ਨਾਉਂਦਾ ਹੈ। ਕੋਲੇ ਦਾ ਡਿੱਪੂ ਹੀ ਉਸਦਾ ਕਰਮ ਖੇਤਰ ਤੇ ਧਰਮ ਖੇਤਰ ਬਣ ਚੁੱਕਾ ਹੈ।

***

ਤੜਕਸਾਰ ਉਸਦੀ ਆਵਾਜ਼ ਘਰ ਵਿਚ ਪ੍ਰਵੇਸ਼ ਕਰਦੀ ਹੈ। ਹਰ ਪਾਸੇ ਅੰਬਰ ਖਿਲਾਰਦੀ ਹੈ। ਸੰਧੂਰ ਉਡਾਉਂਦੀ, ਕਣ-ਕਣ ਵਿਚ ਘੁੰਮਦੀ ਤੇ ਫੁੱਲ ਚੁਣ-ਚੁਣ ਕੇ ਝੋਲੀ ਵਿਚ ਭਰਦੀ। ਉਹ ਦੁੱਧ ਦੀ ਡੋਹਨੀ ਰਸੋਈ ਘਰ ਵਿਚ ਰੱਖਦਾ ਹੈ। ਮੁੜਦੇ ਪੈਰੀਂ ਆਵਾਜ਼ ਮਿੱਠੀ ਕੈਂਹ ਦੀ ਛਣਕਾਰ ਵਾਂਗ ਸਰੋਦੀ ਸੁਰ ਅਲਾਪ ਰਹੀ ਹੁੰਦੀ ਹੈ ਤੇ ਮੁੜ ਇਕਦਮ ਗਹਿਰ-ਗੰਭੀਰ ਜਿਵੇਂ ਮਾਰ ਖਾ ਕੇ ਚੁੱਪ ਕਰ ਗਈ ਹੋਵੇ- ''ਸ਼ਾਹਨੀ! ਚਾਹ ਧਰ ਦੇ ਜਲਦੀ, ਦੇਰ ਹੋ ਰਹੀ ਏ, ਜਾ ਕੇ ਤੇਲ ਲਾਉਣੈ।''


ਉਸਦਾ ਗਿਣੀ ਮਿੱਥੀ ਚਾਹ ਨਾਲ ਨਸ਼ਾ ਨਹੀਂ ਖਿੜਦਾ। ਪੂਰੀ ਦੋ ਕਿੱਲੋ ਚਾਹ ਤੇ ਉਹ ਵੀ ਇਕ ਕਿੱਲੋ ਦੁੱਧ ਵਾਲੀ। ਉਹਦੇ ਖਾਣ-ਪੀਣ ਦੇ ਢੰਗ ਵੱਖਰੇ ਹੀ ਹਨ। ਦਾਲ ਵਿਚ ਗਰਾਹੀਂ ਨਾਲ ਫੋਲ ਤੇ ਆਖੇਗਾ...''ਸ਼ਾਹਨੀ ਲਿਆ ਘਿਉ ਪਾ, ਚੱਲ ਪਾ, ਪੈਣ ਦੇ ਜ਼ਰਾ ਆਂਦਰਾਂ ਗਿੱਲੀਆਂ ਹੋਣ ਜੋਗਾ।''

ਤੇ ਮੁੜ ਦੁਪਹਿਰ ਤੱਕ ਅਸੀਲ ਘੋੜੇ ਵਾਂਗ ਜੁਤ ਜਾਂਦਾ ਹੈ, ਜਿਵੇਂ ਉਹ ਕੋਈ ਸੂਰਜ ਦਾ ਸੱਤਵਾਂ ਘੋੜਾ ਹੋਵੇ। ਬੁੱਢਾ ਹੋ ਜਾਣ 'ਤੇ ਵੀ ਉਹਦੀ ਇਕਹਿਰੀ ਕਾਠੀ ਮਜ਼ਬੂਤ ਹੈ। ਹੱਡੀਆਂ ਤਾਂ ਫੌਲਾਦੀ ਲੱਗਦੀਆਂ ਹਨ। ਉਸਦਾ ਕੱਦ ਲੰਮਾ ਨਹੀਂ ਮਧਰਾ ਹੈ, ਰਸ ਭਰੇ ਬਾਂਸ ਦੀ ਪੋਰੀ ਵਾਂਗ ਗੱਠਿਆ। ਗੋਰਾ ਰੰਗ ਤੇ ਬਲੌਰੀ ਅੱਖੀਆਂ। ਅੱਖੀਆਂ ਵਿਚ ਸੁਰਮੇ ਦੀ ਮੋਟੀ ਧਾਰ। ਨਮਾਜ਼ ਪੜ੍ਹਨੋਂ ਤਾਂ ਭਾਵੇਂ ਉੱਕ ਜਾਵੇ ਪਰ ਸੁਰਮਾ ਪਾਉਣੋਂ ਨਹੀਂ ਉੱਕਦਾ। ਉਸਨੂੰ ਆਪਣੇ ਮੁਸਲਮਾਨ ਹੋਣ 'ਤੇ ਪੂਰਾ ਗੌਰਵ ਹੈ। ਉਹ ਨਮਾਜ਼ ਪੜ੍ਹਨਾ ਨਹੀਂ ਜਾਣਦਾ ਪਰ ਰੋਜ਼ ਸਵੇਰੇ ਚਾਦਰ ਦੀ ਝੁਰਮਟ ਮਾਰ ਕੇ ਅੱਲ੍ਹਾ ਦਾ ਜਾਪ ਪੂਰੇ ਇਕਾਗਰ ਮਨ ਨਾਲ ਕਰਦਾ ਹੈ।

***

ਉਸਦੀ ਆਵਾਜ਼ ਅਖ਼ਬਾਰ ਦੀ ਕਿਸੇ ਸੁਰਖੀ ਵਾਂਗ ਮੇਰਾ ਧਿਆਨ ਖਿੱਚਦੀ ਹੈ। ਉਸਦੀ ਨਜ਼ਰ ਵਿਚੋਂ ਮੈਂ ਆਪਣੇ ਬਚਪਨ ਦਾ ਸਿਰਨਾਵਾਂ ਪੜ੍ਹਦਾ ਹਾਂ। ਘਰ ਵਿਚ ਹੋਰ ਵੀ ਨੌਕਰ ਹਨ। ਤਾਰਾ, ਸ਼ਿੰਗਾਰਾ, ਪਿਆਰਾ, ਮੀਹਦਾ, ਊਧੋ ਤੇ ਜਲਾਲ। ਇਨ੍ਹਾਂ ਨੌਕਰਾਂ ਵਿਚੋਂ ਐਸੇ ਵੀ ਨੌਕਰ ਸਨ ਜੋ ਘਰ ਦੇ ਛੋਟੇ ਬੱਚਿਆਂ ਨਾਲ ਬਦਫਹਿਲੀ ਕਰਿਆ ਕਰਦੇ ਸਨ। ਅਲੀ ਮੁਹੰਮਦ ਇਸ ਗੰਦਗੀ ਤੋਂ ਪਾਸੇ ਹੱਟ ਕੇ ਖਲੋਤਾ ਇਕ ਵੱਖਰੀ ਭਾਂਤ ਦਾ ਚਿਹਰਾ ਹੈ।

ਅਲੀ ਮੁਹੰਮਦ ਬਾਰੇ ਅਨੇਕ ਕਿਸਮਾਂ ਦੀ ਚਰਚਾ ਚਲਦੀ ਰਹਿੰਦੀ ਹੈ। ਕੋਈ ਕਹਿੰਦਾ ਹੈ ਕਿ ਉਸਨੇ ਜਿੰਨ-ਭੂਤ ਵਸ ਕਰ ਰੱਖੇ ਨੇ ਤੇ ਕੋਈ ਇਹ ਕਹਿੰਦਾ ਸੁਣੀਂਦਾ ਹੈ ਕਿ ਵੇਖਣ ਵਾਲੇ ਨੇ ਤਾਂ ਅਲੀ ਦੇ ਅੰਦਰ ਸ਼ੇਰ ਸ਼ਾਹ ਵਲੀ ਦੀ ਰੂਹ ਤੱਕੀ ਏ। ਪਰ ਕਿਸ ਨੇ ਕੀ ਵੇਖਿਆ ਹੈ? ਇਹ ਗੱਲ ਕਿਸੇ ਨੇ ਸਾਫ਼ ਨਹੀਂ ਕੀਤੀ। ਭੂਤਾਂ-ਪ੍ਰੇਤਾਂ ਦੇ ਪੇਸ਼ੇ ਵਾਲੇ ਲੋਕਾਂ ਨੇ ਅਲੀ ਦਾ ਨਾਂ ਚਲਾ ਛੱਡਿਆ ਹੈ। ਅਸਲ ਵਿਚ ਉਹ ਪੀਰ-ਆਲਮ ਦਾਤਾ ਗੰਜ ਬਖ਼ਸ਼ ਦਾ ਮੁਰੀਦ ਹੈ। ਮੈਨੂੰ ਇੰਜ ਜਾਪਦਾ ਹੈ ਜਿਵੇਂ ਅਲੀ ਮੁਹੰਮਦ ਮੇਰੇ ਲਈ ਕਿਸੇ ਨਾਇਕ ਦੀ ਖੋਜ ਤੋਂ ਘੱਟ ਨਾ ਹੋਵੇ। ਉਸਦੀ ਪਛਾਣ ਦਾ ਸਭ ਤੋਂ ਵੱਡਾ ਸਿੱਟਾ ਇਹ ਹੈ ਕਿ ਉਹ ਕਿਸੇ ਕਾਫਲੇ ਵਿਚ ਤੁਰਨ ਵਾਲਾ ਆਦਮੀ ਨਹੀਂ, ਸਗੋਂ ਆਪਣੀ ਪਛਾਣ ਦਾ ਇਤਿਹਾਸ ਹੈ।



***ਮੈਂ ਆਪਣੇ ਜੀਵਨ ਵਿਚ ਅਨੇਕ ਕਹਾਣੀਆਂ ਪੜ੍ਹੀਆਂ ਹਨ ਤੇ ਉਨ੍ਹਾਂ ਦੇ ਪਾਤਰਾਂ ਨਾਲ ਸਾਂਝ ਪਾਈ ਹੈ। ਪਰ ਅਲੀ ਵਰਗਾ ਕੋਈ ਪਾਤਰ ਮੈਨੂੰ ਕਿਤੇ ਨਹੀਂ ਮਿਲਿਆ, ਜਿਸਨੂੰ ਕੋਈ ਇਹ ਪੁੱਛ ਰਿਹਾ ਹੋਵੇ ਕਿ ਘਰ ਦਾ ਬੂਹਾ ਕਿਸ ਪਾਸੇ ਰੱਖੀਏ, ਮੱਝ ਦੁੱਧੋਂ ਸੁੱਕਦੀ ਜਾ ਰਹੀ ਏ ਕੀ ਕਰੀਏ ਜਾਂ ਘੋੜੀ ਨਿਕਲ ਗਈ ਸੂਹ ਦੱਸੋ ਜਾਂ ਹਨੇਰੇ ਵਿਚ ਸੱਪ ਦਾ ਡੰਗਿਆ ਬੰਦਾ ਫੂਕਾਂ ਮਰਵਾਉਣ ਆ ਜਾਂਦਾ ਤੇ ਹਰਫਨ-ਮੌਲਾ ਅਲੀ ਕਿਸੇ ਨੂੰ ਕੁਰਾਨ 'ਤੇ ਹੱਥ ਰੱਖ ਕੇ ਪਾਣੀ ਕਰਕੇ ਦਿੰਦਾ ਹੈ। ਬਿਸਮਿੱਲਾ! ਸ਼ੁਕਰ ਅੱਲ੍ਹਾ, ਹੰਮਦ ਲਿੱਲ-ਲਿੱਲਆ, ਰੱਬਲ ਆਲਮੀਨ, ਆਮੀਨ, ਆਖ ਕੇ ਸੁਆਹ ਦੀ ਚੁਟਕੀ ਨਬੀ ਪੀਰ ਦਾ ਨਾਂ ਲੈ ਕੇ ਦੇ ਰਿਹਾ ਹੈ ਤੇ ਕਿਸੇ ਨੂੰ ਕਾਲਾ ਲੂਣ।***

ਮੈਂ ਆਪਣੇ ਜੀਵਨ ਵਿਚ ਅਨੇਕ ਕਹਾਣੀਆਂ ਪੜ੍ਹੀਆਂ ਹਨ ਤੇ ਉਨ੍ਹਾਂ ਦੇ ਪਾਤਰਾਂ ਨਾਲ ਸਾਂਝ ਪਾਈ ਹੈ। ਪਰ ਅਲੀ ਵਰਗਾ ਕੋਈ ਪਾਤਰ ਮੈਨੂੰ ਕਿਤੇ ਨਹੀਂ ਮਿਲਿਆ, ਜਿਸਨੂੰ ਕੋਈ ਇਹ ਪੁੱਛ ਰਿਹਾ ਹੋਵੇ ਕਿ ਘਰ ਦਾ ਬੂਹਾ ਕਿਸ ਪਾਸੇ ਰੱਖੀਏ, ਮੱਝ ਦੁੱਧੋਂ ਸੁੱਕਦੀ ਜਾ ਰਹੀ ਏ ਕੀ ਕਰੀਏ ਜਾਂ ਘੋੜੀ ਨਿਕਲ ਗਈ ਸੂਹ ਦੱਸੋ ਜਾਂ ਹਨੇਰੇ ਵਿਚ ਸੱਪ ਦਾ ਡੰਗਿਆ ਬੰਦਾ ਫੂਕਾਂ ਮਰਵਾਉਣ ਆ ਜਾਂਦਾ ਤੇ ਹਰਫਨ-ਮੌਲਾ ਅਲੀ ਕਿਸੇ ਨੂੰ ਕੁਰਾਨ 'ਤੇ ਹੱਥ ਰੱਖ ਕੇ ਪਾਣੀ ਕਰਕੇ ਦਿੰਦਾ ਹੈ। ਬਿਸਮਿੱਲਾ! ਸ਼ੁਕਰ ਅੱਲ੍ਹਾ, ਹੰਮਦ ਲਿੱਲ-ਲਿੱਲਆ, ਰੱਬਲ ਆਲਮੀਨ, ਆਮੀਨ, ਆਖ ਕੇ ਸੁਆਹ ਦੀ ਚੁਟਕੀ ਨਬੀ ਪੀਰ ਦਾ ਨਾਂ ਲੈ ਕੇ ਦੇ ਰਿਹਾ ਹੈ ਤੇ ਕਿਸੇ ਨੂੰ ਕਾਲਾ ਲੂਣ। ਮੱਝ ਦੇ ਪੈਰ ਤੇ ਹਵਾਨਾ ਸੁੱਜਾ ਹੋਇਆ ਹੈ ਤਾਂ ਆਖੇਗਾ ਹਾਥੀ ਦੀ ਲਿੱਦ ਲੈ ਜਾ, ਜਾ ਸਭ ਕੁਝ ਠੀਕ ਹੋ ਜਾਊ। ਮੱਝ ਪਿੱਛਾ ਮਾਰਦੀ ਹੈ- 'ਦੁੱਧ ਵਿਚ ਖੀਰ ਬਣਾਵੀਂ, ਵਿਚ ਸਮੁੰਦਰ ਸੋਖਤਾ, ਚਾਰ ਦਿਨ 'ਚ ਕੰਮ ਫ਼ਤਹਿ।' ਥਣ ਸੁੱਜੇ ਨੇ- 'ਕੱਤੂ, ਮਾਲ ਕੰਗਣੀ, ਕਾਲੀ ਜ਼ੀਰੀ ਪੰਜਾਂ ਪੀਰਾਂ ਦਾ ਹੁਕਮ ਮੰਨ ਕੇ-ਜਾ ਓਏ ਲਿਆ ਮਿਸ਼ਰੀ ਦਾ ਕੁੱਜਾ, ਪੰਜ ਕਿੱਲੋ, ਸੇਤੀ ਸਰ੍ਹੋਂ, ਨਿੱਕੀ ਇਲਾਚੀ ਤੇ ਇਕ ਖੰਭਣੀ।' ਕੀ ਕੋਈ ਲੁਕਮਾਨ, ਕੀ ਕੋਈ ਧਨੰਤਰੀ ਕਿਸੇ ਬਿਮਾਰੀ ਦਾ ਇਲਾਜ ਕਰੇਗਾ?

ਪਰ ਲੋਕਾਂ ਦਾ ਇਲਾਜ ਕਰਨ ਵਾਲਾ ਅਲੀ ਪਿੱਛੇ ਜਿਹੇ ਆਈ ਦੇ ਬੁੱਥੇ 'ਚੋਂ ਮਸੀਂ ਬਚਿਆ। ਵਡੇਰੀ ਉਮਰ ਕਾਰਨ ਗਦੂਦਾਂ ਵਧ ਗਈਆਂ, ਪਿਸ਼ਾਬ ਆਉਣਾ ਬੰਦ ਹੋ ਗਿਆ, ਜਿਸ ਦੀ ਇਕ ਘੁਰਕੀ ਸਾਡੇ ਸਾਰੇ ਘਰ ਦੀ ਬੋਲਤੀ ਬੰਦ ਕਰ ਸਕਦੀ ਹੈ, ਉਹ ਆਪ ਤੜਪ ਰਿਹਾ ਸੀ।

ਮੈਂ ਉਸਨੂੰ ਅੰਮ੍ਰਿਤਸਰ ਲੈ ਗਿਆ। ਸਾਡੇ ਘਰ ਦੇ ਇਕ-ਇਕ ਜੀਅ ਨੇ ਹਸਪਤਾਲ ਵਿਚ ਪੂਰਾ ਮਹੀਨਾ ਉਸਦੀ ਖ਼ਿਦਮਤ ਵਿਚ ਇੰਜ ਗੁਜ਼ਾਰਿਆ ਜਿਵੇਂ ਉਹ ਸਾਡਾ ਮਾਲਕ ਹੋਵੇ ਤੇ ਅਸੀਂ ਉਸਦੇ ਨੌਕਰ। ਹਸਪਤਾਲ ਦੀ ਮੰਜੀ 'ਤੇ ਪਿਆ ਉਹ ਮੈਥੋਂ ਕਾਰੋਬਾਰ ਦੀ ਚਾਲ-ਢਾਲ ਬਾਰੇ ਪੁੱਛਦਾ, ਸਲਾਹ-ਮਸ਼ਵਰਾ ਦਿੰਦਾ। ਸੀਮਿੰਟ ਤੇ ਰੰਗ-ਰੋਗਨ ਦੀ ਸੇਲ ਘੱਟ ਹੋਣ 'ਤੇ ਗਾਲ੍ਹਾਂ ਕੱਢਣ ਲੱਗ ਪੈਂਦਾ। ਗਾਲ੍ਹਾਂ ਜਿਹੜੀਆਂ ਕਿਧਰੇ ਕਿਸੇ ਸ਼ਬਦ-ਕੋਸ਼ ਵਿਚ ਨਹੀਂ ਮਿਲਦੀਆਂ ਤੇ ਉਹ ਸਰਾਪ ਜੋ ਕਿਸੇ ਸ਼ਾਸਤਰ ਵਿਚ ਨਹੀਂ ਮਿਲਦੇ।

ਘਰ ਵਿਚ ਰਹਿੰਦਿਆਂ ਤਾਂ ਇਹ ਗਾਲਾਂ ਕਈ ਵਾਰ ਪੈਂਦੀਆਂ, ਜੇ ਇਕ ਹਫ਼ਤਾ ਖਾਲੀ ਚਲਾ ਜਾਵੇ ਤਾਂ ਵੱਡੇ ਭਾਗ। ਉਹਦੀਆਂ ਗਾਲ੍ਹਾਂ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਘਰ ਦੇ ਬਹੁਤੇ ਨੌਕਰ ਉਸਦੀਆਂ ਜੁੱਤੀਆਂ ਦੇ ਮਾਰੇ ਨੌਕਰੀ ਛੱਡ ਗਏ। ਘੜੇ ਦੇ ਮੂੰਹ 'ਤੇ ਤਾਂ ਚੱਪਣੀ ਦਿੱਤੀ ਜਾ ਸਕਦੀ ਹੈ ਪਰ ਖੂਹ ਦਾ ਮਨ੍ਹ ਕਿਵੇਂ ਬੰਨ੍ਹਿਆ ਜਾਵੇ।

***

ਸਾਡੇ ਪਰਿਵਾਰ ਵਿਚ ਮਲਿਕ ਅਲੀ ਮੁਹੰਮਦ ਦਾ ਮਖ਼ਸੂਸ ਮੁਕਾਮ ਹੈ। ਬਾਰਾਂ ਜੀਭਾਂ ਵਾਲੀ ਮੈਂ ਦੀ ਇੱਛਾ ਤੋਂ ਬਿਨਾ ਕੋਈ ਪਾਣੀ ਵੀ ਨਹੀਂ ਪੀ ਸਕਦਾ। ਉਸਦੇ ਅੰਦਰ ਸੱਤਾਂ ਪਿਉਆਂ ਦੀ ਪਰਜਾ ਭਰੀ ਪਈ ਹੈ। ਮੈਂ ਵਿਨਿਮਰਤਾ ਦੀ ਸੁਰ ਵਿਚ ਕਹਿੰਦਾ ਹਾਂ, ''ਤਾਇਆ, ਤੂੰ ਆਪ ਈ ਆਖਦੈਂ, 'ਦਿਲ ਦਰਵਾਜ਼ਾ ਰੱਬ ਦਾ' ਤੇ ਤੂੰ ਆਪ ਈ ਮੇਰਾ ਦਰਵਾਜ਼ਾ ਢਾਈ ਜਾ ਰਿਹਾ ਏਂ।'' ਉਹ ਹੱਸ ਕੇ ਕਹਿੰਦਾ, ''ਤੂੰ ਨਵੇਂ ਜ਼ਮਾਨੇ ਦਾ ਮੁੰਡਾ ਏਂ, ਪੂਛ ਫੜੀ ਸੋ ਫੜੀ ਨਹੀਂ ਤੇ ਨਾ ਈ ਫੜੀ। ਓਏ ਕੰਜਰਾ ਬੰਦਾ ਬਣ। ਲਿਖਣ-ਪੜ੍ਹਨ ਵਿਚ ਕੁਝ ਨਹੀਂ ਪਿਆ। ਬੰਦੇ ਦਾ ਜਨਮ ਤਾਂ ਤਲਵਾਰ ਦੀ ਖੇਡ ਏ। ਜਿਸਨੇ ਸਿੱਖ ਲਿਆ ਉਹਨੇ ਜੀਅ ਲਿਆ ਤੇ ਜਿਹਨੂੰ ਖੇਡਣਾ ਨਾ ਆਇਆ, ਉਹ ਜਿਉਂਦੇ ਜੀਅ ਹੀ ਮਰ ਗਿਆ।''

ਪਾਕਿਸਤਾਨ ਬਣਨ ਸਮੇਂ ਅਲੀ ਦੇ ਚਾਰੇ ਭਰਾ ਤੇ ਸਾਰਾ ਜੀਆ-ਜੰਤ ਲਾਹੌਰ ਟੁਰ ਗਿਆ। ਅਲੀ ਮੁਹੰਮਦ ਨੇ ਸਾਡੇ ਘਰ ਨੂੰ ਆਪਣਾ ਘਰ ਮੰਨਿਆ ਤੇ ਪਾਕਿਸਤਾਨ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਵੰਡ ਤੋਂ ਪਹਿਲਾਂ ਅਲੀ ਮੀਟ ਸ਼ਰਾਬ ਦਾ ਆਦੀ ਸੀ। ਰੋਜ਼ ਹਾਂਡੀ ਚੁੱਲ੍ਹੇ ਚੜ੍ਹੀ ਰਹਿੰਦੀ। ਆਪਣੀ ਸ਼ਰਾਬ ਉਹ ਆਪ ਕੱਢਦਾ। ਮੁਰਗੀ ਦੇ ਅੰਡੇ ਤਾਂ ਉਹ ਤੋੜ ਕੇ ਕੱਚੇ ਹੀ ਪੀ ਜਾਂਦਾ।

ਗੋਲ ਮੋਲ ਤਰ-ਬ-ਤਰ
ਨਾ ਇਹਦਾ ਖੰਭ ਤੇ ਨਾ ਇਹਦਾ ਪਰ
ਅੱਲ੍ਹਾ...ਹੂ...ਅਕਬਰ।

ਸਾਂਝੀ ਤਹਿਜ਼ੀਬ ਦੇ ਟੁੱਟ ਜਾਣ ਦਾ ਉਸ ਉਪਰ ਬਹੁਤ ਮਾੜਾ ਅਸਰ ਪਿਆ। ਉਸਨੇ ਮੀਟ ਸ਼ਰਾਬ ਛੱਡ ਦਿੱਤੀ। ਪਾਕਿਸਤਾਨ ਕੀ ਬਣਿਆ, ਉਸਦੇ ਅੰਦਰਲੇ ਅਲੀ ਦੀ ਮੌਤ ਹੋ ਗਈ। ਠੀਕਰ ਭੱਜਾ ਕੇ ਖਾਕ ਦੀ ਢੇਰੀ 'ਚੋਂ ਕੁਕਨੂਸ ਵਾਂਗ ਇਕ ਵੱਖਰੀ ਤਰ੍ਹਾਂ ਦੇ ਅਲੀ ਨੇ ਜਨਮ ਲਿਆ। ਮੁਲਕ ਦੀ ਤਕਸੀਮ ਤੋਂ ਬਾਅਦ ਨਾ ਉਸ ਨੇ ਤੇਲ ਚੋਪੜੀ ਸੰਮਾਂ ਵਾਲੀ ਡਾਂਗ ਫੜੀ ਨਾ ਪਰ੍ਹੇ 'ਚ ਬੈਠ ਕੇ ਅਲਗੋਜ਼ਾ ਵਜਾਇਆ। ਅਲਗੋਜ਼ਾ ਵੱਜਦਾ ਜੋਗੀਆ, ਸਾਰਾ ਆਲਾ-ਦੁਆਲ ਨੱਚਦਾ। ਮਨ ਦਾ ਢੋਲਕ ਵੱਜਦਾ।

ਅਲੀ ਨੇ ਮਾਂ-ਪਿਓ ਜਾਏ ਭਰਾਵਾਂ ਦੀ ਸਾਂਝ ਬੀਤੇ ਵਰ੍ਹਿਆਂ ਦੀ ਧੂੜ ਵਿਚ ਖਿਲਾਰ ਦਿੱਤੀ ਹੈ-ਕੁਝ ਅੱਥਰੂਆਂ ਰਾਹੀਂ ਤੇ ਕੁਝ ਡੂੰਘੇ ਹਉਕਿਆਂ ਰਾਹੀਂ ਅੰਦਰਲੀ ਕਿਸੇ ਗੁਪਤ ਨੁੱਕਰੇ ਬੰਦ ਕਰ ਲਿਆ ਹੈ। ਕੁਝ ਯਾਦ ਆਉਣ 'ਤੇ ਪਾਣੀ 'ਤੇ ਜੰਮੇ ਜਾਲੇ ਵਾਂਗ ਇਕ ਪਾਸੇ ਕਰ ਦਿੰਦਾ ਹੈ ਤੇ ਨਿਰਮਲ ਜਲ ਵਾਂਗ ਮੁਸਕਰਾ ਕੇ ਆਖਦਾ ਹੈ, ''ਸਾਨੂੰ ਪੱਟੀ ਮੁਬਾਰਿਕ। ਪੱਟੀ ਕਈਆਂ ਦੀ ਪੱਟੀ-ਮੇਸ ਕਰਦੀ ਹੋਊ, ਸਾਡਾ ਤਾਂ ਇਸ ਕੁਝ ਸਵਾਰਿਆ ਈ ਸਵਾਰਿਆ...।'' ਸ਼ਬਦਾਂ ਦਾ ਸਾਵਣ ਪੁੱਛਦਾ ਹੈ- ''ਵਰ੍ਹਾਂ ਕਿ ਨਾ ਵਰ੍ਹਾਂ?'' ਕੁ-ਵਾਤਰੇ ਬੀਜੀਆਂ ਯਾਦਾਂ। ਹੁਣੇ-ਹੁਣੇ ਉਨ੍ਹਾਂ ਦਾ ਅੰਕੁਰ ਫੁੱਟਿਆ ਹੈ, ਸ਼ਬਦਾਂ ਦੀਆਂ ਕਰੂੰਬਲਾਂ ਫੁੱਟਣਗੀਆਂ, ਬੀਤੇ ਦੇ ਪੈਰੀਂ ਮਹਿੰਦੀ ਰਚਾ ਕੇ ਕੋਈ ਭੁੱਲੀ ਵਿਸਰੀ ਨਾਰ ਪੈਰੀਂ ਝਾਂਜਰਾਂ ਸਜਾ ਕੇ ਆਏਗੀ। ਅਲੀ ਦੀ ਦੁਖਦੀ ਰਗ ਮੇਰੇ ਹੱਥਾਂ 'ਚ ਹੈ। ਉਸ ਦੇ ਸੁਰ ਦਾ ਜ਼ਾਇਕਾ ਦਰੁਸਤ ਵੇਖ ਕੇ ਮਲਕੜੇ ਜਿਹੇ ਟਿਚਕਰ ਦਾ ਮੂੰਹ ਮੱਥਾ ਸੁਆਰਦਾ ਹਾਂ-

''ਸੁਣਾ ਮੱਲਾ ਕੀ ਹਾਲ ਨੇ?''

''ਮਿਹਰਾਂ ਨੇ।''

''ਮਹਿਰਾਂ ਤਾਂ ਗਈ ਪਾਕਿਸਤਾਨ, ਰਹਿ ਗਿਆ ਅੱਲਾਹ ਈ ਅੱਲਾਹ।''

ਮਹਿਰਾਂ ਉਸਦੀ ਪਤਨੀ ਛਨਾਲ ਸੀ, ਨਿਰੀ ਛਨਾਲ। ਕਪਟੀ, ਕਾਤਲ ਅਦਾਵਾਂ ਵਾਲੀ। ਧੁੱਪ ਦਾ ਪਰਦਾ ਕਰਕੇ ਬੈਠੀ ਅੱਗ। ਉਸਦੀ ਜੀਭ ਆਲਾ-ਦੁਆਲਾ ਲੂਹ ਕੇ ਰੱਖ ਦਿੰਦੀ। ਅਲੀ ਪਰਾਣੀ ਨਾਲ ਮਹਿਰਾਂ ਦੇ ਪਿੰਡੇ ਦੀ ਖੱਲ ਉਧੇੜ ਸੁੱਟਦਾ, ਤਾਂ ਵੀ ਉਸਦੀ ਜੀਭ ਵਿਸ ਘੋਲਣੋਂ ਨਾ ਉੱਕਦੀ। ਅਲੀ ਉਸ ਦੀਆਂ ਤਲੀਆਂ ਮੰਜੇ ਦੇ ਪਾਵੇ ਹੇਠਾਂ ਦੇ ਕੇ ਆਪ ਉੱਤੇ ਬਹਿ ਜਾਂਦਾ। ਉਹ ਜ਼ਮੀਨ 'ਤੇ ਲੇਟਣੀਆਂ ਲੈਂਦੀ ਰੋਂਦੀ ਉਹਦੇ ਜਣਦਿਆਂ ਦੇ ਵੈਣ ਪਾਉਂਦੀ।

ਮਹਿਰਾਂ ਸੁਆਦਾਂ ਪੱਟੀ ਸੀ। ਉਹ ਅਲੀ ਦੇ ਘਰ ਇਕ ਵਰ੍ਹਾ ਵੀ ਪੂਰਾ ਨਾ ਟਿਕੀ। ਪਤਾ ਨਹੀਂ ਉਹ ਨੱਕ-ਵੱਢੀ ਕਿਸ ਮਿੱਟੀ ਦੀ ਸੀ, ਵੇਲ ਦੀ ਟਹਿਣੀ ਕਿਸੇ ਹੋਰ ਰੁੱਖ ਨਾਲ ਨਿਕਲ ਗਈ। ਪਿਟੀ ਹੋਈ ਲਕੀਰ 'ਤੇ ਤੁਰਨ ਦਾ ਗੂੰਗਾ ਸੁਭਾਅ ਉਸ ਤੇਲਣ ਵਿਚ ਨਹੀਂ ਸੀ। ਉਸਦੀ ਤੱਕਣੀ, ਉਹਦੇ ਪੱਠਿਆਂ ਦੀ ਗਠਨ, ਸਭ ਕੁਝ ਮਿਲ-ਮਿਲਾ ਕੇ ਆਖਦੇ ਹਨ, ''ਮੈਂ ਸਰਦਾਰ ਜੀ ਨਿਰਦੋਸ਼ ਆਂ। ਮੇਰਾ ਪਤੀ ਭੈੜਾ ਏ, ਪਤੀ ਕਰਮ ਵਿਚ ਨਿਪੁੰਸਕ ਹੈ। ਅਲੀ ਮੁਹੰਮਦ ਇਸ ਸਾਰੀ ਕਹਾਣੀ ਵਿਚ ਚੁੱਪ ਦਾ ਪਹਾੜ ਹੈ।''

ਅਲੀ ਦੇ ਜੀਵਨ ਵਿਚਲੇ ਸਾਰੇ ਪਾਤਰ ਇਕ ਸੂਤਰ ਵਿਚ ਬੱਧੇ ਹੋਏ ਹਨ। ਇਕ-ਦੂਜੇ ਨਾਲ ਚੁੰਬੜੇ, ਗੁੱਥਮ-ਗੁੱਥਾ। ਪਹਿਲੀ ਪਛਾਣ ਦੇ ਦਿਨ ਤੋਂ ਆਖ਼ਰੀ ਮੇਲ ਤੱਕ। ਅੱਖ ਉਨ੍ਹਾਂ ਨੂੰ ਪਛਾਣਦੀ ਹੈ, ਹੋਰ ਕੋਈ ਨਹੀਂ। ਉਨ੍ਹਾਂ ਨਾਲ ਦੁੱਖ-ਸੁੱਖ ਦੀਆਂ ਗੱਲਾਂ ਕਰ ਸਕਦੀ ਹੈ। ਘ੍ਰਿਣਾ ਦੇ ਅੰਦਰ ਲੁਕ ਕੇ ਖਿੱਝਿਆ ਅਚੰਭਾ ਪੁੱਛਦਾ ਹੈ ਇਹ ਕਿਹੋ ਜਿਹਾ ਪਾਤਰ ਹੈ?

ਘਰੋਂ ਬਾਹਰ ਦਸੌਰ 'ਚ ਜਾਣ ਸਮੇਂ ਮੈਂ ਉਸ ਤੋਂ ਆਸ਼ੀਰਵਾਦ ਲੈਣ ਜਾਂਦਾ ਹਾਂ। ਨਿਰਾ ਅਸੀਸ ਰੂਪ। ਹੱਥ ਦੁਆ ਲਈ ਚੁੱਕੇ। ਸ਼ੁਕਰ ਖੁਦਾ ਦਾ ਹੇਠੋਂ ਉੱਤੇ। ਜਾ ਪੁੱਤਰਾ, ਤੈਨੂੰ ਸੱਤੇ ਖ਼ੈਰਾਂ? ਮੈਨੂੰ ਅਲੀ ਮੁਹੰਮਦ ਦੀਆਂ ਅਸੀਸਾਂ ਵਿਚੋਂ ਕੋਹਤੂਰ ਵਾਲੀ ਰੌਸ਼ਨੀ ਨਜ਼ਰ ਆਉਂਦੀ ਹੈ ਜੋ ਹਜ਼ਰਤ ਮੂਸਾ ਨੂੰ ਦਿੱਸੀ ਸੀ। ਮੈਂ ਕਾਫ਼ਕਾ ਦੇ ਇਸ ਕਥਨ ਨਾਲ ਸਹਿਮਤ ਹੋਏ ਬਿਨਾ ਨਹੀਂ ਰਹਿ ਸਕਦਾ ਕਿ ਤਾਲੀਮ ਸਾਡਾ ਓਨਾ ਸੁਆਰਦੀ ਨਹੀਂ ਜਿੰਨਾ ਵਿਗਾੜਦੀ ਹੈ।

ਅਲੀ ਮੁਹੰਮਦ ਅਲਫ਼ ਅਨਪੜ੍ਹ ਹੈ ਤੇ ਲੋੜ ਪੈਣ 'ਤੇ ਅੰਗੂਠਾ ਲਾ ਕੇ ਹੀ ਕੰਮ ਸਾਰਦਾ ਹੈ। ਪਰ ਮੈਂ ਆਪਣੀ ਸਾਰੀ ਪੜ੍ਹਾਈ-ਲਿਖਾਈ ਉਸਦੇ ਕਦਮਾਂ 'ਤੇ ਨਿਸ਼ਾਵਰ ਕਰ ਸਕਦਾ ਹਾਂ।

ਇੱਕੋ ਅਲਫ਼ ਤੇਰੇ ਦਰਕਾਰ
ਇਲਮੋਂ ਬੱਸ ਕਰੀਂ ਓਏ ਯਾਰ?

ਮੈਂ ਜਦ ਵੀ ਉਸਨੂੰ ਲਾਡ ਨਾਲ ਆਖਦਾ ਹਾਂ, ''ਤਾਇਆ! ਤੂੰ ਮੇਰਾ ਪਿਉ ਏਂ-ਮੇਰਾ ਬਾਬਾ-ਮੇਰਾ ਪੀਰ ਪੈਗੰਬਰ! ਮੇਰੇ ਦਿਲ ਦਿਮਾਗ ਦਾ ਬੂਹਾ ਏਂ...'' ਤਾਂ ਅਲੀ ਦੀ ਆਵਾਜ਼ ਮੇਰੀ ਵਿਲਕਣੀ ਜਿਹੀ ਅਰਜੋਈ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਖਦੀ ਹੈ, ''ਓਏ ਪੁੱਤਰਾ! ਸੱਪਾਂ ਦੇ ਦੰਦ ਕਿਸ ਨੇ ਗਿਣੇ? ਅਸੀਂ ਕਿਧਰਲੇ ਮਾਂਦਰੀ। ਸਾਡੀ ਕਾਹਦੀ 'ਨਮਕ-ਹਲਾਲੀ' ਕਾਹਦੀ ਸਾਡੀ 'ਖ਼ਿਦਮਤਗ਼ਾਰੀ', ਨਾ ਕੋਈ ਕੁਰਬਾਨੀ। ਤੈਨੂੰ ਤੇ ਪਤੈ ਪਿਛਲੇ ਦਿਨੀਂ ਆਪਣੇ ਭਰਾਵਾਂ ਦੇ ਬੱਚਿਆਂ ਨੂੰ ਮਿਲਣ ਇਕ ਮਹੀਨੇ ਦਾ ਵੀਜ਼ਾ ਲੈ ਕੇ ਲਾਹੌਰ ਗਿਆ ਸਾਂ ਤਾਂ ਦਸਾਂ ਦਿਨਾਂ ਮਗਰੋਂ ਹੀ ਉਨ੍ਹਾਂ ਦੀ ਅੱਬਾ-ਅੱਬਾ ਸੁਣ ਕੇ ਤੰਗ ਪੈ ਗਿਆ, ਕੋਈ ਸਹੁਰੀ ਦਾ ਤਾਇਆ ਆਖਣ ਵਾਲਾ ਉਨ੍ਹਾਂ ਵਿਚ ਨਹੀਂ ਸੀ। ਨੱਕ ਵਢਾ ਕੇ ਬੁੱਲ ਬਚਾ ਲੈਣ ਵਾਲੀ ਗੱਲ ਹੋਈ। ਮੈਂ ਵੀਜ਼ਾ ਮੁੱਕਣ ਤੋਂ ਪਹਿਲਾਂ ਹੀ ਪੱਟੀ ਪਰਤ ਆਇਆ। ਆਪਣੇ ਘਰ ਵਿਚ, ਆਪਣੇ ਪਰਿਵਾਰ ਵਿਚ, ਆਪਣੇ-ਆਪ ਨੂੰ ਪਛਾਣਿਆ ਤੇ ਮਹਿਸੂਸ ਕੀਤਾ ਕਿ ਖ਼ੂਨ ਨਾਲੋਂ ਵੀ ਪਾਣੀ ਦਾ ਰਿਸ਼ਤਾ ਗਾੜ੍ਹਾ ਹੋ ਸਕਦਾ ਏ।'' ਉਸਦਾ ਹਿਰਦਾ ਗਲ ਵਿਚ ਆ ਕੇ ਅਟਕ ਜਾਂਦਾ ਹੈ। ਉਸ ਦੀਆਂ ਅੱਖਾਂ ਉਦਾਸ ਸ਼ਾਮ ਵਿਚ ਪਿੱਪਲ ਦੇ ਜ਼ਰਦ ਪੱਤਿਆਂ ਦੇ ਆਰਪਾਰ ਵੇਖਦੀਆਂ ਹਨ। ਮੈਂ ਆਪਣੇ ਆਹਰੇ ਲੱਗ ਜਾਂਦਾ ਹਾਂ। ਕਾਗਜ਼-ਪੱਤਰ ਫਰੋਲਦਾ ਹਾਂ। ਕਦੇ ਅਖ਼ਬਾਰ ਦੀ ਸੁਰਖੀ 'ਤੇ ਨਜ਼ਰ ਮਾਰਦਾ ਹਾਂ। ਜਾਂ ਰੇਡੀਓ 'ਤੇ ਸੁਣਦਾ ਹਾਂ ਨੂਰਜਹਾਂ ਦੀ ਕੋਈ ਗ਼ਜ਼ਲ, ਲਤਾ ਦਾ ਕੋਈ ਗੀਤ, ਬੇਗ਼ਮ ਅਖ਼ਤਾਰ ਦੀ ਕੋਈ ਠੁਮਰੀ। ਅਲੀ ਮੁਹੰਮਦ ਆਪ ਮੁਹਾਰਾ ਸੁਣਾ ਰਿਹਾ ਹੁੰਦਾ ਹੈ-

''ਦਿਲ ਦਰਵਾਜ਼ਾ ਰੱਬ ਦਾ,
ਇਹਨੂੰ ਮੂਲ ਨਾ ਢਾਅ।
ਢੱਠਿਆਂ ਰਾਸ ਨਾ ਆਵਸੀ,
ਲੰਘਸੈਂ ਕਿਹੜੇ ਰਾਹ!''

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

"ਤਾਇਆ ਗੱਲਾਂ ਕਰਦਿਆਂ ਵੀ ਸੰਗ ਆਉਂਦੀ ਐ! ਤਾਈ ਵਾਲੀ ਪਰਾਂਤ 'ਤੇ ਪਾਜ ਲੁਆਉਣ ਲਈ ਸੁਨਿਆਰਿਆਂ ਦੇ ਦਿੱਤੀ ਹੋਈ ਸੀ! ਵੱਡੀ ਬਹੂ ਨੇ ਆਪਦੀ ਪਰਾਂਤ ਕੱਢੀ ਨਾ।"

"ਕਿਉਂ?" ਇਸ ਵਾਰ ਰੇਸ਼ਮ ਨੂੰ ਵੀ ਹੈਰਾਨੀ ਹੋਈ।

"ਬਈ ਮੈਂ ਕਿਉਂ ਆਪਦੇ ਭਾਂਡੇ ਸਾਂਝੇ ਘਰ 'ਚ ਭੰਨਾਂ! ਕੁੱਫਤ ਆਇਆ ਹੋਇਆ ਸੀ, ਤਾਈ ਨੇ ਸਾਹਮਣੇ ਕੜਾਹੀਏ 'ਚ ਆਟਾ ਗੁੰਨਿਐ!"

ਮੇਘਰਾਜ ਬੋਲਿਆ ਭਾਵੇਂ ਕੁਝ ਨਹੀਂ, ਪਰ ਉਸਦਾ ਅੰਦਰ ਸਾਉਣੀ ਦੀ ਖੁਸ਼ਬੋ ਵਾਂਗ ਖਿੜਦਾ ਜਾਂਦਾ ਸੀ, ਰੇਸ਼ਮ ਨੇ ਛੇਤੀ ਦੇ ਕੇ ਆਖਿਆ, "ਛੋਟੀ ਭਾਬੀ ਦੀ ਪੇਟੀ ਵਲੈਤ ਗਈ ਹੋਈ ਸੀ! ਤਾਈ ਉਹਦੇ 'ਚੋਂ ਪਰਾਂਤ ਕੱਢ ਲੈਂਦੀ।"

"ਡਰਦੀ ਨੇ ਹੱਥ ਨੀ ਲਾਇਆ, ਕੱਲ੍ਹ ਨੂੰ ਉਹ ਵੀ ਆ ਕੇ ਕਹਿ ਦੂਗੀ, ਮੇਰੀ ਪੇਟੀ ਕਿਉਂ ਖੋਹਲੀ! ਜਦੋਂ ਇਹਨੇ ਘਰ 'ਚ ਰਹਿੰਦੀ ਨੇ ਤਾਂ ਇਕ ਬਾਰੀ ਨੀ ਆਖਿਆ ਬਈ ਬੇ ਜੀ ਮੇਰੀ ਪਰਾਂਤ ਕੱਢ ਲੋ।"

"ਤੇ ਤਾਈ ਆਪ ਕੱਢ ਲੈਂਦੀ।"

"ਆਪ ਕਿਉਂ ਕੱਢ ਲੈਂਦੀ।" ਮੇਘਰਾਜ ਨੇ ਖਿੜਦਿਆਂ ਕਿਹਾ, "ਉਹ ਬੁੜ੍ਹੀ ਸੱਸ ਕਾਹਦੀ ਹੋਈ, ਜੀਹਨੇ ਅੱਖ ਦੀ ਸੈਨਤ ਨਾਲ ਕੰਮ ਨਾ ਕਰਵਾਇਆ, ਨਾਲੇ ਥੋਡੀ ਤਾਈ ਨੇ ਹੁਣ ਤੱਕ ਚਲਾਈਆਂ ਚੰਮਦੀਆਂ! ਜੇ ਉਹਨੇ ਆਖ ਕੇ ਕੰਮ ਕਰਵਾਇਆ, ਤਾਂ ਬੜਾ ਕਰਵਾਇਐ!

ਹਰਜਾਪ ਨੇ ਮੇਘੂ ਵਲ ਸਧਾਰਨ ਨਜ਼ਰ ਹੀ ਵੇਖਿਆ, ਪਰ ਉਸਦਾ ਅੰਦਰ ਕੰਬ ਗਿਆ, ਆਪ ਮੁਹਾਰੀ ਖੁਸ਼ੀ ਵਿਚ ਉਸਨੂੰ ਪਤਾ ਨਹੀਂ ਲੱਗਿਆ ਸੀ, ਉਸਦੇ ਮੂੰਹੋਂ ਕੀ ਨਿਕਲ ਗਿਆ ਸੀ!

"ਫੇਰ ਹੁਣ ਟਿਕ ਟਿਕਾ ਐ?"

"ਹੁਣ ਤਾਂ ਪਤਾ ਨ੍ਹੀਂ! ਜਗਰਾਜ ਹੁਣ ਕਦੇ ਈ ਘਰ ਆਉਂਦਾ ਅੱਗੇ ਤਾਂ ਰੋਜ ਈ ਆ ਜਾਂਦਾ ਸੀ!" ਹਰਜਾਪ ਆਪਣੇ ਆਪ ਨੂੰ ਭੁੱਲ ਕੇ ਗੱਲਾਂ ਕਰਨ ਲੱਗ ਪਈ। "ਪੁੱਠੀ ਪੈਂਦੀ ਨੂੰ ਕੀ ਪਤਾ ਲਗਦਾ, ਜਿਹੜਾ ਘਰ ਬਾਰ ਲਾ ਕੇ ਪੜ੍ਹਾਇਆ ਸੀ, ਉਹ ਏਡਾ ਵਿਗੜਿਆ, ਦੋ ਦੋ ਮਹੀਨੇ ਘਰ ਈ ਨੀ ਮੁੜਦਾ! ਕਮਾਊ ਆਪੋ ਆਪਣੇ ਬਾਰੇ ਸੋਚਣ ਲੱਗ ਪਏ।

ਅਜੇ ਸਾਰੀ ਕਬੀਲਦਾਰੀ ਸਿਰ ਤੇ ਪਈ ਐ! ਹੇ ਵਾਅਖਰੂ, ਤਾਈ ਨੇ ਸਾਰੀ ਉਮਰ ਖੱਪਰ ਖਿਊਇਆ! ਸਾਡੀ ਤਾਂ ਦੋਹ ਘਰਾਂ ਦੀ ਪੱਟੀ ਮੇਸ ਹੋ-ਗੀ! ਬੇਈਮਾਨ, ਚਾਰ ਸੌ ਵੀਹ ਕਰਨ ਵਾਲੇ ਦਿਨ ਰਾਤ ਫਲੀ ਜਾਂਦੇ ਐ। ਚਲ, ਹੱਛਾ! ਕਦੇ ਤਾਂ ਇਨ੍ਹਾਂ ਦੇ ਮੂਹਰੇ ਆਉਣਗੀਆਂ! ਅਸੀਂ ਤਾਂ ਦੋਹੀਂ ਵੇਲੀ ਆਹਨੇ ਆਂ, ਹੇ ਪਰਮਾਤਮਾ ਜਿਹੜੇ ਦੂਸਰਿਆਂ ਨਾਲ ਧੋਖੇ-ਠੱਗੀਆਂ ਮਾਰਦੇ ਐ, ਉਨ੍ਹਾਂ ਨਾਲ ਵੀ ਏਵੇਂ ਹੋਵੇ।" ਮੇਘਰਾਜ ਉਸਨੂੰ ਇਉਂ ਲਗਾਤਾਰ ਬੋਲਦੀ ਵੇਖ ਕੇ ਉਸ ਵਲ ਤ੍ਰਬਕ ਕੇ ਝਾਕਿਆ, ਉਸਨੂੰ ਆਪਣੇ ਸਾਰੇ ਸਰੀਰ ਵਿਚ ਕੰਬਣੀ ਛਿੜਦੀ ਪ੍ਰਤੀਤ ਹੋਈ।

***

ਹਨੇਰਾ ਘਸਮੈਲੀ ਚਾਦਰ ਵਾਂਗ ਓੜ੍ਹਿਆ ਹੋਇਆ ਸੀ, ਜਦੋਂ ਖਿੜਕ ਜ਼ੋਰ ਦੀ ਚੂਕਿਆ, ਜਗਰਾਜ ਦੀ ਵਹੁਟੀ ਨੇ ਹਨੇਰੇ ਵਿਚ ਹੀ, ਚੁੱਲ੍ਹੇ ਮੂਹਰਿਓਂ ਬਾਹਰ ਵਲ ਵੇਖਿਆ, ਬਿੰਦ ਕੁ ਮਗਰੋਂ ਧੀਰਾ ਚੌਂਕੇ ਕੋਲ ਆ ਗਿਆ, "ਬੇ ਜੀ ਕਿੱਥੇ ਐ?"

"ਐਥੇ ਈ ਕਿਤੇ ਹੋਊ।" ਉਸਨੂੰ ਧੀਰੇ ਦਾ ਬੋਲ ਘਬਰਾਇਆ ਲੱਗਿਆ, ਪਰ ਉਸ ਪੁੱਛਿਆ ਕੁਝ ਨਾ। ਧੀਰੇ ਨੇ ਇੱਕ ਦੋ ਆਵਾਜ਼ਾਂ ਸਾਹਬ ਕੁਰ ਨੂੰ ਮਾਰੀਆਂ, ਪਰ ਕੋਈ ਮੋੜ ਨਾ ਆਇਆ, ਪਲ ਕੁ ਮਗਰੋਂ ਸਾਹਬ ਕੁਰ ਬਾਹਰੋਂ ਆ ਗਈ, ਧੀਰਾ ਛੇਤੀ ਦੇ ਕੇ ਬੋਲਿਆ, "ਦੇਖ ਲੈ ਬੇ ਜੀ, ਰਾਜਾ ਜੱਭਲਾਂ ਦੇ ਘਰ ਬੈਠਾ ਪੀਵੀ ਜਾਂਦਾ ਐ! ਮੈਂ ਘਰ ਚੱਲਣ ਨੂੰ ਆਖਿਆ, ਮੈਨੂੰ ਉਲਟਾ ਈ ਬੋਲਿਆ।"

"ਹੱਛਿਆ?" ਸਾਹਬ ਕੁਰ ਨੇ ਵਿਹੜੇ 'ਚ ਖੜੋਂਦਿਆਂ ਗੁੱਸੇ ਨਾਲ ਪੁੱਛਿਆ।

"ਦੁਪਹਿਰ ਦਾ ਬੈਠੈ, ਸਗੋਂ ਮੈਨੂੰ ਉਨ੍ਹਾਂ ਦਾ ਕਾਲਾ ਜਿਆ ਮੁੰਡਾ ਆਂਹਦਾ, ਇਹਨੇ ਨੀ ਆਉਣਾ ਉਇ, ਜਾਹ ਵਗ-ਜਾ ਤੂੰ।"

"ਮਾੜੇ ਤਾਂ ਆਪਦੇ ਐ।" ਸਾਹਬ ਕੁਰ ਨੂੰ ਗੁੱਸਾ ਇਕ ਦਮ ਗੋਡੇ ਦੇ ਕੇ ਚੜ੍ਹ ਗਿਆ, "ਤੀਜੇ ਪਾਸੇ ਦਿਆਂ ਦੀ ਕੀ ਸੱਤਿਐ ਕੁਸ਼ ਕਹਿ ਜਾਣ, ਨਾ ਹੁਣ ਉਹ ਮਿੱਠੇ ਹੋ-ਗੇ! ਬਥੇਰੀ ਮਿੱਠੀ ਐ ਧਨੇਸੂ ਜੀ ਸਾਲੀ! ਤੂੰ ਆਖਣਾ ਸੀ, ਸਾਰੀ ਉਮਰ ਸਾਲੀ ਆਪਣੇ ਘਰੇ ਰੱਖ ਲੂ।"

"ਘਰੇ ਰੱਖਣ ਨੂੰ ਉਹ ਕਿਤੇ ਆਹਲੂਆਲੀਏ ਵਜਦੇ ਐ!" ਧੀਰੇ ਦੇ ਬੋਲ ਤੋਂ ਇਉਂ ਜਾਪਦਾ ਸੀ, ਜਿਵੇਂ ਉਸਦਾ ਸਰੀਰ ਮੱਚ ਰਿਹਾ ਹੋਵੇ, "ਘਰੇ ਰੱਖ ਲੈਣਗੇ, ਇਹੋ ਜਿਹਿਆਂ ਦੀ ਕੀ ਇੱਜਤ ਹੁੰਦੀ ਐ!"

ਚੁੱਲ੍ਹੇ ਮੂਹਰੇ ਬੈਠੀ ਬਲਬੰਤ ਕੁਝ ਨਾ ਬੋਲੀ, ਪਰ ਉਸਦੇ ਅੰਦਰ ਚੀਹ ਚੜ੍ਹੀ। ਪਿਛਲੇ ਕਾਫੀ ਸਮੇਂ ਤੋਂ ਘਰ ਵਿਚ ਕਈ ਵਾਰੀ ਕਲੇਸ਼ ਪੈ ਚੁੱਕਾ ਸੀ, ਨੂੰਹ-ਸੱਸ ਮਿਹਣੋਂ-ਮਿਹਣੀ ਹੋ ਹਟੀਆਂ ਸਨ। ਧੀਰੇ ਦਾ ਬੋਲ ਫੇਰ ਸੁਣਿਆ, "ਬੇ ਜੀ, ਬਿਗਾਨੇ ਘਰ ਬਹਿ ਕੇ ਆਪਣੀ ਮਿੱਟੀ ਪੱਟਦੈ! ਮੈਂ ਆਖਿਐ, ਬਾਈ ਆ ਜਾ ਉਇ ਘਰ ਨੂੰ ਚਲੀਏ! ਸਾਲਾ ਗੁੰਗ ਪਿੰਨ ਜਿਹਾ ਚੁੱਪ ਕਰਕੇ ਮੁਰਕੜੀ ਮਾਰਕੇ ਬੈਠਾ ਰਿਹੈ! ਜੱਭਲ ਭੈਣ ਦੇਣੇ ਵਧ ਵਧ ਬੋਲਣ।"

"ਲਾਹ ਕੇ ਜੁੱਤੀ ਮਾਰਨੀ ਸੀ!" ਸਾਹਬ ਕੁਰ ਨੂੰ ਸਰੀਰ ਬੇਕਾਬੂ ਹੁੰਦਾ ਮਲੂਮ ਹੋਇਆ।

"ਜੁੱਤੀਆਂ ਉਹ ਹੁਣ ਖਾਂਦਾ, ਕਹਿੰਦਾ ਮੈਂ ਥੋਡਾ ਕੀ ਦੇਣਾ ਐ ਉਇ?"

"ਹੱਛਿਆ, ਹੈਂ ਬੋਲਿਆ! ਚਲ ਮੈਂ ਚਲਦੀਆਂ ਨਾਲ! ਇਹ ਗੱਲ ਕਹਿੰਦੇ ਦੀ ਅਹੀ-ਤਹੀਦੀ!, ਸਾਰਾ ਘਰ ਉੱਤੇ ਲਾ-ਤਾ, ਹੁਣ ਕਹਿੰਦੈ ਮੈਂ ਥੋਡਾ ਕੀ ਦੇਣਾ !" ਅੱਖ ਦੇ ਫੋਰ ਵਿਚ ਸਾਹਬ ਕੁਰ ਤੇ ਧੀਰਾ ਘਰੋਂ ਬਾਹਰ ਨਿਕਲ ਗਏ। ਬਲਬੰਤ ਦਾ ਅੰਦਰ ਕੰਬਿਆ, ਉਹ ਸਹਿਜ ਸੁਭਾਅ ਉੱਠ ਕੇ ਖੜੋ ਗਈ, ਪਰ ਉਨ੍ਹਾਂ ਨੂੰ ਵਾਜ ਮਾਰ ਕੇ ਮੋੜ ਨਾ ਸਕੀ। ਰੋਟੀਆਂ ਪਕਾਉਣੀਆਂ ਉਹ ਭੁੱਲ ਗਈ, ਬਾਉਲਿਆਂ ਵਾਂਗ ਵਿਹੜੇ ਵਿਚ ਆ ਗਈ, ਕਿੰਨਾ ਚਿਰ ਖਿੜਕ ਕੋਲ ਖੜੋਕੇ ਬਾਹਰ ਵੇਖਦੀ ਰਹੀ। ਉਸਨੂੰ ਇਉਂ ਜਾਪ ਰਿਹਾ ਸੀ, ਜਿਵੇਂ ਉਸਦਾ ਸਾਰਾ ਸਰੀਰ ਪੈਰਾਂ ਤੋਂ ਹਿੱਲ ਗਿਆ ਹੋਵੇ।

ਧੀਰਾ ਤੇ ਸਾਹਬ ਕੁਰ ਗੁੱਸੇ ਨਾਲ ਸੜਦੇ ਜੱਭਲਾਂ ਦੇ ਘਰ ਦੇ ਕੋਲ ਪਹੁੰਚੇ। ਉਨ੍ਹਾਂ ਦਾ ਘਰ ਵਗਲ ਤੋਂ ਬਿਨਾ ਖੁੱਲ੍ਹਾ ਜੇਹਾ ਸੀ। ਦੋ ਮੰਜਿਆਂ ਉੱਤੇ ਆਹਮੋ-ਸਾਹਮਣੇ ਜੱਭਲਾਂ ਦੇ ਮੁੰਡਿਆਂ ਵਿਚ ਬੈਠਾ ਜਗਰਾਜ ਦਾ ਜਦੋਂ ਉਨ੍ਹਾਂ ਨੂੰ ਨੰਗਾ ਸਿਰ ਦਿਸਿਆ, ਸਾਹਬ ਕੁਰ ਨੇ ਉਸ ਦੇ ਕੋਲ ਜਾ ਕੇ ਮੋਢੇ ਤੇ ਹੱਥ ਧਰਿਆ, "ਚਲ ਮੁੰਡਿਆ ਉੱਠ ਘਰ ਨੂੰ ਤੁਰ।"

ਪਰ ਜਗਰਾਜ ਉਸੇ ਤਰ੍ਹਾਂ ਨੀਵੀਂ ਪਾਈ ਬੈਠਾ ਰਿਹਾ, ਦੂਸਰੇ ਜਿਨ੍ਹਾਂ ਦੇ ਹਨੇਰੇ ਵਿਚ ਮਾਮੂਲੀ ਜਿਹੇ ਚਿਹਰੇ ਦਿਸ ਰਹੇ ਸਨ, ਚੁੱਪ ਬੈਠੇ ਰਹੇ। ਸਾਹਬ ਕੁਰ ਨੇ ਦੋ ਤਿੰਨ ਵਾਰੀ ਜਦੋਂ ਜਗਰਾਜ ਨੂੰ ਘਰ ਚੱਲਣ ਲਈ ਆਖਿਆ, ਉਹ ਤੁਰਨ ਦੀ ਥਾਂ ਚੁੱਪ ਬੈਠਾ ਰਿਹਾ। ਸਾਹਬ ਕੁਰ ਦੇ ਅੰਦਰ ਅੱਗ ਲੱਗ ਉੱਠੀ, "ਵੇ ਮੁੰਡਿਆ, ਮੈਂ ਕੀ ਬਕਾਈ ਕਰੀ ਜਾਨੀ ਐਂ, ਤੂੰ ਉੱਤਰ ਈ ਨੀ ਦਿੰਦਾ, ਹੈਂ !-ਹੁਣ ਤੁਸੀਂ ਆਪਣੇ ਆਪ 'ਚ ਰਾਠ ਹੋ-ਗੇ।"

"ਬੇ ਜੀ ਇਹਨੇ ਇਉਂ ਨੀ ਤੁਰਨਾ!" ਪਿੱਛੇ ਖਲੋਤੇ ਧੀਰੇ ਨੇ ਕੜਕਵੀਂ ਆਵਾਜ਼ ਵਿਚ ਆਖਿਆ, "ਘੜੀਸ ਕੇ ਲਿਜਾਣਾ ਪਊ।"

ਰੌਲਾ ਸੁਣ ਕੇ ਜੱਭਲਾਂ ਦੀਆਂ ਜਨਾਨੀਆਂ ਉਨ੍ਹਾਂ ਕੋਲ ਆ ਗਈਆਂ। ਜ਼ੇਰਾ ਕਰਕੇ ਜਗਰਾਜ ਦੀ ਸਾਲੀ ਨੇ ਨੇੜੇ ਹੋ ਕੇ ਆਖਿਆ, "ਮਾਸੀ, ਕੋਈ ਗੱਲ ਨੀ, ਸਵੇਰੇ ਆ ਜੂਗਾ, ਕਿਹੜਾ ਓਪਰੇ ਥਾਂ ਬੈਠੈ।"

ਪਰ ਸਾਹਬ ਕੁਰ ਨੇ ਉਹਦਾ ਉੱਤਰ ਕੋਈ ਨਾ ਦਿੱਤਾ, ਉਸਨੂੰ ਆਪਣੀ ਹੇਠੀ ਹੁੰਦੀ ਜਾਪੀ, ਗੁੱਸਾ ਉਸਦੇ ਉੱਚੇ ਲੰਮੇ ਸਰੀਰ ਵਿਚ ਭੜਕ ਰਿਹਾ ਸੀ, ਉਹਨੇ ਜਗਰਾਜ ਨੂੰ ਬਾਹੋਂ ਫੜਕੇ ਖਿਚਦਿਆਂ ਧੀਰੇ ਨੂੰ ਆਖਿਆ, "ਧੀਰਿਆ, ਫੜ੍ਹ ਇਹਨੂੰ ਚਲਦਾ ਇਹ ਕਿਵੇਂ ਨ੍ਹੀਂ?" ਧੀਰਾ ਬਿਜਲੀ ਦੀ ਫੁਰਤੀ ਵਾਂਗ ਦੂਜੀ ਬਾਂਹ ਨੂੰ ਆ ਚਿੰਬੜਿਆ, ਜਗਰਾਜ ਨੇ ਦੋਵੇਂ ਹੱਥ ਮੰਜੇ ਦੀ ਬਾਹੀ ਨੂੰ ਘੁੱਟ ਕੇ ਪਾ ਲਏ, ਪਰ ਉਹ ਮੂੰਹੋਂ ਅਜੇ ਵੀ ਕੁਝ ਨਾ ਬੋਲਿਆ, ਜਦੋਂ ਉਨ੍ਹਾਂ ਜ਼ੋਰ ਲਾ ਕੇ ਉਹਨੂੰ ਖਿੱਚਿਆ, ਬਾਣ ਦਾ ਹੌਲਾ ਜੇਹਾ ਮੰਜਾ ਨਾਲ ਹੀ ਚੁੱਕਿਆ ਗਿਆ। ਇਸ ਖਿੱਚਾ-ਧੂਹੀ ਵਿਚ ਸਾਹਬ ਕੁਰ ਨੇ ਹਰਖ ਵਿਚ ਆਉਂਦਿਆਂ ਜਗਰਾਜ ਦੀ ਢੂਹੀ 'ਤੇ ਇਕ ਧੱਫਾ ਧਰ ਦਿੱਤਾ, ਪਟਾਕਾ ਸੁਣ ਕੇ ਆਲੇ ਦੁਆਲੇ ਖੜੇ ਲੋਕ ਠਠੰਬਰ ਗਏ, ਸਾਹਬ ਕੁਰ ਦੀ ਕੜਕਵੀਂ ਆਵਾਜ਼ ਸੁਣਾਈ ਦਿੱਤੀ, "ਜੁਆਕ ਜੰਮ ਕੇ ਸਾਡੇ ਗਲ ਮੜ੍ਹ ਆਇਆਂ ਹਰਾਮੀਆ! ਆ ਕੇ ਬਹਿ ਗਿਆਂ ਏਥੇ ਮਾਵਾਂ ਕੋਲੇ! ਉਨ੍ਹਾਂ ਨੂੰ ਪਾਲੂ ਕੌਣ?"

ਜਗਰਾਜ ਪਤਾ ਨਹੀਂ ਕਿਉਂ ਨਾ ਬੋਲਿਆ, ਧੀਰੇ ਨੇ ਹਝੋਕੇ ਮਾਰ ਮਾਰ ਉਹਨੂੰ ਮੰਜੇ ਤੋਂ ਘਸੀਟ ਲਿਆ, ਪਰ ਉਸਨੂੰ ਅੜਦਾ ਵੇਖ ਕੇ ਇਸ ਵਾਰ ਧੀਰੇ ਨੇ ਵੀ ਉਹਦੇ ਇਕ ਥੱਪੜ ਜੜ ਦਿੱਤਾ, ਹੋਰ ਤਾਂ ਕੋਈ ਨੇੜੇ ਨਾ ਆਇਆ, ਉਸਦੀ ਸਾਲੀ ਨੇ ਭੱਜ ਕੇ ਉਹਨੂੰ ਆਪਣੇ ਵਲ ਖਿੱਚਣਾ ਸ਼ੁਰੂ ਕਰ ਦਿੱਤਾ, ਨਾਲ ਦੀ ਨਾਲ ਉਹ ਰੌਲਾ ਪਾਉਣ ਲੱਗ ਪਈ, "ਵੇ ਬਚਾਉ ਵੇ ਇਹਨੂੰ! ਘਰ ਲਿਜਾ ਕੇ ਮਾਰ ਮੁਕਾ ਦੇਣਗੇ!"

ਇਸ ਭਗਦੜ ਵਿਚ ਧੀਰੇ ਨੇ ਮਹਿਸੂਸ ਕਰਿਆ, ਉਨ੍ਹਾਂ ਦੀ ਪਕੜ ਢਿੱਲੀ ਪੈ ਗਈ ਸੀ। ਤਦ ਉਸ ਜਗਰਾਜ ਦੀ ਸਾਲੀ ਦੀ ਵੱਖੀ ਵਿਚ ਇੱਕ ਘਸੁੰਨ ਮਾਰਿਆ, ਤੇ ਉਹ ਏਨੇ ਨਾਲ ਹੀ ਇਕੱਠੀ ਹੋ ਕੇ ਪਰ੍ਹਾਂ ਹੋ ਗਈ। ਉਹ ਜਗਰਾਜ ਨੂੰ ਖਿੱਚਦੇ-ਧੂੰਹਦੇ ਵਾਹਦਾ ਦੂਰ ਲੈ ਗਏ। ਗੁੱਸੇ ਨਾਲ ਬੋਲਦੇ, ਝੱਗ ਸੁੱਟਦੇ ਉਹਨੂੰ ਘਰ ਲੈ ਆਏ। ਜਗਰਾਜ ਨੇ ਘਰ ਕੋਲ ਫੇਰ ਪੈਰ ਅੜਾ ਲਏ, "ਮੈਂ ਨ੍ਹੀਂ ਥੋਡੇ ਘਰ ਜਾਣਾ!"

"ਕਿਉਂ ਜਾਣਾ ਕਾਹਤੋਂ ਨ੍ਹੀਂ!" ਸਾਹਬ ਕੁਰ ਨਰਮ ਪੈ ਗਈ ਸੀ, "ਪਿੰਡ 'ਚ ਮਲੰਗਾਂ ਦੇ ਬਹਿ ਕੇ ਸਾਡੀ ਮਿੱਟੀ ਪੱਟਦੈਂ! ਤੈਨੂੰ ਭੋਰਾ ਸ਼ਰਮ ਹਯਾ ਹੈ ਕਿ ਨਹੀਂ!"

"ਥੋਨੂੰ ਕੀ ਮੈਂ ਕਿਤੇ ਰਹਾਂ, ਤੁਸੀਂ ਮੈਨੂੰ ਕੌਣ ਐਂ ਰੋਕਣ ਵਾਲੇ।"

"ਬੇ ਗੈਰਤਾ!" ਗੁਰਬਖਸ਼ ਦਾ ਬੋਲ ਸੁਣਿਆ, "ਸਾਡੀ ਕਮਾਈ ਖਾ ਕੇ ਹਗ-ਤੀ, ਹੁਣ ਤੂੰ ਸਾਨੂੰ ਆਨੇ ਵਿਖਾਉਣ ਲੱਗ ਪਿਐਂ! ਜੇ ਆਦਮੀ ਦਾ ਪੁੱਤ ਐਂ ਤਾਂ ਨਿਕਲ ਜਾਹ ਮੇਰੇ ਘਰੋਂ।"

"ਮੈਂ ਤਾਂ ਘਰੋਂ ਨਿਕਲਿਆਂ ਹੋਇਆ ਸੀ, ਇਹ ਮੈਨੂੰ ਕਿਉਂ ਫੜ-ਫੜ ਲਿਆਉਂਦੇ ਐ।"

"ਫੜ ਫੜ ਲਿਆਈਏ ਨਾ!" ਸਾਹਬ ਕੁਰ ਫਿਰ ਗਰਮੀ 'ਚ ਉੱਚੀ ਬੋਲੀ, "ਆਹ ਜੁਆਕ ਜੰਮ ਕੇ ਸਾਡੇ ਕੋਲ ਸਿੱਟ ਗਿਆਂ, ਇਨ੍ਹਾਂ ਨੂੰ ਅਸੀਂ ਕਿਉਂ ਸਾਂਭੀਏ!"

"ਇਨ੍ਹਾਂ ਨੂੰ ਵੀ ਲੈ ਜੂੰਗਾ! ਬੇਫਿਕਰ ਰਹੋ! ਥੋਡੇ ਗੋਚਰੇ ਨੀ ਛੱਡਦਾ!"

"ਮੈਂ ਆਖਦਾਂ, ਇਨਸਾਨ ਦਾ ਪੁੱਤ ਐਂ ਤਾਂ ਹੁਣੇ ਲੈ ਕੇ ਜਾਹ!-ਜਿੱਥੇ ਉਹ ਗਿਆ, ਕੁੱਤਿਆ ਉੱਥੇ ਤੂੰ ਵੀ ਚਲਿਆ ਜਾਹ, ਉਹਨੇ ਤਾਂ ਜ਼ਮੀਨ ਖ਼ਰੀਦ ਲਈ ਤੂੰ ਵੀ ਜਾਹ!-ਪੁੱਤ ਪਤਾ ਤਾਂ ਉਦੋਂ ਲੱਗੂ ਜਦੋਂ ਘਰ ਬਣਾ ਕੇ ਬਹਿਣਾ ਪਿਆ।"

"ਮੈਥੋਂ ਘਰ ਨਾ ਬਣੂੰ!" ਜਗਰਾਜ ਹੁਣ ਉਤਰ ਮੋੜ ਰਿਹਾ ਸੀ, "ਥੋਡੀਆਂ ਜੁੱਤੀਆਂ ਖਾਣ ਨਾਲੋਂ ਤਾਂ ਝੁੱਗੀਆਂ 'ਚ ਰਹਿਣਾ ਸੌਖੈ। ਤੁਸੀਂ ਘਰ 'ਚ ਕਿਸੇ ਨੂੰ ਚੈਨ ਨਾਲ ਰਹਿਣ ਦਿੰਨੇ ਓਂ! ਪੈਸੇ ਦਰਸ਼ਣ ਨੇ ਨ੍ਹੀਂ ਦਿੱਤੇ! ਗਾਲ੍ਹਾਂ ਆਥਣ ਸਵੇਰ ਸਾਨੂੰ ਦਿੰਦੇ ਓ।"

"ਇਹ ਮੇਰਾ ਘਰ ਐ।" ਗੁਰਬਖਸ਼ ਆਪਣੀ ਭਾਰੀ ਆਵਾਜ਼ ਵਿਚ ਬੋਲਿਆ, "ਇੱਥੇ ਮੇਰਾ ਕਾਨੂੰਨ ਚੱਲੂਗਾ, ਜੇ ਰਹਿਣਾ ਐ, ਮੇਰੀਆਂ ਗੱਲਾਂ ਮੰਨਣੀਆਂ ਪੈਣਗੀਆਂ।"

ਸਾਹਬ ਕੁਰ ਨੇ ਨਾਲ ਦੀ ਨਾਲ ਹੀ ਸ਼ੁਰੂ ਕਰਦਿਆਂ ਕਹਿਣਾ ਸ਼ੁਰੂ ਕੀਤਾ, "ਲੋਕਾਂ ਦੇ ਕਿਤੇ ਨੂੰਹ-ਪੁੱਤ ਨੀ! ਅੱਖ 'ਚ ਪਾਏ ਨੀ ਰੜਕਦੇ! ਏਥੇ ਪੈਰ ਪੈਰ 'ਤੇ ਚੀਜ਼ਾਂ ਦੀਆਂ ਮੇਰਾਂ ਹੁੰਦੀਆਂ! ਪਰਾਤ ਨ੍ਹੀਂ ਕੱਢੀ! ਮੈਂ ਵੀ ਪ੍ਰਾਹੁਣੇ ਦੇ ਸਾਹਮਣੇ ਕੜਾਹੀਏ 'ਚ ਆਟਾ ਗੁੰਨਿਐ। ਜਦੋਂ ਥੋਨੂੰ ਨੀ ਹਰਾਮੀਓ ਕੋਈ ਆਣ ਇੱਜਤ, ਅਸੀਂ ਕਿਉਂ ਤੋਪੇ ਲਾਈਏ! ਜੇ ਦਰਸ਼ਨ ਕੁਪੱਤਾ ਨਿਕਲ ਗਿਆ, ਘੱਟ ਤੁਸੀਂ ਵੀ ਨੀ ਕਰਦੇ!"

ਹੁਣ ਸਾਰੇ ਚੁੱਪ ਹੋ ਗਏ ਸਨ, ਪਰ ਸਾਹਬ ਕੁਰ ਦੀ ਆਵਾਜ਼ ਟਿਕੀ ਹੋਈ ਰਾਤ ਵਿਚ ਗੂੰਜ ਰਹੀ ਸੀ, "ਘੱਟ ਕਿਹੜੇ ਏਥੇ!-ਜੇ ਉਹ ਕਮੂਤ ਨਿਕਲ ਗਏ, ਤੁਸੀਂ ਤਾਂ ਕੁਸ਼ ਸੋਚੋ! ਸਮਝੋ!-ਤੁਸੀਂ ਤਾਂ ਸੋਭਾ ਲੈ-ਲੋ ਜੱਗ ਦੀ! ਬਿਸਤਰੇ ਤੋਂ ਬਿਨਾ ਤਾਂ ਪੈ ਗਈ, ਪਰ ਮਾਂ ਦੀ ਧੀ ਨੇ ਪੇਟੀ ਨ੍ਹੀਂ ਖੋਹਲੀ। ਨੀ ਜਿਹੜੇ ਪੇਟੀ 'ਚ ਬੁੰਨੇ ਐ, ਉਹ ਕਿੱਥੋ ਤੋਰਨੇ ਐ ?-ਏਨਾ ਈ ਕਿਹਾ ਬਈ ਭਾਈ, ਬਾਹਰ ਰਜਾਈ ਕੋਈ ਹੈ ਨੀ, ਆਪਦੀ ਪੇਟੀ 'ਚੋਂ ਕੱਢ ਲੈ! ਖੇਸ 'ਚ ਲਿਪਟ ਕੇ ਪੈ ਗੀ! ਜਦੋਂ ਮੈਂ ਰਜਾਈ ਲੈ ਕੇ ਗਈ, ਫੇਰ ਇਹ ਵੀ ਝਿੜਕਣ ਲੱਗਿਆ! ਨਾ ਪਹਿਲਾਂ ਨਾ ਆਖਿਐ ਭਾਈ ਤੂੰ ਰਜਾਈ ਕਾਹਤੋਂ ਨ੍ਹੀਂ ਕੱਢਦੀ! ਹੈਂ? ਅੰਦਰੋਂ ਦੋਹਾਂ ਦਾ ਏਕਾ ਕੀਤਾ ਹੋਇਐ! ਸਾਨੂੰ ਕਿਤੇ ਪਤਾ ਨ੍ਹੀਂ! ਵੀਹ ਵਾਰੀ ਗੱਲਾਂ ਕਰਦਿਆਂ ਨੂੰ ਸੁਣਿਆ!"

"ਹੁਣ ਗੱਲਾਂ ਵੀ ਨਾ ਕਰੀਏ।" ਬਲਬੰਤ ਬੋਲੀ, "ਮੂੰਹ ਨੂੰ ਛਿੱਕਲੀ ਕਿੱਥੋਂ ਦੇ ਲਈਏ!-ਦਸ ਵਰ੍ਹੇ ਹੋ ਗੇ, ਏਸ ਘਰ 'ਚ ਧੰਦ ਪਿੱਟਦਿਆਂ! ਆਹ ਦਾਤਨਾ ਮਿਲਦੀ ਐ!"

"ਧੰਦ ਪਿੱਟ ਕੇ ਤੂੰ ਕਿਹੜੇ ਧੌਲਰ ਉਸਾਰ 'ਤੇ ਨੀ!" ਸਾਹਬ ਕੁਰ ਨੇ ਉਸ ਨੂੰ ਘੂਰ ਕੇ ਚੁੱਪ ਕਰਵਾਉਣਾ ਚਾਹਿਆ, "ਲੱਗੀ ਐਂ, ਚਬਰ ਚਬਰ ਬੋਲਣ।"

"ਤੂੰ ਕਿਉਂ ਬੋਲਦੀ ਐਂ, ਤੈਨੂੰ ਕੀ ਲੋੜ ਐ, ਜਦੋਂ ਮੈਂ ਬੋਲਦਾਂ।"

"ਚੁੱਪ ਏਥੇ ਰਿਹਾ ਜਾਂਦੈ! ਸਾਰੀ ਦਿਹਾੜੀ ਲਾ ਲਾ ਗੱਲਾਂ ਹੁੰਦੀਆਂ।"

ਜਗਰਾਜ ਆਪਣੀ ਘਰ ਵਾਲੀ ਨੂੰ ਭੱਜ ਕੇ ਪਿਆ, "ਕਿਉਂ ਭੌਂਕਦੀ ਐਂ ?"

ਸਾਹਬ ਕੁਰ ਨੇ ਹੱਥ ਮਾਰ ਕੇ ਉੱਚੀ ਆਖਿਆ, "ਜੇ ਡਰਦੀ ਹੋਵੇ, ਮੂਹਰੇ ਕਿਉਂ ਬੋਲੇ! ਡਰ ਤਾਂ ਇਹਦੇ ਨੇੜੇ-ਤੇੜੇ ਨ੍ਹੀਂ।"

"ਡਰ ਨੂੰ ਪਤਾ ਨ੍ਹੀ ਹੋਰ ਕੀ ਹੋਊਗਾ! ਦਿਨ ਰਾਤ ਜਾਨ ਮੁੱਠੀ 'ਚ ਸਹਿਕਦੀ ਰਹਿੰਦੀ ਐ, ਜਦੋਂ ਵੇਖੋ, ਰੜਕਵੀਆਂ ਗੱਲਾਂ! ਅਖੇ ਜਗਰਾਜ ਗੋਝਾਂ ਰੱਖਦੈ।"

"ਫੇਰ ਤੇਰੇ ਕੀ ਗੋਲੀ ਵੱਜਦੀ ਐ, ਮੈਂ ਤਾਂ ਮੁੰਡੇ ਨੂੰ ਕਹਿੰਨੀ ਆਂ!"

"ਮੁੰਡੇ ਨੂੰ ਆਏ ਨੂੰ ਕਹਿ ਦਿਆ ਕਰ!"


"ਕਹਿ ਦੂੰਗੀ, ਤੂੰ ਵਾਧੂ ਮੇਰਾਂ ਕਰਦੀ ਐਂ।"

"ਮੇਰਾਂ ਨਹੀਂ ਕਰਾਉਣੀਆ ਸੀ, ਵਿਆਹੁੰਦੀ ਨਾ, ਕੁਆਰਾ ਰੱਖਦੀ।"

"ਬਾਹਲੀ ਜਬਾਨ ਨਾ ਮਾਰ, ਮੇਰਾ ਮੁੰਡਾ ਐ, ਮੈਂ ਤਾਂ ਆਖੂੰਗੀ "

ਜਗਰਾਜ ਨੇ ਚੌਂਕੇ ਕੋਲ ਆ ਕੇ ਬਲਬੰਤ ਵਲ ਘੂਰ ਕੇ ਵੇਖਿਆ, "ਤੂੰ ਭੌਂਕਣੋਂ ਹਟਦੀ ਐਂ ਕਿ ਨਹੀਂ!"

"ਤੂੰ ਤਾਂ ਬਾਹਰ ਦਫਾ ਹੋ ਜਾਨੈਂ, ਮਗਰੋਂ ਇਹ ਮੈਨੂੰ ਸੂਈ 'ਤੇ ਚੱਕੀ ਰੱਖਦੀ ਐ।" ਪਤਾ ਨਹੀਂ ਜਗਰਾਜ ਨੂੰ ਕੀ ਹੋਇਆ, ਉਹਨੇ ਗੁੱਸੇ ਨਾਲ ਮੱਚਦਿਆਂ ਦੇ ਤਿੰਨ ਧੱਫੇ ਬਲਬੰਤ ਦੇ ਸਿਰ ਵਿਚ ਧਰ ਦਿੱਤੇ, ਉਹ ਰੋਟੀਆਂ ਛੱਡ ਕੇ ਰੋਣ ਲੱਗ ਪਈ। ਸਾਹਬ ਕੁਰ ਨੇ ਕੋਲ ਆ ਕੇ ਜਗਰਾਜ ਨੂੰ ਬਾਹੋਂ ਫੜ੍ਹ ਕੇ ਪਰ੍ਹਾਂ ਕਰਦਿਆਂ ਆਖਿਆ, "ਵੇ ਹੁਣ ਸਾਨੂੰ ਮਾਰ ਮਾਰ ਵਿਖਾਊਨਾਂ, ਲੋਕ ਕੀ ਆਖਣਗੇ! ਮਾਂ ਕੁਟਾਉਂਦੀ ਐ।"



"ਹੋਰ ਰੌਲਾ ਤਾਂ ਥੋਡਾ ਏਹੀ ਐ, ਬਈ ਕੁੱਟਦਾ ਨ੍ਹੀਂ!"

ਉਦੋਂ ਹੀ ਬਾਹਰੋਂ ਗੁਰਬਖਸ਼ ਮੁੜ ਆਇਆ, "ਹਰਾਮੀਆ, ਕੰਜਰਾਂ ਦਾ ਘਰ ਨਾ ਬਣਾ! ਮੈਨੂੰ ਪਤੈ, ਤੁਸੀਂ ਕਿਉਂ ਕਲੇਸ਼ ਕਰਦੇ ਓਂ, ਸਾਲੇ ਕੁੱਤੇ ਸਾਡੇ ਸਾਹਮਣੇ ਲੜ ਲੜ ਵਿਖਾਉਂਦੇ ਐ! ਜਿੱਥੇ ਉਹ ਕੁੜੀ-ਯਾਵਾ ਉਜੜਿਐ, ਉਥੇ ਤੂੰ ਵੀ ਦਫਾ ਹੋ ਜਾ, ਮੈਂ ਆਪੇ ਆਪਦੀ ਕਬੀਲਦਾਰੀ ਸਿਰੇ ਚਲਾ-ਲੂੰ, ਥੋਡੇ ਮਗਰ ਨ੍ਹੀਂ ਆਉਂਦੀ!-ਜਿਹੜੀਆਂ ਤੁਸੀਂ ਲੁਕ ਲੁਕ ਗੱਲਾਂ ਕਰਦੇ ਓਂ।"

ਅਸੀਂ ਕਿਹੜੀਆਂ ਗੱਲਾਂ ਕਰਦੇ ਆਂ?

"ਕਰਦੇ ਨ੍ਹੀਂ!" ਗੁਰਬਖਸ਼ ਫਿਰ ਬੁੜ੍ਹਕਿਆ, "ਅਖੇ ਇਨ੍ਹਾਂ ਤਾਂ ਕਿਸੇ ਨੇ ਕੰਮ 'ਤੇ ਨ੍ਹੀਂ ਲੱਗਣਾ, ਪਾੜ੍ਹੇ ਨੂੰ ਨੌਕਰੀ ਨ੍ਹੀਂ ਮਿਲਣੀ! ਇਹੋ ਜਿਹਾ ਉਹ ਸਾਲਾ, ਜੇ ਨੌਕਰੀ ਨਹੀਂ ਮਿਲਦੀ ਹਰਾਮੀਆ, ਘਰੇ ਤਾਂ ਕੰਮ ਕਰਾ! ਮਾਂ ਯਾਵਾ ਕਾਮਰੇਡਾਂ ਨਾਲ ਵਹਿਲ ਬਣਿਐ ਫਿਰਦੈ! ਆਉਣ ਦੇ ਉਹਨੂੰ ਐਤਕੀਂ, ਉਹਦੇ ਨਾਲ ਵੀ ਕਰਦਾਂ ਉਨੀ-ਇੱਕੀ! ਕੁੱਤਿਓ! ਥੋਨੂੰ ਪਾਲਿਆ, ਪੜ੍ਹਾਇਆ! ਥੋਡਾ ਮਾਂ ਪਿਉ ਵਲ ਕੋਈ ਧਿਆਨ ਈ ਨ੍ਹੀਂ! ਇੱਕ ਕੁੜੀ ਯਾਵੇ ਨੇ ਸਹੁਰਿਆਂ ਭੈਣ ਦੇਣਿਆਂ ਨਾਲ ਰਲ ਕੇ ਮਰੱਬਾ ਖਰੀਦ ਲਿਆ, ਦੇਖੂੰ ਸਾਲਾ ਜਦੋਂ ਜਗੀਰਦਾਰ ਬਣ ਜੂ!"

"ਤੇ ਤੂੰ ਸੁਣ ਉਇ।" ਉਹਨੇ ਜਗਰਾਜ ਵਲ ਉਂਗਲ ਕੀਤੀ, "ਕੋਈ ਲੋੜ ਨਹੀਂ, ਏਥੇ ਹਰ ਦੂਜੇ ਤੀਜੇ ਕਲੇਸ਼ ਖੜਾ ਕਰਨ ਦੀ, ਸਮਝਿਆ! ਜੇ ਇਨਸਾਨ ਦਾ ਤੁਖਮ ਐਂ ਤਾਂ ਸਵੇਰੇ ਈ ਆਪਦਾ ਡੰਡਾ-ਡੇਰਾ ਚੁੱਕ ਏਥੋਂ, ਜੰਮ ਕੇ ਜੁਆਕਾਂ ਦੀ ਲਾਰ, ਸਾਲਾ ਉਥੇ ਜਮਾਈ ਬਣ ਕੇ ਬਹਿ ਜਾਂਦੈ! ਨਾ ਠੇਠਰਾ ਇਨ੍ਹਾਂ ਨੂੰ ਹੁਣ ਅਸੀਂ ਸਾਂਭੀਏ ਉਇ?"

"ਕੌਣ ਕਹਿੰਦਾ ਸਾਂਭਣ ਲਈ, ਰੌਲਾ ਪਾਉਣ ਦੀ ਲੋੜ ਨਹੀਂ, ਸਵੇਰੇ ਨਿਤਾਰਾ ਕਰ ਲਾਂਗੇ, ਮੈਂ ਤਾਂ ਅੱਜ ਈ ਨਹੀਂ ਆਉਂਦਾ ਸੀ।"

"ਅੱਜ ਨੀ ਆਉਂਦਾ ਸੀ ਇਹ!" ਗੁਰਬਖਸ਼ ਨੇ ਉਹਦੀ ਸਾਂਗ ਭਰੀ। ਇਹਨੂੰ ਮਾਂ ਨੂੰ ਨਾਲ ਲਿਜਾਇਆ ਕਰ, ਕੀ ਕੀ ਬਚਨ ਬੋਲਦੀ ਐ।"

"ਫੇਰ ਦਿਨ ਤਾਂ ਚੜ੍ਹ ਲੈਣ ਦੇ।" ਸਾਹਬ ਕੁਰ ਨੇ ਗੁਰਬਖਸ਼ ਨੂੰ ਸ਼ਾਂਤੀ ਧਾਰਨ ਲਈ ਆਖਿਆ, ਉਹ ਉਹਨੂੰ ਭੱਜ ਕੇ ਪਿਆ, "ਤੂੰ ਚੁੱਪ ਕਰਕੇ ਬੈਠੀ ਰਹਿ, ਇਸ ਘਰ ਦੀ ਤਾਣੀ ਤੇਰੇ ਪੈਰੋਂ ਵਿਗੜੀ ਐ!"

ਸਾਹਬ ਕੁਰ ਚੁੱਪ ਕਰ ਗਈ।

"ਜੇ ਬੰਦਾ ਐਂ, ਏਥੇ ਮੁੜ ਕੇ ਨਾ ਆਈਂ!"

"ਨਹੀਂ ਆਉਂਦਾ।" ਜਗਰਾਜ ਵਿਹੜੇ ਵਿਚ ਗੁੰਮ-ਸੁੰਮ ਹੋਇਆ ਖਲੋਤਾ ਸੀ।

"ਹਾਂ, ਬੇਸ਼ੱਕ ਨਾ ਆਈਂ, ਮੈਨੂੰ ਨਹੀਂ ਜਰੂਰਤ ਨਲਾਇਕ ਪੁੱਤਾਂ ਦੀ! ਇਕ ਗੱਲ ਪੱਲੇ ਬੰਨ੍ਹ ਕੇ ਨਾਲ ਲੈਜਾਈਂ ਪਿੰਡ ਤੋਂ ਵੀਹ ਮੀਲ ਪਰ੍ਹੇ ਦਫਾ ਹੋਈਂ! ਤੁਸੀਂ ਸਾਲਿਓ, ਖਾ ਗਏ ਮੈਨੂੰ ਵੱਢ ਕੇ! ਮੇਰੇ ਸਰੀਰ 'ਤੇ ਤੁਸੀਂ ਮਾਸ ਨ੍ਹੀਂ ਛੱਡਿਆ!"

ਗੁਰਬਖਸ਼ ਨਸ਼ੇ ਦੀ ਤਾਰ ਵਿਚ ਬੋਲਦਾ ਰਿਹਾ, ਹੋਰ ਬਾਕੀ ਸਭ ਚੁੱਪ ਹੋ ਗਏ ਸਨ, ਬਲਬੰਤ ਨੇ ਰੋ ਧੋ ਕੇ ਰੋਟੀਆਂ ਪਕਾਉਣੀਆਂ ਉਥੇ ਅੱਧ-ਵਿਚਕਾਰ ਹੀ ਛੱਡ ਦਿੱਤੀਆਂ ਸਨ, ਸਾਹਬ ਕੁਰ ਨੇ ਧੀਰੇ ਅਤੇ ਗੁਰਬਖਸ਼ ਨੂੰ ਰੋਟੀ ਫੜਾ ਦਿੱਤੀ, ਉਸ ਰੁਕ ਰੁਕ ਬੋਲਦਿਆਂ ਖਾ ਲਈ। ਦੋ ਤਿੰਨ ਬਾਰ ਜਗਰਾਜ ਕੋਲ ਜਾ ਕੇ ਸਾਹਬ ਕੁਰ ਨੇ ਰੋਟੀ ਖਾ ਲੈਣ ਲਈ ਆਖਿਆ, ਪਰ ਉਸ ਜਵਾਬ ਕੋਈ ਨਹੀਂ ਦਿੱਤਾ। ਜਦੋਂ ਸਾਹਬ ਕੁਰ ਭਾਂਡਾ-ਟੀਂਡਾ ਸਾਂਭ ਕੇ ਕੁੜੀ ਕੋਲ ਪਈ ਤਦ ਰਾਤ ਬਹੁਤ ਵੱਡੀ ਹੋ ਗਈ ਸੀ। ਦੂਸਰੇ ਦਿਨ ਜਗਰਾਜ ਬਿਨਾ ਕੁਝ ਆਖੇ ਆਪਣੇ ਕੰਮ ਉੱਤੇ ਚਲਾ ਗਿਆ ਅਤੇ ਕਈ ਦਿਨ ਨਾ ਮੁੜਿਆ।

ਘਰ ਵਿਚ ਮਾਹੌਲ ਹੁੰਮਸ ਭਰਿਆ ਸੀ, ਸਾਰਿਆਂ ਦੇ ਚਿਹਰੇ ਕਸੇ ਹੋਏ ਸਨ। ਸਾਹਬ ਕੁਰ ਜਦੋਂ ਨੂੰਹ ਦੇ ਵਿਟਰੇ ਹੋਏ ਮੂੰਹ ਵਲ ਵੇਖਦੀ, ਉਸਨੂੰ ਹੋਰ ਚੀਹ ਚੜ੍ਹਦੀ, "ਲੜਾਈ ਕੀਹਦੇ ਘਰ ਨ੍ਹੀਂ? ਐਂ ਵੀ ਕਦੇ ਹੋਇਐ, ਮੂੰਹ ਈ ਘੂਰ ਵਰਗਾ ਕਰੀ ਰੱਖਣੈ, ਆਹ ਤਾਂ ਨਵੇਂ ਕੰਮ ਐ।" ਜਗਰਾਜ ਦੇ ਨਾ ਮੁੜਨ ਕਰਕੇ ਵੀ ਸਾਹਬ ਕੁਰ ਅੱਕੀ ਹੋਈ ਸੀ, ਬਲਬੰਤ ਚੁਪ-ਚਾਪ ਸਾਰਾ ਘਰ ਦਾ ਕੰਮ ਕਰਦੀ, ਪਰ ਅੱਗੇ ਵਾਂਗ ਸਾਹਬ ਕੁਰ ਨਾਲ ਰਚ ਮਿਚ ਕੇ ਗੱਲਾਂ ਨਾ ਕਰਦੀ।

(ਬਾਕੀ ਅਗਲੇ ਅੰਕ 'ਚ)

# ਸਮਾਜਿਕ ਤਬਦੀਲੀ 'ਚ ਫਿਲਮਾਂ ਅਦਾ ਕਰਦੀਆਂ ਨੇ ਅਹਿਮ ਭੂਮਿਕਾ

**ਮਾਸਟਰ ਮੋਹਨ ਲਾਲ**

ਸਮਾਜਿਕ ਤਬਦੀਲੀ 'ਚ ਭਾਰਤੀ ਫਿਲਮਾਂ ਦੇ ਯੋਗਦਾਨ ਨੂੰ ਨਕਾਰਿਆ ਨਹੀ ਜਾ ਸਕਦਾ। ਜੇ ਸਾਰੀਆਂ ਫਿਲਮਾਂ ਨੂੰ ਨਾ ਵੀ ਲਈਏ ਤਾਂ ਕੁਝ ਕੁ ਹਿੰਦੀ ਫਿਲਮਾਂ ਨੂੰ ਆਸਾਨੀ ਨਾਲ ਨਹੀਂ ਭੁਲਾਇਆ ਜਾ ਸਕਦਾ। ਅੱਜ ਦੀ ਪੀੜ੍ਹੀ ਸ਼ਾਇਦ ਮੇਰੇ ਵਲੋਂ ਲਿਖੇ ਫਿਲਮਾਂ ਦੇ ਨਾਵਾਂ ਵਲ ਧਿਆਨ ਨਾ ਵੀ ਦੇਵੇ ਤਾਂ ਵੀ ਮੇਰੀ ਉਮਰ ਦੇ ਲੋਕ 50 ਤੇ 70 ਦੇ ਦੋ ਦਹਾਕਿਆਂ 'ਚ ਆਈਆਂ ਕੁਝ ਫਿਲਮਾਂ ਨੂੰ ਚੇਤੇ ਕਰਕੇ ਜ਼ਰੂਰ ਮੰਤਰ ਮੁਗਧ ਹੋਣਗੇ।

ਮੈਂ ਇਹ ਦਾਅਵਾ ਕਦੇ ਨਹੀਂ ਕਰਾਂਗਾ ਕਿ ਜਿਨ੍ਹਾਂ ਫਿਲਮਾਂ ਦਾ ਮੈਂ ਜ਼ਿਕਰ ਕੀਤਾ ਹੈ ਉਹ ਤਬਦੀਲੀ ਲਿਆਉਣ ਵਾਲੀਆਂ ਸਨ ਪਰ ਸੋਚ ਤਾਂ ਫਿਲਮਾਂ ਲਿਖਣ ਵਾਲਿਆਂ ਦੀ ਤੇ ਮੇਰੀ ਆਪਣੀ ਹੋ ਸਕਦੀ ਹੈ। ਹਿੰਦੀ ਫਿਲਮਾਂ ਨੇ ਮਨੋਰੰਜਨ, ਹਿੰਸਾ, ਅਸ਼ਲੀਲਤਾ, ਮਾਰ-ਧਾੜ ਜਾਂ ਨਵੇਂ-ਨਵੇਂ ਪਹਿਰਾਵਿਆਂ ਨੂੰ ਸਮਾਜ ਵਿਚ ਲਿਆਉਣ ਦਾ ਕੰਮ ਤਾਂ ਕੀਤਾ ਹੀ ਹੈ, ਸਮਾਜ ਨੂੰ ਉਚੇਤਨ ਅਤੇ ਭੜਕਾਉਣ ਦਾ ਕੰਮ ਵੀ ਕੀਤਾ।


1947 ਤੋਂ ਬਾਅਦ ਦੀਆਂ ਫਿਲਮਾਂ ਨੇ ਦਰਸ਼ਕਾਂ ਨੂੰ ਹਸਾਇਆ ਵੀ, ਰੁਆਇਆ ਵੀ ਤੇ ਆਪਣਾ ਇੱਕਾ-ਦੁੱਕਾ ਪ੍ਰਭਾਵ ਵੀ ਛੱਡਿਆ। ਇਹ ਵੀ ਸਹੀ ਹੈ ਕਿ ਫਿਲਮਾਂ ਨੇ ਹਿੰਦੀ ਭਾਸ਼ਾ ਨੂੰ ਘਰ-ਘਰ ਪਹੁੰਚਾਉਣ ਦਾ ਕੰਮ ਵੀ ਕੀਤਾ ਹੈ। ਕੁਝ ਫਿਲਮਾਂ ਤਾਂ ਸਾਹਿਤਕ ਕਸੌਟੀ 'ਤੇ ਵੀ ਖਰੀਆਂ ਉਤਰੀਆਂ।

ਇਸ ਲੇਖ ਰਾਹੀਂ ਮੈਂ ਵੀ. ਸ਼ਾਂਤਾਰਾਮ, ਮਹਿਬੂਬ ਖਾਨ, ਕੇ. ਆਸਿਫ, ਕੇ.ਏ. ਅੱਬਾਸ, ਬਿਮਲ ਰਾਏ, ਰਿਸ਼ੀਕੇਸ਼ ਮੁਖਰਜੀ, ਰਾਜ ਕਪੂਰ, ਗੁਰੂਦੱਤ, ਰਾਮਾਨੰਦ ਸਾਗਰ, ਜੈਮਿਨੀ ਅਤੇ ਏ.ਬੀ.ਐਮ., ਫਿਲਮੀ ਕੰਪਨੀਆਂ, ਸ੍ਰੀਧਰ, ਸਤਿਆਜੀਤ ਰੇ, ਚੇਤਨ ਆਨੰਦ ਤੇ ਅਸ਼ੋਕ ਕੁਮਾਰ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਨੀ ਚਾਹੁੰਦਾ ਹਾਂ। ਬੀ.ਆਰ. ਚੋਪੜਾ, ਦੇਵ ਆਨੰਦ, ਸ਼ਿਆਮ ਬੈਨੇਗਲ, ਦਲੀਪ ਕੁਮਾਰ ਤੇ ਲਤਾ ਮੰਗੇਸ਼ਕਰ ਪ੍ਰਤੀ ਸ਼ੁਕਰਗੁਜ਼ਾਰ ਹਾਂ।

ਕੁਝ ਫਿਲਮਾਂ ਤਾਂ ਜਿਵੇਂ ਅਮਰ ਹੋ ਗਈਆਂ ਜਿਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਨੂੰ ਝਿੰਜੋੜਿਆ। 'ਮਦਰ ਇੰਡੀਆ', 'ਦੋ ਆਂਖੇ ਬਾਰ੍ਹਾਂ ਹਾਥ', 'ਦੋ ਬਿਘਾ ਜ਼ਮੀਨ', 'ਧੂਲ ਕਾ ਫੂਲ', 'ਉਪਕਾਰ', 'ਗਾਈਡ', 'ਪ੍ਰੋਫੈਸਰ', 'ਮੁਗਲੇ-ਆਜ਼ਮ', 'ਪਿਆਸਾ', 'ਅਰਾਧਨਾ', 'ਮੁਝੇ ਜੀਨੇ ਦੋ',

> *'ਨਯਾ ਦੌਰ' ਫ਼ਿਲਮ 'ਚ ਮਸ਼ੀਨੀਕਰਨ 'ਤੇ ਤਿੱਖਾ ਵਾਰ ਕੀਤਾ ਗਿਆ ਸੀ। ਟਾਂਗੇ ਅਤੇ ਬੱਸ ਦੀ ਦੌੜ ਨੂੰ ਪ੍ਰਤੀਕ ਮੰਨਦਿਆਂ ਮਸ਼ੀਨ ਦੀ ਅੰਨ੍ਹੇਵਾਹ ਵਰਤੋਂ ਕਾਰਨ ਬੇਕਾਰ ਹੁੰਦੇ ਮਨੁੱਖ ਦੀ ਕਹਾਣੀ 'ਨਯਾ ਦੌਰ' 'ਚ ਪੇਸ਼ ਕੀਤੀ ਗਈ ਸੀ।*

'ਪੈਗਾਮ', 'ਦਿਲ ਏਕ ਮੰਦਿਰ', 'ਵਕਤ', 'ਪਾਕੀਜ਼ਾ', 'ਸ਼ੋਅਲੇ', 'ਦੇਵਦਾਸ', 'ਹਕੀਕਤ', 'ਸ਼ਹੀਦ', 'ਵੀਰ-ਜ਼ਾਰਾ', ਤੇ 'ਲਗਾਨ' ਆਦਿ ਫਿਲਮਾਂ ਜ਼ਰੂਰ ਦਰਸ਼ਕਾਂ 'ਤੇ ਪ੍ਰਭਾਵ ਛੱਡਣ ਵਾਲੀਆਂ ਰਹੀਆਂ ਹਨ। ਵਿਚ-ਵਿਚ ਹਸਾਉਣ ਵਾਲੀਆਂ ਫਿਲਮਾਂ ਵੀ ਦਰਸ਼ਕਾਂ ਨੂੰ ਮੋਹਿਤ ਕਰਦੀਆਂ ਰਹੀਆਂ ਜਿਵੇਂ 'ਬੰਬਈ ਕਾ ਬਾਬੂ', 'ਨਜ਼ਰਾਨਾ', 'ਫੂਲ ਔਰ ਪੱਥਰ', 'ਸੁਜਾਤਾ' ਵਗੈਰਾ-ਵਗੈਰਾ।




ਦੇਸ਼ 'ਚ ਜ਼ਿੰਮੀਦਾਰੀ ਪ੍ਰਥਾ, ਕਿਸਾਨਾਂ ਦਾ ਕਰਜ਼ੇ ਦੇ ਬੋਝ ਹੇਠਾਂ ਦੱਬੇ ਹੋਣਾ ਅਤੇ ਜ਼ਮੀਨ ਤੇ ਕਿਸਾਨ ਦਾ ਆਪਸੀ ਮੋਹ ਆਦਿ ਵਿਸ਼ਿਆਂ ਨੂੰ ਜ਼ਾਹਿਰ ਕਰਦੀ ਮਹਿਬੂਬ ਖਾਨ ਦੀ ਫਿਲਮ 'ਮਦਰ ਇੰਡੀਆ' ਮੀਲ ਦਾ ਪੱਥਰ ਸਿੱਧ ਹੋਈ। ਕਿਸਾਨ ਦੇ ਖ਼ੂਨ-ਪਸੀਨੇ ਦੀ ਕਮਾਈ ਫਸਲ ਪੱਕਦਿਆਂ ਹੀ ਸ਼ਾਹੂਕਾਰ ਲੈ ਜਾਂਦਾ ਹੈ। ਵਿਆਜ ਦੀ ਮਾਰ ਹੇਠਾਂ ਪਿਸਦਾ ਕਿਸਾਨ ਆਪਣੀ ਕਿਸਮਤ ਨੂੰ ਰੋਂਦਾ ਰਹਿੰਦਾ ਹੈ। ਇਸ ਫਿਲਮ ਨੇ ਨਰਗਿਸ ਨੂੰ ਅਮਰ ਕਰ ਦਿੱਤਾ। ਬਦਲੇ ਦੀ ਅੱਗ 'ਚ ਸੜਦਾ 'ਬਿਰਜੂ' ਆਪਣੀ ਹੀ ਮਾਂ ਦੀ ਗੋਲੀ ਦਾ ਨਿਸ਼ਾਨਾ ਬਣ ਜਾਂਦਾ ਹੈ। ਇਸ ਫਿਲਮ ਨੇ ਸਰਕਾਰਾਂ ਨੂੰ ਮਜਬੂਰ ਕੀਤਾ ਕਿ ਉਹ ਕਿਸਾਨਾਂ ਨੂੰ ਕਰਜ਼-ਮੁਕਤ ਕਰਨ ਦਾ ਕਾਨੂੰਨ ਬਣਾਉਣ ਅਤੇ ਜ਼ਿੰਮੀਦਾਰੀ ਪ੍ਰਥਾ ਖਤਮ ਕਰਨ। 'ਦੋ ਬਿਘਾ ਜ਼ਮੀਨ' ਕਿਸਾਨ ਦੇ ਖੇਤੀ ਪ੍ਰਤੀ ਮੋਹ ਨੂੰ ਦਰਸਾਉਂਦੀ ਫਿਲਮ ਸੀ। 'ਗੰਗਾ ਜਮੁਨਾ' ਜ਼ਿੰਮੀਦਾਰ ਦੀ ਕਰੂਰਤਾ ਨੂੰ ਜ਼ਾਹਿਰ ਕਰਦੀ ਸੀ। ਜ਼ਿੰਮੀਦਾਰ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ ਇਕ ਭਲਾ ਨੌਜਵਾਨ ਦਲੀਪ ਕੁਮਾਰ ਡਾਕੂ ਬਣ ਜਾਂਦਾ ਹੈ। ਮਨੋਜ ਕੁਮਾਰ ਦੀ ਫਿਲਮ 'ਉਪਕਾਰ' 'ਚ ਦੇਸ਼ ਦੇ ਸੰਕਟ ਸਮੇਂ ਅਨਾਜ ਨੂੰ ਗੋਦਾਮਾਂ 'ਚ ਲੁਕੋ ਲੈਣਾ, ਸ਼ਾਹੂਕਾਰ ਦੀ ਅਯਾਸ਼ੀ ਤੇ ਭੁੱਖੇ-ਪਿਆਸੇ ਬੱਚਿਆਂ ਵਲੋਂ ਜੂਠੇ ਡੂਨੇ-ਪੱਤਲ ਚੱਟਣਾ ਆਦਿ ਦ੍ਰਿਸ਼ ਦਿਲ ਨੂੰ ਛੂਹ ਲੈਣ ਵਾਲੇ ਸਨ। ਪਿੱਛੇ ਜਿਹੇ ਆਮਿਰ ਖਾਨ ਦੀ ਫਿਲਮ ਆਈ ਸੀ 'ਲਗਾਨ' ਜਿਸ 'ਚ ਕਿਸਾਨਾਂ ਦੀ ਹੀ ਸਮੱਸਿਆ ਉਠਾਈ ਗਈ ਸੀ। ਇਸੇ ਤਰ੍ਹਾਂ ਰਾਜ ਕਪੂਰ ਦੀ ਫਿਲਮ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਤੇ ਸੁਨੀਲ ਦੱਤ ਦੀ 'ਮੁਝੇ ਜੀਨੇ ਦੋ' ਚੰਬਲ ਘਾਟੀ 'ਚ ਲੁਕੇ ਡਾਕੂਆਂ ਨੂੰ ਮੁੜ ਸਮਾਜ ਦਾ ਅੰਗ ਬਣਾਉਣ ਵਰਗੇ ਮੁੱਦਿਆਂ 'ਤੇ ਆਧਾਰਿਤ ਸੀ।

**ਪਿਆਰ 'ਚ ਡੁਬੋ ਦੇਣ ਵਾਲੀਆਂ ਫ਼ਿਲਮਾਂ:** 'ਦਿਲ ਏਕ ਮੰਦਿਰ' 'ਚ ਪਿਆਰ ਦੀ ਮੂਰਤ ਬਣੀ ਮੀਨਾ ਕੁਮਾਰੀ ਨੇ ਪਿਆਰ 'ਤੇ ਕੁਰਬਾਨ ਹੁੰਦਿਆਂ ਰਾਜਿੰਦਰ ਕੁਮਾਰ ਅਤੇ ਲਾ-ਇਲਾਜ ਰੋਗੀ ਰਾਜ ਕੁਮਾਰ ਨਾਲ ਜੋ ਰੋਲ ਨਿਭਾਇਆ, ਉਸਨੇ ਦਰਸ਼ਕਾਂ ਨੂੰ ਸਿਨੇਮਾ ਘਰ 'ਚ ਬੰਨ੍ਹ ਕੇ ਰੱਖ ਦਿੱਤਾ।

ਫਿਲਮ 'ਗੀਤ ਗਾਇਆ ਪੱਥਰੋਂ ਨੇ' 'ਚ ਵੀ ਪਿਆਰ ਦਾ ਸ਼ਾਨਦਾਰ ਚਿਤਰਨ ਕੀਤਾ ਗਿਆ। ਫਿਲਮ 'ਬੌਬੀ' ਦੋ ਅੱਲ੍ਹੜ ਉਮਰ ਦੇ ਪ੍ਰੇਮੀਆਂ ਦੀ ਕਹਾਣੀ ਸੀ। ਇਸੇ ਤਰ੍ਹਾਂ ਪਿਆਰ ਵਿਸ਼ੇ ਨੂੰ ਲੈ ਕੇ ਕਈ ਹੋਰ ਸਫਲ ਫਿਲਮਾਂ ਬਣੀਆਂ।

ਜੈਮਿਨੀ ਦੀ ਫਿਲਮ 'ਪੈਗਾਮ' ਨੇ ਤਾਂ ਜਿਵੇਂ ਕ੍ਰਾਂਤੀ ਹੀ ਲਿਆ ਦਿੱਤੀ ਸੀ। ਮਜ਼ਦੂਰ ਅਤੇ ਮਿੱਲ ਮਾਲਕ ਦੇ ਝਗੜੇ ਅਤੇ ਹੜਤਾਲਾਂ ਤੇ ਮਜ਼ਦੂਰਾਂ ਨੂੰ ਯੂਨੀਅਨਾਂ ਦੇ ਝੰਡੇ ਹੇਠਾਂ ਇੱਕਜੁੱਟ ਹੋਣ ਦਾ 'ਪੈਗਾਮ' ਫਿਲਮ ਨੇ ਖੁੱਲ੍ਹ ਕੇ ਦਿੱਤਾ।

ਕੁਲੀ ਯੂਨੀਅਨ, ਰੇਹੜੀ ਯੂਨੀਅਨ, ਖੋਖਾ ਯੂਨੀਅਨ, ਰਿਕਸ਼ਾ ਯੂਨੀਅਨ ਦਾ ਪ੍ਰਚਲਨ ਇਸੇ ਫਿਲਮ ਤੋਂ ਸ਼ੁਰੂ ਹੋਇਆ। 'ਨਯਾ ਦੌਰ' ਫਿਲਮ 'ਚ ਮਸ਼ੀਨੀਕਰਨ 'ਤੇ ਤਿੱਖਾ ਵਾਰ ਕੀਤਾ ਗਿਆ ਸੀ। ਟਾਂਗੇ ਅਤੇ ਬੱਸ ਦੀ ਦੌੜ ਨੂੰ ਪ੍ਰਤੀਕ ਮੰਨਦਿਆਂ ਮਸ਼ੀਨ ਦੀ ਅੰਨ੍ਹੇਵਾਹ ਵਰਤੋਂ ਕਾਰਨ ਬੇਕਾਰ ਹੁੰਦੇ ਮਨੁੱਖ ਦੀ ਕਹਾਣੀ 'ਨਯਾ ਦੌਰ' ਫਿਲਮ 'ਚ ਪੇਸ਼ ਕੀਤੀ ਗਈ ਸੀ।

ਮਨੋਜ ਕੁਮਾਰ ਤੇ ਦਲੀਪ ਕੁਮਾਰ ਦੀਆਂ ਫਿਲਮਾਂ ਨੇ ਸਮਾਜ ਨੂੰ ਦੇਸ਼ ਭਗਤੀ ਦਾ ਪੈਗਾਮ ਦਿੱਤਾ। ਮਨੋਜ ਕੁਮਾਰ ਦੀ ਫਿਲਮ 'ਸ਼ਹੀਦ' ਖੂਬ ਚੱਲੀ। 1962 ਦੀ ਭਾਰਤ-ਚੀਨ ਜੰਗ 'ਤੇ ਬਣੀ ਚੇਤਨ ਆਨੰਦ ਦੀ ਫਿਲਮ 'ਹਕੀਕਤ' ਬਰਫੀਲੀਆਂ ਚੋਟੀਆਂ 'ਤੇ ਫੌਜ ਦੇ ਜਵਾਨਾਂ ਦੇ ਲੜਦਿਆਂ-ਲੜਦਿਆਂ ਸ਼ਹੀਦ ਹੋਣ ਵਾਲੀ ਇਕ ਪ੍ਰੇਰਣਦਾਇਕ ਫਿਲਮ ਸੀ। ਜੰਗ ਦੀ ਭਿਆਨਕਤਾ ਨੂੰ ਦੇਵ ਆਨੰਦ ਨੇ ਫਿਲਮ 'ਹਮ ਦੋਨੋਂ' 'ਚ ਬਹੁਤ ਵਧੀਆ ਢੰਗ ਨਾਲ ਦਿਖਾਇਆ। ਇਸੇ ਤਰ੍ਹਾਂ 'ਲਗਾਨ' ਫਿਲਮ 'ਚ ਖੇਡ ਭਾਵਨਾ ਨਾਲ ਦੇਸ਼ ਭਗਤੀ ਨੂੰ ਜ਼ਾਹਿਰ ਕੀਤਾ ਗਿਆ। ਕੁੱਲ ਮਿਲਾ ਕੇ ਅਜ਼ਾਦੀ ਤੋਂ ਪਿੱਛੋਂ ਬਹੁਤ ਸਾਰੀਆਂ ਫਿਲਮਾਂ ਅਜਿਹੀਆਂ ਆਈਆਂ ਜਿਨ੍ਹਾਂ ਦਾ ਸਮਾਜ ਦੇ ਵੱਖ ਵੱਖ ਵਰਗਾਂ ਨਾਲ ਡੂੰਘਾ ਸਰੋਕਾਰ ਸੀ।

## 55ਵੇਂ ਸਾਲ ਵਿਚ ਪਹੁੰਚ ਕੇ ਵੀ 'ਜਵਾਨ' ਹੈ ਰੇਖਾ

ਕੇਵਲ 12 ਸਾਲਾਂ ਦੀ ਉਮਰ ਵਿਚ ਅਦਾਕਾਰੀ 'ਚ ਪੈਰ ਰੱਖਣ ਵਾਲੀ ਸਦਾਬਹਾਰ ਅਦਾਕਾਰਾ ਰੇਖਾ 55 ਸਾਲਾਂ ਦੀ ਹੋ ਗਈ ਹੈ। ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਆਮ ਤੌਰ 'ਤੇ ਬਹੁਤੀਆਂ ਅਭਿਨੇਤਰੀਆਂ ਖੂਬਸੂਰਤੀ ਕਾਇਮ ਨਹੀਂ ਰੱਖ ਸਕੀਆਂ, ਪਰ ਰੇਖਾ ਇਸ ਉਮਰ 'ਚ ਹੋ ਕੇ ਅੱਜ ਵੀ ਜਵਾਨ ਦਿਖਾਈ ਦਿੰਦੀ ਹੈ। ਪਿਛਲੇ 42 ਸਾਲਾਂ ਤੋਂ ਹਿੰਦੀ ਫਿਲਮ ਜਗਤ ਨਾਲ ਜੁੜੀ ਰੇਖਾ ਦੀਆਂ ਖਿੱਚ ਪਾਉਂਦੀਆਂ ਅੱਖਾਂ ਅਤੇ ਖੂਬਸੂਰਤੀ ਦਰਸ਼ਕਾਂ ਨੂੰ ਮੱਲੋ-ਮੱਲੀ ਸਿਨੇਮਾ ਘਰਾਂ ਤੱਕ ਖਿੱਚ ਲਿਆਉਂਦੀ ਹੈ। ਇੰਨਾ ਹੀ ਨਹੀਂ ਰੇਖਾ ਨੂੰ ਫਿਲਮ ਜਗਤ ਦੀਆਂ ਅਹਿਮ ਹਸਤੀਆਂ ਅਤੇ ਉਸਦੇ ਪ੍ਰਸ਼ੰਸਕ ਇਕ ਐਸੀ 'ਸੰਪੂਰਨ ਅਦਾਕਾਰਾ' ਆਖਦੇ ਹਨ, ਜਿਸ 'ਚ ਅਦਾਕਾਰੀ ਦੇ ਸਾਰੇ ਗੁਣ ਮੌਜੂਦ ਹਨ। ਦੱਖਣੀ ਫਿਲਮਾਂ ਦੇ ਅਦਾਕਾਰ ਜੈਮਿਨੀ ਗਣੇਸ਼ਨ ਦੀ ਧੀ ਰੇਖਾ ਨੇ ਆਪਣੀ ਪਹਿਲੀ ਹੀ ਫਿਲਮ 'ਸਾਵਨ-ਭਾਦੋਂ' ਵਿਚ ਸਫਲਤਾ ਦਾ ਝੰਡਾ ਗੱਡ ਦਿੱਤਾ ਸੀ। ਮੁਜ਼ੱਫਰ ਅਲੀ ਦੀ 'ਉਮਰਾਓ ਜਾਨ' (1981) ਲਈ ਰੇਖਾ ਨੂੰ ਕੌਮੀ ਪੁਰਸਕਾਰ ਵੀ ਮਿਲਿਆ ਸੀ। ਰੇਖਾ ਨੇ ਆਪਣੇ ਫਿਲਮੀ ਕੈਰੀਅਰ 'ਚ 180 ਤੋਂ ਵੀ ਵਧ ਫਿਲਮਾਂ ਵਿਚ ਕੰਮ ਕੀਤਾ ਹੈ। ਉਸ ਦੀ ਅਦਾਕਾਰੀ ਦੇ ਅਲੱਗ-ਅਲੱਗ ਰੂਪ ਦਰਸ਼ਕਾਂ ਨੂੰ ਦੇਖਣ ਨੂੰ ਮਿਲੇ। ਅਦਾਕਾਰ ਸ਼ਾਹਰੁਖ ਖਾਨ ਦੀ ਫਿਲਮ 'ਓਮ ਸ਼ਾਂਤੀ ਓਮ' ਵਿਚ ਉਹ ਫਿਰ ਨਜ਼ਰ ਆਈ।



ਰੇਖਾ ਨੇ 'ਸਾਵਨ-ਭਾਦੋਂ' ਤੋਂ ਇਲਾਵਾ 'ਕਹਾਣੀ ਕਿਸਮਤ ਕੀ', 'ਨਮਕ ਹਰਾਮ', 'ਰਾਮਪੁਰ ਕਾ ਲਛਮਣ', 'ਪ੍ਰਾਣ ਜਾਏ ਪਰ ਵਚਨ ਨਾ ਜਾਏ', ਵਰਗੀਆਂ ਸਫਲ ਫਿਲਮਾਂ ਕੀਤੀਆਂ, ਪਰ ਸਾਲ 1976 ਦੀ ਫਿਲਮ 'ਦੋ ਅਨਜਾਨੇ' ਵਿਚ ਉਸ ਦੀ ਅਦਾਕਾਰੀ ਨੂੰ ਸਲਾਹਿਆ ਗਿਆ। ਪ੍ਰਸਿੱਧ ਫਿਲਮ ਇਤਿਹਾਸਕਾਰ ਗੌਤਮ ਕੌਲ ਨੇ ਕਿਹਾ ਕਿ ਰੇਖਾ ਸਵੀਡਨ ਦੀ ਹੀਰੋਇਨ ਗ੍ਰੀਟਾ ਗਾਰਬੋ ਵਰਗੀ ਹੈ। ਇਹ ਚਰਚਾ ਹੈ ਕਿ ਰੇਖਾ ਆਪਣੀ ਆਤਮ ਕਥਾ ਲਿਖ ਰਹੀ ਹੈ ਤੇ ਉਹ 'ਕ੍ਰਿਸ਼' ਸ਼੍ਰੇਣੀ ਦੀ ਅਗਲੀ ਫਿਲਮ 'ਚ ਵੀ ਨਜ਼ਰ ਆਵੇਗੀ।

## ਕਾਰਾਂ ਉਡਦੀਆਂ ਵੇਖਣੀਆਂ ਤਾਂ ਵੇਖੋ 'ਐਸਿਡ ਫੈਕਟਰੀ'

'ਐਸਿਡ ਫੈਕਟਰੀ' ਇਕ ਰੁਝੇਵਿਆਂ ਭਰੇ ਕੰਪਲੈਕਸ ਵਿਚ ਖੁੱਲ੍ਹਦੀ ਹੈ। ਇਸ ਦੇ ਸੈੱਟ ਦਾ ਪਿਛੋਕੜ ਵੀ ਇਕ ਤੇਜ਼ਾਬ ਦੀ ਫੈਕਟਰੀ ਵਾਲਾ ਹੈ। ਸ਼ੁਰੂਆਤ ਫਰਦੀਨ ਖ਼ਾਨ ਨਾਲ ਹੁੰਦੀ ਹੈ, ਜਿਹੜਾ ਇਹ ਜਾਣੇ ਬਗ਼ੈਰ ਜਾਗਦਾ ਹੈ ਕਿ ਉਹ ਕਿੱਥੇ ਹੈ ਅਤੇ ਉਹ ਕੌਣ ਹੈ? ਮੰਦਬੁੱਧੀ ਤੋਂ ਪੀੜਤ ਉਹ ਚਾਰ ਹੋਰ ਲੋਕਾਂ (ਆਫ਼ਤਾਬ ਸ਼ਿਵਦਾਸਾਨੀ, ਦੀਨੋ ਮੋਰੀਆ, ਮਨੋਜ ਵਾਜਪਾਈ ਅਤੇ ਡੈਨੀ) ਉਪਰ ਡਿੱਗ ਪੈਂਦਾ ਹੈ, ਜਿਸ ਨਾਲ ਉਹ ਹੜਬੜਾਏ ਹੋਏ ਜਾਗ ਪੈਂਦੇ ਹਨ। ਉਨ੍ਹਾਂ ਨੂੰ ਇਹ ਸਮਝਣ ਵਿਚ ਦੇਰ ਨਹੀਂ ਲੱਗਦੀ ਕਿ ਉਹ ਇਕ ਕੁੜਿੱਕੀ ਵਿਚ ਫਸ ਗਏ ਹਨ ਅਤੇ ਮਲਾਈ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੈ। ਰੌਸ਼ਨੀ ਹੋਣ 'ਤੇ ਉਨ੍ਹਾਂ ਨੌਜਵਾਨਾਂ ਦੀ ਪਛਾਣ ਜ਼ਾਹਿਰ ਹੁੰਦੀ ਹੈ ਅਤੇ ਪਤਾ ਲੱਗਦਾ ਹੈ ਕਿ ਉਹ ਫੈਕਟਰੀ ਵਿਚ ਕਿਵੇਂ ਉਤਰੇ ਸਨ, ਜੋ ਕਿ ਅੱਧ-ਪਚੱਧੀ ਬਣੀ ਹੋਈ ਹੈ। ਇਰਫਾਨ ਅਤੇ ਦੀਆ ਮਿਰਜ਼ਾ ਆਪਸ ਵਿਚ ਚੋਹਲ ਮੋਹਲ ਕਰਦੇ ਹਨ ਤਾਂ ਫਿਲਮ ਕਲਾਈਮੈਕਸ 'ਤੇ ਪਹੁੰਚ ਜਾਂਦੀ ਹੈ। ਤਕਨੀਕੀ ਤੌਰ 'ਤੇ ਫਿਲਮ ਵਿਚ ਕਈ ਉਤੇਜਕ ਪਲ ਹਨ। ਕੈਮਰੇ ਦਾ ਕੰਮ ਅਤੇ ਐਕਸ਼ਨ ਸੀਨ ਜਿੱਥੇ ਲੋੜ ਹੈ, ਸੁੰਦਰਤਾ ਨਾਲ ਘੜੇ ਗਏ ਹਨ।

ਫਿਲਮ ਦੇ ਪਹਿਲੇ ਮੱਧ ਵਿਚ ਸੁਪਰਨ ਵਰਮਾ ਬਿੱਲੀ ਅਤੇ ਚੂਹੇ ਦੀ ਖੇਡ ਖੇਡਣ ਵਿਚ ਸਫਲ ਹੋ ਜਾਂਦੇ ਹਨ। ਸਥਾਨ ਅਤੇ ਸੈਟਿੰਗ ਦੀਆਂ ਪਾਬੰਦੀਆਂ ਦੇ ਬਾਵਜੂਦ ਉਹ ਰੁਝੇਵਿਆਂ ਭਰੇ ਸਬ ਪਲਾਟ ਤਿਆਰ ਕਰਦਾ ਹੈ, ਜਿਹੜੇ ਫ਼ਿਲਮ ਦੀ ਰਫ਼ਤਾਰ ਬਣਾਈ ਰੱਖਦੇ ਹਨ। ਮਨੋਜ ਵਾਜਪਾਈ ਅਤੇ ਇਰਫ਼ਾਨ ਆਪਣੀ ਅਦਾਕਾਰੀ ਦੀ ਛਾਪ ਛੱਡਦੇ ਹਨ। ਦੀਨੋ ਬੇਹੱਦ ਸੁੰਦਰ ਅਦਾਕਾਰੀ ਕਰਦਾ ਹੈ। ਦੂਜੇ ਅੱਧ ਵਿਚ ਫਿਲਮ ਦੀ ਭਾਫ ਨਿਕਲ ਜਾਂਦੀ ਹੈ ਅਤੇ ਪਲਾਟ ਆਪਣੇ ਕਿਆਸ ਮੁਤਾਬਿਕ ਖਤਮ ਹੋ ਜਾਂਦਾ ਹੈ।

ਸ਼ੁਰੂ ਵਿਚ ਰਾਖਵੇਂ ਤੌਰ 'ਤੇ ਵਰਤਿਆ ਗਿਆ ਸਸਪੈਂਸ ਕਹਾਣੀ ਦੇ ਅੱਗੇ ਵਧਣ ਨਾਲ ਅਕਾਊ ਬਣ ਜਾਂਦੇ ਹਨ। ਐਕਸ਼ਨ ਅਤੇ ਸਿੱਟਿਆਂ ਦੀ ਪੈਰਵੀ ਦੀ ਬਹੁਤਾਤ ਵੀ ਫ਼ਿਲਮ ਦਾ ਮਸਾਲਾ ਘੱਟ ਕਰ ਦਿੰਦੀ ਹੈ। ਰਹੱਸ ਬਣਾਈ ਰੱਖਣ ਦੀ ਕੋਸ਼ਿਸ਼ ਦੇ ਬਾਵਜੂਦ ਪੂਰਾ ਡਰਾਮਾ ਚੌਪਾਲ ਡਿਗ ਜਾਂਦਾ ਹੈ। ਦੀਆ ਮਿਰਜ਼ਾ ਕੁਝ ਨਹੀਂ ਕਰਦੀ ਪਰ ਇਕ ਸ਼ੋਅਪੀਸ ਜਿਹੀ ਜਾਪਦੀ ਹੈ, ਜਦਕਿ ਆਫ਼ਤਾਬ ਦੀ ਕੋਈ ਖ਼ਾਸ ਜਲਵਾ ਨਹੀਂ ਦਿਖਾ ਸਕਿਆ। ਫਿਰ ਵੀ ਜੇ ਕਾਰਾਂ ਉੱਡਦੀਆਂ ਅਤੇ ਅੰਨ੍ਹੇਵਾਹ ਫਾਇਰਿੰਗ ਦੇਖਣੀ ਹੋਵੇ 'ਐਸਿਡ ਫੈਕਟਰੀ' ਇਕ ਦੇਖਣਯੋਗ ਫਿਲਮ ਹੈ।






## ਬਾਪੂ ਦੇ ਲੱਛਣ ਬੱਚਿਆਂ 'ਚ ਨਹੀਂ ਆਉਣੇ ਚਾਹੀਦੇ-ਬ੍ਰਿਟਨੀ

ਪੌਪ ਦੀ ਮਹਾਰਾਣੀ ਬ੍ਰਿਟਨੀ ਸਪੀਅਰਜ਼ ਬੱਚਿਆਂ ਨੂੰ ਪੂਰੀ ਤਰ੍ਹਾਂ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਤਾਂ ਕਿ ਉਨ੍ਹਾਂ 'ਚ ਉਨ੍ਹਾਂ ਦੇ ਪਿਤਾ ਕੇਵਿਨ ਫੈਡਰਲਾਈਨ ਦੀਆਂ ਬੁਰੀਆਂ ਆਦਤਾਂ ਨਾ ਆ ਜਾਣ। ਨੈਸ਼ਨਲ ਇਨਕਵਾਇਰ ਦੀ ਖ਼ਬਰ 'ਚ ਕਿਹਾ ਗਿਆ ਹੈ ਕਿ ਬ੍ਰਿਟਨੀ ਨੇ ਪਿਛਲੇ ਦਿਨੀਂ ਦੋਵੇਂ ਬੱਚਿਆਂ ਸਿਆਨ ਪ੍ਰਿਸਟਨ ਅਤੇ ਜੇਡਨ ਜੇਮਜ਼ ਦੀ ਪੂਰੀ ਨਿਗਰਾਨੀ ਦੇ ਕੰਟਰੈਕਟ ਦੀ ਮੰਗ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਬ੍ਰਿਟਨੀ ਆਪਣੇ ਦੋਵੇਂ ਬੱਚਿਆਂ ਦੀ ਨਿਗਰਾਨੀ ਖ਼ੁਦ ਕਰਨਾ ਚਾਹੁੰਦੀ ਹੈ। ਬ੍ਰਿਟਨੀ ਨੂੰ ਪਿਛਲੇ ਸਾਲ ਮਾਨਸਿਕ ਪ੍ਰੇਸ਼ਾਨੀ ਹੋਣ ਤੋਂ ਬਾਅਦ ਕੇਵਿਨ ਨੂੰ ਬੱਚਿਆਂ ਦੀ ਜ਼ਿੰਮੇਵਾਰੀ ਦੇ ਦਿਤੀ ਗਈ ਸੀ। ਇਕ ਸੂਤਰ ਨੇ ਮੈਗਜ਼ੀਨ ਨੂੰ ਦਸਿਆ ਕਿ ਬ੍ਰਿਟਨੀ ਦਾ ਮੰਨਣਾ ਹੈ ਕਿ ਜੇ ਆਪਣੇ ਪਿਤਾ ਨਾਲ ਰਹਿ ਕੇ ਬੱਚੇ ਬੁਰੀਆਂ ਆਦਤਾਂ ਅਪਨਾ ਲੈਣਗੇ।

## ਫਿਰੋਜ਼ ਖਾਨ ਨੇ ਗਾਇਆ ਹਿੰਦੀ ਫ਼ਿਲਮ 'ਲੰਡਨ ਡ੍ਰੀਮਜ਼' ਲਈ

ਫਿਰੋਜ਼ ਖਾਨ ਬੜਾ ਸੁਰੀਲਾ ਗਾਇਕ ਹੈ ਅਤੇ ਉਸ ਦੇ ਗੀਤ ਹਮੇਸ਼ਾ ਸਰੋਤਿਆਂ ਦੇ ਮਨਾਂ ਨੂੰ ਛੂਹ ਜਾਂਦੇ ਹਨ। ਉਸ ਨੇ ਭਾਵੇਂ ਥੋੜ੍ਹਾ ਗਾਇਆ ਹੈ ਪਰ ਵਧੀਆ ਗਾਇਆ ਹੈ। ਉਸ ਬਾਰੇ ਇਹ ਖ਼ਬਰ ਕਾਫੀ ਵੱਡੀ ਹੈ ਕਿ ਉਸ ਨੂੰ ਸਲਮਾਨ ਖ਼ਾਨ ਅਤੇ ਅਜੇ ਦੇਵਗਨ ਸਟਾਰਰ ਫ਼ਿਲਮ 'ਲੰਡਨ ਡ੍ਰੀਮਜ਼' ਵਿਚ ਗਾਉਣ ਦਾ ਮੌਕਾ ਮਿਲਿਆ ਹੈ। 'ਟਪਕੇ ਮਸਤੀ' ਦੇ ਬੋਲਾਂ ਵਾਲੇ ਇਸ ਗੀਤ ਨੂੰ ਸੰਗੀਤਕਾਰ ਤ੍ਰਿਕੜੀ ਸ਼ੰਕਰ, ਅਹਿਸਾਨ, ਲੋਏ ਨੇ ਸੰਗੀਤ ਨਾਲ ਸ਼ਿੰਗਾਰਿਆ ਹੈ।

ਫਿਰੋਜ਼ ਖ਼ਾਨ ਦੀ ਆਵਾਜ਼ ਵਿਚ ਗਾਏ ਹੋਏ ਉਦਾਸ ਗੀਤ ਲੋਕਾਂ ਦੇ ਬੁੱਲ੍ਹਾਂ 'ਤੇ ਚੜ੍ਹ ਜਾਂਦੇ ਹਨ। ਪੰਜਾਬੀ ਫਿਲਮ 'ਮੰਨਤ', 'ਯਾਰਾਂ ਨਾਲ ਬਹਾਰਾਂ' ਅਤੇ 'ਤੇਰਾ ਮੇਰਾ ਕੀ ਰਿਸ਼ਤਾ' ਵਿਚ ਉਸ ਨੇ ਸੋਜ ਭਰੇ ਗੀਤ ਗਾਏ ਹਨ। 'ਯਾਰੀਆਂ' ਫ਼ਿਲਮ 'ਚ ਗੁਰਦਾਸ ਮਾਨ ਨਾਲ ਉਸ ਨੇ ਇਕ ਗੀਤ ਸਾਂਝਾ ਕੀਤਾ ਹੈ।


ZEE TV
SAHIL
Dream Occasions.com
krishna studios.com photo|video
PRESENTS
Asian Wedding & Lifestyle Expo 2009
Sunday, November 8, 2009
11am - 7pm
at Donald E. Stephens Rosemont Convention Center
Rosemont (Chicago) Illinois
Featuring
Designer Bridal Fashion Show by SAHIL
& many more designers
LIVE Deejays
LIVE Performances
LOTS Of Giveaways
90+ VENDERS
FREE Bridal Registry FREE Magazines FREE Refreshments
FREE Gifts FREE Mehndi Appliques FREE Make-Overs
FREE Food Tasting FREE Raffle Drawings FREE Fashion Show
FREE Bride and Groom Entry with Online Registration
Casual Visitors Welcome: $5 admission fee FREE PARKING!
ONE STOP FOR: Fashion, Jewelry, Photographers, Videographers, Mandaps
Decorators, Event Planners, Banquet Halls, Deejays, Live Bands, Beauticians,
Florists, Henna Artists, Caterers, Cakes, Horses, Limos,
Invitation Cards, Dhol, Tabla, & Sitar Players, and many more.
SHREEPRINTING.COM 773.267.9500
Event Managed & Executed by
BMR Promotions
For Tickets & More Info:
(773) 338-3636
(630) 351-8875
www.awlexpo.com
For Booths and Sponsorship
(773) 552-2222
(630) 351-8875
(847) 331-7667
info@awlexpo.com

# PUNJABI CULTURAL SOCIETY OF CHICAGO



*Proudly presents*

## ੮ਵੇਂ ਕੌਮਾਂਤਰੀ ਗਿੱਧਾ ਅਤੇ ਭੰਗੜਾ ਮੁਕਾਬਲੇ

# PCS NIGHT 2009

A family style dinner banquet, Open Dance Floor, DJ, Dhol, Free parking, Delicious Dinner, Professional & University Bhangra & Gidha teams from all around the world

**Saturday, October 31st, 2009, 7:00 pm**

**Waterford Banquet & Conference Center**

**933 South Riverside Drive, Elmhurst, Ill. 60126.**

**Winning Bhangra & Gidha Teams will be awarded cash prizes:**

**1st $3500, 2nd $2100, 3rd $1100**

Bhangra & Gidha teams interested in competing please register by October 11th, 2009

**ADMISSION DONATION: $50, $65, $100, $200/VIP**

**(DELICIOUS DINNER INCLUDED)**

Children under 10yr.free

*For further information please contact:*

**PUNJABI CULTURAL SOCIETY OF CHICAGO**

**Phone 847-359-5PCS or 630-440-7730**

**Info@PCSChicago.org or Visit www.PCSChicago.org**

PCS is a non for- profit Organization Promoting Punjabi Culture Language, Sports & Performing a Arts.

